Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Ad Space Available
Please call:
847-359-0746

Certified Insurance Agent
Global Green INSURANCE AGENCY
COVERED CALIFORNIA
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587






Eighteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 45, November 11, 2017
20451 N Plum Grove Rd., Palatine, IL 60074
Ph:847-359-0746, Fax:847-705-9388


## ਅਮਰੀਕਾ ਲਈ ਰਵਾਨਾ ਹੋਏ ਨੌਜਵਾਨ ਲਾਪਤਾ




**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਧੋਖੇਬਾਜ਼ ਟ੍ਰੈਵਲ ਏਜੰਟਾਂ ਦੇ ਧੱਕੇ ਚੜ੍ਹ ਕੇ ਅਮਰੀਕਾ ਜਾਣ ਲਈ ਨਿਕਲੇ ਕੁਝ ਪੰਜਾਬੀ ਨੌਜਵਾਨਾਂ ਨਾਲ ਕਿਸੇ ਅਣਹੋਣੀ ਦੀ ਖਬਰ ਨੇ ਪੀੜਤ ਪਰਿਵਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੁਆਬੇ ਦੇ ਤਕਰੀਬਨ 20 ਨੌਜਵਾਨਾਂ ਦੇ ਅਮਰੀਕਾ ਦੇ ਮਿਆਮੀ ਲਾਗੇ ਸਮੁੰਦਰ ਵਿਚ ਰੁੜ੍ਹਨ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ। ਤਿੰਨ ਅਗਸਤ ਨੂੰ ਅਮਰੀਕਾ ਨੇੜੇ ਬਹਾਮਸ ਟਾਪੂ ਤੋਂ ਇਨ੍ਹਾਂ ਨੌਜਵਾਨਾਂ ਦੀ ਆਪਣੇ ਮਾਪਿਆਂ ਨਾਲ ਆਖਰੀ ਵਾਰ ਫੋਨ ਉਪਰ ਗੱਲਬਾਤ ਹੋਈ, ਪਰ ਇਸ ਤੋਂ ਬਾਅਦ ਇਨ੍ਹਾਂ ਦੀ ਕੋਈ ਖਬਰ ਨਹੀਂ। ਨੌਜਵਾਨਾਂ ਦੇ ਮਾਪੇ ਤਿੰਨ ਮਹੀਨਿਆਂ ਤੋਂ ਏਜੰਟਾਂ ਦੁਆਲੇ ਚੱਕਰ ਕੱਟ ਰਹੇ ਸਨ ਤੇ ਏਜੰਟਾਂ ਵੱਲੋਂ ਦਿੱਤੇ ਭਰੋਸਿਆਂ 'ਤੇ ਯਕੀਨ ਕਰਦੇ ਰਹੇ। ਹੁਣ ਕੋਈ ਚਾਰਾ ਨਾ ਵੇਖ ਕੇ ਇਹ ਪਰਿਵਾਰ ਸਾਹਮਣੇ ਆਏ ਹਨ। ਸ਼ੱਕ ਹੈ ਕਿ ਤਿੰਨ ਅਗਸਤ ਤੋਂ ਬਾਅਦ ਇਹ ਮੁੰਡੇ ਸਮੁੰਦਰ ਰਾਹੀਂ ਅਮਰੀਕਾ ਜਾਣ ਸਮੇਂ ਕਿਸੇ ਅਣਹੋਣੀ ਦਾ ਸ਼ਿਕਾਰ ਹੋ ਗਏ ਹਨ। ਇਸ ਹਾਦਸੇ ਨੇ 1996 ਵਿਚ ਵਾਪਰੇ ਮਾਲਟਾ ਕਾਂਡ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਤੁਰਕੀ ਨੇੜੇ ਮਾਲਟਾ ਤੋਂ ਸਮੁੰਦਰ ਪਾਰ ਕਰ ਰਹੇ ਇਸ ਹਾਦਸੇ ਵਿਚ ਸੈਂਕੜੇ ਹੀ ਨੌਜਵਾਨ ਮਾਰੇ ਗਏ ਸਨ, ਜਿਨ੍ਹਾਂ ਵਿਚ 30 ਨੌਜਵਾਨ ਪੰਜਾਬ ਦੇ ਦੁਆਬੇ ਨਾਲ ਸਬੰਧਤ ਸਨ।

ਜਾਣਕਾਰੀ ਮਿਲੀ ਹੈ ਕਿ ਏਜੰਟਾਂ ਨੂੰ ਹਾਦਸੇ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ ਅਤੇ ਉਹ ਸਮਾਂ ਲੰਘਾ ਕੇ ਗੱਲ ਠੰਢੀ ਪਾਉਣ ਦੇ ਯਤਨ ਵਿਚ ਹਨ। ਪੀੜਤਾਂ ਦਾ ਸ਼ੱਕ ਉਦੋਂ ਹੋਰ ਪੱਕਾ ਹੋ ਗਿਆ ਜਦੋਂ ਇਕ ਏਜੰਟ ਨੇ ਦੋ ਨੌਜਵਾਨਾਂ ਦੇ ਮਾਪਿਆਂ ਨੂੰ ਕੁਝ ਪੈਸੇ ਵਾਪਸ ਕਰ ਦਿੱਤੇ। ਇਸ ਤੋਂ ਸ਼ੱਕ ਵਧਿਆ ਕਿ ਜੇ ਮੁੰਡੇ ਅਮਰੀਕਾ ਪਹੁੰਚ ਗਏ ਹੁੰਦੇ ਜਾਂ ਬਹਾਮਸ ਟਾਪੂ ਵਿਚ ਹੀ ਫਸੇ ਹੋਣ ਤਾਂ ਪੈਸੇ ਵਾਪਸ ਕਿਉਂ ਕੀਤੇ। ਇਨ੍ਹਾਂ ਨੌਜਵਾਨਾਂ ਵਿਚ ਜ਼ਿਆਦਾਤਰ ਭੁਲੱਥ-ਬੇਗੋਵਾਲ ਤੇ ਮੁਕੇਰੀਆਂ ਖੇਤਰਾਂ ਨਾਲ ਸਬੰਧਤ ਦੱਸੇ ਜਾਂਦੇ ਹਨ। ਭੁਲੱਥ ਨੇੜਲੇ ਪਿੰਡ ਤਲਵੰਡੀ ਮਾਨਾ ਦੇ ਨਵਦੀਪ ਸਿੰਘ ਪੁੱਤਰ ਪ੍ਰਗਟ ਸਿੰਘ ਨੂੰ ਅਮਰੀਕਾ ਪਹੁੰਚਾਉਣ ਲਈ 52 ਲੱਖ ਰੁਪਏ ਵਿਚ ਸੌਦਾ ਹੋਇਆ ਸੀ। ਇਤੇ ਤਰ੍ਹਾਂ ਅੰਮ੍ਰਿਤਸਰ ਦਾ ਜਸਵਿੰਦਰ ਸਿੰਘ ਵੀ ਏਜੰਟਾਂ ਰਾਹੀਂ ਅਮਰੀਕਾ ਜਾਣ ਲਈ ਤਿੰਨ ਮਹੀਨੇ

(ਬਾਕੀ ਸਫਾ 6 'ਤੇ)

### ਏਜੰਟਾਂ ਵਿਰੁਧ ਸ਼ਿਕੰਜਾ

**ਜਲੰਧਰ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਕੈਪਟਨ ਸਰਕਾਰ ਨੂੰ ਧੋਖੇਬਾਜ਼ ਟ੍ਰੈਵਲ ਏਜੰਟਾਂ ਵਿਰੁਧ ਅਪਰਾਧਿਕ ਮਾਮਲੇ ਦਰਜ ਦੀ ਹਦਾਇਤ ਤੋਂ ਬਾਅਦ ਟ੍ਰੈਵਲ ਏਜੰਟਾਂ ਖਿਲਾਫ਼ ਸ਼ਿਕੰਜਾ ਕੱਸਣਾ ਸ਼ੁਰੂ ਹੋ ਗਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਪੁਲਿਸ ਨੂੰ ਟ੍ਰੈਵਲ ਏਜੰਟਾਂ ਵਿਰੁਧ ਸਖਤੀ ਦੀਆਂ ਹਦਾਇਤਾਂ ਕੀਤੀਆਂ ਹਨ।



*ਯੂਬਾ ਸਿਟੀ ਵਿਚ 38ਵੇਂ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ (ਰਿਪੋਰਟ ਪੰਨਾ 16 ਉਤੇ)*

## ਜਹਾਦੀਆਂ ਤੋਂ ਵੀ ਵੱਡੀ ਵੰਗਾਰ ਬਣੇ ਸਿਰਫਿਰੇ ਗੋਰੇ

**ਵਾਸ਼ਿੰਗਟਨ:** ਅਮਰੀਕਾ ਦੇ ਟੈਕਸਸ ਸੂਬੇ ਦੇ ਸਦਰਲੈਂਡ ਸਪਰਿੰਗ ਸ਼ਹਿਰ ਦੇ ਗਿਰਜਾਘਰ ਵਿਚ ਸਿਰਫਿਰੇ ਗੋਰੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ 26 ਲੋਕਾਂ ਨੂੰ ਮੌਤ ਦੀ ਨੀਂਦ ਸੁਆ ਦਿੱਤਾ। ਟੈਕਸਸ ਦੇ ਇਤਿਹਾਸ ਵਿਚ ਇਹ ਸਭ ਤੋਂ ਭਿਆਨਕ ਸਮੂਹਿਕ ਕਤਲੇਆਮ ਮੰਨਿਆ ਜਾ ਰਿਹਾ ਹੈ। ਹਮਲਾਵਰ ਦੀ ਪਛਾਣ ਡੈਵਿਨ ਪ੍ਰੈਟ੍ਰਿਕ ਵਜੋਂ ਹੋਈ ਹੈ।



ਪਤਾ ਲੱਗਾ ਹੈ ਕਿ ਉਸ ਨੂੰ 2012 ਵਿਚ ਅਮਰੀਕੀ ਹਵਾਈ ਫੌਜ ਵਿਚੋਂ ਬਰਖਾਸਤ ਕਰ ਦਿੱਤਾ ਗਿਆ ਸੀ। ਹਮਲੇ ਸਮੇਂ ਉਹ ਰੁਜਰ ਫੌਜ ਵਰਗੀ ਰਾਇਫਲ ਨਾਲ ਲੈਸ ਸੀ। ਜਦੋਂ ਉਹ ਗਿਰਜਾ ਘਰ ਤੋਂ ਨਿਕਲਿਆ ਤਾਂ ਇਕ ਸਥਾਨਕ ਵਾਸੀ ਉਸ ਨਾਲ ਭਿੜ ਪਿਆ ਅਤੇ ਉਸ ਦੀ ਬੰਦੂਕ ਖੋਹ ਲਈ। ਕੁਝ ਦੂਰੀ 'ਤੇ ਹਮਲਾਵਰ ਕਾਰ ਵਿਚ ਮ੍ਰਿਤਕ ਮਿਲਿਆ। ਇਸ ਹਮਲੇ ਤੋਂ 36 ਦਿਨ ਪਹਿਲਾਂ, ਪਹਿਲੀ ਅਕਤੂਬਰ ਨੂੰ ਇਕ ਹੋਰ ਸਿਰਫਿਰੇ ਸਟੀਫਨ ਪੈਡੌਕ ਨੇ ਲਾਸ ਵੈਗਸ ਦੇ ਮਾਂਡਲੇ ਬੇਅ ਹੋਟਲ ਵਿਚ ਸੰਗੀਤ ਮੇਲੇ ਦੌਰਾਨ


(ਬਾਕੀ ਸਫਾ 6 'ਤੇ)


We Do Real Estate in Bay Area & Central Valley
We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



PUNJABI MEGA PACK
$14.99 FOR 24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/15/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

## ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

## Just Sold

1. 2605 Glen Cotswold Ct., San Jose, CA 95148
2. 59 Dunfirth Dr., Hayward, CA 94542
3. 1806 Cornwall Court, Lathrop, CA 95330
4. 3284 Faith Court, San Jose, CA 95127
5. 39951 Fremont Blvd, #226 Fremont, CA 94536
6. 840 Havasu Court, Livermore, CA 94550
7. 8500 Vista Brook Dr., Elk Grove, CA 95624
8. 4918 Plaza Escuela Dr., Santa Clara, CA 95054
9. 1345 Bridgecreek Way, Hayward, CA 94544
10. 3322 Jericho ln, San Jose, CA 95117
11. 2365 Clairette Place, Manteca, CA 95337
12. 2775 Caminito Ave, Yuba City, CA 95991
13. 2497 Glen Exter Way, San Jose, CA 95148
14. 5828 Newgate Ct., San Jose, CA 95138
15. 3897 Mars Ct, San Jose, CA 95135
16. 133 Orchard Park Pl., Hayward, CA 94544

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner 2014, 2015 & 2016
Grand Master Award Winner 2012 & 2013

E-mail: jassi@jassigill.com
or
Visit us @ www.jassigill.com for hot listings

*Follow us on zillow.com and trulia.com*

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਸਾਕਾ ਨੀਲਾ ਤਾਰਾ 'ਚ ਬਰਤਾਨੀਆ ਦੀ ਭੂਮਿਕਾ ਦੀ ਜਾਂਚ ਬਾਰੇ ਮੁੜ ਸਰਗਰਮੀ

**ਲੰਡਨ:** ਬ੍ਰਿਟਿਸ਼ ਸਿੱਖ ਨਾਂ ਦੀ ਜਥੇਬੰਦੀ ਨੇ ਆਪਣੀ ਇਕ ਨਵੀਂ ਰਿਪੋਰਟ ਵਿਚ 1984 ਦੇ ਉਪਰੇਸ਼ਨ ਨੀਲਾ ਤਾਰਾ ਵਿਚ ਯੂਕੇ ਸਰਕਾਰ ਵੱਲੋਂ ਭਾਰਤੀ ਫੌਜ ਦੀ ਕੀਤੀ ਇਮਦਾਦ ਦੀ ਨਿਰਪੱਖ ਸਰਕਾਰੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਜਥੇਬੰਦੀ ਨੇ ਸਰਕਾਰ ਵੱਲੋਂ ਕੀਤੀ ਪਿਛਲੀ ਅੰਦਰੂਨੀ ਨਜ਼ਰਸਾਨੀ ਨੂੰ ਮਹਿਜ਼ 'ਅੱਖਾਂ ਵਿਚ ਘੱਟਾ' ਪਾਉਣ ਵਾਲੀ ਦੱਸਿਆ ਹੈ। ਸਿੱਖ ਫੈਡਰੇਸ਼ਨ ਯੂਕੇ ਵੱਲੋਂ ਤਿਆਰ 'ਸੈਕਰੀਫਾਈਸਿੰਗ ਸਿੱਖਜ਼: ਦਿ ਨੀਡ ਫਾਰ ਐਨ ਇਨਵੈਸਟੀਗੇਸ਼ਨ' ਨਾਂ ਦੀ ਇਸ ਰਿਪੋਰਟ ਨੂੰ ਅਜੇ ਯੂਕੇ ਦੀ ਸੰਸਦ ਵਿਚ ਅਧਿਕਾਰਤ ਤੌਰ ਉਤੇ ਰਿਲੀਜ਼ ਕੀਤਾ ਜਾਣਾ ਹੈ।

ਬ੍ਰਿਟਿਸ਼ ਸਿੱਖਾਂ ਦੀ ਆਲ ਪਾਰਟੀ ਸੰਸਦੀ ਗਰੁੱਪ (ਏ.ਪੀ.ਪੀ.ਜੀ.) ਦੀ ਹਮਾਇਤ ਹਾਸਲ ਇਸ ਰਿਪੋਰਟ ਵਿਚ ਉਪਰੋਕਤ ਮੁੱਦੇ ਦੀ ਕੀਤੀ ਨਜ਼ਰਸਾਨੀ ਨੂੰ ਯੂਕੇ ਸਰਕਾਰ ਵੱਲੋਂ ਪਰਦਾ ਪਾਉਣ ਦਾ ਯਤਨ ਦੱਸਿਆ ਗਿਆ ਹੈ। ਰਿਪੋਰਟ ਵਿਚ ਅੰਮ੍ਰਿਤਸਰ ਸਥਿਤ ਸਵਰਨ ਮੰਦਿਰ (ਹਰਿਮੰਦਰ ਸਾਹਿਬ) ਵਿਚ ਹੋਏ ਫੌਜੀ ਉਪਰੇਸ਼ਨ ਵਿਚ ਬ੍ਰਿਟਿਸ਼ ਸਪੈਸ਼ਲ ਏਅਰ ਸੇਵਾ (ਐਸ.ਏ.ਐਸ.) ਦੀ ਸ਼ਮੂਲੀਅਤ ਦੀ ਸਰਕਾਰੀ ਅਧਿਕਾਰੀ ਜੈਰੇਮੀ ਹੇਅਵੁੱਡ ਵੱਲੋਂ 2014 ਵਿਚ ਕੀਤੀ ਅੰਦਰੂਨੀ ਨਜ਼ਰਸਾਨੀ ਨੂੰ ਮਹਿਜ਼ 'ਅੱਖਾਂ ਵਿਚ ਘੱਟਾ' ਪਾਉਣ ਵਾਲੀ ਦੱਸਿਆ ਗਿਆ ਹੈ।

ਬ੍ਰਿਟਿਸ਼ ਸਿੱਖਾਂ ਦੀ ਏ.ਪੀ.ਪੀ.ਜੀ. ਦੀ ਮੁਖੀ ਤੇ ਹਾਊਸ ਆਫ ਕਾਮਨਜ਼ ਲਈ ਚੁਣੀ ਗਈ ਪਹਿਲੀ ਸਿੱਖ ਐਮ.ਪੀ. ਪ੍ਰੀਤ ਕੌਰ ਗਿੱਲ ਨੇ ਕਿਹਾ, 'ਮੈਂ ਰਿਪੋਰਟ 'ਸੈਕਰੀਫਾਈਸਿੰਗ ਸਿੱਖਜ਼' ਦੀਆਂ ਲੱਭਤਾਂ ਨੂੰ ਲੈ ਕੇ ਦਿਲੋਂ ਫਿਕਰਮੰਦ ਹਾਂ,



ਰਿਪੋਰਟ ਇਹ ਦਰਸਾਉਂਦੀ ਹੈ ਕਿ ਹੇਅਵੁੱਡ ਵੱਲੋਂ ਕੀਤੀ ਗਈ ਜਾਂਚ ਮਹਿਜ਼ ਡੰਗ ਸਾਰਨਾ ਸੀ।' ਉਨ੍ਹਾਂ ਕਿਹਾ, 'ਬ੍ਰਿਟਿਸ਼ ਸਰਕਾਰ ਸਿੱਖਾਂ ਵੱਲੋਂ ਪਹਿਲੀ ਤੇ ਦੂਜੀ ਆਲਮੀ ਜੰਗਾਂ ਵਿਚ ਪਾਏ ਯੋਗਦਾਨ ਤੋਂ ਭਲੀਭਾਂਤ ਵਾਕਿਫ ਹੈ ਤੇ ਸਰਕਾਰ ਨੇ ਉਨ੍ਹਾਂ ਦੇ ਵਿਸ਼ਵਾਸ ਨੂੰ ਤੋੜਿਆ ਹੈ। ਸਰਕਾਰ ਹਜ਼ਾਰਾਂ ਸਿੱਖਾਂ 'ਤੇ ਢਾਹੇ ਕਹਿਰ ਵਿਚ ਅਸਿੱਧੇ ਤੌਰ ਉਤੇ ਸ਼ਾਮਲ ਸੀ।' ਉਨ੍ਹਾਂ ਕਿਹਾ ਕਿ ਸਿੱਖ ਫੈਡਰੇਸ਼ਨ ਵੱਲੋਂ ਤਿਆਰ ਇਸ ਰਿਪੋਰਟ 'ਚ ਕਈ ਅਜਿਹੇ ਤੱਥ ਜੱਗ ਜ਼ਾਹਰ ਹੋਏ ਹਨ, ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨਾ ਮੁਸ਼ਕਲ ਹੈ ਅਤੇ ਜੋ ਨਵੇਂ ਸਿਰੇ ਤੋਂ ਜਾਂਚ ਦੀ ਮੰਗ ਕਰਦੇ ਹਨ।

ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਤਤਕਾਲੀਨ ਪ੍ਰਧਾਨ ਮੰਤਰੀ ਮਾਰਗਰੇਟ ਥੈੱਚਰ ਨੇ ਜੂਨ 1984 ਵਿਚ ਸਿੱਖਾਂ ਦੇ ਸਰਵਉਚ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ ਵਿਚ ਫੌਜੀ ਉਪਰੇਸ਼ਨ ਤੋਂ ਪਹਿਲਾਂ ਐਸ.ਏ.ਐਸ. ਅਧਿਕਾਰੀ ਨੂੰ ਭਾਰਤੀ ਫੌਜ ਦੀ ਸਲਾਹ ਲਈ ਭੇਜਿਆ ਸੀ। ਇਸ ਅਧਿਕਾਰੀ ਦੀ ਸਲਾਹ ਮਗਰੋਂ ਹੀ ਭਾਰਤ ਨੇ ਬਰਤਾਨਵੀ ਸਰਕਾਰ ਨੂੰ ਪੈਰਾ ਮਿਲਟਰੀ ਯੂਨਿਟਾਂ ਫੌਰੀ ਭੇਜਣ ਦੀ ਅਪੀਲ ਕੀਤੀ ਸੀ, ਪਰ ਮਗਰੋਂ ਗੱਲਬਾਤ ਕਿਸੇ ਤਣ ਪੱਤਣ ਨਾ ਲੱਗਣ ਕਰ ਕੇ ਭਾਰਤੀ ਫੌਜ ਨੇ ਆਪਣੇ ਦਮ 'ਤੇ ਉਪਰੇਸ਼ਨ ਨੀਲਾ ਤਾਰਾ ਨੂੰ ਅੰਜਾਮ ਦਿੱਤਾ।

ਸੱਜਰੀ ਰਿਪੋਰਟ ਲਿਖਣ ਵਾਲੇ ਮਿੱਲਰ ਨੇ ਦਾਅਵਾ ਕੀਤਾ ਹੈ ਕਿ ਯੂਕੇ ਕੁਝ ਅਜਿਹੀਆਂ ਇਤਿਹਾਸਕ ਫਾਈਲਾਂ ਨੂੰ ਲੁਕਾ ਰਿਹਾ ਹੈ, ਜੋ ਕਿ ਭਾਰਤੀ ਫੌਜੀ ਉਪਰੇਸ਼ਨ ਵਿਚ ਐਸ.ਏ.ਐਸ. ਦੀ ਸ਼ਮੂਲੀਅਤ 'ਤੇ ਚਾਨਣਾ ਪਾ ਸਕਦੀਆਂ ਹਨ। ਉਧਰ, ਸਿੱਖ ਫੈਡਰੇਸ਼ਨ ਯੂਕੇ ਦੇ ਮੁਖੀ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਸੱਜਰੀ ਰਿਪੋਰਟ ਨੇ ਹੇਅਵੁੱਡ ਦੀ ਰਿਪੋਰਟ ਸਬੰਧੀ ਸ਼ੰਕੇ ਖੜੇ ਕੀਤੇ ਹਨ। ਉਨ੍ਹਾਂ ਕਿਹਾ ਕਿ ਨਿਰਪੱਖ ਜਾਂਚ ਨਾਲ ਹੀ ਸੱਚ ਸਾਹਮਣੇ ਆਏਗਾ।

# ਗੁਰੂਆਂ ਬਾਰੇ ਨਫਰਤੀ ਤਕਰੀਰਾਂ ਲਈ ਗੂਗਲ ਨੂੰ ਸਖਤ ਹੁਕਮ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਗੂਗਲ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਯੂ-ਟਿਊਬ, ਫੇਸਬੁੱਕ ਤੇ ਹੋਰਨਾਂ ਵੈੱਬਸਾਈਟਾਂ ਉਤੇ ਸਿੱਖ ਧਰਮ ਤੇ ਸਿੱਖ ਗੁਰੂਆਂ ਬਾਰੇ ਕੀਤੀਆਂ ਨਫਰਤੀ ਤਕਰੀਰਾਂ ਤੇ ਅਪਮਾਨਜਨਕ ਟਿੱਪਣੀਆਂ ਨਾਲ ਸਬੰਧਤ ਵੀਡੀਓਜ਼ ਤੇ ਲੇਖਾਂ ਨੂੰ ਇਕ ਹਫਤੇ ਦੇ ਅੰਦਰ ਹਟਾਉਣ ਲਈ ਕਿਹਾ ਹੈ।




ਸਿਵਲ ਜੱਜ ਜਸਜੀਤ ਕੌਰ ਨੇ ਆਪਣੇ ਚੈਂਬਰ ਵਿਚ ਚੱਲ ਰਹੀ ਸੁਣਵਾਈ ਦੌਰਾਨ ਦੂਜੀ ਧਿਰ ਦੀ ਗੈਰਹਾਜ਼ਰੀ ਵਿਚ ਹੁਕਮ ਜਾਰੀ ਕਰਦਿਆਂ ਕਿਹਾ ਕਿ ਪਹਿਲੀ ਨਜ਼ਰੇ ਲੱਗਦਾ ਹੈ ਕਿ ਸਾਕਸ਼ੀ ਭਾਰਦਵਾਜ, ਜਿਸ ਨੇ ਵੀਡੀਓਜ਼ ਅਪਲੋਡ ਕੀਤੇ, ਨੇ ਸਿੱਖ ਗੁਰੂਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖਿਲਾਫ਼ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਪਟੀਸ਼ਨਕਰਤਾ ਜੀ.ਐਸ. ਵਾਲੀ ਵੱਲੋਂ ਪੇਸ਼ ਹੋਏ ਐਡਵੋਕੇਟ ਗੁਰਮੀਤ ਸਿੰਘ ਮੁਤਾਬਕ ਕੋਰਟ ਨੇ ਕਿਹਾ ਕਿ ਅਜਿਹੇ ਵੀਡੀਓਜ਼ ਦੇ ਸੋਸ਼ਲ ਮੀਡੀਆ ਵਿਚ ਅੱਗੇ ਤੋਂ ਅੱਗੇ ਨਸ਼ਰ ਹੋਣ ਨਾਲ ਸਿੱਖ ਧਰਮ ਨੂੰ ਮੰਨਣ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਦੇ ਨਾਲ ਹੀ ਕੋਰਟ ਦਾ ਇਹ ਵੀ ਮੰਨਣਾ ਸੀ ਕਿ ਜੇਕਰ ਗੂਗਲ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਅਜਿਹੀਆਂ ਅਪਮਾਨਜਨਕ ਵੀਡੀਓਜ਼ ਪਾਉਣ ਤੋਂ ਨਾ ਰੋਕਿਆ ਗਿਆ ਤਾਂ ਇਸ ਨਾਲ ਸਮਾਜਿਕ ਏਕਤਾ ਤੇ ਅਮਨ ਕਾਨੂੰਨ ਦੀ ਸਥਿਤੀ 'ਤੇ ਬੁਰਾ ਅਸਰ ਪੈ ਸਕਦਾ ਹੈ। ਕੋਰਟ ਨੇ ਗੂਗਲ ਇੰਡੀਆ ਤੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਨੋਟਿਸ ਜਾਰੀ ਕਰਦਿਆਂ ਕੇਸ ਦੀ ਅਗਲੀ ਸੁਣਵਾਈ 22 ਨਵੰਬਰ ਤੈਅ ਕਰ ਦਿੱਤੀ ਹੈ।

# ਚੰਡੀਗੜ੍ਹ ਵਿਚ ਮਾਂ ਬੋਲੀ ਲਾਗੂ ਕਰਾਉਣ ਲਈ ਪੱਕਾ ਮੋਰਚਾ

**ਚੰਡੀਗੜ੍ਹ:** ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਸੈਕਟਰ-17 ਵਿਖੇ ਯੂ.ਟੀ. ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਪੰਜਾਬੀ ਨਿਰਧਾਰਤ ਕਰਨ ਦੀ ਮੰਗ ਲਈ ਵਿਸ਼ਾਲ ਰੈਲੀ ਕੀਤੀ ਗਈ। ਰੈਲੀ ਦੌਰਾਨ ਹੀ ਮੰਚ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨਾਲ ਪੰਜਾਬ ਰਾਜ ਭਵਨ ਵਿਚ ਜਾ ਕੇ ਮੁਲਾਕਾਤ ਕੀਤੀ। ਸ੍ਰੀ ਬਦਨੌਰ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਪੰਜਾਬ "ਰਾਜ ਭਵਨ ਦੇ ਘਿਰਾਓ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ।




ਉਨ੍ਹਾਂ ਅਲਟੀਮੇਟਮ ਦਿੱਤਾ ਕਿ ਜੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਤੁਰਤ ਰੁਤਬਾ ਨਾ ਦਿੱਤਾ ਗਿਆ ਤਾਂ 21 ਫਰਵਰੀ 2018 ਨੂੰ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਸੰਘਰਸ਼ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ। ਰੈਲੀ ਵਿਚ ਪਿੰਡਾਂ ਦੇ ਵਸਨੀਕਾਂ, ਵਿਦਿਆਰਥੀਆਂ, ਲੇਖਕਾਂ, ਮੁਲਾਜ਼ਮਾਂ, ਗੁਰਦੁਆਰਾ ਸੰਗਠਨ ਅਤੇ ਹੋਰ ਕਈ ਸੰਸਥਾਵਾਂ ਦੇ ਪ੍ਰਤੀਨਿਧ ਪੁੱਜੇ। ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਬਾਕੀ ਤਕਰੀਬਨ ਸਾਰੀਆਂ ਪਾਰਟੀਆਂ ਨੇ ਰੈਲੀ ਵਿਚ ਪੁੱਜ ਕੇ ਸੰਘਰਸ਼ ਨੂੰ ਹਮਾਇਤ ਦਾ ਐਲਾਨ ਕੀਤਾ।

ਆਮ ਆਦਮੀ ਪਾਰਟੀ ਦੇ ਮੀਤ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਤੇ ਮੀਡੀਆ ਇੰਚਾਰਜ ਮਨਜੀਤ ਸਿੱਧੂ, ਪੰਜਾਬ ਕਾਂਗਰਸ ਦੇ ਬੁਲਾਰੇ ਰਿੰਪਲ ਮਿੱਢਾ ਤੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਪ੍ਰਦੀਪ ਛਾਬੜਾ, ਸ਼੍ਰੋਮਣੀ ਅਕਾਲੀ ਦਲ ਦੇ ਬਲਜੀਤ ਸਿੰਘ ਕੁੰਬੜਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੁਲਦੀਪ ਸਿੰਘ ਗੜਗੰਜ, ਸੀ.ਪੀ.ਆਈ. ਦੇ ਡਾਕਟਰ ਜੋਗਿੰਦਰ ਦਿਆਲ ਆਦਿ ਨੇ ਆਪਣੇ ਸੰਬੋਧਨ ਦੌਰਾਨ ਸੰਘਰਸ਼ ਨੂੰ ਪੂਰਨ ਸਹਿਯੋਗ ਦਾ ਵਾਅਦਾ ਕਰਦਿਆਂ ਦੋਸ਼ ਲਾਇਆ ਕਿ ਯੂਟੀ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਥੋਪ ਕੇ ਭਾਰੀ ਧੱਕਾ ਕੀਤਾ ਜਾ ਰਿਹਾ ਹੈ। ਪਟਿਆਲਾ ਤੋਂ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਇਹ ਮੁੱਦਾ ਸੰਸਦ 'ਚ ਉਠਾਉਣ ਦਾ ਐਲਾਨ ਕੀਤਾ। ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਪਦਮਸ੍ਰੀ ਸੁਰਜੀਤ ਪਾਤਰ ਨੇ ਕਿਹਾ ਕਿ ਚੰਡੀਗੜ੍ਹ 'ਚ ਪੰਜਾਬੀ ਦੀ ਥਾਂ ਅੰਗਰੇਜ਼ੀ ਨੂੰ ਥੋਪਣਾ ਸਾਜ਼ਿਸ਼ ਦਾ ਹਿੱਸਾ ਹੈ।

# ਸਰਕਾਰੀ ਸ਼ਹਿ 'ਤੇ ਹੋਇਆ ਸਿੱਖ ਕਤਲੇਆਮ: ਸਿਸੋਦੀਆ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੀ 33ਵੀਂ ਬਰਸੀ ਮੌਕੇ ਪੰਥਕ ਸੇਵਾ ਦਲ ਵੱਲੋਂ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਨਵੰਬਰ 1984 ਦੇ ਮਾਮਲੇ ਨੂੰ ਤਤਕਾਲੀ ਸਰਕਾਰ ਦੀ ਸ਼ਹਿ ਉਤੇ ਕੀਤਾ ਗਿਆ ਕਤਲੇਆਮ ਕਰਾਰ ਦਿੱਤਾ।

ਪੰਜਾਬੀ ਅਕਾਦਮੀ ਦਿੱਲੀ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਪੱਤਰਕਾਰ ਵੱਲੋਂ ਸੱਜਣ ਤੇ ਟਾਈਟਲਰ ਨੂੰ ਫਾਂਸੀ ਦਿੱਤੇ ਜਾਣ ਦੀ ਮੰਗ ਕੀਤੀ। ਸਿਸੋਦੀਆ ਨੇ ਕਿਹਾ ਕਿ 1984 ਤੋਂ ਬਾਅਦ ਦੇ 33 ਸਾਲ ਦੌਰਾਨ ਕੇਂਦਰ 'ਚ ਬਣੀਆਂ 7 ਸਰਕਾਰਾਂ ਨੇ ਵੀ ਇਨਸਾਫ ਦੇਣ ਦੀ ਬਜਾਏ ਸਿੱਖ ਕੌਮ ਨੂੰ ਖੱਜਲ਼-ਖੁਆਰ ਹੀ ਕੀਤਾ ਹੈ ਪਰ ਆਮ ਆਦਮੀ ਪਾਰਟੀ ਨੇ ਹਾਰ ਨਹੀਂ ਮੰਨੀ ਹੈ ਅਤੇ




ਦੋਸ਼ੀਆਂ ਵਿਰੁੱਧ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਜੰਗ ਜਾਰੀ ਰਹੇਗੀ।

ਸਿਸੋਦੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ 49 ਦਿਨ ਦੀ ਸਰਕਾਰ ਵੇਲੇ ਇਸ ਕਤਲੇਆਮ ਦੀ ਜਾਂਚ ਲਈ ਐਸ.ਆਈ.ਟੀ. ਗਠਿਤ ਕੀਤੀ ਗਈ ਸੀ ਅਤੇ 'ਆਪ' ਦੀ ਸਰਕਾਰ ਦੁਬਾਰਾ ਬਣਨ ਤੋਂ ਬਿਲਕੁਲ ਪਹਿਲਾਂ ਕੇਂਦਰ ਨੇ ਆਪਣੀ ਐਸ.ਆਈ.ਟੀ. ਬਣਾ ਦਿੱਤੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਜੇਕਰ ਕੇਜਰੀਵਾਲ ਦੁਆਰਾ ਬਣਾਈ ਗਈ ਐੱਸ.ਆਈ.ਟੀ. ਨੂੰ ਹੀ ਜਾਰੀ ਰੱਖਿਆ ਗਿਆ ਤਾਂ ਉਹ ਟੀਮ ਕਿਸੇ ਦਾ ਵੀ ਲਿਹਾਜ਼ ਨਹੀਂ ਕਰੇਗੀ ਤੇ ਕਤਲੇਆਮ ਦੇ ਦੋਸ਼ੀਆਂ ਦਾ ਜੇਲ੍ਹ ਜਾਣ ਦਾ ਰਾਹ ਪੱਧਰਾ ਹੋ ਜਾਵੇਗਾ।

## 'ਖਾਲਸਾ ਏਡ' ਦਾ ਸਨਮਾਨ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਲਸਾ ਏਡ ਯੂਕੇ ਨੂੰ ਭਲਾਈ ਕਾਰਜਾਂ ਬਦਲੇ ਸਨਮਾਨਤ ਕੀਤਾ ਜਾਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿਚ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਖਾਲਸਾ ਏਡ ਵੱਲੋਂ ਮਨੁੱਖਤਾ ਦੀ ਭਲਾਈ ਲਈ ਵਿਸ਼ਵ ਭਰ ਵਿਚ ਕੀਤੇ ਜਾ ਰਹੇ ਕਾਰਜਾਂ ਲਈ ਸੰਸਥਾ ਨੂੰ ਦੋ ਲੱਖ ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ।

ਉਨ੍ਹਾਂ ਮੀਟਿੰਗ ਦੌਰਾਨ ਲਏ ਹੋਰ ਫੈਸਲਿਆਂ ਸਬੰਧੀ ਦੱਸਿਆ ਕਿ ਸਿੱਖ ਚਿੰਤਕ ਡਾ. ਰੂਪ ਸਿੰਘ ਵੱਲੋਂ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਦੇ ਸੰਖੇਪ ਇਤਿਹਾਸ ਨੂੰ ਦਰਸਾਉਂਦੀ ਪੁਸਤਕ 'ਸੋ ਥਾਨੁ ਸੁਹਾਵਾ' ਦਾ ਸੰਖੇਪ ਰੂਪ ਸੰਗਤ ਨੂੰ ਭੇਟਾ ਰਹਿਤ ਦਿੱਤਾ ਜਾਵੇਗਾ। ਇਸ ਮੌਕੇ ਧਰਮ ਪ੍ਰਚਾਰ ਖੇਤਰ ਵਿਚ ਅਹਿਮ ਸੇਵਾਵਾਂ ਨਿਭਾਉਣ ਵਾਲੇ ਕਵੀਸ਼ਰ ਭਾਈ ਜੋਗਾ ਸਿੰਘ ਜੋਗੀ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੂੰ 51 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਈ ਅਹਿਮ ਫੈਸਲੇ ਕੀਤੇ ਗਏ ਹਨ।

# ਜਥੇਦਾਰ ਤੇ ਬਡੂੰਗਰ ਵਿਚਾਲੇ ਵਧ ਰਹੀਆਂ ਦੂਰੀਆਂ ਦੀ ਚਰਚਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਵਧ ਰਹੀਆਂ ਦੂਰੀਆਂ ਪੰਥਕ ਸਫਾਂ ਵਿਚ ਚਰਚਾ ਦਾ ਵਿਸ਼ਾ ਬਣ ਰਹੀਆਂ ਹਨ। ਤਾਲਮੇਲ ਦੀ ਘਾਟ ਹੋਵੇ ਜਾਂ ਕੋਈ ਹੋਰ ਕਾਰਨ ਹੋਣ ਇਨ੍ਹੀਂ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਕੁਝ ਅਹਿਮ ਸਮਾਗਮਾਂ, ਜਿਨ੍ਹਾਂ 'ਚ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੀ ਉਚੇਚੇ ਤੌਰ ਉਤੇ ਸ਼ਾਮਲ ਹੋਏ ਸਨ, ਵਿਚ ਗਿਆਨੀ ਗੁਰਬਚਨ ਸਿੰਘ ਦਾ ਸ਼ਾਮਲ ਨਾ ਹੋਣਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ 31 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ ਸੀ। ਇਸ ਸਮਾਗਮ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਇਕ ਦਿਨ ਪਹਿਲਾਂ ਹੀ ਗੁਰੂ ਨਗਰੀ ਪੁੱਜ ਗਏ ਸਨ ਪਰ ਇਸ ਸਮਾਗਮ 'ਚ ਗਿਆਨੀ ਗੁਰਬਚਨ





ਸਿੰਘ ਸ਼ਾਮਲ ਨਹੀਂ ਹੋਏ ਸਨ। ਸੂਚਨਾ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਇਸ ਸਮਾਗਮ 'ਚ ਸ਼ਾਮਲ ਹੋਣ ਸਬੰਧੀ ਸਿੰਘ ਸਾਹਿਬ ਨੂੰ ਬਾਕਾਇਦਾ ਪੱਤਰ ਵੀ ਲਿਖਿਆ ਗਿਆ ਸੀ, ਜਦੋਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਤੇ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਸਿੱਖ ਜਰਨੈਲਾਂ ਜਨਰਲ ਹਰਬਖਸ਼ ਸਿੰਘ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਤੇ ਏਅਰ ਮਾਰਸ਼ਲ ਅਰਜਨ ਸਿੰਘ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ ਤਾਂ ਉਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤਾਂ ਪੁੱਜੇ ਸਨ, ਪਰ ਗਿਆਨੀ ਗੁਰਬਚਨ ਸਿੰਘ ਇਸ ਸਮਾਗਮ 'ਚ ਹਾਜ਼ਰ ਨਹੀਂ ਸਨ। ਇਹ ਦੂਰੀਆਂ ਉਸ ਸਮੇਂ ਹੋਰ ਵੀ ਖੁੱਲ੍ਹ ਕੇ ਸਾਹਮਣੇ ਆਈਆਂ, ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਤੇ ਹੋਰ ਸ਼ਹਿਰਾਂ 'ਚ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਗੁਰਦੁਆਰਾ ਝੰਡਾ ਬੁੰਗਾ ਵਿਖੇ ਗੁਰਮਤਿ ਸਮਾਗਮ ਕਰਾਇਆ ਗਿਆ।

ਗਿਆਨੀ ਗੁਰਬਚਨ ਸਿੰਘ ਇਸ ਸਮਾਗਮ 'ਚ ਤਾਂ ਹਾਜ਼ਰ ਨਹੀਂ ਹੋਏ ਪਰ ਇਸ ਸਮਾਗਮ ਤੋਂ ਕੁਝ ਮਿੰਟ ਬਾਅਦ ਹੋਂਦ ਚਿੱਲੜ ਤਾਲਮੇਲ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕੀਤੇ ਅਰਦਾਸ ਸਮਾਗਮ ਦੌਰਾਨ ਨਾ ਸਿਰਫ ਸ਼ਾਮਲ ਹੋਏ ਸਗੋਂ ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਨ ਦੇ ਨਾਲ ਹੋਂਦ ਚਿੱਲੜ ਦੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਅਤੇ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ।

# ਜੇਲ੍ਹਾਂ ਵਿਚ ਵੱਧ ਮੌਤਾਂ ਦਾ ਮਸਲਾ ਬਣਿਆ ਪੰਜਾਬ ਲਈ ਨਮੋਸ਼ੀ

## ਯੂ.ਪੀ. ਤੋਂ ਬਾਅਦ ਜੇਲ੍ਹਾਂ ਵਿਚ ਸਭ ਤੋਂ ਵੱਧ ਮੌਤਾਂ ਪੰਜਾਬ ਵਿਚ ਹੋਈਆਂ

**ਚੰਡੀਗੜ੍ਹ:** ਉਤਰ ਪ੍ਰਦੇਸ਼ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ ਵਿਚ ਸਭ ਤੋਂ ਵੱਧ ਕੈਦੀਆਂ ਦੀਆਂ ਮੌਤਾਂ ਹੋ ਰਹੀਆਂ ਹਨ। ਨੈਸ਼ਨਲ ਕਰਾਈਮ ਬਿਊਰੋ ਦੀ ਰਿਪੋਰਟ ਮੁਤਾਬਕ ਭਾਰਤ ਦੀਆਂ ਜੇਲ੍ਹਾਂ ਵਿਚ ਤਿੰਨ ਸਾਲਾਂ ਦੌਰਾਨ ਕੁਦਰਤੀ ਅਤੇ ਗੈਰ ਕੁਦਰਤੀ ਤਰੀਕੇ ਨਾਲ 6354 ਮੌਤਾਂ ਹੋਈਆਂ ਹਨ। ਇਸ ਸਮੇਂ ਦੌਰਾਨ ਯੂ.ਪੀ. ਦੀਆਂ ਜੇਲ੍ਹਾਂ ਵਿਚ 1358 ਅਤੇ ਪੰਜਾਬ ਦੀਆਂ ਜੇਲ੍ਹਾਂ ਵਿਚ 714 ਕੈਦੀਆਂ ਦੀ ਮੌਤ ਹੋਈ ਹੈ। ਬਿਊਰੋ ਦੀ ਇਸ ਰਿਪੋਰਟ ਵਿਚ ਸਾਲ 2012 ਤੋਂ 2015 ਦਾ ਸਮਾਂ ਰੱਖਿਆ ਗਿਆ ਹੈ। ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਦੀ ਮਾਡਲ ਜੇਲ੍ਹ ਵਿਚ ਕੋਈ ਗੈਰ ਕੁਦਰਤੀ ਮੌਤ ਨਹੀਂ ਹੋਈ ਹੈ।




ਰਿਪੋਰਟ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਜੇਲ੍ਹਾਂ ਵਿਚ ਗੈਰ ਕੁਦਰਤੀ ਮੌਤਾਂ ਦੀ ਵਜ੍ਹਾ ਆਤਮ ਹੱਤਿਆਵਾਂ ਬਣ ਰਹੀਆਂ ਹਨ ਜਾਂ ਫੇਰ ਕੈਦੀਆਂ ਵੱਲੋਂ ਇਕ-ਦੂਜੇ ਉਤੇ ਕੀਤੇ ਜਾ ਰਹੇ ਹਮਲਿਆਂ ਵਿਚ ਜਾਨਾਂ ਜਾਂਦੀਆਂ ਹਨ। ਇਸ ਤੋਂ ਬਿਨਾਂ ਜੇਲ੍ਹ ਅਧਿਕਾਰੀਆਂ ਦੀ ਅਲਗਰਜ਼ੀ ਵੀ ਕੈਦੀਆਂ ਦੀ ਗੈਰ ਕੁਦਰਤੀ ਮੌਤ ਦਾ ਕਾਰਨ ਬਣ ਰਹੀ ਹੈ। ਨੈਸ਼ਨਲ ਕਰਾਈਮ ਕੰਟਰੋਲ ਬਿਊਰੋ ਦੇ ਅੰਕੜੇ ਕਹਿੰਦੇ ਹਨ ਕਿ ਸਾਲ 2012 ਤੋਂ 2015 ਤੱਕ ਦੇਸ਼ ਭਰ ਦੀਆਂ ਜੇਲ੍ਹਾਂ ਵਿਚ ਗੈਰ ਕੁਦਰਤੀ ਢੰਗ ਨਾਲ 551 ਕੈਦੀਆਂ ਦੀ ਜਾਨ ਗਈ ਹੈ। ਇਨ੍ਹਾਂ ਵਿਚੋਂ 43 ਕੈਦੀ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਸਨ। ਪੰਜਾਬ ਦੀਆਂ ਜੇਲ੍ਹਾਂ ਵਿਚ ਸਾਲ 2015 ਵਿਚ ਪੰਜ ਕੈਦੀਆਂ ਦੀ ਗੈਰ ਕੁਦਰਤੀ ਮੌਤ ਹੋਈ, 2014 ਵਿਚ 12, 2013 ਵਿਚ ਨੌਂ ਅਤੇ 2012 ਵਿਚ ਸੱਤ ਕੈਦੀਆਂ ਦੀ ਮੌਤ ਗੈਰ ਕੁਦਰਤੀ ਸੀ। ਹਰਿਆਣਾ ਵਿਚ ਇਸ ਦੇ ਮੁਕਾਬਲੇ 2015 ਵਿਚ ਚਾਰ, 2014 ਵਿਚ ਦਸ, 2013 ਵਿਚ ਨੌਂ ਅਤੇ 2012 ਵਿਚ ਛੇ ਗੈਰ ਕੁਦਰਤੀ ਮੌਤਾਂ ਹੋਈਆਂ ਸਨ। ਉਤਰ ਪ੍ਰਦੇਸ਼ ਵਿਚ ਸਾਲ 2015 ਦੌਰਾਨ ਸਭ ਤੋਂ ਵੱਧ 323 ਮੌਤਾਂ ਹੋਈਆਂ ਸਨ ਜਦੋਂ ਕਿ ਪੰਜਾਬ ਵਿਚ ਇਹ ਅੰਕੜਾ 178 ਦੱਸਿਆ ਗਿਆ ਹੈ। ਇਸ ਸਮੇਂ ਦੌਰਾਨ ਦੇਸ਼ ਭਰ ਵਿਚ 1584 ਕੈਦੀਆਂ ਦੀ ਜਾਨ ਗਈ ਸੀ। ਸਾਲ 2014 ਵਿਚ 329 ਅਤੇ ਪੰਜਾਬ ਵਿਚ 23 ਕੈਦੀ ਮੌਤ ਦੇ ਮੂੰਹ ਵਿਚ ਗਏ ਸਨ।

ਪੰਜਾਬ ਪੁਲਿਸ ਦੇ ਜੇਲ੍ਹ ਵਿਭਾਗ ਦੇ ਇਕ ਉਚ ਅਫਸਰ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਕਈ ਨਸ਼ੇ ਦੀ ਲਤ ਜਾਂ ਐਚ.ਆਈ.ਵੀ. ਬਾਰੇ ਲੁਕੋ ਰੱਖਦੇ ਹਨ, ਜੋ ਮੌਤ ਦਾ ਕਾਰਨ ਬਣਦਾ ਹੈ। ਉਸ ਨੇ ਦਾਅਵਾ ਕੀਤਾ ਕਿ ਜੇਲ੍ਹ ਅਧਿਕਾਰੀਆਂ ਨੂੰ ਕੈਦੀਆਂ ਨੂੰ ਤੁਰਤ ਮੈਡੀਕਲ ਸਹਾਇਤਾ ਦੇਣ ਦੀਆਂ ਹਦਾਇਤਾਂ ਹਨ।

## ਜੇਲ੍ਹ ਵਿਚ ਗੈਂਗਸਟਰਾਂ ਦੇ ਜਸ਼ਨਾਂ ਨੇ ਖੋਲ੍ਹੀ ਪ੍ਰਬੰਧਾਂ ਦੀ ਪੋਲ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਦੀ ਇਕ ਵਾਰ ਮੁੜ ਪੋਲ ਖੁੱਲ੍ਹੀ ਹੈ। ਜੇਲ੍ਹ ਵਿਚ ਬੰਦ ਗੈਂਗਸਟਰਾਂ ਦਾ ਅਜਿਹਾ ਵੀਡੀਓ ਸਾਹਮਣੇ ਆਇਆ ਹੈ ਜਿਸ ਨੇ ਪੁਲਿਸ ਤੰਤਰ ਦੇ ਵੀ ਹੋਸ਼ ਉਡਾ ਦਿੱਤੇ ਹਨ। ਇਸ ਵੀਡੀਓ ਵਿਚ ਅੰਮ੍ਰਿਤਸਰ ਦੀ ਜੇਲ੍ਹ ਵਿਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਜਨਮ ਦਿਨ ਦੇ ਜਸ਼ਨ ਮਨਾਏ ਜਾ ਰਹੇ ਹਨ। ਵਧੀਕ ਡੀ.ਜੀ.ਪੀ. (ਜੇਲ੍ਹਾਂ) ਇਕਬਾਲਪ੍ਰੀਤ ਸਿੰਘ ਸਹੋਤਾ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਸਹੋਤਾ ਨੇ ਕਿਹਾ ਕਿ ਇਹ ਮਾਮਲਾ ਚਾਰ ਜੂਨ ਦਾ ਹੈ, ਜੋ ਉਨ੍ਹਾਂ ਦੇ ਜੇਲ੍ਹ ਵਿਭਾਗ ਵਿਚ ਆਉਣ ਤੋਂ ਪਹਿਲਾਂ ਦਾ ਹੈ ਪਰ ਡੀ.ਆਈ.ਜੀ. ਦੀ ਜਾਂਚ ਰਿਪੋਰਟ 'ਤੇ ਜੇਲ੍ਹ ਅਮਲੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਦਰਅਸਲ, ਜੇਲ੍ਹ ਅੰਦਰ ਸ਼ਰੇਆਮ ਜਨਮ ਦਿਨ ਦੇ ਜਸ਼ਨ ਮਨਾਉਣ ਤੇ ਭੰਗੜੇ ਪਾਉਣ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਹੈ। ਇਸ ਵੀਡੀਓ 'ਚ ਕੈਦੀਆਂ ਦੇ ਹੱਥਾਂ 'ਚ ਮਹਿੰਗੇ ਸਮਾਰਟਫੋਨ ਫੜੇ ਹੋਏ ਹਨ। ਜੇਲ੍ਹਾਂ ਵਿਚ ਮੋਬਾਈਲ ਫੋਨ ਦੀ ਵਰਤੋਂ 'ਤੇ ਪਾਬੰਦੀ ਹੈ ਪਰ ਇਸ ਵੀਡੀਓ ਨੇ ਸਾਰੀ ਪੋਲ ਖੋਲ੍ਹ ਦਿੱਤੀ ਹੈ। ਪੁਲਿਸ ਰਿਪੋਰਟ ਮੁਤਾਬਕ ਸੂਬੇ 'ਚ ਗੈਂਗਸਟਰਾਂ ਦੇ ਤਕਰੀਬਨ 55 ਗਰੋਹ ਸਰਗਰਮ ਹਨ, ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਵਧੇਰੇ ਹੈ। ਇਸ ਮੁਤਾਬਕ ਤਕਰੀਬਨ 300 ਗੈਂਗਸਟਰ ਪੁਲਿਸ ਦੀ ਗ੍ਰਿਫਤ 'ਚੋਂ ਬਾਹਰ ਹਨ। ਗੈਂਗਸਟਰਾਂ ਦੇ ਸਿਰ ਉਤੇ ਸਿਆਸੀ ਆਗੂਆਂ ਦਾ ਹੱਥ ਹੋਣ ਦੇ ਇਲਜ਼ਾਮ ਵੀ ਲੱਗਦੇ ਹਨ।



# ਹੁਣ ਕੈਪਟਨ ਸਰਕਾਰ ਚਲਾਏਗੀ 'ਪਕੋਕਾ' ਵਾਲਾ ਡੰਡਾ

**ਚੰਡੀਗੜ੍ਹ:** ਪੰਜਾਬ ਵਿਚ ਸਰਗਰਮ ਅਪਰਾਧੀ ਗਰੋਹਾਂ ਨਾਲ ਨਜਿੱਠਣ ਲਈ ਮਹਾਰਾਸ਼ਟਰ ਰਾਜ ਦੀ ਤਰਜ਼ ਉਤੇ 'ਪੰਜਾਬ ਆਰਗੇਨਾਈਜ਼ਡ ਕੰਟਰੋਲਡ ਕਰਾਈਮ ਐਕਟ' (ਪਕੋਕਾ) ਲਿਆਉਣ ਲਈ ਕੈਪਟਨ ਸਰਕਾਰ ਸਰਗਰਮ ਹੋ ਗਈ ਹੈ। ਮੁੱਖ ਮੰਤਰੀ ਨੇ ਇਸ ਕਾਨੂੰਨ ਨੂੰ ਅਮਲੀ ਜਾਮਾ ਪਹਿਨਾਏ ਜਾਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੂੰ 'ਪਕੋਕਾ' ਬਾਰੇ ਕਾਨੂੰਨ ਦਾ ਖਰੜਾ ਛੇਤੀ ਤਿਆਰ ਕਰਨ ਲਈ ਕਿਹਾ ਹੈ, ਜਿਸ ਨੂੰ ਇਸ ਮਹੀਨੇ ਦੇ ਅਖੀਰ ਵਿਚ ਲਿਆਂਦਾ ਜਾ ਸਕਦਾ ਹੈ।



ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਡੀ.ਜੀ.ਪੀ. ਨੇ ਕਾਨੂੰਨ ਵਿਵਸਥਾ ਨੂੰ ਲੀਹ ਉਤੇ ਲਿਆਉਣ ਦਾ ਏਜੰਡਾ ਪੇਸ਼ ਕਰਦਿਆਂ ਗੁੰਡਾ ਅਨਸਰਾਂ ਅਤੇ ਅਪਰਾਧੀਆਂ ਨਾਲ ਕਰੜੇ ਹੱਥੀਂ ਨਜਿੱਠਣ ਲਈ ਪੁਲਿਸ ਦੇ ਹੱਥ ਮਜ਼ਬੂਤ ਕੀਤੇ ਜਾਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ 'ਪਕੋਕਾ' ਵਰਗਾ ਕਾਨੂੰਨ ਅਮਲ ਵਿਚ ਲਿਆਉਣਾ ਅਤਿ ਲੋੜੀਂਦਾ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ 'ਪਕੋਕਾ' ਦੀ ਦੁਰਵਰਤੋਂ ਜਾਂ ਕਾਨੂੰਨ ਦੇ ਨਾਂ ਉਤੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਨਾ ਹੋਣ ਨੂੰ ਯਕੀਨੀ ਬਣਾਏਗੀ। ਯਾਦ ਰਹੇ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਵੀ ਇਸ ਕਾਨੂੰਨ ਦਾ ਖਰੜਾ ਦੋ ਵਾਰੀ ਵਜ਼ਾਰਤੀ ਮੀਟਿੰਗਾਂ ਵਿਚ ਲਿਜਾਇਆ ਗਿਆ ਸੀ, ਪਰ ਤਤਕਾਲੀ ਮੰਤਰੀਆਂ ਦੇ ਇਤਰਾਜ਼ਾਂ ਕਾਰਨ ਇਸ ਬਿੱਲ ਉਤੇ ਵਜ਼ਾਰਤੀ ਮੋਹਰ ਨਹੀਂ ਲੱਗ ਸਕੀ।

ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਫਿਲਮ ਨਗਰੀ ਮੁੰਬਈ ਵਿਚ ਸਰਗਰਮ ਮਾਫੀਆ ਨਾਲ ਨਜਿੱਠਣ ਲਈ ਮਕੋਕਾ ਬਣਾਇਆ ਹੋਇਆ ਹੈ। ਪੰਜਾਬ ਸਰਕਾਰ ਲਈ ਸੰਗਠਿਤ ਅਪਰਾਧੀ ਗਰੋਹ ਵੱਡੀ ਚੁਣੌਤੀ ਬਣਦੇ ਜਾ ਰਹੇ ਹਨ। ਸਿਆਸੀ ਸਰਪ੍ਰਸਤੀ ਵਾਲੇ ਇਨ੍ਹਾਂ ਗਰੋਹਾਂ ਦੀ ਦਬਸ਼ ਕਾਰਨ ਕੋਈ ਗਵਾਹੀ ਦੇਣ ਲਈ ਤਿਆਰ ਨਹੀਂ ਹੁੰਦਾ ਜਿਸ ਕਰ ਕੇ ਅਪਰਾਧੀ ਅਦਾਲਤਾਂ ਵਿਚੋਂ ਛੁੱਟ ਜਾਂਦੇ ਹਨ।

ਪੰਜਾਬ ਪੁਲਿਸ ਮੁਤਾਬਕ ਰਾਜ ਅੰਦਰ ਸਰਗਰਮ ਗਰੋਹਾਂ ਦੀ ਗਿਣਤੀ 57 ਹੈ ਹਾਲਾਂਕਿ ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਗਰੋਹ 70 ਦੇ ਕਰੀਬ ਹਨ। ਇਨ੍ਹਾਂ ਗਰੋਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਵੱਧ ਹੈ। ਗੈਂਗਸਟਰ ਰੌਕੀ ਦੇ ਕਤਲ ਮਗਰੋਂ ਸਰਕਾਰ ਇਨ੍ਹਾਂ ਗਰੋਹਾਂ ਦੀਆਂ ਸਰਗਰਮੀਆਂ ਨੂੰ ਨੱਥ ਪਾਉਣ ਲਈ ਸਰਗਰਮ ਤਾਂ ਹੋਈ, ਪਰ ਮੰਤਰੀਆਂ ਦੇ ਦਬਾਅ ਕਾਰਨ ਢਿੱਲੀ ਪੈ ਗਈ। 2010 ਤੋਂ 2016 ਤੱਕ ਦੇ ਅਰਸੇ ਦੌਰਾਨ ਅਜਿਹੇ ਹਥਿਆਰਬੰਦ ਗਰੋਹਾਂ ਦੇ ਕੋਈ 55 ਮਾਮਲੇ ਅਦਾਲਤਾਂ ਵਿਚ ਗਏ ਅਤੇ ਉਨ੍ਹਾਂ ਵਿਚੋਂ ਕਿਸੇ ਇਕ ਵਿਚ ਵੀ ਸਜ਼ਾ ਨਹੀਂ ਹੋਈ ਅਤੇ ਗੈਂਗਸਟਰ ਬਰੀ ਹੋ ਗਏ। ਅਦਾਲਤਾਂ ਵਿਚ ਗੈਂਗਸਟਰਾਂ ਖਿਲਾਫ਼ ਕੇਸ ਫੇਲ੍ਹ ਹੋਣ ਦਾ ਮੁੱਖ ਕਾਰਨ ਪੁਲਿਸ ਦੀ ਮਿਲੀਭੁਗਤ ਜਾਂ ਨਾਲਾਇਕੀ ਸਮਝੀ ਜਾ ਸਕਦੀ ਹੈ। ਹਾਲਾਂਕਿ ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਵਿਚਲੀਆਂ ਚੋਰ ਮੋਰੀਆਂ ਦਾ ਲਾਹਾ ਲੈ ਕੇ ਅਜਿਹੇ ਅਨਸਰ ਪਨਪਦੇ ਰਹੇ ਹਨ।

### 'ਆਪ' ਨੂੰ ਇਤਰਾਜ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਵਿਗੜੀ ਕਾਨੂੰਨ ਵਿਵਸਥਾ ਨੂੰ ਠੀਕ ਕਰਨ ਦੇ ਬਹਾਨੇ ਕੈਪਟਨ ਸਰਕਾਰ ਪਕੋਕਾ ਕਾਨੂੰਨ ਬਣਾ ਕੇ ਵਿਰੋਧੀਆਂ ਖਿਲਾਫ਼ ਹਥਿਆਰ ਵਜੋਂ ਵਰਤਣ ਦੀ ਤਾਕ ਵਿਚ ਹੈ। ਪਾਰਟੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਸਹਿ-ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਸਵਾਲ ਕੀਤਾ ਕਿ ਕੈਪਟਨ ਸਰਕਾਰ ਕਿਸ ਮਕਸਦ ਲਈ 'ਪਕੋਕਾ' ਵਰਗਾ ਕਾਨੂੰਨ ਪੰਜਾਬ ਦੀ ਜਨਤਾ 'ਤੇ ਥੋਪ ਰਹੀ ਹੈ।

## ਵਰਮਾ ਦੇ ਪੋਲੀਗ੍ਰਾਫ ਟੈਸਟ ਬਾਰੇ ਅਦਾਲਤ ਦੀ ਸਖਤ ਹਦਾਇਤ

**ਨਵੀਂ ਦਿੱਲੀ:** ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੇ ਗਵਾਹ ਅਭਿਸ਼ੇਕ ਵਰਮਾ ਦਾ ਪੋਲੀਗ੍ਰਾਫ ਟੈਸਟ ਇਸ ਮਹੀਨੇ ਦੇ ਅਖੀਰ ਤੱਕ ਮੁਕੰਮਲ ਕਰਨ ਦੀ ਹਦਾਇਤ ਦਿੱਤੀ ਹੈ। ਅਦਾਲਤ ਨੇ ਵਰਮਾ ਦੇ ਸੱਚ-ਝੂਠ ਬੋਲਣ ਵਾਲੇ ਟੈਸਟ ਦੇ ਅਮਲ ਉਤੇ ਨਜ਼ਰ ਰੱਖਣ ਲਈ ਪ੍ਰੋਸੀਕਿਊਸ਼ਨ ਦੇ ਸਾਬਕਾ ਡਾਇਰੈਕਟਰ ਬੀ.ਐਸ. ਜੂਨ ਨੂੰ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਹੋਇਆ ਹੈ। ਨਿਯੁਕਤੀ ਉਤੇ ਸਹਿਮਤੀ ਮਿਲਣ ਮਗਰੋਂ ਅਦਾਲਤ ਨੇ ਕੇਸ ਦੀ ਅਗਲੀ ਤਰੀਕ 15 ਦਸੰਬਰ ਤੈਅ ਕਰ ਦਿੱਤੀ।

ਹਥਿਆਰਾਂ ਦੇ ਵਿਵਾਦਤ ਡੀਲਰ ਵਰਮਾ ਵੱਲੋਂ ਫੋਰੈਂਸਿਕ ਲੈਬ 'ਤੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਬਚਾਏ ਜਾਣ ਦੇ ਲਾਏ ਦੋਸ਼ਾਂ ਮਗਰੋਂ ਅਦਾਲਤ ਨੇ 30 ਅਕਤੂਬਰ ਨੂੰ ਸ੍ਰੀ ਜੂਨ ਦੀ ਨਿਯੁਕਤੀ ਕੀਤੀ ਸੀ। ਆਪਣੀ ਅਰਜ਼ੀ 'ਚ ਵਰਮਾ ਨੇ ਜੁਡੀਸ਼ਲ ਅਫਸਰਾਂ ਸਮੇਤ ਅਹਿਮ ਹਸਤੀਆਂ ਦੀ ਕਮੇਟੀ ਬਣਾ ਕੇ ਟੈਸਟ 'ਤੇ ਨਜ਼ਰ ਰੱਖਣ ਦੀ ਮੰਗ ਕੀਤੀ ਸੀ। ਸਿੱਖ ਕਤਲੇਆਮ ਪੀੜਤਾਂ ਵੱਲੋਂ ਹਾਜ਼ਰ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਪ੍ਰੋਸੀਕਿਊਸ਼ਨ ਦੇ ਸਾਬਕਾ ਡਾਇਰੈਕਟਰ ਦੀ ਨਿਯੁਕਤੀ ਬਾਰੇ ਸਹਿਮਤੀ ਲਈ ਅਦਾਲਤ ਨੂੰ ਦਸਤਾਵੇਜ਼ ਸੌਂਪੇ ਗਏ ਹਨ।

# ਚੜ੍ਹਦੇ ਪੰਜਾਬ ਦੇ ਧੂੰਏਂ ਨੇ ਘੁੱਟਿਆ ਲਾਹੌਰੀਆਂ ਦਾ ਦਮ

**ਚੰਡੀਗੜ੍ਹ:** ਭਾਰਤ ਖਾਸ ਤੌਰ ਉਤੇ ਪੰਜਾਬ ਨੂੰ ਅਕਸਰ ਸਰਹੱਦ ਪਾਰੋਂ ਅਤਿਵਾਦੀਆਂ, ਤਸਕਰਾਂ ਜਾਂ ਗੰਦੇ ਪਾਣੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਹੁਣ ਬਦਲੇ ਹਾਲਾਤ ਵਿਚ ਪਾਕਿਸਤਾਨ, ਭਾਰਤ ਵਾਲੇ ਪਾਸਿਓਂ ਆ ਰਹੀ ਧੂੰਏਂ (ਸਮੌਗ) ਉਤੇ ਸਵਾਲ ਉਠਾ ਰਿਹਾ ਹੈ। ਮਾਹਿਰਾਂ ਦੇ ਹਵਾਲੇ ਨਾਲ ਪਾਕਿਸਤਾਨ ਮੀਡੀਆ ਦੀਆਂ ਰਿਪੋਰਟ ਮੁਤਾਬਕ ਭਾਰਤ ਤੋਂ ਨਿਕਲ ਰਹੇ ਧੂੰਏਂ ਨੇ ਪਾਕਿਸਤਾਨੀ ਸ਼ਹਿਰਾਂ ਖਾਸ ਤੌਰ ਉਤੇ ਲਾਹੌਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ। ਰਿਪੋਰਟਾਂ ਵਿਚ ਕਿਹਾ ਗਿਆ ਕਿ ਰੋਜ਼ਾਨਾ 3500 ਏਕੜ 'ਚ ਪਰਾਲੀ ਫੂਕਣ ਕਾਰਨ ਵੱਡੇ ਪੱਧਰ ਉਤੇ ਪ੍ਰਦੂਸ਼ਣ ਫੈਲ ਰਿਹਾ ਹੈ ਅਤੇ ਪਾਕਿਸਤਾਨੀਆਂ ਨੂੰ ਵੀ ਚੜ੍ਹਦੇ ਪੰਜਾਬ ਦੇ ਵਾਸੀਆਂ ਵਾਂਗ ਸਾਹ ਲੈਣ ਵਿਚ ਦਿੱਕਤ ਹੋ ਰਹੀ ਹੈ।




ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂ ਨੇ ਕਿਹਾ ਕਿ ਸੱਤ ਤੋਂ ਅੱਠ ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲ ਰਹੀਆਂ ਪੱਛਮੀ ਹਵਾਵਾਂ ਕਾਰਨ ਧੂੰਆਂ ਪਾਕਿਸਤਾਨ ਵਾਲੇ ਪਾਸੇ ਜਾ ਰਿਹਾ ਹੈ। ਅਸਲ ਵਿਚ, ਸਮੌਗ ਉਤਰ ਪ੍ਰਦੇਸ਼ ਤੋਂ ਸ਼ੁਰੂ ਹੋ ਕੇ ਪੰਜਾਬ ਵਿਚ ਆ ਰਹੀ ਹੈ ਅਤੇ ਇਥੋਂ ਅੱਗੇ ਜਾ ਰਹੀ ਹੈ। ਪਾਕਿ ਮੀਡੀਆ ਰਿਪੋਰਟਾਂ ਅਨੁਸਾਰ ਲਾਹੌਰ ਵਿਚ ਹਵਾ ਦੀ ਗੁਣਵੱਤਾ ਦਾ ਸੂਚਕ 357 ਰਿਹਾ, ਜਦੋਂ ਕਿ ਇਸ ਦੀ ਬਰਦਾਸ਼ਤਯੋਗ ਹੱਦ 100 ਹੈ। ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਮਾਹਿਰਾਂ ਨੇ ਹੋਰ ਸਮੌਗ ਦੀ ਪੇਸ਼ੀਨਗੋਈ ਕੀਤੀ ਹੈ ਕਿਉਂਕਿ ਭਾਰਤੀ ਮਾਹਿਰਾਂ ਨੇ ਦਾਅਵਾ ਕੀਤਾ ਹੈ ਕਿ ਜੇ ਪੰਜਾਬ 'ਚ ਪਰਾਲੀ ਫੂਕਣ ਦਾ ਅਮਲ ਨਾ ਰੁਕਿਆ ਤਾਂ ਹਵਾ ਦੀ ਗੁਣਵੱਤਾ ਵਾਲਾ ਸੂਚਕ 500 ਨੂੰ ਪਾਰ ਕਰੇਗਾ। ਲਾਹੌਰ ਦੇ ਮੁਕਾਬਲੇ ਲੁਧਿਆਣਾ 'ਚ ਹਵਾ ਦੀ ਗੁਣਵੱਤਾ 334, ਜਦਕਿ ਅੰਮ੍ਰਿਤਸਰ ਵਿਚ 307 ਅਤੇ ਮੰਡੀ ਗੋਬਿੰਦਗੜ੍ਹ ਵਿਚ 187 ਹੈ। ਸ੍ਰੀ ਪੰਨੂ ਨੇ ਕਿਹਾ ਕਿ ਹਵਾ ਤੇ ਪ੍ਰਦੂਸ਼ਣ ਬੰਦਿਆਂ ਵੱਲੋਂ ਬਣਾਈਆਂ ਸਰਹੱਦਾਂ ਨਹੀਂ ਦੇਖਦਾ।

# ਵਿਪਨ ਕਤਲ ਕਾਂਡ ਦੀ ਜਾਂਚ ਰੰਜਿਸ਼ ਵੱਲ ਮੁੜੀ

**ਅੰਮ੍ਰਿਤਸਰ:** ਹਿੰਦੂ ਸੰਘਰਸ਼ ਸੈਨਾ ਦੇ ਆਗੂ ਵਿਪਨ ਸ਼ਰਮਾ ਹੱਤਿਆ ਕਾਂਡ ਦੀ ਜਾਂਚ ਗੈਂਗਸਟਰਾਂ ਦੀ ਆਪਸੀ ਰੰਜਿਸ਼ ਵੱਲ ਮੋੜ ਕੱਟ ਰਹੀ ਹੈ। ਇਸ ਤੋਂ ਪਹਿਲਾਂ ਤੀਹ ਅਕਤੂਬਰ ਨੂੰ ਬਟਾਲਾ ਰੋਡ ਇਲਾਕੇ ਦੀ ਭਾਰਤ ਨਗਰ ਕਾਲੋਨੀ ਵਿਚ ਗੋਲੀਆਂ ਮਾਰ ਕੇ ਕਤਲ ਕੀਤੇ ਵਿਪਨ ਸ਼ਰਮਾ ਮਾਮਲੇ ਵਿਚ ਅਤਿਵਾਦ ਵਿਰੋਧੀ ਦਸਤੇ ਨੇ ਕਿਸੇ ਅਤਿਵਾਦੀ ਜਥੇਬੰਦੀ ਦਾ ਹੱਥ ਹੋਣ ਤੋਂ ਨਾਂਹ ਕਰ ਦਿੱਤੀ ਸੀ। ਪਤਾ ਲੱਗਿਆ ਹੈ ਕਿ ਪੁਲਿਸ ਨੇ ਇਸ ਮਾਮਲੇ ਵਿਚ ਕੁਝ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰ ਲਿਆ ਹੈ।

ਜਾਂਚ ਦੌਰਾਨ ਇਹ ਹੱਤਿਆ ਕਾਂਡ ਗੈਂਗਸਟਰਾਂ ਦੀ ਆਪਸੀ ਰੰਜਿਸ਼ ਦਾ ਨਤੀਜਾ ਲੱਗ ਰਿਹਾ ਹੈ। ਪੁਲਿਸ ਸੂਤਰਾਂ ਮੁਤਾਬਕ ਇਸ ਹੱਤਿਆ ਕਾਂਡ ਦਾ ਸਬੰਧ ਪੁਲਿਸ ਕਰਮਚਾਰੀ ਬਲਜਿੰਦਰ ਸਿੰਘ ਕਾਲੂ ਹੱਤਿਆ ਨਾਲ ਵੀ ਹੈ। ਪੁਲਿਸ ਕਰਮਚਾਰੀ ਦਾ ਬੇਟਾ ਸ਼ੁਭਮ ਸਿੰਘ ਵੀ ਗੈਂਗਸਟਰਾਂ ਦੀ ਸੂਚੀ ਵਿਚ ਸ਼ਾਮਲ ਹੈ ਤੇ ਇਸ ਦਾ ਸਬੰਧ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਗੈਂਗ ਨਾਲ ਹੈ। ਸਾਰਜ ਸਿੰਘ ਮਿੰਟੂ ਵੀ ਇਸੇ ਗੈਂਗ ਨਾਲ ਜੁੜਿਆ ਹੈ, ਜਿਸ ਦੀਆਂ ਫੋਟੋਆਂ ਬੀਤੇ ਦਿਨੀਂ ਸੋਸ਼ਲ ਮੀਡੀਆ ਉਤੇ ਵਾਇਰਲ ਹੋਈਆਂ ਸਨ। ਉਸ ਦੀ ਫੋਟੋ ਅਤੇ ਹਮਲਾਵਰ ਦੀ ਫੋਟੋ ਆਪਸ ਵਿਚ ਮੇਲ ਖਾਂਦੀ ਹੈ।

ਪੁਲਿਸ ਕਰਮਚਾਰੀ ਬਲਜਿੰਦਰ ਸਿੰਘ ਕਾਲੂ ਦੀ ਹੱਤਿਆ ਦੇ ਮਾਮਲੇ ਵਿਚ ਗੈਂਗਸਟਰ ਸਿਮਰਜੀਤ ਸਿੰਘ ਦਾ ਹੱਥ ਸੀ, ਜਿਸ ਦੀ ਜੱਗੂ ਭਗਵਾਨਪੁਰੀਆ ਗੈਂਗ ਨਾਲ ਦੁਸ਼ਮਣੀ ਹੈ। ਇਸ ਵਿਅਕਤੀ ਦਾ ਵਿਪਨ ਸ਼ਰਮਾ ਦੇ ਇਕ ਸਾਥੀ ਨਾਲ ਵੀ ਨੇੜਲਾ ਸਬੰਧ ਹੈ। ਦੋਵਾਂ ਗੁੱਟਾਂ ਦੇ ਸਾਰਜ ਸਿੰਘ ਅਤੇ ਸਿਮਰਜੀਤ ਸਿੰਘ ਵਿਚਾਲੇ ਆਪਸੀ ਰੰਜਿਸ਼ ਹੈ। ਇਨ੍ਹਾਂ ਵਿਚਾਲੇ ਪੈਸੇ ਦੇ ਲੈਣ-ਦੇਣ ਦਾ ਵੀ ਝਗੜਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸੇ ਮਾਮਲੇ ਕਾਰਨ ਹਿੰਦੂ ਆਗੂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

## ਬਾਦਲਾਂ ਦੇ ਰਾਜ ਨਾਲੋਂ ਕਾਨੂੰਨ ਦੀ ਸਥਿਤੀ ਬਿਹਤਰ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਅਰਾਜਕਤਾ ਵੱਲ ਜਾਣ ਦੇ ਲਾਏ ਦੋਸ਼ਾਂ ਨੂੰ ਨਕਾਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਵਿਵਸਥਾ ਬੀਤੇ 10 ਸਾਲਾਂ ਨਾਲੋਂ ਕਿਤੇ ਬਿਹਤਰ ਹੈ। ਇਸ ਸਾਲ ਮਾਰਚ ਵਿਚ ਕਾਂਗਰਸ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਜੁਰਮ ਦੀਆਂ ਵੱਡੀਆਂ ਘਟਨਾਵਾਂ ਵਿਚ ਗਿਰਾਵਟ ਆਉਣ ਦੇ ਤੱਥ ਇਸ ਦੀ ਗਵਾਹੀ ਭਰਦੇ ਹਨ।



**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਤਲਾਂ ਦੀ ਗੁੱਥੀ ਸੁਲਝਾਉਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਆਰ.ਆਰ.ਐਸ. ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਗਗਨੇਜਾ, ਆਰ.ਐਸ.ਐਸ. ਨੇਤਾ ਰਵਿੰਦਰ ਗੋਸਾਈਂ ਅਤੇ ਪਾਦਰੀ ਸੁਲਤਾਨ ਮਸੀਹ ਸਮੇਤ ਮਿੱਥ ਕੇ ਕੀਤੇ ਗਏ ਛੇ ਕਤਲਾਂ ਦੇ ਮਾਮਲੇ ਹੱਲ ਕਰਨ ਦਾ ਦਾਅਵਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਤਲਾਂ ਦੇ ਵੱਡੇ ਮਾਮਲੇ ਹੱਲ ਕਰਨ ਲਈ ਪੰਜਾਬ ਪੁਲਿਸ ਦੀ ਪਿਠ ਥਾਪੜਦਿਆਂ ਐਲਾਨ ਕੀਤਾ ਕਿ ਇਹ ਸਫਲਤਾ ਹਾਸਲ ਕਰਨ ਵਾਲੇ ਪੁਲਿਸ ਅਧਿਕਾਰੀਆਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਤਲ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨੇ ਹੋਰ ਮੁਲਕਾਂ ਵਿਚ ਆਪਣੇ ਨੈੱਟਵਰਕ ਰਾਹੀਂ ਸੂਬੇ ਦੀ ਸਦਭਾਵਨਾ ਨੂੰ ਭੰਗ ਕਰ ਕੇ ਅਸਥਿਰਤਾ ਪੈਦਾ ਕਰਨ ਲਈ ਕਰਵਾਏ ਸਨ।

ਪਿਛਲੀ ਅਕਾਲੀ ਭਾਜਪਾ ਸਰਕਾਰ ਨੇ ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਦਾ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ ਪਰ ਸੂਬਾ ਪੁਲਿਸ ਨੇ ਦਹਿਸ਼ਤੀ ਗਰੋਹ ਬੇਨਕਾਬ ਕਰ ਕੇ ਇਸ ਕਤਲ ਕੇਸ ਦੀ ਗੁੱਥੀ ਸੁਲਝਾ ਲਈ ਹੈ। ਇਸ ਦੇ ਨਾਲ ਇਕ ਹੋਰ ਆਰ.ਐਸ.ਐਸ ਨੇਤਾ ਰਵਿੰਦਰ ਗੁਸਾਈਂ ਦੇ ਕਤਲ ਕੇਸ ਨੂੰ ਵੀ ਹੱਲ ਕਰ ਲਿਆ ਗਿਆ ਹੈ। ਗ੍ਰਿਫਤਾਰ ਕੀਤੇ ਗਏ ਸਾਜ਼ਿਸ਼ਕਾਰਾਂ ਵਿਚ ਧਰਮਿੰਦਰ ਉਰਫ ਗੁਗਨੀ ਗੈਂਗਸਟਰ ਵੀ ਸ਼ਾਮਲ ਹੈ, ਜੋ ਨਾਭਾ ਜੇਲ੍ਹ ਵਿਚ ਬੰਦ ਸੀ। ਪੁਲਿਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਹੈ। ਉਸ ਨੇ ਕਤਲਾਂ ਲਈ ਹਥਿਆਰ ਤੇ ਗੋਲੀ ਸਿੱਕਾ ਦਿੱਤਾ ਸੀ। ਇਸ ਗ੍ਰਿਫਤਾਰੀ ਨਾਲ ਗਰਮਖਿਆਲੀਆਂ ਅਤੇ ਗੈਂਗਸਟਰਾਂ ਦਰਮਿਆਨ ਗੰਢਤੁਪ ਦਾ ਸ਼ੱਕ ਸਹੀ ਸਾਬਤ ਹੋਇਆ ਹੈ।



*ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੁਲਿਸ ਮੁਖੀ ਸੁਰੇਸ਼ ਅਰੋੜਾ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਦੌਰਾਨ।*

## ਕੈਨੇਡਾ ਸਰਕਾਰ ਵੱਲੋਂ ਸਿੱਖਾਂ ਨੂੰ ਵੱਡੀ ਰਾਹਤ

**ਕੈਲਗਰੀ:** ਕੈਨੇਡਾ ਦੇ ਸਿੱਖਾਂ ਨੂੰ ਟਰਾਂਸਪੋਰਟ ਵਿਭਾਗ ਨੇ ਵੱਡੀ ਰਾਹਤ ਦਿੱਤੀ ਹੈ। ਟਰਾਂਸਪੋਰਟ ਕੈਨੇਡਾ ਨੇ ਅੰਮ੍ਰਿਤਧਾਰੀ ਸਿੱਖਾਂ ਨੂੰ ਛੋਟੀ ਕਿਰਪਾਨ ਪਹਿਨ ਕੇ ਹਵਾਈ ਸਫਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਹੁਣ ਸਿੱਖ ਕੈਨੇਡਾ ਦੀਆਂ ਘਰੇਲੂ ਤੇ ਕੌਮਾਂਤਰੀ ਉਡਾਣਾਂ ਵਿਚ ਛੋਟੀ ਕਿਰਪਾਨ ਨਾਲ ਸਫਰ ਕਰ ਸਕਣਗੇ। ਉਂਜ, ਇਹ ਛੋਟ ਅਮਰੀਕਾ ਨੂੰ ਜਾਣ ਵਾਲੀ ਕਿਸੇ ਉਡਾਣ ਉਪਰ ਲਾਗੂ ਨਹੀਂ ਹੋਵੇਗੀ।

ਸਿੱਖ ਸੰਗਠਨ ਵੱਲੋਂ ਇਸ ਦੀ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਟਰਾਂਸਪੋਰਟ ਕੈਨੇਡਾ ਨੇ ਸਿੱਖਾਂ ਦੀ ਮੰਗ ਮੰਨ ਲਈ ਹੈ। ਟਰਾਂਸਪੋਰਟ ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਇਸ ਛੋਟੀ ਕਿਰਪਾਨ ਦਾ ਬਲੇਡ 6 ਸੈਂਟੀਮੀਟਰ ਤੋਂ ਘੱਟ ਹੋਣਾ ਚਾਹੀਦਾ ਹੈ। ਸਿੱਖਾਂ ਨੂੰ ਛੋਟੀ ਕਿਰਪਾਨ ਪਹਿਨ ਕੇ ਸਫਰ ਕਰਨ ਦਾ ਫੈਸਲਾ 27 ਨਵੰਬਰ, 2017 ਤੋਂ ਲਾਗੂ ਹੋਵੇਗਾ।

# ਅਮਰੀਕਾ ਲਈ ਰਵਾਨਾ ਹੋਏ ਨੌਜਵਾਨ ਲਾਪਤਾ

*(ਸਫਾ ਇਕ ਦੀ ਬਾਕੀ)*

ਪਹਿਲਾਂ ਘਰੋਂ ਤੁਰਿਆ ਸੀ। ਪਿੰਡ ਪੁਰੀਕਾ ਤੇ ਅਬਦੁੱਲਾਪੁਰ ਦੇ ਲਾਪਤਾ ਤਿੰਨ ਲੜਕਿਆਂ ਦੇ ਮਾਪਿਆਂ ਨੇ ਪਹਿਲੀ ਨਵੰਬਰ ਨੂੰ ਵਿਦੇਸ਼ ਮੰਤਰਾਲੇ ਦੇ ਦਫਤਰ 'ਚ ਏਜੰਟਾਂ ਖਿਲਾਫ਼ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲਾ ਏਜੰਟ ਰੂਪੋਸ਼ ਹੋ ਗਿਆ ਹੈ ਅਤੇ ਉਸ ਨੇ ਫੋਨ ਵੀ ਬੰਦ ਕਰ ਲਿਆ।

ਪੁਰੀਕਾ ਦੇ ਲਾਪਤਾ ਸਰਬਜੀਤ ਸਿੰਘ (24) ਦੀ ਮਾਤਾ ਸੱਤਪਾਲ ਕੌਰ ਦਾ ਕਹਿਣਾ ਹੈ ਕਿ ਏਜੰਟ ਸੁਖਵਿੰਦਰ ਸਿੰਘ ਨਾਲ ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਣ ਲਈ 35 ਲੱਖ ਰੁਪਏ ਵਿਚ ਗੱਲਬਾਤ ਕੀਤੀ ਸੀ। ਏਜੰਟ ਨੇ ਲੜਕੇ ਨੂੰ ਪੰਜ ਦਿਨਾਂ ਵਿਚ ਵਿਦੇਸ਼ ਪਹੁੰਚਾ ਦੇਣ ਦਾ ਦਾਅਵਾ ਕੀਤਾ ਸੀ। ਅਬਦੁੱਲਾਪੁਰ ਦੇ ਲਾਪਤਾ ਇੰਦਰਜੀਤ ਸਿੰਘ (22) ਦੀ ਮਾਤਾ ਸੁਖਵਿੰਦਰ ਕੌਰ ਦਾ ਕਹਿਣਾ ਹੈ ਕਿ ਅਮਰੀਕਾ ਭੇਜਣ ਲਈ ਏਜੰਟ ਨਾਲ 35 ਲੱਖ ਰੁਪਏ ਵਿਚ ਸੌਦਾ ਤੈਅ ਹੋਇਆ ਸੀ। ਉਨ੍ਹਾਂ ਦੇ ਲੜਕੇ 27 ਮਈ 2017 ਨੂੰ ਘਰੋਂ ਗਏ ਸਨ ਅਤੇ ਏਜੰਟ ਨੇ 10 ਦਿਨ ਦਿੱਲੀ ਰੱਖਣ ਪਿੱਛੋਂ 18 ਦਿਨ ਦੇ ਵੀਜ਼ੇ 'ਤੇ ਉਨ੍ਹਾਂ ਦੀ ਮਾਸਕੋ ਦੀ ਟਿਕਟ ਕਟਾ ਕੇ ਉਥੇ ਭੇਜ ਦਿੱਤਾ ਸੀ। ਉਥੋਂ ਅੱਗੇ ਲੜਕਿਆਂ ਨੂੰ ਬਹਾਮਸ ਰਾਹੀਂ ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਿਆ ਜਾਣਾ ਸੀ।

ਅਮਰੀਕਾ ਭੇਜਣ ਲਈ ਮਨੁੱਖੀ ਤਸਕਰੀ ਵਿਚ ਲੱਗੇ ਏਜੰਟਾਂ ਵੱਲੋਂ ਬਹਾਮਸ ਟਾਪੂ ਸਮੁੰਦਰ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਨੌਜਵਾਨ ਅਮਰੀਕਾ ਭੇਜਣ ਲਈ ਲਾਂਘੇ ਵਜੋਂ ਵਰਤਿਆ ਜਾ ਰਿਹਾ ਹੈ। ਬਹਾਮਸ ਟਾਪੂ ਲਈ ਵੀਜ਼ੇ ਦੀ ਕੋਈ ਲੋੜ ਨਹੀਂ ਹੁੰਦੀ, ਪਰ ਭਾਰਤ ਵਿਚੋਂ ਬਹਾਮਸ ਟਾਪੂ ਜਾਣ ਲਈ ਸਿੱਧਾ ਇਮੀਗ੍ਰੇਸ਼ਨ ਅਧਿਕਾਰੀ ਹਵਾਈ ਜਹਾਜ਼ ਚੜ੍ਹਨ ਦੀ ਇਜਾਜ਼ਤ ਨਹੀਂ ਦਿੰਦੇ। ਏਜੰਟ ਪਹਿਲਾਂ ਭਾਰਤ ਤੋਂ ਅਜਿਹੇ ਨੌਜਵਾਨਾਂ ਨੂੰ ਦੁਬਈ ਜਾਂ ਅਜਿਹੇ ਕਿਸੇ ਹੋਰ ਦੇਸ਼ ਵਿਚ ਲਿਜਾਂਦੇ ਹਨ, ਜਿਥੋਂ ਦਾ ਵੀਜ਼ਾ ਸੁਖਾਲਾ ਮਿਲ ਜਾਂਦਾ ਹੈ ਤੇ ਫਿਰ ਉਥੋਂ ਬਹਾਮਸ ਟਾਪੂ ਲੈ ਜਾਂਦੇ ਹਨ। ਇਸ ਟਾਪੂ ਤੋਂ ਸਮੁੰਦਰੀ ਰਸਤੇ ਅਮਰੀਕਾ ਦੇ ਮਿਆਮੀ ਲਾਗਲੇ ਖੇਤਰ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਕੀਤਾ ਜਾਂਦਾ ਹੈ।

# ਸਿੱਖ ਸਿਆਸਤ ਵਿਚ ਬਦਲ ਦੇ ਸੰਕੇਤ

**ਚੰਡੀਗੜ੍ਹ:** ਸਿੱਖਾਂ ਦੀ ਨੁਮਾਇੰਦਗੀ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਨਵੀਂ ਚੁਣੌਤੀ ਖੜ੍ਹੀ ਹੋ ਰਹੀ ਹੈ। ਇਹ ਚੁਣੌਤੀ ਵਰਲਡ ਸਿੱਖ ਪਾਰਲੀਮੈਂਟ (ਡਬਲਿਊ.ਐਸ.ਪੀ.) ਦੀ ਸਥਾਪਨਾ ਹੋਏਗੀ। ਇਸ ਦੀ ਸਥਾਪਨਾ ਨਾਲ ਸਿੱਖਾਂ ਨੂੰ ਨਵਾਂ ਬਦਲ ਮਿਲਣ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਤਿਹਾੜ ਜੇਲ੍ਹ ਵਿਚ ਬੰਦ ਤੇ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਐਲਾਨ ਕੀਤਾ ਹੈ। ਡਬਲਿਊ.ਐਸ.ਪੀ. ਭਾਰਤ ਤੇ ਵਿਦੇਸ਼ਾਂ ਦੇ 150-150 ਨੁਮਾਇੰਦਿਆਂ ਉਤੇ ਆਧਾਰਿਤ ਹੋਵੇਗੀ। 25 ਨਵੰਬਰ ਤੱਕ ਵਿਦੇਸ਼ਾਂ ਦੇ ਨੁਮਾਇੰਦਿਆਂ ਦੀ ਚੋਣ ਪਿੱਛੋਂ ਭਾਰਤ ਵਿਚੋਂ ਸਮੂਹ ਪੰਥ ਹਿਤੈਸ਼ੀ ਸੰਸਥਾਵਾਂ ਦੇ 150 ਪ੍ਰਤੀਨਿਧ ਚੁਣੇ ਜਾਣਗੇ। ਹਵਾਰਾ ਦੀ 7 ਮੈਂਬਰੀ ਨਿੱਜੀ ਸਲਾਹਕਾਰ ਕਮੇਟੀ ਦੇ ਚਾਰ ਮੈਂਬਰਾਂ ਸੀਨੀਅਰ ਵਕੀਲ ਅਮਰ ਸਿੰਘ ਚਾਹਲ, ਗਿਆਨੀ ਗੁਰਚਰਨ ਸਿੰਘ, ਹਰਮਿੰਦਰ ਸਿੰਘ ਦਿੱਲੀ ਤੇ ਬਗੀਚਾ ਸਿੰਘ ਰੱਤਾਖੇੜਾ ਨੇ ਦਾਅਵਾ ਕੀਤਾ ਹੈ ਕਿ ਡਬਲਿਊ.ਐਸ.ਪੀ. ਰਾਹੀਂ ਸਿੱਖ ਕੌਮ 'ਤੇ ਹੋ ਰਹੇ ਹਮਲਿਆਂ ਦਾ ਮੁਕਾਬਲਾ ਕੀਤਾ ਜਾਵੇਗਾ। ਹਵਾਰਾ ਵੱਲੋਂ ਭੇਜੇ ਸੰਦੇਸ਼ ਮੁਤਾਬਕ ਸਿੱਖ ਪਾਰਲੀਮੈਂਟ ਕੌਮ ਦੇ ਮਸਲਿਆਂ ਦੇ ਹੱਲ ਲਈ ਬਣਾਈ ਜਾ ਰਹੀ ਹੈ, ਜੋ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਚੱਲੇਗੀ।

## ਖਹਿਰਾ ਵੱਲੋਂ 'ਕੁਰਸੀ' ਬਚਾਉਣ ਲਈ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਸੱਦੀ 'ਆਪ' ਵਿਧਾਇਕ ਦਲ ਦੀ ਮੀਟਿੰਗ ਵਿਚੋਂ ਪਾਰਟੀ ਪ੍ਰਧਾਨ ਭਗਵੰਤ ਸਿੰਘ ਮਾਨ ਅਤੇ ਛੇ ਵਿਧਾਇਕ ਗੈਰ-ਹਾਜ਼ਰ ਰਹੇ, ਜਦਕਿ 14 ਵਿਧਾਇਕ ਉਨ੍ਹਾਂ ਦੀ ਹਮਾਇਤ ਵਿਚ ਖੜ੍ਹੇ ਹੋਏ। ਸ. ਖਹਿਰਾ ਨੇ ਆਪਣੇ ਵਿਰੁਧ ਫਾਜ਼ਿਲਕਾ ਦੀ ਅਦਾਲਤ ਵੱਲੋਂ ਡਰੱਗ ਮਾਮਲੇ ਵਿਚ ਜਾਰੀ ਕੀਤੇ ਗੈਰ-ਜ਼ਮਾਨਤੀ ਵਾਰੰਟ ਦੇ ਮੁੱਦੇ ਉਪਰ ਪਾਰਟੀ ਦੇ ਵਿਧਾਇਕ ਦਲ ਦੀ ਮੀਟਿੰਗ ਸੱਦੀ ਸੀ। ਮੀਟਿੰਗ ਵਿਚੋਂ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਪ੍ਰੋਫੈਸਰ ਬਲਜਿੰਦਰ ਕੌਰ, ਅਮਰਜੀਤ ਸਿੰਘ ਸੰਦੋਆ, ਵਿਧਾਇਕ ਐਚਐਸ ਫੂਲਕਾ, ਕੰਵਰ ਸੰਧੂ ਅਤੇ ਪ੍ਰਿੰਸੀਪਲ ਬੁੱਧ ਰਾਮ ਗੈਰਹਾਜ਼ਰ ਰਹੇ।

## ਪੈਰਾਡਾਈਜ਼ ਪੇਪਰਜ਼ 'ਚ ਕਾਰੋਬਾਰੀਆਂ ਦੇ ਖੁਲਾਸੇ

**ਨਵੀਂ ਦਿੱਲੀ:** ਨੋਟਬੰਦੀ ਦਾ ਇਕ ਸਾਲ ਪੂਰਾ ਹੋਣ ਤੇ ਇਸ ਨੂੰ ਕਾਲਾ ਧਨ ਵਿਰੋਧੀ ਦਿਵਸ ਦੇ ਤੌਰ ਉਤੇ ਮਨਾਏ ਜਾਣ ਤੋਂ ਠੀਕ ਪਹਿਲਾਂ ਕਾਲੇ ਧਨ ਸਬੰਧੀ ਇਕ ਵੱਡਾ ਖੁਲਾਸਾ ਹੋਇਆ ਹੈ। ਇਹ ਖੁਲਾਸਾ ਜਰਮਨੀ ਦੇ ਜ਼ੀਟਊਸ਼ੇ ਜ਼ੀਟੰਗ ਨਾਂ ਦੀ ਉਸੇ ਅਖਬਾਰ ਨੇ ਕੀਤਾ ਹੈ ਜਿਸ ਨੇ 18 ਮਹੀਨੇ ਪਹਿਲਾਂ ਪਨਾਮਾ ਪੇਪਰਜ਼ ਦਾ ਖੁਲਾਸਾ ਕੀਤਾ ਸੀ। 96 ਮੀਡੀਆ ਆਰਗਨਾਈਜ਼ੇਸ਼ਨ ਦੇ ਨਾਲ ਮਿਲ ਕੇ ਇੰਟਰਨੈਸ਼ਨਲ ਕਾਨਸੋਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਜ਼ (ਆਈ.ਸੀ.ਆਈ.ਜੇ.) ਨੇ 'ਪੈਰਾਡਾਈਜ਼ ਪੇਪਰਜ਼' ਨਾਂ ਦੇ ਦਸਤਾਵੇਜ਼ਾਂ ਦੀ ਪੜਤਾਲ ਕੀਤੀ ਹੈ। 'ਪੈਰਾਡਾਈਜ਼ ਪੇਪਰਜ਼' ਵਿਚ 1.34 ਕਰੋੜ ਦਸਤਾਵੇਜ਼ ਸ਼ਾਮਲ ਹਨ। ਪੈਰਾਡਾਈਜ਼ ਪੇਪਰਜ਼ ਲੀਕ 'ਚ ਪਨਾਮਾ ਦੀ ਤਰ੍ਹਾਂ ਹੀ ਕਈ ਭਾਰਤੀ ਨੇਤਾਵਾਂ, ਕਲਾਕਾਰਾਂ ਅਤੇ ਕਾਰੋਬਾਰੀਆਂ ਦੇ ਨਾਂ ਸਾਹਮਣੇ ਆਏ ਹਨ। ਇਸ ਸੂਚੀ 'ਚ ਕੁੱਲ 714 ਭਾਰਤੀਆਂ ਦੇ ਨਾਂ ਸ਼ਾਮਲ ਹਨ।

# ਜਹਾਦੀਆਂ ਤੋਂ ਵੀ ਵੱਡੀ ਵੰਗਾਰ ਬਣੇ ਸਿਰਫਿਰੇ ਗੋਰੇ

*(ਸਫਾ ਇਕ ਦੀ ਬਾਕੀ)*

ਫਾਇਰਿੰਗ ਕਰ ਕੇ 59 ਮਾਸੂਮਾਂ ਦੀਆਂ ਜਾਨਾਂ ਲਈਆਂ ਸਨ। ਬਾਅਦ ਵਿਚ ਉਸ ਨੇ ਵੀ ਖੁਦ ਨੂੰ ਗੋਲੀ ਮਾਰ ਲਈ ਸੀ। ਇਸੇ ਤਰ੍ਹਾਂ 12 ਜੂਨ 2016 ਨੂੰ ਉਮਰ ਸਦੀਕੀ ਮਤੀਨ ਨਾਮੀ ਵਿਅਕਤੀ ਨੇ ਓਰਲੈਂਡੋ ਦੇ ਇਕ ਨਾਈਟ ਕਲੱਬ ਵਿਚ ਹਮਲਾ ਕਰ ਕੇ 49 ਵਿਅਕਤੀ ਕਤਲ ਅਤੇ 50 ਜ਼ਖਮੀ ਕਰ ਦਿੱਤੇ ਸਨ। ਅਮਰੀਕਾ ਵਿਚ ਅਜਿਹੇ ਹਮਲੇ ਜਹਾਦੀ ਸੰਗਠਨ ਤੋਂ ਵੀ ਵੱਡੀ ਚੁਣੌਤੀ ਬਣ ਗਏ ਹਨ।

ਜ਼ਿਆਦਾਤਰ ਕੇਸਾਂ ਵਿਚ ਹਮਲਾਵਰ ਅਮਰੀਕੀ ਗੋਰੇ ਹੀ ਹਨ। ਇਕੱਲੇ ਇਸ ਸਾਲ ਹੀ ਅਮਰੀਕਾ ਵਿਚ ਇਸ ਤਰ੍ਹਾਂ ਦੀਆਂ 10 ਘਟਨਾਵਾਂ ਵਾਪਰੀਆਂ ਹਨ ਜਿਸ ਵਿਚ 112 ਜਾਨਾਂ ਗਈਆਂ ਹਨ। ਅਜਿਹੇ ਹਮਲਿਆਂ ਦਾ ਮੁੱਖ ਕਾਰਨ ਅਮਰੀਕਾ ਵਿਚ ਹਥਿਆਰ ਸਹਿਜੇ ਹੀ ਮਿਲ ਜਾਣਾ ਦੱਸਿਆ ਜਾ ਰਿਹਾ ਹੈ। ਤਾਜ਼ਾ ਘਟਨਾ ਪਿੱਛੋਂ ਹਥਿਆਰਾਂ ਦੀ ਪਾਬੰਦੀ ਦੀ ਮੰਗ ਮੁੜ ਉਠੀ ਹੈ, ਪਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਤੋਂ ਸਾਫ ਨਾਂਹ ਕਰ ਦਿੱਤੀ ਹੈ। 2007 ਵਿਚ ਇਕ ਸਰਵੇਖਣ ਤੋਂ ਪਤਾ ਚੱਲਿਆ ਕਿ ਅਮਰੀਕਾ ਦੀ ਕੁੱਲ 33 ਕਰੋੜ ਜਨ ਸੰਖਿਆ ਵਿਚੋਂ 29 ਕਰੋੜ ਵਿਅਕਤੀਆਂ ਕੋਲ ਮਾਰੂ ਹਥਿਆਰ ਸਨ। ਇਹ ਕੁੱਲ ਅਬਾਦੀ ਦਾ 90 ਫੀਸਦੀ ਬਣਦਾ ਹੈ। ਜਦੋਂ ਵੀ ਅਮਰੀਕਾ ਵਿਚ ਹਥਿਆਰਾਂ ਦੀ ਖਰੀਦੋ ਫਰੋਖਤ ਉਤੇ ਪਾਬੰਦੀਆਂ ਲਗਾਉਣ ਦੀ ਗੱਲ ਚੱਲਦੀ ਹੈ ਜਾਂ ਕੋਈ ਵੱਡਾ ਹੱਤਿਆ ਕਾਂਡ ਹੁੰਦਾ ਹੈ ਤਾਂ ਹਥਿਆਰਾਂ ਦੀ ਵਿਕਰੀ ਵਿਚ ਇਕਦਮ ਵਾਧਾ ਹੋ ਜਾਂਦਾ ਹੈ।

ਸਮੂਹਿਕ ਹੱਤਿਆ ਕਾਂਡ ਦੀ ਹਰ ਘਟਨਾ ਮਗਰੋਂ ਅਮਰੀਕੀ ਜਨਤਾ, ਨੇਤਾਵਾਂ ਅਤੇ ਮੀਡੀਆ ਵੱਲੋਂ ਹਥਿਆਰਾਂ 'ਤੇ ਪਾਬੰਦੀਆਂ ਲਗਾਉਣ (ਗੰਨ ਕੰਟਰੋਲ) ਲਈ ਆਵਾਜ਼ ਜੋਰ ਸ਼ੋਰ ਨਾਲ ਉਠਦੀ ਹੈ। ਸੈਨੇਟ ਵਿਚ ਜ਼ੋਰਦਾਰ ਬਹਿਸਾਂ ਹੁੰਦੀਆਂ ਹਨ, ਪਰ ਅੱਜ ਤੱਕ ਗੱਲ ਕਿਸੇ ਸਿਰੇ ਨਹੀਂ ਲੱਗ ਸਕੀ। ਵੱਡਾ ਕਾਰਨ, ਹਥਿਆਰ ਨਿਰਮਾਤਾਵਾਂ ਅਤੇ ਵਿਕਰੇਤਾਵਾਂ ਦੀ ਧਨਾਢ ਜਥੇਬੰਦੀ ਨੈਸ਼ਨਲ ਰਾਈਫਲ ਐਸੋਸੀਏਸ਼ਨ (ਗੰਨ ਲਾਬੀ) ਹੈ। ਆਪਣਾ ਉੱਲੂ ਸਿੱਧਾ ਕਰਨ ਲਈ ਇਹ ਰਾਜਸੀ ਪਾਰਟੀਆਂ ਨੂੰ ਲੱਖਾਂ ਡਾਲਰ ਦਾ ਚੰਦਾ ਦਿੰਦੀ ਹੈ। ਗੰਨ ਲਾਬੀ ਕੋਲ ਕਰੋੜਾਂ ਡਾਲਰ ਦੇ ਬਜਟ ਤੋਂ ਇਲਾਵਾ 50 ਲੱਖ ਮੈਂਬਰ ਹਨ ਜਿਨ੍ਹਾਂ ਨੂੰ ਨਾਰਾਜ਼ ਕਰਨ ਦੀ ਜੁਰਅਤ ਕੋਈ ਪਾਰਟੀ ਨਹੀਂ ਕਰ ਸਕਦੀ।

ਅਮਰੀਕਾ ਦੇ ਕਈ ਰਾਸ਼ਟਰਪਤੀਆਂ ਨੇ ਇਸ ਵਾਅਦੇ ਉਤੇ ਚੋਣਾਂ ਜਿੱਤੀਆਂ ਹਨ ਕਿ ਉਹ ਫੌਜ ਵੱਲੋਂ ਵਰਤੇ ਜਾਂਦੇ ਆਟੋਮੈਟਿਕ ਮਾਰੂ ਹਥਿਆਰਾਂ ਦੀ ਜਨਤਕ ਵਿਕਰੀ ਕਰਨ 'ਤੇ ਪਾਬੰਦੀਆਂ ਲਗਾਉਣਗੇ। ਬਿਲ ਕਲਿੰਟਨ, ਜਾਰਜ ਵਾਕਰ ਬੁਸ਼ ਅਤੇ ਬਰਾਕ ਓਬਾਮਾ ਸਮੇਤ ਕਈ ਰਾਸ਼ਟਰਪਤੀਆਂ ਨੇ ਇਸ ਸਬੰਧੀ ਗੰਭੀਰ ਕੋਸ਼ਿਸ਼ਾਂ ਕੀਤੀਆਂ ਹਨ, ਪਰ ਟਰੰਪ ਦੇ ਰਾਸ਼ਟਰਪਤੀ ਬਣਨ ਪਿੱਛੋਂ ਇਸ ਮਸਲੇ 'ਤੇ ਚੁੱਪ ਹੀ ਧਾਰ ਲਈ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕੈਨੇਡਾ ਵੱਸਣ ਦੇ ਚਾਹਵਾਨਾਂ ਲਈ ਚੰਗੀ ਖਬਰ

**ਵੈਨਕੂਵਰ:** ਕੈਨੇਡਾ ਇਕ ਯੋਜਨਾ ਤਹਿਤ ਅਗਲੇ ਤਿੰਨ ਸਾਲਾਂ ਵਿਚ ਪਰਵਾਸੀਆਂ ਦੀ ਗਿਣਤੀ 10 ਲੱਖ ਕਰ ਦੇਵੇਗਾ। ਆਪਣੀ ਸਰਕਾਰ ਦੀ ਆਵਾਸ ਨੀਤੀ ਦਾ ਵਿਸਥਾਰ ਦਿੰਦਿਆਂ ਆਵਾਸ ਮੰਤਰੀ ਅਹਿਮਦ ਹੁਸੈਨ ਨੇ ਸੰਸਦ ਨੂੰ ਦੱਸਿਆ ਕਿ 2036 ਤੱਕ ਮੁਲਕ ਵਿਚ ਬਜ਼ੁਰਗਾਂ/ਆਸ਼ਰਿਤਾਂ ਦੀ ਗਿਣਤੀ ਇੰਨੀ ਵਧ ਜਾਏਗੀ ਕਿ ਹਰੇਕ ਆਸ਼ਰਿਤ ਦੇ ਕਮਾਊਆਂ ਉਤੇ ਬੋਝ ਬਣ ਜਾਏਗਾ ਜਦਕਿ ਇਹ ਅਨੁਪਾਤ 1971 ਵਿਚ 7-1 ਸੀ ਤੇ ਹੁਣ 4.5-1 ਦਾ ਹੈ।

ਉਕਤ 60 ਫੀਸਦੀ ਕਮਾਊਆਂ ਨੂੰ ਸੱਦਣ ਦੀ ਦਰ ਵਿਚ 26 ਫੀਸਦੀ ਮਾਪੇ ਤੇ ਪਤੀ/ਪਤਨੀ ਅਤੇ 14 ਫੀਸਦੀ ਪਨਾਹਗੀਰ ਜਾਂ ਹੋਰ ਦੇਸ਼ਾਂ ਦੇ ਨਕਾਰੇ ਲੋਕ ਹੋਣਗੇ। ਉਨ੍ਹਾਂ ਕਿਹਾ ਕਿ ਅਗਲੇ ਇਕ ਸਾਲ ਵਿਚ ਪਰਵਾਸੀਆਂ ਦੀ ਗਿਣਤੀ ਵਧਾਉਂਦਿਆਂ ਇਸ ਨੂੰ ਘੱਟੋ ਘੱਟ 3.10 ਲੱਖ ਕੀਤਾ ਜਾਵੇਗਾ। ਸਾਲ 2019 ਤੇ 2020 ਤੱਕ ਇਸ ਅੰਕੜੇ ਨੂੰ ਕ੍ਰਮਵਾਰ 3.30 ਲੱਖ ਤੇ 3.40 ਲੱਖ ਤੱਕ ਲਿਜਾਇਆ ਜਾਵੇਗਾ। ਹੁਸੈਨ ਨੇ ਇਸ ਸਾਲ ਜਨਵਰੀ ਵਿਚ ਆਵਾਸ ਮੰਤਰੀ ਦਾ ਅਹੁਦਾ ਸਾਂਭਿਆ ਸੀ ਤੇ ਉਹ ਖੁਦ ਵੀ ਪਰਵਾਸੀ ਹਨ। ਹੁਸੈਨ ਨੇ ਕਿਹਾ ਕਿ ਇਸ ਯੋਜਨਾ ਨਾਲ ਮੁਲਕ ਦੇ ਇਤਿਹਾਸ ਵਿਚ ਪਰਵਾਸ ਨਾਲ ਜੁੜੇ ਬਹੁਤ ਉਤਸ਼ਾਹੀ ਨਤੀਜੇ ਮਿਲਣਗੇ ਤੇ ਇਹ ਮੁਲਕ ਦੀ ਮੌਜੂਦਾ ਤੇ ਭਵਿੱਖੀ ਖੁਸ਼ਹਾਲੀ ਦੀ ਜ਼ਾਮਨੀ ਭਰਨਗੇ। ਕੈਨੇਡਾ ਵਿਚ ਹਰ ਸਾਲ ਆਰਥਿਕ ਤੇ ਪਰਿਵਾਰ ਸ਼੍ਰੇਣੀਆਂ ਸਮੇਤ ਵੱਡੀ ਗਿਣਤੀ ਸ਼ਰਨਾਰਥੀ ਪਰਵਾਸ ਕਰਦੇ ਹਨ, ਜੋ ਕਿ 0.9 ਫੀਸਦੀ ਦੇ ਕਰੀਬ ਹਨ ਤੇ ਹਾਲੀਆ ਸਾਲਾਂ 'ਚ ਇਹ ਅੰਕੜਾ 0.1 ਫੀਸਦ ਵਧਿਆ ਹੈ। ਉਧਰ, ਆਲੋਚਕਾਂ ਦਾ ਕਹਿਣਾ ਹੈ ਕਿ ਮੁਲਕ ਦੀ ਆਬਾਦੀ ਤੇ ਜਨਮ ਦਰ ਵਿਚ ਆਏ ਨਿਘਾਰ ਕਰ ਕੇ ਕਾਰੋਬਾਰਾਂ ਤੇ ਕਿਰਤ ਨੂੰ ਢੋਹੀ ਦੇਣ ਲਈ ਕੈਨੇਡਾ 'ਚ ਸਾਲਾਨਾ 4.50 ਲੱਖ ਨਵੇਂ ਚਿਹਰਿਆਂ ਦੀ ਲੋੜ ਹੈ।

## ਜ਼ਮੀਨ ਘੁਟਾਲਾ: ਕੈਪਟਨ ਅਮਰਿੰਦਰ ਦੀਆਂ ਮੁਸ਼ਕਲਾਂ ਵਧੀਆਂ

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਘੁਟਾਲੇ ਦੇ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਅਦਾਲਤ ਵਿਚ ਪੇਸ਼ ਹੋ ਕੇ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕੀਤੀ ਹੈ। ਬੀਰਦਵਿੰਦਰ ਨੇ ਇਹ ਪੇਸ਼ਕਸ਼ ਉਦੋਂ ਕੀਤੀ ਹੈ ਜਦੋਂ ਵਿਜੀਲੈਂਸ ਵੱਲੋਂ ਕੈਪਟਨ ਸਣੇ ਬਾਕੀ ਮੁਲਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਕੇਸ ਖਤਮ ਕਰਨ ਦੀ ਪੈਰਵੀ ਕੀਤੀ ਜਾ ਰਹੀ ਸੀ। ਅਦਾਲਤ ਨੇ ਪੰਜਾਬ ਵਿਜੀਲੈਂਸ ਅਤੇ ਸੂਬਾ ਸਰਕਾਰ ਨੂੰ 29 ਨਵੰਬਰ ਤੱਕ ਪੱਖ ਰੱਖਣ ਲਈ ਆਖਿਆ ਹੈ। ਬੀਰਦਵਿੰਦਰ ਸਿੰਘ ਨੇ ਮੁਹਾਲੀ ਅਦਾਲਤ ਵਿਚ 20 ਪੰਨਿਆਂ ਦੀ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਵਿਜੀਲੈਂਸ ਜਾਂਚ ਟੀਮ ਦੇ ਅਧਿਕਾਰੀ ਮੁਲਜ਼ਮਾਂ ਨਾਲ ਮਿਲੇ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਬਾਦਲ ਪਰਿਵਾਰ ਅਤੇ ਅਮਰਿੰਦਰ ਸਿੰਘ ਦਰਮਿਆਨ ਆਪਸ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਖਤਮ ਕਰਨ ਦੀ ਸਹਿਮਤੀ ਬਣ ਗਈ ਸੀ। ਚਲਾਨ ਵਿਚ ਵਿਜੀਲੈਂਸ ਇਹ ਗੱਲ ਸਾਫ ਕਰ ਚੁੱਕੀ ਹੈ ਕਿ ਮੁਢਲੀ ਜਾਂਚ ਵਿਚ ਇਸ ਕੇਸ 'ਚ ਨਾਮਜ਼ਦ ਮੁਲਜ਼ਮ ਦੋਸ਼ੀ ਪਾਏ ਗਏ ਹਨ ਪਰ ਹੁਣ ਵਿਜੀਲੈਂਸ ਆਪਣੇ ਬਿਆਨਾਂ ਤੋਂ ਮੁੱਕਰ ਰਹੀ ਹੈ।

## 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 7 ਜਨਵਰੀ ਨੂੰ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ ਵਲੋਂ ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਐਸ. ਅਸ਼ੋਕ ਭੌਰਾ ਦੇ ਸਹਿਯੋਗ ਨਾਲ ਹਰ ਸਾਲ ਕਰਵਾਇਆ ਜਾਣ ਵਾਲਾ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਪ੍ਰੋਗਰਾਮ ਪੰਜਵਾਂ 'ਛਣਕਾਟਾ ਵੰਗਾਂ ਦਾ' ਇਸ ਵਾਰ 7 ਜਨਵਰੀ 2018, ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾਵੇਗਾ। ਇਸ ਵਾਰ ਉਘੀ ਗਾਇਕਾ ਅੰਮ੍ਰਿਤਾ ਵਿਰਕ ਤੋਂ ਇਲਾਵਾ 'ਪਿੰਡਾਂ ਵਾਲੇ ਜੱਟ' ਫੇਮ ਗਾਇਕਾ ਸੋਨਾ ਵਾਲੀਆ, 'ਵਾਇਸ ਆਫ ਪੰਜਾਬ' ਹਰਗੁਣ, 'ਛੋਰਾ ਹਰਿਆਣੇ ਕਾ' ਫੇਮ ਸੱਤੀ ਸਤਵਿੰਦਰ, ਅਨੂਪ ਚੀਮਾ, ਤਰਲੋਕ ਸਿੰਘ ਅਤੇ ਸੱਤੀ ਪਾਬਲਾ ਆਪਣੀ ਗਾਇਕੀ ਦੇ ਰੰਗ ਵਿਖਾਉਣਗੇ। ਪ੍ਰੋਗਰਾਮ ਦੀ ਵਿਸ਼ੇਸ਼ ਖਿਚ ਕਮੇਡੀ ਦੇ ਬਾਦਸ਼ਾਹ ਭਜਨਾ ਅਮਲੀ ਹੋਣਗੇ ਜਦੋਂ ਕਿ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਦੀ ਅਗਵਾਈ 'ਚ ਪ੍ਰੋਗਰਾਮ ਦੇ ਟਾਈਟਲ ਗੀਤ ਦੀ ਕੋਰੀਓਗ੍ਰਾਫੀ, ਅਜੈ ਭੰਗੜਾ ਅਕੈਡਮੀ ਵਲੋਂ ਗਿੱਧਾ-ਭੰਗੜਾ ਅਤੇ ਫਰਿਜ਼ਨੋ ਦੇ ਬਾਬੇ ਮਾਲਵੇ ਦਾ ਪੁਰਾਤਨ ਲੋਕ ਨਾਚ ਮਲਵਈ ਗਿੱਧਾ ਪੇਸ਼ ਕਰਨਗੇ।

ਸਰ੍ਹੀ 'ਚ ਪੰਜਾਬ ਭਵਨ ਉਸਾਰਨ ਵਾਲੇ ਸੁੱਖੀ ਬਾਠ ਇਸ ਪ੍ਰੋਗਰਾਮ ਦੀ ਸ਼ਮ੍ਹਾ ਰੋਸ਼ਨ ਕਰਨਗੇ, ਜਦੋਂ ਕਿ ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਕਰਨਗੇ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਕਰੇਗੀ। ਇਸ ਪ੍ਰੋਗਰਾਮ ਨੂੰ ਉਤਰੀ ਅਮਰੀਕਾ ਦੇ ਪੰਜਾਬੀ ਚੈਨਲਾਂ ਤੋਂ ਇਲਾਵਾ ਪਿਛਲੇ ਸਾਲਾਂ ਵਾਂਗ ਜਲੰਧਰ ਦੂਰਦਰਸ਼ਨ ਤੋਂ ਵੀ ਪ੍ਰਸਾਰਿਤ ਕੀਤਾ ਜਾਵੇਗਾ।

ਦਾਖਲਾ ਫਰੀ ਹੋਵੇਗਾ। ਭਾਰਤ ਵਿਚ ਨਿਆਸਰੇ, ਅਪੰਗ ਬੱਚਿਆਂ ਦੀ ਸੇਵਾ ਸੰਭਾਲ ਕਰਨ ਵਾਲੀ ਸੰਸਥਾ 'ਸਹਾਇਤਾ' ਲਈ ਫੰਡ ਵੀ ਉਥੇ ਇਕੱਤਰ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਫੋਨ: 810-415-3315 ਜਾਂ 510-695-4836 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



*ਛਣਕਾਟੇ ਵਿਚ ਸ਼ਾਮਲ ਹੋਣ ਵਾਲੇ ਕਲਾਕਾਰ*

## ਮਜੀਠੀਆ ਖਿਲਾਫ ਵਕੀਲਾਂ ਨੇ ਮੱਲਿਆ ਮੋਰਚਾ

**ਚੰਡੀਗੜ੍ਹ:** ਮਨੁੱਖੀ ਅਧਿਕਾਰਾਂ ਬਾਰੇ ਵਕੀਲਾਂ ਦੀ ਸੰਸਥਾ 'ਲਫਹਰੀ' ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਦਾਖਲ ਕਰ ਕੇ ਪੰਜਾਬ ਵਿਚ ਫੈਲੇ ਡਰੱਗ ਮਾਫੀਆ ਵਿਚ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸ਼ਮੂਲੀਅਤ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਕੇਸ ਦੀ ਸੁਣਵਾਈ 28 ਨਵੰਬਰ ਨੂੰ ਹੋਵੇਗੀ। ਅਰਜ਼ੀ ਵਿਚ ਕਿਹਾ ਹੈ ਕਿ ਡਰੱਗਜ਼ ਰੈਕੇਟ ਵਿਚ ਗ੍ਰਿਫਤਾਰ ਕੀਤੇ ਗਏ ਜਗਜੀਤ ਸਿੰਘ ਚਹਿਲ ਨੇ ਈ.ਡੀ. ਵੱਲੋਂ ਕੀਤੀ ਗਈ ਪੁੱਛਗਿੱਛ ਵਿਚ ਮਜੀਠੀਆ ਦੇ ਇਸ ਧੰਦੇ ਵਿਚ ਸ਼ਾਮਲ ਹੋਣ ਦੀ ਗੱਲ ਕਹੀ ਹੈ, ਲਿਹਾਜ਼ਾ ਮਜੀਠੀਆ ਕੋਲੋਂ ਪੁੱਛਗਿੱਛ ਹੋਣੀ ਚਾਹੀਦੀ ਹੈ। ਅੰਮ੍ਰਿਤਸਰ ਦੇ ਵਪਾਰੀ ਬਿੱਟੂ ਔਲਖ ਤੇ ਜਗਜੀਤ ਸਿੰਘ ਚਾਹਲ ਦੇ ਪਰਿਵਾਰ ਨੇ ਵੀ ਮਜੀਠੀਆ ਦਾ ਨਾਂ ਲਿਆ ਸੀ ਤੇ ਕਿਹਾ ਸੀ ਕਿ ਮਜੀਠੀਆ ਕੈਨੇਡਾ 'ਚ ਰਹਿੰਦੇ ਡਰੱਗ ਡੀਲਰਾਂ (ਨਸ਼ੀਲੇ ਪਦਾਰਥਾਂ ਦੇ ਸਮਗਲਰਾਂ) ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਹਾਈ ਕੋਰਟ ਨੇ ਅਰਜ਼ੀ ਦੀ ਸੁਣਵਾਈ ਡਰੱਗਜ਼ ਕੇਸ ਦੀ ਮੁੱਖ ਸੁਣਵਾਈ ਨਾਲ ਜੋੜ ਦਿੱਤੀ ਹੈ।


## Matrimonials

ਲੜਕੀ ਦੀ ਲੋੜ ਹੈ

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

ਕੈਨੇਡੀਅਨ ਸਿਟੀਜ਼ਨ ਗੁਰ ਸਿੱਖ ਅੰਮ੍ਰਿਤਧਾਰੀ ਤਲਾਕਸ਼ੁਦਾ ਵੈਲ ਸੈਟਲਡ, ਗਰੈਜੂਏਟ ਜੱਟ ਲੜਕੇ, ਉਮਰ 31 ਸਾਲ, 5'-10" ਲਈ ਮਾਲਵਾ ਖੇਤਰ ਤੋਂ ਪੜ੍ਹੀ ਲਿਖੀ ਕੈਨੇਡੀਅਨ/ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸਟੱਡੀ ਜਾਂ ਵਰਕ ਪਰਮਿਟ 'ਤੇ ਆਈ ਲੜਕੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 236-880-2757 43-46

**Boy Wanted**

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**
**Boy must be educated and well settled.**
**Call Mr./Mrs. Saluja (630) 351-2121**
**or E-mail bio data/photo Saluja868@yahoo.com** 39-46


## ਪੱਤਰਕਾਰਾਂ ਲਈ ਖਤਰਨਾਕ ਦੇਸ਼ਾਂ ਦੀ ਸੂਚੀ ਵਿਚ ਪਾਕਿ ਵੀ ਸ਼ਾਮਲ

**ਨਿਊ ਯਾਰਕ:** ਪ੍ਰੈਸ ਦੀ ਆਜ਼ਾਦੀ ਬਾਰੇ ਇਕ ਅੰਤਰ ਰਾਸ਼ਟਰੀ ਸੂਚੀ ਜਾਰੀ ਹੋਈ ਹੈ। ਇਸ ਮੁਤਾਬਕ ਪੱਤਰਕਾਰਾਂ ਲਈ ਸਭ ਤੋਂ ਵੱਧ ਖਤਰਨਾਕ ਦੇਸ਼ਾਂ ਵਿਚ ਫਿਲੀਪੀਨਜ਼ ਅਤੇ ਬੰਗਲਾ ਦੇਸ਼ ਦੇ ਨਾਲ ਪਾਕਿਸਤਾਨ ਦਾ ਨਾਂ ਵੀ ਇਸ ਸਾਲ ਸ਼ਾਮਲ ਕਰ ਲਿਆ ਗਿਆ ਹੈ। ਅੰਤਰ ਰਾਸ਼ਟਰੀ ਮੀਡੀਆ ਗਰੁੱਪ 'ਰਿਪੋਟਰਸ ਵਿਦਾਊਟ ਫਰੰਟੀਅਰਜ਼' (ਆਰ.ਐਸ.ਐਫ.) ਵੱਲੋਂ ਜਾਰੀ ਕੀਤੀ ਪ੍ਰੈਸ ਦੀ ਆਜ਼ਾਦੀ ਬਾਰੇ ਅੰਤਰ ਰਾਸ਼ਟਰੀ ਸੂਚੀ (ਸਾਲ 2017 ਵਰਲਡ ਪ੍ਰੈਸ ਫ੍ਰੀਡਮ ਇੰਡੈਕਸ) ਵਿਚ ਲਿਖੇ ਗਏ 180 ਦੇਸ਼ਾਂ ਵਿਚ ਪਾਕਿਸਤਾਨ ਦਾ 139ਵਾਂ ਸਥਾਨ ਹੈ।

ਇਕ ਨਿਊਜ਼ ਏਜੰਸੀ ਮੁਤਾਬਕ ਸਾਲ 2016 ਵਿਚ ਪਾਕਿਸਤਾਨ 146ਵੇਂ ਸਥਾਨ ਉਤੇ ਅਤੇ ਭਾਰਤ 136ਵੇਂ ਸਥਾਨ ਉਤੇ ਸੀ। ਪੱਤਰਕਾਰਾਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀ ਨਿਊ ਯਾਰਕ ਦੀ ਇਸ ਕਮੇਟੀ ਨੇ ਸਾਲ 1994 ਤੋਂ ਹੁਣ ਤੱਕ ਪਾਕਿਸਤਾਨ ਵਿਚ ਮਾਰੇ ਗਏ 60 ਪੱਤਰਕਾਰਾਂ ਦੀ ਸੂਚੀ ਪੇਸ਼ ਕੀਤੀ ਹੈ।

ਹਾਲਾਂਕਿ ਸਭ ਤੋਂ ਵੱਧ ਖਤਰਨਾਕ ਦੇਸ਼ਾਂ ਵਿਚ ਪਾਕਿਸਤਾਨ ਦਾ ਨਾਂ ਸ਼ਾਮਲ ਨਹੀਂ। ਇਨ੍ਹਾਂ ਸਭ ਤੋਂ ਖਤਰਨਾਕ ਨੌਂ ਦੇਸ਼ਾਂ ਵਿਚ ਪਹਿਲੇ ਸਥਾਨ ਉਤੇ ਇਰਾਕ ਹੈ ਅਤੇ ਇਸ ਦੇ ਬਾਅਦ ਸੀਰੀਆ ਤੇ ਮੈਕਸੀਕੋ ਹਨ। ਅਫਗਾਨਿਸਤਾਨ ਸਤਵੇਂ ਨੰਬਰ ਉਤੇ ਹੈ। ਪੱਤਰਕਾਰਾਂ ਅਤੇ ਬਲਾਗਰਜ਼ ਲਈ ਦੋ ਦੇਸ਼ ਚੀਨ (176) ਅਤੇ ਵੀਅਤਨਾਮ (175) ਦੁਨੀਆਂ ਦੀ ਸਭ ਤੋਂ ਵੱਡੀ ਜੇਲ੍ਹ ਹਨ।

## ਸੱਸ ਦੀ ਹੱਤਿਆ ਕਰਨ ਵਾਲੀ ਨੂੰਹ ਨੂੰ ਉਮਰ ਕੈਦ

**ਲੁਧਿਆਣਾ:** ਅਦਾਲਤ ਨੇ ਸੱਸ ਦੀ ਹੱਤਿਆ ਕਰਨ ਵਾਲੀ ਨੂੰਹ ਨੂੰ ਉਮਰ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਪੁਲਿਸ ਵੱਲੋਂ 27 ਜੁਲਾਈ 2017 ਨੂੰ ਇਸ ਮਾਮਲੇ 'ਚ ਪਿੰਡ ਰਕਬਾ ਦੀ ਰਹਿਣ ਵਾਲੀ ਕਰਮਜੀਤ ਕੌਰ ਖਿਲਾਫ ਕੇਸ ਦਰਜ ਕੀਤਾ ਸੀ। ਉਸ 'ਤੇ ਆਪਣੀ ਸੱਸ ਤੇਜ ਕੌਰ ਦੀ ਹੱਤਿਆ ਕਰਨ ਦਾ ਦੋਸ਼ ਸੀ। ਦੋਸ਼ ਲੱਗਿਆ ਸੀ ਕਿ ਕਰਮਜੀਤ ਕੌਰ ਨੇ ਆਪਣੇ ਇਕ ਸਾਥੀ ਨਾਲ ਮਿਲ ਕੇ ਹੱਤਿਆ ਕੀਤੀ।

## ਡਾ. ਰੂਪ ਸਿੰਘ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਮੁੱਖ ਸਕੱਤਰ ਨਿਯੁਕਤ ਕੀਤੇ ਡਾ. ਰੂਪ ਸਿੰਘ ਨੇ ਆਪਣਾ ਕਾਰਜਭਾਰ ਸੰਭਾਲ ਲਿਆ ਹੈ। ਉਹ ਸ਼੍ਰੋਮਣੀ ਕਮੇਟੀ ਦੇ ਤੀਜੇ ਮੁੱਖ ਸਕੱਤਰ ਹਨ ਤੇ ਅਜਿਹੇ ਪਹਿਲੇ ਮੁੱਖ ਸਕੱਤਰ ਹਨ, ਜਿਨ੍ਹਾਂ ਨੂੰ ਮੁਲਾਜ਼ਮ ਸ਼੍ਰੇਣੀ ਵਿਚੋਂ ਇਸ ਅਹੁਦੇ ਲਈ ਚੁਣਿਆ ਗਿਆ ਹੈ।

ਡਾ. ਰੂਪ ਸਿੰਘ ਤੋਂ ਪਹਿਲਾਂ ਮਨਜੀਤ ਸਿੰਘ ਕਲਕੱਤਾ ਆਨਰੇਰੀ ਮੁੱਖ ਸਕੱਤਰ ਅਤੇ ਮਗਰੋਂ ਹਰਚਰਨ ਸਿੰਘ ਇਸ ਸੰਸਥਾ ਦੇ ਮੁੱਖ ਸਕੱਤਰ ਰਹੇ ਹਨ। ਡਾ. ਰੂਪ ਸਿੰਘ ਨੂੰ ਸਕੱਤਰ ਤੋਂ ਤਰੱਕੀ ਦੇ ਕੇ ਮੁੱਖ ਸਕੱਤਰ ਬਣਾਇਆ ਗਿਆ ਹੈ।


# ਹਲਵਾਈ ਅਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
44-45

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email: Homeomedicine@yahoo.com

# ਆਪਸੀ ਖਿਚੋਤਾਣ ਨਿਬੇੜਨ ਲਈ ਹੁਣ 'ਆਪ' ਨੇ ਫੜੀ ਸਰਗਰਮੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਪੰਜਾਬ ਵਿਚ ਆਪਸੀ ਖਿੱਚੋਤਾਣ ਨੂੰ ਦੂਰ ਕਰਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਅਤੇ ਤੈਅ ਹੋਇਆ ਕਿ ਕਮੇਟੀ ਵੱਲੋਂ ਪਾਸ ਕੀਤੇ ਗਏ ਫੈਸਲੇ ਹੀ ਪਾਰਟੀ ਪੱਧਰ 'ਤੇ ਲਾਗੂ ਕੀਤੇ ਜਾਣਗੇ। ਦਿੱਲੀ ਵਿਚ ਹੋਈ ਬੈਠਕ ਵਿਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਗੋਪਾਲ ਰਾਏ, ਪੰਕਜ ਗੁਪਤਾ ਤੇ ਆਸ਼ੂਤੋਸ਼ ਹਾਜ਼ਰ ਸਨ ਅਤੇ ਉਨ੍ਹਾਂ ਹਾਜ਼ਰ ਵਿਧਾਇਕਾਂ ਤੇ ਅਹੁਦੇਦਾਰਾਂ ਨਾਲ ਸੂਬੇ ਦੇ ਸਿਆਸੀ ਹਾਲਾਤ ਬਾਰੇ ਚਰਚਾ ਕੀਤੀ। ਪੰਜਾਬ 'ਚ ਪਾਰਟੀ ਇਕਾਈ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਚਾਰ ਮਸ਼ਵਰਾ ਕੀਤਾ ਗਿਆ। ਇਹ ਵੀ ਚਰਚਾ ਹੈ ਕਿ ਆਪ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਮੀਤ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੂੰ ਪਿਛਲੇ ਦਿਨੀਂ ਦਿੱਲੀ ਸੱਦ ਕੇ ਦਿੱਤੀ ਨਸੀਹਤ ਤੋਂ ਬਾਅਦ ਤਿੰਨਾਂ ਆਗੂਆਂ ਵਿਚਲੀ ਆਪੋਧਾਪੀ ਨੂੰ ਹੈਰਾਨੀਜਨਕ ਢੰਗ ਨਾਲ ਠੱਲ੍ਹ ਪਈ ਹੈ।



ਪਿਛਲੇ ਸਮੇਂ ਭਗਵੰਤ ਮਾਨ, ਅਮਨ ਅਰੋੜਾ ਅਤੇ ਸੁਖਪਾਲ ਸਿੰਘ ਖਹਿਰਾ ਵਿਚਕਾਰ ਕਈ ਤਰ੍ਹਾਂ ਦੇ ਵਖਰੇਵੇਂ ਪੈਦਾ ਹੋ ਗਏ ਸਨ, ਜਿਸ ਦੀ ਚਰਚਾ ਸ਼ੁਰੂ ਹੋ ਗਈ ਸੀ। ਪਾਰਟੀ ਦੇ ਕੁਝ ਸੂਬਾਈ ਤੇ ਜ਼ਿਲ੍ਹਾ ਆਗੂਆਂ ਸਮੇਤ ਕਈ ਵਿਧਾਇਕਾਂ ਨੇ ਗੁਪਤ ਮੀਟਿੰਗ ਕਰ ਕੇ ਇਸ ਦਾ ਗੰਭੀਰ ਨੋਟਿਸ ਲਿਆ ਸੀ ਅਤੇ ਤਿੰਨਾਂ ਪ੍ਰਮੁੱਖ ਨੇਤਾਵਾਂ ਵਿਚਕਾਰ ਪੈਦਾ ਹੋਏ ਵਖਰੇਵਿਆਂ ਕਾਰਨ ਪਾਰਟੀ ਦੀ ਕਾਰਗੁਜ਼ਾਰੀ ਨੂੰ ਲੱਗ ਰਹੀ ਸੱਟ ਦੀ ਜਾਣਕਾਰੀ ਸ੍ਰੀ ਕੇਜਰੀਵਾਲ ਨੂੰ ਦਿੱਤੀ ਗਈ ਸੀ। ਇਸ ਮੀਟਿੰਗ ਵਿਚ ਹਾਈਕਮਾਂਡ ਤੋਂ ਸੂਬੇ ਦਾ ਨਵਾਂ ਇੰਚਾਰਜ ਨਿਯੁਕਤ ਕਰਨ ਦੀ ਮੰਗ ਕੀਤੀ ਗਈ ਸੀ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੂੰ ਇਸ ਮੀਟਿੰਗ ਵਿਚ ਸ਼ਾਮਲ ਨੇਤਾਵਾਂ ਤੋਂ ਇਲਾਵਾ ਹੋਰ ਸਰੋਤਾਂ ਰਾਹੀਂ ਵੀ ਤਿੰਨਾਂ ਆਗੂਆਂ ਵਿਚਕਾਰ ਕੋਈ ਤਾਲਮੇਲ ਨਾ ਹੋਣ ਅਤੇ ਇਕ-ਦੂਜੇ ਵਿਰੁੱਧ ਖਿੱਚੋਤਾਣ ਵਧਣ ਦੀ ਜਾਣਕਾਰੀ ਮਿਲੀ ਸੀ। ਸ੍ਰੀ ਕੇਜਰੀਵਾਲ ਨੇ ਤਿੰਨਾਂ ਆਗੂਆਂ ਨੂੰ ਦਿੱਲੀ ਤਲਬ ਕਰ ਕੇ ਉਨ੍ਹਾਂ ਨੂੰ ਆਪਸੀ ਮਤਭੇਦ ਭੁਲਾਉਣ ਦੀ ਨਸੀਹਤ ਦਿੱਤੀ ਸੀ।

ਸੂਤਰਾਂ ਅਨੁਸਾਰ ਤਿੰਨਾਂ ਆਗੂਆਂ ਨੇ ਸ੍ਰੀ ਕੇਜਰੀਵਾਲ ਕੋਲ ਆਪੋ-ਆਪਣਾ ਪੱਖ ਰੱਖਿਆ ਸੀ ਤੇ ਸ੍ਰੀ ਕੇਜਰੀਵਾਲ ਨੇ ਤਿੰਨਾਂ ਨੂੰ ਸੁਣਨ ਤੋਂ ਬਾਅਦ ਗੁਰਦਾਸਪੁਰ ਉਪ ਚੋਣ ਵਿਚ ਪਾਰਟੀ ਦੀ ਹੋਈ ਨਮੋਸ਼ੀ ਭਰੀ ਹਾਰ ਦਾ ਜ਼ਿਕਰ ਕਰਦਿਆਂ ਇਕਜੁੱਟ ਹੋਣ ਦੀ ਨਸੀਹਤ ਦਿੱਤੀ ਸੀ। ਸ੍ਰੀ ਕੇਜਰੀਵਾਲ ਦੀ ਨਸੀਹਤ ਦਾ ਅਸਰ ਝਲਕ ਰਿਹਾ ਹੈ। ਪਹਿਲਾਂ ਇਕ ਮੁੱਦੇ ਉਤੇ ਤਿੰਨਾਂ ਆਗੂਆਂ ਦੇ ਮੀਡੀਆ ਵਿਚ ਵੱਖੋ-ਵੱਖਰੇ ਬਿਆਨ ਜਾਰੀ ਕੀਤੇ ਜਾਂਦੇ ਸਨ। ਇਸੇ ਖਿੱਚੋਤਾਣ ਦੌਰਾਨ ਅਮਨ ਅਰੋੜਾ ਨੇ ਕੁਝ ਵਿਧਾਇਕਾਂ ਸਮੇਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੇ.ਪੀ. ਰਾਣਾ ਨੂੰ ਇਕ ਮੁੱਦੇ ਉਤੇ ਮਿਲ ਕੇ ਸ਼ਾਇਦ ਇਹ ਸੰਕੇਤ ਦੇਣ ਦਾ ਯਤਨ ਕੀਤਾ ਸੀ ਕਿ ਸਾਰੇ ਵਿਧਾਇਕ ਸ੍ਰੀ ਖਹਿਰਾ ਨਾਲ ਨਹੀਂ ਹਨ। ਸੂਤਰਾਂ ਅਨੁਸਾਰ ਇਸ ਘਟਨਾ ਤੋਂ ਬਾਅਦ ਮਾਮਲਾ ਸ੍ਰੀ ਕੇਜਰੀਵਾਲ ਕੋਲ ਪੁੱਜਾ ਸੀ, ਜਿਸ ਮਗਰੋਂ ਨੇਤਾਵਾਂ ਵੱਲੋਂ ਤਾਲਮੇਲ ਦਿਖਾਇਆ ਜਾ ਰਿਹਾ ਹੈ।

ਪਿਛਲੇ ਦਿਨਾਂ ਤੋਂ ਉਲਟ ਤਿੰਨਾਂ ਨੇਤਾਵਾਂ ਵੱਲੋਂ ਹੁਣ ਸਾਂਝੇ ਬਿਆਨ ਜਾਰੀ ਕੀਤੇ ਜਾਂਦੇ ਹਨ। ਸ੍ਰੀ ਖਹਿਰਾ ਨੇ ਜਦੋਂ ਅਦਾਲਤ ਵੱਲੋਂ ਸੰਮਨ ਭੇਜਣ ਦੇ ਮੁੱਦੇ ਉਪਰ ਪ੍ਰੈੱਸ ਕਾਨਫਰੰਸ ਸੱਦੀ ਸੀ ਤਾਂ ਅਮਨ ਅਰੋੜਾ ਵੀ ਸ਼ਾਮਲ ਹੋਏ ਸਨ। ਸੰਕੇਤ ਮਿਲ ਰਹੇ ਹਨ ਕਿ ਸ੍ਰੀ ਕੇਜਰੀਵਾਲ ਛੇਤੀ ਹੀ ਪੰਜਾਬ ਇਕਾਈ ਲਈ ਨਵਾਂ ਇੰਚਾਰਜ ਨਿਯੁਕਤ ਕਰ ਰਹੇ ਹਨ, ਜਿਸ ਨਾਲ ਦਿੱਲੀ ਦੀ ਲੀਡਰਸ਼ਿਪ ਦੇ ਨੇੜਲੇ ਪੰਜਾਬ ਦੇ ਆਗੂਆਂ ਦੀ ਪੁੱਛਗਿੱਛ ਹੋਣ ਦੀ ਸੰਭਾਵਨਾ ਹੈ।

### ਸੰਜੇ ਤੇ ਦੁਰਗੇਸ਼ ਨੂੰ 'ਆਪ' ਤੋਂ ਮਿਲੀ ਕਲੀਨ ਚਿੱਟ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਨੇ ਹਾਈਕਮਾਂਡ ਕੋਲੋਂ ਇੰਚਾਰਜ ਨਿਯੁਕਤ ਕਰਨ ਦੀ ਮੰਗ ਕਰਦਿਆਂ ਹੈਰਾਨੀ ਭਰੇ ਢੰਗ ਨਾਲ ਪਹਿਲੇ ਇੰਚਾਰਜਾਂ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਨੂੰ ਚੋਣਾਂ ਦੌਰਾਨ ਲੱਗੇ ਵੱਖ-ਵੱਖ ਦੋਸ਼ਾਂ ਤੋਂ ਕਲੀਨ ਚਿੱਟ ਦੇ ਦਿੱਤੀ ਹੈ। ਸੂਤਰਾਂ ਅਨੁਸਾਰ ਦਿੱਲੀ ਵਿਚ ਪਾਰਟੀ ਦੀ ਕੌਮੀ ਕੌਂਸਲ ਦੀ ਮੀਟਿੰਗ ਦੌਰਾਨ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਦੀਆਂ ਮੁਸ਼ਕਲਾਂ ਅਤੇ ਮੰਗਾਂ ਸੁਣਨ ਲਈ ਤਿੰਨ ਆਗੂਆਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਮੰਤਰੀ ਗੋਪਾਲ ਰਾਏ ਅਤੇ ਪੰਕਜ ਕੁਮਾਰ ਦੀ ਡਿਊਟੀ ਲਾਈ ਗਈ ਸੀ। ਮੀਟਿੰਗ ਵਿਚ ਪੰਜਾਬ ਵੱਲੋਂ ਪਾਰਟੀ ਪ੍ਰਧਾਨ ਭਗਵੰਤ ਮਾਨ, ਸਹਿ ਪ੍ਰਧਾਨ ਅਮਨ ਅਰੋੜਾ ਸਮੇਤ ਕਈ ਵਿਧਾਇਕ, ਸੂਬਾਈ ਲੀਡਰ ਅਤੇ ਜ਼ਿਲ੍ਹਿਆਂ ਆਦਿ ਦੇ ਪ੍ਰਧਾਨ ਵੀ ਮੌਜੂਦ ਸਨ।



# ਖਹਿਰਾ ਨੂੰ ਸਿਆਸੀ ਧਿਰਾਂ ਨੇ ਪਾਇਆ ਘੇਰਾ

**ਚੰਡੀਗੜ੍ਹ:** ਹੈਰੋਇਨ ਤਸਕਰੀ ਕੇਸ ਵਿਚ ਆਮ ਆਦਮੀ ਪਾਰਟੀ ਦੇ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਬਤੌਰ ਮੁਜ਼ਰਮ ਸੰਮਨ ਜਾਰੀ ਹੋਣ ਉਤੇ ਸਿਆਸਤ ਭਖ ਗਈ ਹੈ। ਭਾਵੇਂ ਹਾਈ ਕੋਰਟ ਨੇ ਫਾਜ਼ਿਲਕਾ ਅਦਾਲਤ ਵੱਲੋਂ ਖਹਿਰਾ ਖਿਲਾਫ ਜਾਰੀ ਗੈਰ-ਜ਼ਮਾਨਤੀ ਵਾਰੰਟ 'ਤੇ ਰੋਕ ਲਾ ਦਿੱਤੀ ਹੈ, ਪਰ ਵਿਰੋਧੀ ਧਿਰਾਂ ਅਜੇ ਵੀ ਅਸਤੀਫੇ 'ਤੇ ਅੜੀਆਂ ਹੋਈਆਂ ਹਨ।

ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੇ ਇਸ ਉਤੇ ਖਹਿਰਾ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਉਨ੍ਹਾਂ ਖਹਿਰਾ ਤੋਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੋਂ ਅਸਤੀਫਾ ਮੰਗਿਆ ਹੈ। ਉਧਰ, ਖਹਿਰਾ ਨੇ ਰਵਾਇਤੀ ਪਾਰਟੀਆਂ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਦੇ ਆਗੂਆਂ ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੇ ਆਪਣੇ ਸੱਤਾ ਦੇ ਅਹੁਦੇ ਤੋਂ ਕਦੇ ਵੀ ਅਸਤੀਫਾ ਨਹੀਂ ਦਿੱਤਾ ਜਦਕਿ ਉਨ੍ਹਾਂ ਨੂੰ ਵੱਡੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸੰਮਨ ਤੇ ਚਾਰਜਸ਼ੀਟ ਕੀਤਾ ਗਿਆ ਸੀ। ਖਹਿਰਾ ਨੇ ਬਾਦਲਾਂ ਨੂੰ ਯਾਦ ਕਰਵਾਇਆ ਕਿ ਜਦ 2007 ਵਿਚ ਪਿਉ-ਪੁੱਤ ਦੀ ਜੋੜੀ ਨੇ ਮੁੱਖ ਮੰਤਰੀ ਤੇ ਡਿਪਟੀ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ ਤਾਂ ਉਹ ਕੋਰਟ ਵੱਲੋਂ ਸੰਮਨ ਕੀਤੇ ਗਏ ਸਨ।

ਖਹਿਰਾ ਨੇ ਕਿਹਾ ਕਿ ਇਸੇ ਤਰ੍ਹਾਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸੰਮਨ ਕੀਤਾ ਗਿਆ ਹੈ ਤੇ ਉਹ ਲੁਧਿਆਣਾ ਸਿਟੀ ਸੈਂਟਰ ਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲਿਆਂ ਵਰਗੇ ਦੋ ਵੱਡੇ ਭ੍ਰਿਸ਼ਟਾਚਾਰ ਮਾਮਲਿਆਂ ਵਿਚ ਟਰਾਇਲ ਦਾ ਸਾਹਮਣਾ ਕਰ ਰਹੇ ਹਨ, ਕੀ ਮੈਨੂੰ ਸਲਾਹ ਦੇਣ ਵਾਲੇ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਦਾ ਮੁੱਖ ਮੰਤਰੀ ਵਜੋਂ ਅਸਤੀਫਾ ਮੰਗਣਗੇ?

### ਕੇਸ ਦੀ ਜਾਣਕਾਰੀ ਲੈਣ ਲਈ ਕੀਤੇ ਸਨ ਪੁਲਿਸ ਨੂੰ ਫੋਨ

**ਚੰਡੀਗੜ੍ਹ:** ਨਸ਼ਾ ਤਸਕਰਾਂ ਨਾਲ ਸਬੰਧ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਵਿਰੋਧੀ ਧਿਰ ਦੇ ਆਗੂ ਤੇ 'ਆਪ' ਆਗੂ ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਫੋਨ ਸਿਰਫ ਇਕ ਨਸ਼ਾ ਤਸਕਰ ਖਿਲਾਫ਼ ਦਰਜ ਕੇਸ ਦੀ ਜਾਣਕਾਰੀ ਲੈਣ ਲਈ ਕੀਤੇ ਸਨ, ਪਰ ਪੁਲਿਸ ਵੱਲੋਂ ਸਬੂਤਾਂ ਬਾਰੇ ਦੱਸੇ ਜਾਣ ਮਗਰੋਂ ਉਨ੍ਹਾਂ ਇਸ ਮਾਮਲੇ 'ਚ ਮੁੜ ਕੋਈ ਗੱਲ ਨਹੀਂ ਕੀਤੀ।



# ਮੁਫਤ ਸਫਰ ਕਰਨਗੇ ਅਸ਼ੋਕ ਚੱਕਰ ਐਵਾਰਡੀ

**ਨਵੀਂ ਦਿੱਲੀ:** ਰੇਲਵੇ ਮੰਤਰਾਲੇ ਮੁਤਾਬਕ ਅਸ਼ੋਕ ਚੱਕਰ ਅਤੇ ਕੀਰਤੀ ਚੱਕਰ ਐਵਾਰਡੀ ਹੁਣ ਜੀਵਨ ਭਰ ਲਈ ਕਿਸੇ ਵੀ ਰੇਲਗੱਡੀ ਦੀ ਐਗਜ਼ੀਕਿਊਟਵ ਸ਼੍ਰੇਣੀ ਵਿਚ ਮੁਫਤ ਸਫਰ ਕਰ ਸਕਣਗੇ। ਇੰਜ, ਉਨ੍ਹਾਂ ਨੂੰ ਪਰਮਵੀਰ ਚੱਕਰ ਅਤੇ ਮਹਾਵੀਰ ਚੱਕਰ ਐਵਾਰਡੀਆਂ ਦੇ ਬਰਾਬਰ ਸਫਰ ਸਹੂਲਤਾਂ ਮਿਲਣਗੀਆਂ।

ਸਾਲ 2014 ਦੀ ਨੀਤੀ ਮੁਤਾਬਕ ਰੇਲਵੇ ਮੰਤਰਾਲਾ ਪਰਮਵੀਰ ਚੱਕਰ ਅਤੇ ਮਹਾਵੀਰ ਚੱਕਰ ਐਵਾਰਡੀਆਂ ਨੂੰ ਫਸਟ ਏਸੀ ਕਲਾਸ/ਐਗਜ਼ੀਕਿਊਟਵ ਕਲਾਸ ਲਈ ਮੁਫਤ ਸਫਰ ਪਾਸ ਮੁਹੱਈਆ ਕਰਦਾ ਸੀ।

# ਪੰਜਾਬ ਵਿਚ ਸਰਕਾਰੀ ਸਕੂਲਾਂ ਦੇ ਰਲੇਵੇਂ ਉਤੇ ਅਦਾਲਤੀ ਮੋਹਰ

**ਚੰਡੀਗੜ੍ਹ:** ਪੰਜਾਬ ਵਿਚ 800 ਸਰਕਾਰੀ ਸਕੂਲਾਂ ਦੇ ਰਲੇਵੇਂ ਦੇ ਕਦਮ ਨੂੰ ਚੁਣੌਤੀ ਦੇਣ ਵਾਲੀ ਜਨਹਿੱਤ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੋਈ ਨਰਮੀ ਨਹੀਂ ਵਿਖਾਈ। ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ ਦਾ ਨਿਬੇੜਾ ਕਰਦਿਆਂ ਪਟੀਸ਼ਨਰ ਨੂੰ ਇਸ ਗੱਲ ਦੀ ਛੋਟ ਦਿੱਤੀ ਕਿ ਜੇ ਉਸ ਨੂੰ ਇਸ ਮਸਲੇ ਬਾਰੇ ਕੋਈ ਸ਼ਿਕਾਇਤ ਹੈ ਤਾਂ ਉਹ ਸਕੱਤਰ, ਸਿੱਖਿਆ ਕੋਲ ਪਹੁੰਚ ਕਰ ਸਕਦਾ ਹੈ।

ਬੈਂਚ ਨੇ ਇਹ ਹੁਕਮ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਦੀ ਉਸ ਦਲੀਲ ਮਗਰੋਂ ਦਿੱਤੇ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕੁਝ ਸਕੂਲਾਂ ਵਿਚ ਦੋ ਵਿਦਿਆਰਥੀਆਂ ਨੂੰ ਦੋ ਅਧਿਆਪਕ ਪੜ੍ਹਾ ਰਹੇ ਹਨ। ਇਸ ਲਈ ਸਰਕਾਰ ਨੂੰ ਦੋ ਵਿਦਿਆਰਥੀਆਂ, ਜਿਹੜੇ ਪਾਸ ਨਹੀਂ ਹੋ ਰਹੇ, ਲਈ ਲੱਖ ਰੁਪਏ ਤੋਂ ਵੱਧ ਮਹੀਨਾਵਾਰ ਤਨਖਾਹ ਦੇਣੀ ਪੈ ਰਹੀ ਹੈ। ਸ੍ਰੀ ਨੰਦਾ ਨੇ ਕਿਹਾ ਕਿ ਪਟੀਸ਼ਨਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਪਹਿਲਾਂ ਸਬੰਧਤ ਵਿਭਾਗ ਕੋਲ ਪਹੁੰਚ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਠੀਕ ਸ਼ਿਕਾਇਤਾਂ ਤੇ ਮਸਲਿਆਂ ਦੀ ਘੋਖ ਲਈ ਸਰਕਾਰ ਤਿਆਰ ਹੈ। ਸਰਕਾਰ ਵੱਲੋਂ 20 ਤੋਂ ਘੱਟ



ਵਿਦਿਆਰਥੀਆਂ ਵਾਲੇ 800 ਪ੍ਰਾਇਮਰੀ ਸਕੂਲਾਂ ਦੇ ਰਲੇਵੇਂ ਦਾ ਕਦਮ ਇਕ ਹਫਤਾ ਪਹਿਲਾਂ ਉਦੋਂ ਨਿਆਇਕ ਨਿਗਰਾਨੀ ਹੇਠ ਆਇਆ, ਜਦੋਂ ਇਸ ਫੈਸਲੇ ਖਿਲਾਫ਼ ਇਕ ਵਕੀਲ ਨੇ ਜਨਹਿੱਤ ਪਟੀਸ਼ਨ ਦਾਖਲ ਕੀਤੀ ਸੀ।

ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਸਰਕਾਰ ਨੂੰ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਕਦਮ ਚੁੱਕਣ ਦੀ ਲੋੜ ਹੈ। ਇਸ ਨੂੰ 'ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ' ਖਿਲਾਫ਼ ਦੱਸਦਿਆਂ ਬਿਨੈਕਾਰ ਨੇ ਦਲੀਲ ਦਿੱਤੀ ਕਿ ਇਹ ਭਾਰਤੀ ਸੰਵਿਧਾਨ ਦੀ ਧਾਰਾ 21-ਏ ਅਤੇ ਮੌਲਿਕ ਅਧਿਕਾਰਾਂ ਵਿਰੁੱਧ ਹੈ। ਬਿਨੈਕਾਰ ਨੇ ਕਿਹਾ ਕਿ ਇਸ ਦਾ ਨੁਕਸਾਨ ਓੜਕ ਨੂੰ ਵਿਦਿਆਰਥੀਆਂ ਨੂੰ ਹੋਵੇਗਾ ਕਿਉਂਕਿ ਸਕੂਲਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਦੂਰ ਪਿੰਡਾਂ ਵਿਚ ਤਬਦੀਲ ਜਾਂ ਰਲੇਵਾਂ ਕੀਤਾ ਜਾਵੇਗਾ।

# ਕੇਜਰੀਵਾਲ ਨਹੀਂ, ਉਪ ਰਾਜਪਾਲ ਹੈ ਦਿੱਲੀ ਦਾ 'ਅਸਲੀ ਬੌਸ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਜਰੀਵਾਲ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਹੈ। ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕੇਜਰੀਵਾਲ ਸਰਕਾਰ ਨੂੰ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੂੰ ਸੰਵਿਧਾਨ ਦੇ ਦਾਇਰੇ ਵਿਚ ਰਹਿਣਾ ਪਵੇਗਾ ਕਿਉਂਕਿ ਪਹਿਲੀ ਨਜ਼ਰ 'ਚ ਉਪ-ਰਾਜਪਾਲ ਦੇ ਅਧਿਕਾਰ ਰਾਜ ਸਰਕਾਰ ਨਾਲੋਂ ਕਿਤੇ ਵੱਧ ਹਨ।

ਅਦਾਲਤ ਨੇ ਕਿਹਾ ਹੈ ਕਿ ਦਿੱਲੀ ਹੋਰ ਸੂਬਿਆਂ ਵਾਂਗ ਆਮ ਸੂਬਾ ਨਹੀਂ ਹੈ, ਸਗੋਂ ਇਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ, ਇਸ ਲਈ ਇਥੋਂ ਦੀ ਸਰਕਾਰ ਦੇ ਅਧਿਕਾਰ ਆਮ ਸੂਬਾ ਸਰਕਾਰਾਂ ਵਾਂਗ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਹੈ ਕਿ ਜੇਕਰ ਰਾਜ ਸਰਕਾਰ ਤੇ ਉਪ-ਰਾਜਵਾਲ ਵਿਚਾਲੇ ਅਧਿਕਾਰਾਂ ਨੂੰ ਲੈ ਕੇ ਕੋਈ ਵਿਵਾਦ ਹੈ ਤਾਂ ਉਨ੍ਹਾਂ ਨੂੰ ਰਾਸ਼ਟਰਪਤੀ ਕੋਲ ਜਾਣਾ ਚਾਹੀਦਾ ਹੈ ਕਿਉਂਕਿ ਸੰਵਿਧਾਨ ਮੁਤਾਬਕ ਸਰਕਾਰ ਦੇ ਅਸਲ ਮੁਖੀ ਤਾਂ ਉਹ ਹੀ ਹਨ। ਇਸ ਮਾਮਲੇ ਦੀ ਸੁਣਵਾਈ ਅਜੇ ਜਾਰੀ ਹੈ ਤੇ ਅੰਤਿਮ ਫੈਸਲਾ ਵੀ ਆਉਣਾ ਅਜੇ ਬਾਕੀ ਹੈ, ਸੁਣਵਾਈ ਦੌਰਾਨ ਅਦਾਲਤ ਨੇ ਰਾਜ ਸਰਕਾਰ ਨੂੰ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਉਪ-ਰਾਜਪਾਲ ਉਸ ਦੇ ਕਿਹੜੇ ਅਧਿਕਾਰਾਂ 'ਚ ਅੜਿੱਕਾ ਪਾ ਰਹੇ ਹਨ। ਸੁਣਵਾਈ ਦੌਰਾਨ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਗੋਪਾਲ ਸੁਬਰਾਮਣੀਅਮ ਨੇ ਕਿਹਾ ਹੈ ਕਿ ਰਾਜ ਸਰਕਾਰ ਕੋਲ ਬਹੁਤ ਸੀਮਤ ਅਧਿਕਾਰ ਹਨ ਤੇ ਉਸ ਨੂੰ ਵਧੇਰੇ ਅਧਿਕਾਰ ਮਿਲਣੇ ਚਾਹੀਦੇ ਹਨ।

**ਅਦਾਲਤ ਵੱਲੋਂ ਸਰਕਾਰ ਨੂੰ ਸੰਵਿਧਾਨਿਕ ਦਾਇਰੇ ਵਿਚ ਰਹਿਣਾ ਦਾ ਹੁਕਮ**



# ਹਿਨਾ ਨੇ ਪਹਿਲੀ ਵਾਰ ਚੁੰਮੀ ਵਤਨ ਦੀ ਮਿੱਟੀ

**ਅੰਮ੍ਰਿਤਸਰ:** ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚੋਂ 11 ਸਾਲਾ ਬੱਚੀ ਹਿਨਾ ਆਪਣੀ ਮਾਂ ਤੇ ਮਾਸੀ ਨਾਲ ਜਿਵੇਂ ਹੀ ਬਾਹਰ ਨਿਕਲੀ, ਉਸ ਦੇ ਚਿਹਰੇ ਉਤੇ ਅਜੀਬ ਖੁਸ਼ੀ ਸੀ। ਹਿਨਾ 11 ਸਾਲ ਪਹਿਲਾਂ ਇਸੇ ਜੇਲ੍ਹ ਵਿਚ ਪੈਦਾ ਹੋਈ ਸੀ। ਦਰਅਸਲ, 2006 ਵਿਚ ਅਟਾਰੀ ਰੇਲਵੇ ਸਟੇਸ਼ਨ ਤੋਂ ਦੋ ਔਰਤਾਂ ਨੂੰ ਨਸ਼ੀਲੇ ਪਦਾਰਥ ਤੇ ਜਾਅਲੀ ਕਰੰਸੀ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਇਕ ਔਰਤ ਫਾਤਿਮਾ ਗਰਭਵਤੀ ਸੀ।

ਉਸ ਨੇ ਜੇਲ੍ਹ ਅੰਦਰ ਹੀ ਹਿਨਾ ਨੂੰ ਜਨਮ ਦਿੱਤਾ। ਹਿਨਾ ਦਾ ਜਨਮ ਭਾਰਤ ਵਿਚ ਹੋਇਆ ਪਰ ਉਸ ਨੂੰ ਪਾਕਿਸਤਾਨ ਦੀ ਨਾਗਰਿਕਤਾ ਮਿਲਦੀ ਹੈ ਜਾਂ ਨਹੀਂ, ਇਸ ਲਈ ਪਰਿਵਾਰ ਨੂੰ ਆਪਣੇ ਵਤਨ ਪੁੱਜਣ ਤੋਂ ਬਾਅਦ ਵੀ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 2006 ਵਿਚ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਰਾਹੀਂ ਅਟਾਰੀ ਸਰਹੱਦ ਪਾਰ ਕਰਨ ਮਗਰੋਂ ਭਾਰਤ ਪੁੱਜੀਆਂ ਦੋ ਸਕੀਆਂ ਭੈਣਾਂ ਮੁਮਤਾਜ਼ ਤੇ ਫਾਤਿਮਾ ਨੂੰ ਕਸਟਮ ਵਿਭਾਗ ਨੇ ਨਸ਼ੀਲੇ ਪਦਾਰਥ ਸਮੇਤ ਕਾਬੂ ਕੀਤਾ ਸੀ।

ਇਸ ਮਗਰੋਂ ਅਦਾਲਤ ਵੱਲੋਂ ਦੋਹਾਂ ਨੂੰ 11 ਸਾਲ ਦੀ ਸਜ਼ਾ ਤੇ 2-2 ਲੱਖ ਰੁਪਏ ਜੁਰਮਾਨਾ



ਲਾਇਆ ਸੀ। ਇਨ੍ਹਾਂ ਵੱਲੋਂ ਜੇਲ੍ਹ ਵਿਚ ਜਮ੍ਹਾਂ ਕਾਰਵਾਈ ਜਾਣ ਵਾਲੀ ਰਕਮ ਵੀ ਸਰਬੱਤ ਦਾ ਭਲਾ ਸੰਸਥਾ ਦੇ ਮੁਖੀ ਤੇ ਸਮਾਜ ਸੇਵਕ ਨਵਤੇਜ ਸਿੰਘ ਗੱਗੂ ਵੱਲੋਂ ਦਿੱਤੀ ਗਈ ਸੀ। ਉਸ ਤੋਂ ਬਾਅਦ ਹੀ ਇਨ੍ਹਾਂ ਦੇ ਨਾਲ-ਨਾਲ ਹਿਨਾ ਦੀ ਰਿਹਾਈ ਤੇ ਵਤਨ ਵਾਪਸੀ ਦੀ ਉਮੀਦ ਜਾਗੀ ਸੀ। ਪਾਕਿਸਤਾਨ ਦੇ ਗੁੱਜਰਾਂਵਾਲਾ ਵਾਸੀ ਸੈਫੂਦੀਨ ਦੀ ਪਤਨੀ ਫਾਤਿਮਾ ਤੇ ਉਸ ਦੀ ਭੈਣ ਮੁਮਤਾਜ਼ 8 ਦਸੰਬਰ, 2006 ਨੂੰ ਭਾਰਤ ਆਈਆਂ ਸਨ ਜਿਥੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

ਗਿਆਰਾਂ ਵਰ੍ਹਿਆਂ ਦੀ ਹਿਨਾ ਆਪਣੇ ਵਤਨ ਪੁੱਜ ਕੇ ਬਹੁਤ ਖੁਸ਼ ਹੈ। ਜੇਲ੍ਹ ਦੀ ਜ਼ਿੰਦਗੀ ਬਾਰੇ ਪੁੱਛਣ 'ਤੇ ਉਹ ਕੁਝ ਕੁ ਉਦਾਸ ਹੋ ਜਾਂਦੀ ਹੈ। ਹੁਣ ਉਹ ਚਾਹੁੰਦੀ ਹੈ ਕਿ ਉਹ ਪੜ੍ਹ-ਲਿਖ ਕੇ ਆਪਣੇ ਪਿਆਰੇ ਵਤਨ ਲਈ ਕੁਝ ਕਰੇ।

# ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਸਮਾਗਮ 12 ਤੇ 18 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਦੋ ਸਮਾਗਮ ਕਰਵਾਏ ਜਾ ਰਹੇ ਹਨ। ਪਹਿਲਾ ਸਮਾਗਮ ਕਰਮਨ ਸ਼ਹਿਰ ਦੇ ਕਮਿਉਨਿਟੀ ਸੈਂਟਰ ਹਾਲ ਵਿਚ 12 ਨਵੰਬਰ, ਐਤਵਾਰ ਨੂੰ ਦੁਪਹਿਰ ਇਕ ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਇਸ ਪ੍ਰੋਗਰਾਮ ਵਿਚ ਕਰਮਨ ਪੰਜਾਬੀ ਸਕੂਲ ਦੇ ਵਿਦਿਆਰਥੀ ਅਤੇ ਜੀ. ਐਚ. ਜੀ. ਸੰਗੀਤ ਤੇ ਡਾਂਸ ਅਕੈਡਮੀ ਦੇ ਵਿਦਿਆਰਥੀ ਗਿੱਧਾ-ਭੰਗੜਾ ਪੇਸ਼ ਕਰਨਗੇ। ਇਸ ਤੋਂ ਇਲਾਵਾ ਧਰਮਵੀਰ ਥਾਂਦੀ, ਰਾਜ ਬਰਾੜ ਅਤੇ ਦਿਲਦਾਰ ਗਰੁਪ ਕੈਲੀਫੋਰਨੀਆ ਦੇ ਗਾਇਕ ਗਦਰੀ ਸੂਰਬੀਰਾਂ ਅਤੇ ਹੋਰ ਦੇਸ਼ ਭਗਤੀ ਦੇ ਗੀਤਾਂ ਨਾਲ ਹਾਜ਼ਰੀ ਲਵਾਉਣਗੇ।

ਹੋਰ ਜਾਣਕਾਰੀ ਸੁਰਿੰਦਰ ਮੰਢਾਲੀ ਪਾਸੋਂ ਫੋਨ: 559-473-9269), ਨਵਦੀਪ ਸਿੰਘ ਧਾਲੀਵਾਲ 559-287-0822 ਜਾਂ ਕੁਲਵੰਤ ਸਿੰਘ ਧਾਲੀਆਂ ਫੋਨ: 559-473-9264 ਰਾਹੀਂ ਲਈ ਜਾ ਸਕਦੀ ਹੈ।

ਦੂਜਾ ਸਮਾਗਮ ਯੁਗਾਂਤਰ ਆਸ਼ਰਮ (5 ਵੁਡ ਸਟਰੀਟ) ਸੈਨ ਫਰਾਂਸਿਸਕੋ ਵਿਖੇ 18 ਨਵੰਬਰ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਹੋਵੇਗਾ। ਫਰਿਜ਼ਨੋ ਤੋਂ ਜਾਣ ਵਾਲੇ ਚਾਹਵਾਨ ਰਾਈਡ ਜਾਂ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-



618-0156), ਗੁਰਦੀਪ ਸਿੰਘ ਗਿੱਲ (559-360-4248), ਬਲਵੀਰ ਸਿੰਘ ਜੌਹਲ (408-592-4044) ਜਾਂ ਕੁਲਦੀਪ ਅਟਵਾਲ (209-725-1313) ਨਾਲ ਸੰਪਰਕ ਕਰ ਸਕਦੇ ਹਨ।

# ਗੁਰੂ ਰਵਿਦਾਸ ਟੈਂਪਲ ਵਿਖੇ ਗੁਰਪੁਰਬ ਸਬੰਧੀ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ। ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਅਤੇ ਗੁਰਮਤਿ ਵਿਚਾਰਾਂ ਹੋਈਆਂ। ਭਾਈ ਸੂਰਤ ਸਿੰਘ, ਭਾਈ ਹਰਬਿਲਾਸ ਸਿੰਘ ਤੇ ਭਾਈ ਅਵਤਾਰ ਸਿੰਘ ਦੇ ਕੀਰਤਨੀ ਜੱਥਿਆਂ ਤੋਂ ਇਲਾਵਾ ਛੋਟੇ ਬੱਚਿਆਂ-ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਨੇ ਗੁਰਬਾਣੀ ਸ਼ਬਦ ਗਾਇਨ ਕਰ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਸਥਾਨਕ ਗਾਇਕ ਰਾਜ ਬਰਾੜ ਯਮਲਾ ਨੇ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦੇ ਗੁਣ ਗਾਇਨ ਕੀਤੇ।



*ਪ੍ਰਬੰਧਕ ਅਤੇ ਸੇਵਾਦਾਰ ਸਮਾਗਮ ਦੀ ਸਮਾਪਤੀ ਦੌਰਾਨ*

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਤੋਂ ਇਲਾਵਾ ਕਰਮ ਸਿੰਘ ਬੰਗੜ ਅਤੇ ਹੋਰ ਬੁਲਾਰਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰੂ ਦੇ ਦੱਸੇ ਸੱਚ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਲੰਗਰਾਂ ਦੀ ਸੇਵਾ ਸ. ਸੁਖਜਿੰਦਰ ਸਿੰਘ ਤੇ ਬੀਬੀ ਦਲਜੀਤ ਕੌਰ ਵਲੋਂ ਸੀ।

# ਸ਼ੀ ਵੱਲੋਂ ਫੌਜ ਨੂੰ ਤਿਆਰ ਰਹਿਣ ਦਾ ਸੱਦਾ

**ਪੇਈਚਿੰਗ:** ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਚੀਨੀ ਫੌਜ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੀ ਲੜਾਕੂ ਸਮਰੱਥਾ 'ਚ ਸੁਧਾਰ ਕਰੇ ਅਤੇ ਜੰਗਾਂ ਲਈ ਤਿਆਰ ਰਹੇ। ਸੀ.ਐਮ.ਸੀ. ਸਾਂਝੀ ਜੰਗੀ ਕਮਾਂਡ ਦਾ ਨਿਰੀਖਣ ਕਰਦਿਆਂ ਉਨ੍ਹਾਂ ਇਹ ਬਿਆਨ ਦਿੱਤਾ।

# ਜਥੇਦਾਰ ਵੱਲੋਂ ਦਲਿਤ ਬੱਚੀ ਤੋਂ ਲੰਗਰ ਦੀ ਦਾਲ ਖੋਹਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਜ਼ਿਲ੍ਹਾ ਮਾਨਸਾ ਦੇ ਪਿੰਡ ਫਫੜੇ ਭਾਈਕੇ ਦੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੱਲੋਂ ਇਕ ਦਲਿਤ ਬੱਚੀ 'ਤੇ ਲੰਗਰ ਦੀ ਦਾਲ ਲਿਜਾਣ ਦਾ ਦੋਸ਼ ਲਗਾ ਕੇ ਜਲੀਲ ਕਰਨ ਤੇ ਬਾਅਦ ਲੜਕੀ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਦੇ ਮਾਮਲੇ ਦਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖਤ ਨੋਟਿਸ ਲਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਕਾਹਲੀ ਨਾਲ ਬੁਲਾਈ ਪ੍ਰੈਸ ਕਾਨਫਰੰਸ ਦੌਰਾਨ ਜਥੇਦਾਰ ਨੇ ਕਿਹਾ ਕਿ ਇਸ ਘਟਨਾ ਪ੍ਰਤੀ ਸੰਗਤ ਦੇ ਰੋਸ ਨੂੰ ਦੇਖਦਿਆਂ ਮਾਮਲੇ ਦੀ ਸ਼੍ਰੋਮਣੀ ਕਮੇਟੀ ਵੱਲੋਂ ਜਲਦ ਪੜਤਾਲ ਕਰਵਾਈ ਜਾ ਰਹੀ ਹੈ ਤੇ ਜੇਕਰ ਕਮੇਟੀ ਦਾ ਪ੍ਰਧਾਨ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ਼ ਸਿੱਖ ਮਰਿਆਦਾ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 29 ਨੂੰ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ 29 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ ਵਿਖੇ ਜਨਰਲ ਇਜਲਾਸ ਦਾ ਸੱਦਾ ਦਿੱਤਾ ਗਿਆ ਹੈ।

ਜਨਰਲ ਇਜਲਾਸ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਸਾਲਾਨਾ ਚੋਣ ਹੋਵੇਗੀ। ਇਕੱਤਰਤਾ ਵਿਚ ਦਿੱਲੀ ਸਮੇਤ ਦੇਸ਼ ਦੇ ਹੋਰ ਸੂਬਿਆਂ ਵਿਚ ਨਵੰਬਰ 1984 ਦੇ ਕਤਲੇਆਮ ਦੀਆਂ ਤਸਵੀਰਾਂ ਤਿਆਰ ਕਰਵਾ ਕੇ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਉਣ ਤੇ ਇਸ ਕਤਲੇਆਮ ਦੇ ਤੱਥ ਬਿਆਨ ਕਰਦੀ ਪੁਸਤਕ ਤਿਆਰ ਕਰਾਉਣ ਲਈ ਪੜਚੋਲ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ।

# ਕੈਨੇਥ ਜਸਟਰ ਹੋਣਗੇ ਭਾਰਤ ਲਈ ਨਵੇਂ ਅਮਰੀਕੀ ਸਫੀਰ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਕੈਨੇਥ ਜਸਟਰ ਨੂੰ ਭਾਰਤ ਲਈ ਨਵਾਂ ਸਫੀਰ ਚੁਣ ਲਿਆ ਹੈ। ਜਸਟਰ ਭਾਰਤ ਬਾਰੇ ਮਾਹਿਰ ਅਰਥ ਸ਼ਾਸਤਰੀ ਹਨ।

62 ਸਾਲਾ ਜਸਟਰ ਨੇ ਭਾਰਤ-ਅਮਰੀਕੀ ਸਿਵਲ ਨਿਊਕਲੀਅਰ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੂੰ ਅਮਰੀਕੀ ਰਾਜਦੂਤ ਭਾਰਤੀ-ਅਮਰੀਕੀ ਰਿਚਰਡ ਵਰਮਾ ਦੀ ਥਾਂ ਚੁਣਿਆ ਗਿਆ ਹੈ।

*To Advertise with Punjab Times*
*Call: 847-359-0746*

# ਆਮ ਆਦਮੀ ਪਾਰਟੀ ਵਾਲੰਟੀਅਰ ਡਾ. ਇਕਵਿੰਦਰ ਸਿੰਘ ਗਿੱਲ ਨੂੰ ਸਦਮਾ, ਪੁੱਤ ਸੁਰਗਵਾਸ

**ਸੰਨੀਵੇਲ, ਕੈਲੀਫੋਰਨੀਆ (ਬਿਊਰੋ):** ਪਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਧਾਰਮਿਕ ਅਤੇ ਸਿਆਸੀ ਸਰਗਰਮੀਆਂ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਵੈਟਰਨਰੀ ਡਾਕਟਰ ਅਤੇ ਆਮ ਆਦਮੀ ਪਾਰਟੀ ਯੂ. ਐਸ. ਏ. ਟੀਮ ਦੇ ਸੀਨੀਅਰ ਮੈਂਬਰ ਡਾ. ਇਕਵਿੰਦਰ ਸਿੰਘ ਗਿੱਲ ਨੂੰ ਉਸ ਸਮੇਂ ਧੱਕਾ ਪਹੁੰਚਿਆ ਜਦੋਂ ਉਨ੍ਹਾਂ ਦਾ ਪੁੱਤਰ ਸੁਮੀਤ ਗਿੱਲ (ਸੋਨਮ) ਅਚਾਨਕ ਲੰਘੀ 31 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਿਆ। ਡਾ. ਗਿੱਲ ਅਤੇ ਜਗਮੋਹਨ ਕੌਰ ਗਿੱਲ ਦਾ ਬੇਟਾ ਸੋਨਮ ਅਜੇ ਸਿਰਫ 29 ਸਾਲ ਦਾ ਸੀ।



ਡਾ. ਗਿੱਲ ਪਰਿਵਾਰ ਦੇ ਨਜ਼ਦੀਕੀ ਜਸਵਿੰਦਰ ਸਿੰਘ (ਜੱਸੀ) ਗਿੱਲ ਨੇ ਦੱਸਿਆ ਕਿ ਅਣਵਿਆਹਿਆ ਸੋਨਮ ਪਰਿਵਾਰਕ ਮੈਂਬਰਾਂ ਤੇ ਮਿੱਤਰਾਂ-ਦੋਸਤਾਂ ਨੂੰ ਰੋਂਦਾ ਕੁਰਲਾਉਂਦਾ ਛੱਡ ਗਿਆ ਹੈ। ਉਸ ਦਾ ਸਸਕਾਰ ਆਉਂਦੀ 11 ਨਵੰਬਰ, ਸਨਿਚਰਵਾਰ ਨੂੰ ਇਥੇ ਸਪੈਂਗਲਰ ਮੋਰਚਰੀ (174 ਨਾਰਥ ਸੰਨੀਵੇਲ ਐਵੇਨਿਊ) ਵਿਖੇ ਦਿਨੇ 11 ਤੋਂ ਇਕ ਵਜੇ ਦਰਮਿਆਨ ਹੋਵੇਗਾ। ਉਪਰੰਤ ਅਰਦਾਸ ਗੁਰਦੁਆਰਾ ਸੈਨ ਹੋਜ਼ੇ (3636 ਗੁਰਦੁਆਰਾ ਰੋਡ) ਵਿਖੇ ਬਾਅਦ ਦੁਪਹਿਰ 2:30 ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਅੰਮ੍ਰਿਤ ਧਾਲੀਵਾਲ ਫੋਨ: 209-598-6980 ਜਾਂ ਬਲਜੀਤ ਚਾਹਲ ਫੋਨ: 408-667-6881 ਰਾਹੀਂ ਕੀਤਾ ਜਾ ਸਕਦਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੀ ਪੀ.ਏ.ਯੂ. ਐਲੂਮਨੀ ਐਸੋਸੀਏਸ਼ਨ ਅਤੇ ਆਮ ਆਦਮੀ ਪਾਰਟੀ ਯੂ. ਐਸ. ਏ. ਟੀਮ ਨੇ ਸੋਨਮ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**Prince's Barber Shop**
37477 Fremont Blvd, suite C, Fremont, CA 94536
*Men & Children's Hair Cut*
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com


**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਟਰੰਪ ਦੀ ਪਹਿਲ ਨਾਲ ਸਿੱਖਾਂ ਬਾਰੇ ਭੁਲੇਖੇ ਦੂਰ ਹੋਣਗੇ: ਕਾਰਲਸਨ



**ਅੰਮ੍ਰਿਤਸਰ:** ਦਿੱਲੀ ਸਥਿਤ ਅਮਰੀਕੀ ਸਫਾਰਤਖਾਨੇ ਦੀ ਉਪ ਮੁਖੀ ਮੈਰੀ ਕੇ ਕਾਰਲਸਨ ਨੇ ਆਖਿਆ ਕਿ ਟਰੰਪ ਸਰਕਾਰ ਵੱਲੋਂ ਵ੍ਹਾਈਟ ਹਾਊਸ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਨਾਲ ਉਥੇ ਸਿੱਖ ਪਛਾਣ ਬਾਰੇ ਭਰਮ-ਭੁਲੇਖੇ ਦੂਰ ਕਰਨ ਵਿਚ ਮਦਦ ਮਿਲੇਗੀ। ਉਹ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਣ ਪੁੱਜੇ ਸਨ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਅਮਰੀਕੀ ਸਫੀਰ ਨੇ ਸਿੱਖ ਕੌਮ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਆਖਿਆ ਕਿ ਟਰੰਪ ਸਰਕਾਰ ਵੱਲੋਂ ਵੀ ਵ੍ਹਾਈਟ ਹਾਊਸ ਵਿਚ ਸਿੱਖ ਭਾਈਚਾਰੇ ਦੀ ਮਦਦ ਨਾਲ ਗੁਰਪੁਰਬ ਮਨਾਇਆ ਗਿਆ ਹੈ, ਜਿਸ ਨਾਲ ਸਿੱਖ ਪਛਾਣ ਬਾਰੇ ਭਰਮ-ਭੁਲੇਖੇ ਦੂਰ ਹੋਣਗੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਅਤੇ ਅਮਰੀਕੀ ਸਫਾਰਤਖਾਨਾ ਇਸ ਮਾਮਲੇ ਵਿਚ ਪੁਲ ਵਜੋਂ ਕੰਮ ਕਰੇਗਾ ਅਤੇ ਸਿੱਖ ਮਾਮਲਿਆਂ ਨੂੰ ਅਮਰੀਕਾ ਸਰਕਾਰ ਤੱਕ ਪਹੁੰਚਾਏਗਾ।

## 'ਭਾਰਤ ਵੀ ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ ਮਨਾਏ'

**ਅੰਮ੍ਰਿਤਸਰ:** ਅਮਰੀਕਾ ਦੇ ਵ੍ਹਾਈਟ ਹਾਊਸ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਦੀ ਸ਼ਲਾਘਾ ਕਰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਿੱਖ ਧਰਮ ਦੇ ਬਾਨੀ ਦਾ ਪ੍ਰਕਾਸ਼ ਪੁਰਬ ਕਿਸੇ ਇਕ ਥਾਂ ਜ਼ਰੂਰ ਮਨਾਇਆ ਜਾਵੇ ,ਚਾਹੇ ਇਸ ਨੂੰ ਰਾਸ਼ਟਰਪਤੀ ਭਵਨ ਵਿਚ ਜਾਂ ਕਿਸੇ ਹੋਰ ਥਾਂ ਉਤੇ ਮਨਾਇਆ ਜਾਵੇ।

ਪਹਿਲਾ ਇਹ ਗੁਰਪੁਰਬ ਰਾਸ਼ਟਰਪਤੀ ਭਵਨ ਵਿਚ ਮਨਾਇਆ ਜਾਂਦਾ ਸੀ ਪਰ ਇਸ ਵਾਰ ਇਹ ਦਿਹਾੜਾ ਉਥੇ ਨਹੀਂ ਮਨਾਇਆ ਗਿਆ ਹੈ।

# ਪ੍ਰਕਾਸ਼ ਪੁਰਬ ਮੌਕੇ ਬਾਬੇ ਨਾਨਕ ਨੂੰ ਅਕੀਦਤ

**ਸ੍ਰੀ ਨਨਕਾਣਾ ਸਾਹਿਬ:** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 548ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰ ਪੁਰਬ ਦੀਆਂ ਰੌਣਕਾਂ ਰਹੀਆਂ। ਸ੍ਰੀ ਅਖੰਡ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਤੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਲਾਹੌਰ ਤੋਂ ਗੁਰੂ ਘਰ ਦੇ ਸ਼ਰਧਾਲੂ ਸਈਅਦ ਜ਼ਮੀਲ ਅੱਬਾਸ ਵੱਲੋਂ ਗੁਰਦੁਆਰਾ ਸ੍ਰੀ ਜਨਮ ਅਸਥਾਨ ਤੋਂ ਗੁਰਦੁਆਰਾ ਕਿਆਰਾ ਸਾਹਿਬ ਦੇ ਲਗਭਗ ਡੇਢ ਕਿਲੋਮੀਟਰ ਨਗਰ ਕੀਰਤਨ ਦੇ ਰਸਤੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਸਵਾਰੀ ਲਈ ਰੈੱਡ ਕਾਰਪਿਟ ਵਿਛਾਏ ਗਏ।

ਇਸ ਦੇ ਇਲਾਵਾ ਸਮੁੱਚੇ ਨਗਰ ਕੀਰਤਨ ਦੇ ਰਸਤੇ ਸੰਗਤ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਨਗਰ ਕੀਰਤਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਇੰਗਲੈਂਡ ਦੀ ਸੰਗਤ ਵੱਲੋਂ ਭੇਟ ਕੀਤੀ ਗਈ ਪਾਲਕੀ ਬੱਸ ਨੂੰ ਰੰਗ ਬਿਰੰਗੇ ਖੂਬਸੂਰਤ ਫੁੱਲਾਂ ਅਤੇ ਹਾਰਾਂ ਨਾਲ ਸਜਾਇਆ ਗਿਆ। ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਪੰਜਵੀਂ-ਛੇਵੀਂ ਪਾਤਸ਼ਾਹੀ ਅਤੇ ਗੁਰਦੁਆਰਾ ਮਾਲ ਜੀ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਕਿਆਰਾ ਸਾਹਿਬ ਵਿਖੇ ਪੁੱਜਾ। ਨਗਰ ਕੀਰਤਨ ਦੇ ਗੁਰਦੁਆਰਾ ਕਿਆਰਾ ਸਾਹਿਬ ਪੁੱਜਣ ਉਪਰੰਤ ਅਰਦਾਸ ਕੀਤੀ ਗਈ ਅਤੇ ਉਥੇ ਥੋੜ੍ਹੀ ਦੇਰ ਰੁਕਣ ਤੋਂ ਬਾਅਦ ਇਸੇ ਰਸਤੇ ਨਗਰ ਕੀਰਤਨ ਵਾਪਸ ਗੁਰਦੁਆਰਾ ਸ੍ਰੀ ਜਨਮ ਸਥਾਨ ਵਿਖੇ ਪਹੁੰਚ ਕੇ ਸਮਾਪਤ ਹੋਇਆ।

ਗੁਰਦੁਆਰਾ ਸਾਹਿਬ ਦੇ ਅੰਦਰ ਬਾਹਰ ਜਾਣ ਵਾਲੇ ਰਸਤਿਆਂ ਅਤੇ ਜ਼ਿਲ੍ਹੇ ਦੀਆਂ ਪ੍ਰਮੁੱਖ ਸੜਕਾਂ 'ਤੇ ਯਾਤਰੂਆਂ ਦੀ ਸੁਰੱਖਿਆ ਲਈ ਪੁਲਿਸ ਪ੍ਰਸ਼ਾਸਨ ਤੇ ਰੇਂਜਰਾਂ ਵੱਲੋਂ ਸਖਤ ਪ੍ਰਬੰਧ ਕੀਤੇ ਗਏ।

ਚੇਅਰਮੈਨ ਸਦੀਕ ਉਲ ਫਾਰੂਕ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 548ਵੇਂ ਪ੍ਰਕਾਸ਼ ਉਤਸਵ ਮੌਕੇ ਪਾਕਿਸਤਾਨ ਪਹੁੰਚੀ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਸ਼ਾਂਤੀ ਤੇ ਭਾਈਚਾਰੇ ਦੇ ਸੰਦੇਸ਼ ਨੂੰ ਅਮਲ 'ਚ ਲਿਆਉਣ ਦੀ ਅਪੀਲ ਕੀਤੀ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤ ਨੇ ਨਤਮਸਤਕ ਹੋ ਕੇ ਪਹਿਲੇ ਪਾਤਸ਼ਾਹ ਨੂੰ ਅਕੀਦਤ ਭੇਟ ਕੀਤੀ। ਅੰਮ੍ਰਿਤ ਵੇਲੇ ਤੋਂ ਹੀ ਪੁੱਜੀਆਂ ਸੰਗਤਾਂ ਨੇ ਪਾਵਨ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ। ਭਾਈ ਹਰਮਿੱਤਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੱਲੋਂ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।



## ਕਰਤਾਰਪੁਰ ਸਾਹਿਬ ਲਈ ਬਿਨਾ ਵੀਜ਼ਾ ਲਾਂਘੇ ਦੀ ਮੰਗ

**ਅੰਮ੍ਰਿਤਸਰ:** ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਦੱਸਿਆ ਕਿ ਉਨ੍ਹਾਂ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਬਿਨਾਂ ਵੀਜ਼ੇ ਇਕ ਮਹੀਨੇ ਲਈ ਖੋਲ੍ਹਿਆ ਜਾਵੇ।

ਪਾਕਿਸਤਾਨ ਤੋਂ ਪਰਤੇ ਸ. ਸਰਨਾ ਨੇ ਹਰਿਮੰਦਰ ਸਾਹਿਬ ਮੱਥਾ ਟੇਕਣ ਮਗਰੋਂ ਗੱਲਬਾਤ ਦੌਰਾਨ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਸਾਹਿਬ ਮਾਮਲੇ 'ਤੇ ਹੁੰਗਾਰਾ ਭਰਿਆ ਹੈ ਤੇ ਹੁਣ ਉਹ ਕੇਂਦਰੀ ਵਿਦੇਸ਼ ਮੰਤਰੀ ਨਾਲ ਇਸ ਸਬੰਧੀ ਗੱਲ ਕਰਨਗੇ।

# ਹਰਿ ਕੀ ਪਉੜੀ ਜਾ ਰਹੇ ਸਿੱਖ ਗ੍ਰਿਫਤਾਰ

**ਅੰਮ੍ਰਿਤਸਰ:** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਉਸਾਰੀ ਦੀ ਮੰਗ ਕਰ ਰਹੇ ਸਿੱਖਾਂ ਨੂੰ ਉਤਰਾਖੰਡ ਸਰਕਾਰ ਵੱਲੋਂ ਹਰਿਦੁਆਰ ਜਾਣ ਤੋਂ ਰੋਕ ਦਿੱਤਾ ਗਿਆ ਅਤੇ ਕੁਝ ਸਿੱਖਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ। ਇਹ ਸਿੱਖ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਵਾਲੀ ਥਾਂ 'ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਚਾਹੁੰਦੇ ਸਨ।

ਆਲ ਇੰਡੀਆ ਸਿੱਖ ਕਾਨਫਰੰਸ ਦੇ ਆਗੂ ਗੁਰਚਰਨ ਸਿੰਘ ਬੱਬਰ ਨੇ ਆਖਿਆ ਕਿ ਉਹ ਅਤੇ ਉਨ੍ਹਾਂ ਦੇ ਸਮਰਥਕ ਗੁਰਪੁਰਬ ਮਨਾਉਣ ਲਈ ਹਰਿਦੁਆਰ ਲਈ ਰਵਾਨਾ ਹੋਏ ਸਨ ਪਰ ਉਨ੍ਹਾਂ ਨੂੰ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਦੇਹਰਾਦੂਨ ਰਸਤੇ ਹਰਿਦੁਆਰ ਜਾਣ ਤੋਂ ਰੋਕ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਹਰਿਦੁਆਰ ਨੇੜਲੇ ਪਿੰਡਾਂ ਵਿਚੋਂ ਕੁਝ ਸਿੱਖਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਵੀ ਲਿਆ ਹੈ, ਜਿਨ੍ਹਾਂ ਖਿਲਾਫ਼ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਰਾਤ ਘਰਾਂ ਵਿਚੋਂ ਅਚਨਚੇਤੀ ਚੁੱਕ ਲਿਆ ਗਿਆ ਸੀ। ਗੁਰਪੁਰਬ ਮੌਕੇ ਪੁਲਿਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੀ ਉਨ੍ਹਾਂ ਨਿਖੇਧੀ ਕੀਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਿੱਖਾਂ ਨੂੰ ਹਰਿਦੁਆਰ ਵਿਚ ਦਾਖਲ ਹੋਣ ਤੋਂ ਰੋਕਣ ਲਈ ਸਾਰੇ ਰਸਤਿਆਂ 'ਤੇ ਨਾਕੇ ਲਾਏ ਹੋਏ ਹਨ। ਇਸ ਸਬੰਧੀ ਉਤਰਾਖੰਡ ਦੇ ਮੁੱਖ ਮੰਤਰੀ ਸਮੇਤ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹੋਰਨਾਂ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਗਈ ਸੀ ਕਿ ਉਤਰਾਖੰਡ ਪੁਲਿਸ ਵੱਲੋਂ ਸਿੱਖਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਬਰੀ ਗ੍ਰਿਫਤਾਰ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਵੀ ਉਤਰਾਖੰਡ ਪੁਲੀਸ ਵੱਲੋਂ ਸਿੱਖਾਂ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਸਤਿੰਦਰਪਾਲ ਸਿੰਘ ਨੇ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਰੇਲਵੇ ਸਟੇਸ਼ਨ ਤੋਂ ਹਰਿਮੰਦਰ ਸਾਹਿਬ ਤੱਕ 24 ਘੰਟੇ ਮੁਫਤ ਬੱਸ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਰੋਜ਼ਾਨਾ ਦੂਰੋਂ ਨੇੜਿਉਂ ਵੱਡੀ ਗਿਣਤੀ ਵਿਚ ਸੰਗਤ ਪੁੱਜਦੀ ਹੈ। ਰੇਲ ਗੱਡੀਆਂ ਰਾਹੀਂ ਦਰਸ਼ਨਾਂ ਲਈ ਪੁੱਜਣ ਵਾਲੀ ਸੰਗਤ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਪੁੱਜਣ ਲਈ 1998 ਤੋਂ ਮੁਫਤ ਬੱਸ ਸੇਵਾ ਦੀ ਸਹੂਲਤ ਪ੍ਰਦਾਨ ਕੀਤੀ ਹੋਈ ਹੈ। ਪਹਿਲਾਂ ਇਹ ਸਹੂਲਤ ਸਵੇਰੇ ਚਾਰ ਤੋਂ ਰਾਤ ਦਸ ਵਜੇ ਤੱਕ ਹੀ ਉਪਲਬਧ ਸੀ।

ਹੁਣ ਸ਼੍ਰੋਮਣੀ ਕਮੇਟੀ ਨੇ ਬੱਸ ਸੇਵਾ ਦੀ ਸਹੂਲਤ ਨੂੰ 24 ਘੰਟੇ ਕਰ ਦਿੱਤਾ ਹੈ, ਜਿਸ ਨਾਲ ਰਾਤ ਦੇਰ ਨਾਲ ਪੁੱਜਣ ਵਾਲੇ ਸ਼ਰਧਾਲੂ ਵੀ ਇਨ੍ਹਾਂ ਬੱਸਾਂ ਰਾਹੀਂ ਸੁਰੱਖਿਅਤ ਗੁਰੂ ਘਰ ਤੱਕ ਪੁੱਜ ਸਕਦੇ ਹਨ।

ਹਾਸਲ ਵੇਰਵਿਆਂ ਮੁਤਾਬਕ ਰੋਜ਼ਾਨਾ ਔਸਤਨ 4 ਤੋਂ 5 ਹਜ਼ਾਰ ਯਾਤਰੂ ਦਰਸ਼ਨਾਂ ਲਈ ਅੰਮ੍ਰਿਤਸਰ ਪੁੱਜਦੇ ਹਨ, ਪਰ ਇਨ੍ਹਾਂ ਲਈ ਸਿਰਫ ਦੋ ਹੀ ਬੱਸਾਂ ਸ਼੍ਰੋਮਣੀ ਕਮੇਟੀ ਵੱਲੋਂ ਲਾਈਆਂ ਗਈਆਂ ਹਨ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਦਾ ਕਹਿਣਾ ਹੈ ਕਿ ਜਦੋਂ ਵੀ ਸੰਗਤ ਦੀ ਵਧੇਰੇ ਆਮਦ ਹੋਵੇ ਬੱਸਾਂ ਦੀ ਗਿਣਤੀ 'ਚ ਵਾਧਾ ਕਰ ਦਿੱਤਾ ਜਾਂਦਾ ਹੈ, ਪਰ ਸ਼ਹਿਰ ਵਿਚ ਟਰੈਫਿਕ ਜਾਮ ਦੀ ਸਮੱਸਿਆ ਕਾਰਨ ਕਈ ਵਾਰ ਬੱਸਾਂ ਦੇ ਜਾਣ ਤੇ ਪਰਤਣ 'ਚ ਦੇਰੀ ਹੋ ਜਾਂਦੀ ਹੈ।

# ਭਾਰਤ ਦੀ ਖਿਚੜੀ ਨੇ ਬਣਾਇਆ ਰਿਕਾਰਡ

**ਨਵੀਂ ਦਿੱਲੀ:** ਵਰਲਡ ਇੰਡੀਆ ਫੂਡ ਫੈਸਟੀਵਲ ਮੌਕੇ ਭਾਰਤ ਨੇ 918 ਕਿਲੋਗ੍ਰਾਮ ਖਿਚੜੀ ਤਿਆਰ ਕਰ ਕੇ 'ਗਿੰਨੀਜ਼ ਵਰਲਡ ਰਿਕਾਰਡ' ਬਣਾਇਆ ਹੈ। ਸ਼ੈੱਫ ਸੰਜੀਵ ਕਪੂਰ ਦੀ ਅਗਵਾਈ ਵਿਚ 50 ਵਿਅਕਤੀਆਂ ਦੀ ਟੀਮ ਅਤੇ ਗੈਰ- ਸਰਕਾਰੀ ਸੰਗਠਨ ਅਕਸ਼ਿਆ ਪਾਤਰਾ ਨੇ ਰਾਤ ਭਰ ਇਸ ਲਈ ਤਿਆਰੀਆਂ ਕੀਤੀਆਂ ਅਤੇ ਯੋਗ ਗੁਰੂ ਰਾਮ ਦੇਵ ਨੇ ਇਸ ਨੂੰ ਤੜਕਾ ਲਾਇਆ।

ਜਾਣਕਾਰੀ ਮੁਤਾਬਕ ਇਕ ਵੱਡਅਕਾਰੀ ਕੜਾਹੀ ਵਿਚ ਇਹ ਖਿਚੜੀ ਭਾਫ ਨਾਲ ਬਣਾਈ ਗਈ ਜਿਸ ਦਾ ਭਾਰ ਲਗਭਗ 1200 ਕਿਲੋਗ੍ਰਾਮ ਸੀ। ਇਸ 'ਚੋਂ ਕੜਾਹੀ ਦਾ ਭਾਰ ਹੀ 343 ਕਿਲੋਗ੍ਰਾਮ ਸੀ। ਇਹ ਖਿਚੜੀ ਚੌਲ, ਦਾਲਾਂ ਤੇ ਸਬਜ਼ੀਆਂ ਦੀ ਵਰਤੋਂ ਨਾਲ ਤਿਆਰ ਕੀਤੀ ਗਈ।

ਗਿੰਨੀਜ਼ ਵਰਲਡ ਰਿਕਾਰਡ ਪ੍ਰੋਜੈਕਟ ਮੈਨੇਜਰ ਪਾਲਿਨਾ ਸੈਪਿਨਸਕਾ ਨੇ ਕਿਹਾ, "ਮੈਨੂੰ ਇਹ ਐਲਾਨ ਕਰ ਕੇ ਖੁਸ਼ੀ ਹੋ ਰਹੀ ਹੈ ਕਿ ਖਿਚੜੀ ਨੇ ਗਿੰਨੀਜ਼ ਵਰਲਡ ਟਾਈਟਲ ਜਿੱਤ ਲਿਆ ਹੈ।" ਇਕ ਵਿਸ਼ਵ ਰਿਕਾਰਡ ਸਥਾਪਤ ਕਰਨ ਲਈ ਘੱਟੋ-ਘੱਟ ਭਾਰ 500 ਕਿਲੋਗ੍ਰਾਮ ਸੀ। ਹਾਲਾਂਕਿ ਪੱਕਣ ਤੋਂ ਬਾਅਦ ਖਿਚੜੀ ਸ਼ੈੱਫ ਸੰਜੀਵ ਕਪੂਰ ਵੱਲੋਂ ਨਿਰਧਾਰਤ 800 ਕਿਲੋਗ੍ਰਾਮ ਦੇ ਟੀਚੇ ਤੋਂ ਵੱਧ ਤਿਆਰ ਹੋਈ। ਇਸ ਮੌਕੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ, ਫੂਡ ਪ੍ਰੋਸੈਸਿੰਗ ਬਾਰੇ ਰਾਜ ਮੰਤਰੀ ਸਾਧਵੀ ਨਿਰੰਜਨ ਜੋਤੀ, ਆਈ.ਟੀ.ਸੀ. ਦੇ ਸੀਈਓ ਸੰਜੀਵ ਪੁਰੀ ਤੇ ਅਕਸ਼ੈ ਪਾਤਰਾ ਫਾਊਂਡੇਸ਼ਨ ਦੇ ਅਧਿਕਾਰੀਆਂ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ।



## ਸ਼ਤਰੂਘਨ ਸਿਨਹਾ ਨੇ ਕੱਸੀ ਤਨਜ

**ਨਵੀਂ ਦਿੱਲੀ:** ਭਾਜਪਾ ਆਗੂ ਅਤੇ ਅਦਾਕਾਰ ਸ਼ਤਰੂਘਨ ਸਿਨਹਾ ਨੇ ਇਕ ਵਾਰ ਫਿਰ ਪਾਰਟੀ ਲਾਈਨ ਤੋਂ ਉਲਟ ਚਲਦਿਆਂ ਖਿਚੜੀ ਦੇ ਵਿਸ਼ਵ ਰਿਕਾਰਡ 'ਤੇ ਤਨਜ ਕੀਤਾ ਹੈ। ਭਾਜਪਾ ਨੇਤਾ ਨੇ ਕਿਹਾ ਕਿ ਉਹ ਇਸ ਵਿਸ਼ਵ ਰਿਕਾਰਡ ਤੋਂ ਕਾਫੀ ਖੁਸ਼ ਹਨ, ਪਰ ਇਸ ਨਾਲ ਕਦੋਂ ਤੱਕ ਕਿੰਨੇ ਗਰੀਬਾਂ ਨੂੰ ਖਾਣਾ ਖਵਾਇਆ ਜਾ ਸਕਦਾ ਹੈ।

# ਦਰਦ ਨਿਵਾਰਕ ਗੋਲੀਆਂ ਖੁਫੀਆ ਏਜੰਸੀਆਂ ਲਈ ਬਣੀ ਸਿਰਦਰਦੀ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਬਣੀ ਦਰਦ ਨਿਵਾਰਕ ਦਵਾਈ 'ਟਰੈਮਾਡੋਲ' ਨੇ ਭਾਰਤੀ ਅਤੇ ਅਮਰੀਕੀ ਜਾਂਚ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਤਾਲਵੀ ਪੁਲਿਸ ਨੇ ਆਪਣੀ ਬੰਦਰਗਾਹ 'ਤੇ 5 ਕਰੋੜ ਯੂਰੋ ਮੁੱਲ ਦੀਆਂ 2.4 ਕਰੋੜ ਗੋਲੀਆਂ ਬਰਾਮਦ ਕੀਤੀਆਂ ਹਨ ਜਦਕਿ ਅੰਮ੍ਰਿਤਸਰ ਤੋਂ ਇਹ ਗੋਲੀਆਂ ਦੁਬਈ ਆਧਾਰਿਤ ਕੰਪਨੀ ਲਈ ਭੇਜੀਆਂ ਗਈਆਂ ਸਨ।

ਸਮੁੰਦਰ ਵਿਚੋਂ ਇਹ ਦਵਾਈ ਇਸਲਾਮਿਕ ਸਟੇਟ ਦੇ ਜਹਾਦੀਆਂ ਕੋਲ ਖਾਣ ਅਤੇ ਅੱਗੇ ਵੇਚਣ ਲਈ ਪਹੁੰਚ ਜਾਣ ਦਾ ਖਦਸ਼ਾ ਜਤਾਇਆ ਗਿਆ ਹੈ। ਖੁਫ਼ੀਆ ਸੂਤਰਾਂ ਅਤੇ ਮੀਡੀਆ ਰਿਪੋਰਟਾਂ ਦਾ ਦਾਅਵਾ ਹੈ ਕਿ 'ਟਰੈਮਾਡੋਲ' ਦੀ ਮੰਗ ਜਹਾਦੀਆਂ ਵਿਚ ਕਿਤੇ ਵੱਧ ਹੈ ਕਿਉਂਕਿ ਦਰਦ ਅਤੇ ਥਕਾਣ ਦੂਰ ਕਰਨ ਲਈ ਉਹ ਇਸ ਨੂੰ 'ਫਾਇਟਰ ਡਰੱਗ' ਆਖਦੇ ਹਨ।


ਦਵਾਈ ਨੂੰ ਮਹਿੰਗੇ ਭਾਅ ਉਤੇ ਵੇਚ ਕੇ ਉਨ੍ਹਾਂ ਇਸ ਨੂੰ ਆਪਣੀ ਕਮਾਈ ਦਾ ਸਾਧਨ ਵੀ ਬਣਾਇਆ ਹੋਇਆ ਹੈ ਜਿਸ ਨਾਲ ਉਹ ਵਿਦੇਸ਼ਾਂ ਵਿਚ ਦਹਿਸ਼ਤੀ ਕਾਰਵਾਈਆਂ ਲਈ ਫੰਡ ਮੁਹੱਈਆ ਕਰਵਾਉਂਦੇ ਹਨ। ਚੰਡੀਗੜ੍ਹ ਦੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਨੂੰ ਕੇਂਦਰੀ ਏਜੰਸੀਆਂ ਨੇ ਚੌਕਸ ਕਰ ਦਿੱਤਾ ਹੈ ਤਾਂ ਜੋ ਉਹ ਗੋਲੀਆਂ ਬਣਾਉਣ ਵਾਲੀਆਂ ਅੰਮ੍ਰਿਤਸਰ ਆਧਾਰਿਤ ਦੋ ਕੰਪਨੀਆਂ ਦੀ ਪੜਤਾਲ ਕਰੇ। ਕੰਪਨੀਆਂ ਨੇ ਹੁਣੇ ਜਿਹੇ ਦਵਾਈ ਦੀਆਂ ਦੋ ਖੇਪਾਂ ਦੁਬਈ ਭਿਜਵਾਈਆਂ ਸਨ ਪਰ ਸ਼ੱਕ ਕੀਤਾ ਜਾ ਰਿਹਾ ਹੈ ਕਿ ਇਹ ਰਾਹ ਵਿਚੋਂ ਹੀ ਕਿਤੇ ਹੋਰ ਪਹੁੰਚ ਗਈਆਂ। ਸੂਤਰਾਂ ਨੇ ਦੱਸਿਆ ਕਿ ਜਾਂਚ ਏਜੰਸੀਆਂ ਦੇ ਦਖਲ ਮਗਰੋਂ ਇਕ ਕੰਪਨੀ ਦੀ ਤੀਜੀ ਖੇਪ ਨੂੰ ਭਾਰਤੀ ਕਸਟਮਜ਼ ਵਿਭਾਗ ਨੇ ਰੋਕ ਲਿਆ ਅਤੇ ਉਸ ਦੇ ਬਰਾਮਦਗੀ ਆਰਡਰ ਦੀ ਪੜਤਾਲ ਹੋ ਰਹੀ ਹੈ।

ਅੰਮ੍ਰਿਤਸਰ 'ਚ ਟਰੈਮਾਡੋਲ ਬਣਾਉਣ ਵਾਲੀਆਂ ਕੰਪਨੀਆਂ ਵਿਵਾਦਾਂ ਵਿਚ ਰਹੀਆਂ ਹਨ। ਸੂਬਾ ਡਰੱਗ ਕੰਟਰੋਲਰ ਨੇ ਪਿਛਲੇ ਸਾਲ ਐਨ.ਸੀ.ਬੀ. ਦੇ ਨਿਰਦੇਸ਼ਾਂ 'ਤੇ ਸੱਤ ਕੰਪਨੀਆਂ ਦੇ ਲਾਇਸੈਂਸ ਮੁਅੱਤਲ ਕਰ ਦਿੱਤੇ ਸਨ। ਫਿਰ ਵੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਗੈਰ ਕਾਨੂੰਨੀ ਢੰਗ ਨਾਲ ਦਵਾਈਆਂ ਬਣਾਉਣ ਅਤੇ ਉਨ੍ਹਾਂ ਦੀ ਵੰਡ ਦੀਆਂ ਰਿਪੋਰਟਾਂ ਮਿਲੀਆਂ ਸਨ।

# ਨਿਊ ਯਾਰਕ ਵਿਚ ਸਾਈਕਲ ਟਰੈਕ ਉਤੇ ਟਰੱਕ ਚਾੜ੍ਹਿਆ, 8 ਮੌਤਾਂ

**ਨਿਊ ਯਾਰਕ:** ਵਰਲਡ ਟਰੇਡ ਸੈਂਟਰ ਨੇੜੇ ਭੀੜ-ਭੜੱਕੇ ਵਾਲੇ ਸਾਈਕਲ ਟਰੈਕ ਉਤੇ ਉਜ਼ਬੇਕ ਵਿਅਕਤੀ ਨੇ 'ਅੱਲਾ-ਹੂ-ਅਕਬਰ' ਦੇ ਨਆਰੇ ਲਾਉਂਦਿਆਂ ਪਿਕਅੱਪ ਟਰੱਕ ਚਾੜ੍ਹ ਦਿੱਤਾ, ਜਿਸ ਕਾਰਨ ਅੱਠ ਵਿਅਕਤੀ ਦਰੜੇ ਗਏ ਅਤੇ 11 ਜਣੇ ਫੱਟੜ ਹੋਏ ਹਨ। ਇਕ ਪੁਲਿਸ ਅਫਸਰ ਨੇ ਘਟਨਾ-ਸਥਾਨ ਤੋਂ ਅੱਧਾ ਕਿਲੋਮੀਟਰ ਦੂਰ ਇਸ ਹਮਲਾਵਰ ਨੂੰ ਪੇਟ ਵਿਚ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਫਿਰ ਉਸ ਨੂੰ ਕਾਬੂ ਕਰ ਲਿਆ। ਉਹ ਉਜ਼ਬੇਕ ਪਰਵਾਸੀ ਹੈ ਜੋ ਕਿ 2010 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ।

ਆਈ.ਐਸ. ਤੋਂ ਪ੍ਰੇਰਿਤ ਇਸ ਹਮਲੇ ਨੂੰ 9/11 ਬਾਅਦ ਇਸ ਸ਼ਹਿਰ 'ਚ ਸਭ ਤੋਂ ਮਾਰੂ ਅਤਿਵਾਦੀ ਹਮਲਾ ਕਰਾਰ ਦਿੱਤਾ ਗਿਆ ਹੈ। ਮੀਡੀਆ ਮੁਤਾਬਕ ਇਸ ਉਜ਼ਬੇਕ ਵਿਅਕਤੀ ਦਾ ਨਾਂ ਸੈਫੁੱਲਾ ਹਬੀਬੁਲਾਵਿਚ ਸਾਇਪੋਵ ਹੈ, ਜੋ ਪਰਵਾਸੀ ਹੈ ਤੇ 2010 ਵਿਚ ਕਾਨੂੰਨੀ ਤੌਰ ਉਤੇ ਅਮਰੀਕਾ ਆਇਆ ਸੀ। ਪੈਦਲ ਤੇ ਸਾਈਕਲ ਟਰੈਕ ਵਿਚ ਦਾਖਲ ਹੋਣ ਬਾਅਦ ਹਮਲਾਵਰ ਨੇ ਟਰੱਕ ਦੱਖਣ ਵੱਲ ਦੌੜਾ ਦਿੱਤਾ ਅਤੇ ਉਹ ਅੱਧਾ ਕਿਲੋਮੀਟਰ ਤੱਕ ਅੱਗੇ ਆਉਣ ਵਾਲੇ ਲੋਕਾਂ ਨੂੰ ਦਰੜਦਾ ਗਿਆ।




ਨਿਊ ਯਾਰਕ ਪੁਲਿਸ ਵਿਭਾਗ ਮੁਤਾਬਕ ਸਕੂਲ ਬੱਸ ਵਿਚ ਟੱਕਰ ਮਾਰਨ ਪਿਛੋਂ ਇਹ ਸ਼ੱਕੀ ਟਰੱਕ ਵਿਚੋਂ ਬਾਹਰ ਨਿਕਲਿਆ ਅਤੇ ਹਥਿਆਰ ਹੋਣ ਦਾ ਸਵਾਂਗ ਰਚਾਉਣ ਲੱਗਾ। ਇਸ ਬਾਅਦ ਪੁਲਿਸ ਅਧਿਕਾਰੀ ਨੇ ਉਸ ਨੂੰ ਗੋਲੀ ਮਾਰ ਦਿੱਤੀ। ਟਰੱਕ ਵਿਚੋਂ ਇਕ ਅੰਗਰੇਜ਼ੀ ਵਿਚ ਲਿਖਿਆ ਪੱਤਰ ਮਿਲਿਆ ਹੈ, ਜਿਸ 'ਚ ਇਸਲਾਮਿਕ ਸਟੇਟ ਦਾ ਜ਼ਿਕਰ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਸਾਨੂੰ ਆਈ.ਐਸ. ਨੂੰ ਪਰਤਣ ਦੀ ਆਗਿਆ ਨਹੀਂ ਦੇਣੀ ਚਾਹੀਦੀ।

## ਵਾਲਮਾਰਟ ਵਿਚ ਗੋਲੀਬਾਰੀ, ਤਿੰਨ ਮਰੇ

**ਡੈਨਵਰ:** ਕੋਲਰਾਡੋ ਸੂਬੇ ਵਿਚ ਡੈਨਵਰ ਸ਼ਹਿਰ ਦੇ ਉਪ ਸ਼ਹਿਰੀ ਇਲਾਕੇ ਵਿਚ ਸਥਿਤ ਵਾਲਮਾਰਟ ਸਟੋਰ ਅੰਦਰ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ ਤਿੰਨ ਵਿਅਕਤੀ ਮਾਰੇ ਗਏ। ਪੁਲਿਸ ਅਨੁਸਾਰ ਗੋਲੀਬਾਰੀ ਵਿਚ ਦੋ ਵਿਅਕਤੀ ਮਾਰੇ ਗਏ ਹਨ। ਇਕ ਔਰਤ ਜਿਹੜੀ ਗੋਲੀਬਾਰੀ ਵਿਚ ਜ਼ਖ਼ਮੀ ਹੋ ਗਈ ਸੀ, ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ।

## ਕੈਨੇਡਾ ਵਿਚ ਹਾਦਸੇ ਦੌਰਾਨ ਦੋ ਪੰਜਾਬੀਆਂ ਦੀ ਮੌਤ

**ਓਨਟਾਰੀਓ:** ਅਪਸਾਲਾ ਦੇ ਬੰਡਰ ਬੇਅ ਵਿਚਕਾਰ ਹਾਈਵੇਅ-17 ਉਤੇ ਦੋ ਟਰੱਕਾਂ ਵਿਚਾਲੇ ਟੱਕਰ ਕਾਰਨ ਦੋ ਪੰਜਾਬੀ ਨੌਜਵਾਨਾਂ ਸੁਖਬੀਰ ਸਿੰਘ ਅਤੇ ਅੰਮ੍ਰਿਤ ਸਿੰਘ ਦੀ ਮੌਤ ਹੋ ਗਈ। ਸੁਖਬੀਰ ਸਿੰਘ ਵਿਨੀਪੈਗ ਦਾ ਰਹਿਣ ਵਾਲਾ ਸੀ ਅਤੇ ਮੂਲ ਰੂਪ ਵਿਚ ਮੋਗਾ ਜ਼ਿਲ੍ਹੇ ਨਾਲ ਸਬੰਧਤ ਸੀ। ਉਹ ਤਕਰੀਬਨ ਸਾਢੇ ਤਿੰਨ ਸਾਲ ਪਹਿਲਾਂ ਕੈਨੇਡਾ ਆਇਆ ਸੀ।

ਸੁਖਬੀਰ ਸਿੰਘ ਦਾ ਇਕ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ 15 ਦਿਨ ਪਹਿਲਾਂ ਹੀ ਉਸ ਦੇ ਘਰ ਬੇਟੇ ਨੇ ਜਨਮ ਲਿਆ ਸੀ। ਦੂਜਾ ਪੰਜਾਬੀ ਅੰਮ੍ਰਿਤ ਸਿੰਘ ਕੈਲਗਰੀ ਦਾ ਰਹਿਣ ਵਾਲਾ ਸੀ। ਉਸ ਦਾ ਪਿੰਡ ਫੁਲਾਂਵਾਲ ਲੁਧਿਆਣਾ ਕੋਲ ਹੈ। ਦੋਵੇਂ ਆਪਣੇ ਮਾਪਿਆਂ ਦੇ ਇਕੱਲੇ-ਇਕੱਲੇ ਪੁੱਤ ਸਨ।

# ਅਮਰੀਕਾ ਵਿਚ ਸਿੱਖ ਮੁੰਡੇ ਨੂੰ ਜਮਾਤੀ ਨੇ ਕੁੱਟਿਆ

**ਕੈਂਟ, ਵਾਸ਼ਿੰਗਟਨ:** ਸਥਾਨਕ ਕੈਂਟਰਿੱਜ ਹਾਈ ਸਕੂਲ ਵਿਚ 14 ਵਰ੍ਹਿਆਂ ਦੇ ਸਿੱਖ ਮੁੰਡੇ ਨੂੰ ਜਮਾਤੀ ਵੱਲੋਂ ਕੁੱਟੇ ਜਾਣ ਪਿਛੋਂ ਸਿੱਖਾਂ ਵਿਚ ਨਾਰਾਜ਼ਗੀ ਹੈ। ਪਰਿਵਾਰ ਦਾ ਦਾਅਵਾ ਹੈ ਕਿ ਇਹ ਨਸਲੀ ਹਮਲੇ ਦਾ ਮਾਮਲਾ ਹੈ। ਪਿਤਾ ਦਾਅਵਾ ਕਰ ਰਿਹਾ ਹੈ ਕਿ ਭਾਰਤੀ ਮੂਲ ਦਾ ਹੋਣ ਕਰ ਕੇ ਉਸ ਦੇ ਪੁੱਤਰ ਨੂੰ ਨਿਸ਼ਾਨਾ ਬਣਾਇਆ ਗਿਆ। 'ਦਿ ਨਿਊ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਮੁੰਡੇ ਨੇ ਪਟਕਾ ਬੰਨ੍ਹਿਆ ਹੋਇਆ ਸੀ ਅਤੇ ਉਸ ਨੂੰ ਪਿਛਲੇ ਹਫਤੇ ਸਕੂਲ ਦੇ ਬਾਹਰ ਕੁੱਟਿਆ ਗਿਆ।

ਕਿਸੇ ਨੇ ਇਸ ਦੀ ਵੀਡੀਓ ਬਣਾ ਲਈ ਅਤੇ ਉਸ ਨੂੰ ਸਨੈਪਚੈਟ 'ਤੇ ਪਾ ਦਿੱਤਾ। ਕਲਿੱਪ ਵਿਚ ਵਿਖਾਈ ਦਿੰਦਾ ਹੈ ਕਿ ਜਮਾਤੀ ਉਸ ਦੇ ਪਿਛਿਓਂ ਆਉਂਦਾ ਹੈ ਅਤੇ ਅਚਾਨਕ ਹੀ ਮੁੱਕੇ ਮਾਰ ਕੇ ਉਸ ਨੂੰ ਹੇਠਾਂ ਡੇਗ ਲੈਂਦਾ ਹੈ। ਰਿਪੋਰਟ ਮੁਤਾਬਕ ਉਸ ਨੂੰ ਕਈ ਹੋਰ ਮੁੱਕੇ ਮਾਰੇ ਗਏ ਅਤੇ ਉਹ ਆਪਣਾ ਸਿਰ ਬਚਾਉਂਦਾ ਹੋਇਆ ਬੈਠੇ-ਬੈਠੇ ਹੀ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਉਂਜ ਸਕੂਲ ਨੇ ਕਿਹਾ ਹੈ ਕਿ ਇਹ ਨਫਰਤੀ ਜੁਰਮ ਦਾ ਮਾਮਲਾ ਨਹੀਂ ਹੈ ਪਰ ਆਨਲਾਈਨ ਇਹ ਮਾਮਲਾ ਭਖ ਗਿਆ ਹੈ।



ਸਕੂਲ ਦਾ ਦਾਅਵਾ ਹੈ ਕਿ ਜਮਾਤ ਵਿਚ ਹੋਏ ਝਗੜੇ ਤੋਂ ਬਾਅਦ ਇਹ ਘਟਨਾ ਵਾਪਰੀ ਹੈ। ਸਿੱਖ ਮੁੰਡੇ ਦੇ ਪਿਤਾ ਨੇ ਕਿਹਾ ਕਿ ਉਸ ਦਾ ਪੁੱਤਰ ਹਮਲਾ ਕਰਨ ਵਾਲੇ ਮੁੰਡੇ ਨੂੰ ਨਹੀਂ ਜਾਣਦਾ ਅਤੇ ਨਾ ਹੀ ਉਸ ਨੇ ਕਦੇ ਗੱਲ ਕੀਤੀ ਹੈ। ਸਕੂਲ ਦੇ ਡਾਇਰੈਕਟਰ ਕਮਿਊਨਿਕੇਸ਼ਨਜ਼ ਕ੍ਰਿਸ ਲੋਫਟਿਸ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਨੇ ਹਮਲਾ ਕੀਤਾ ਅਤੇ ਜਿਸ ਨੇ ਵੀਡੀਓ ਬਣਾਈ, ਦੋਹਾਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ।

## ਸੁਸ਼ਮਾ ਸਵਰਾਜ ਵੱਲੋਂ ਮਦਦ ਦਾ ਭਰੋਸਾ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਭਰੋਸਾ ਦਿਵਾਇਆ ਹੈ ਕਿ ਵਾਸ਼ਿੰਗਟਨ 'ਚ ਕੁੱਟਮਾਰ ਦਾ ਸ਼ਿਕਾਰ ਹੋਏ ਸਿੱਖ ਲੜਕੇ ਦੇ ਪਰਿਵਾਰ ਦੀ ਪੂਰੀ ਮਦਦ ਕੀਤੀ ਜਾਵੇਗੀ। ਵਿਦੇਸ਼ ਮੰਤਰੀ ਨੇ ਕਿਹਾ, ਸਾਨੂੰ ਸੈਨ ਫਰਾਂਸਿਸਕੋ ਸਥਿਤ ਕੌਂਸਲੇਟ ਤੋਂ ਘਟਨਾ ਦੀ ਰਿਪੋਰਟ ਮਿਲ ਗਈ ਹੈ। ਸਾਡੇ ਕੌਂਸਲੇਟ ਭਾਈਚਾਰੇ ਦੇ ਆਗੂਆਂ ਤੇ ਸਕੂਲ ਅਧਿਕਾਰੀਆਂ ਦੇ ਸੰਪਰਕ ਵਿਚ ਹਨ। ਪੀੜਤ ਪਰਿਵਾਰ ਦੀ ਹਰ ਤਰ੍ਹਾਂ ਦੀ ਮਦਦ ਮੁਹੱਈਆ ਕਰਾਈ ਜਾਵੇਗੀ।

# ਹੁਣ ਸਿਰਫ 999 ਰੁਪਏ ਵਿਚ ਲਵੋ ਹਵਾਈ ਜਹਾਜ਼ ਦੇ ਝੂਟੇ

**ਨਵੀਂ ਦਿੱਲੀ:** ਘਰੇਲੂ ਪੱਧਰ ਉਤੇ ਹਵਾਈ ਸੇਵਾਵਾਂ ਦੇਣ ਵਾਲੀ ਕੰਪਨ ਇੰਡੀਗੋ ਖੇਤਰੀ ਮਾਰਕਿਟ 'ਤੇ ਆਪਣੀ ਪਕੜ ਮਜ਼ਬੂਤ ਕਰਨ ਜਾ ਰਹੀ ਹੈ। ਇਸ ਲਈ ਕੰਪਨੀ ਨੇ ਛੋਟੇ ਜਹਾਜ਼ ਏ.ਟੀ.ਆਰ. ਨੂੰ ਆਪਣੀਆਂ ਸੇਵਾਵਾਂ ਲਈ ਜੋੜਿਆ ਹੈ। ਇੰਡੀਗੋ ਇਸ ਜਹਾਜ਼ ਨਾਲ 21 ਦਸੰਬਰ ਤੋਂ ਕਈ ਖੇਤਰੀ ਰੂਟਾਂ ਉਤੇ ਹਵਾਈ ਉਡਾਣਾਂ ਸ਼ੁਰੂ ਕਰਨ ਜਾ ਰਹੀ ਹੈ। ਕਈ ਰੂਟਾਂ 'ਤੇ ਤਾਂ ਟਿਕਟ 1000 ਰੁਪਏ ਤੋਂ ਵੀ ਘੱਟ ਹੈ। ਇੰਡੀਗੋ ਨੇ ਇਸ ਸੇਵਾ ਤਹਿਤ ਦੇਸ਼ ਭਰ 'ਚ 24 ਉਡਾਣਾਂ ਸ਼ੁਰੂ ਕੀਤੀਆਂ ਹਨ।

ਇੰਡੀਗੋ ਵੱਲੋਂ ਜਾਣਕਾਰੀ ਮੁਤਾਬਕ ਜੇਕਰ ਤੁਸੀਂ ਰਾਜਾ ਮੁੰਦਰੀ ਤੋਂ ਹੈਦਰਾਬਾਦ ਲਈ 16 ਜਨਵਰੀ, 2018 ਦਾ ਟਿਕਟ ਹੁਣ ਬੁੱਕ ਕਰਵਾਉਂਦੇ ਹੋ ਤਾਂ ਇਹ ਸਿਰਫ 999 ਰੁਪਏ ਦਾ ਪਵੇਗਾ। ਇਸ ਰੂਟ 'ਤੇ ਦੋ ਉਡਾਣਾਂ ਹਨ। ਪਹਿਲੀ ਦੁਪਹਿਰ 12.50 ਵਜੇ ਤੇ ਦੂਜੀ ਸ਼ਾਮ 8.10 ਉਤੇ ਹੈ। ਰਾਜਾ ਮੁੰਦਰੀ ਤੋਂ ਚੇਨੱਈ ਲਈ 16 ਜਨਵਰੀ ਦਾ ਟਿਕਟ 1499 ਰੁਪਏ ਵਿਚ, ਤਿਰੁਪਤੀ ਤੋਂ ਹੈਦਰਾਬਾਦ ਤੇ ਬੰਗਲੁਰੂ ਲਈ 9 ਜਨਵਰੀ ਦਾ ਟਿਕਟ ਵੀ 1499 ਰੁਪਏ 'ਚ, ਨਾਗਪੁਰ ਤੋਂ ਹੈਦਰਾਬਾਦ ਲਈ 21 ਦਸੰਬਰ ਦਾ ਟਿਕਟ 1999 ਰੁਪਏ ਤੇ 21 ਦਸੰਬਰ ਲਈ ਚੇਨੱਈ ਤੋਂ ਮੰਗਲੋਰ ਦਾ ਟਿਕਟ 1499 ਰੁਪਏ ਵਿਚ ਦਿੱਤਾ ਜਾ ਰਿਹਾ ਹੈ।




## ਫੇਸਬੁੱਕ ਦੇ 27 ਕਰੋੜ ਅਕਾਊਂਟ ਜਾਅਲੀ

**ਲੰਡਨ:** ਸੋਸ਼ਲ ਮੀਡੀਆ ਦੇ ਦਿੱਗਜ ਫੇਸਬੁੱਕ ਨੇ ਮੰਨਿਆ ਹੈ ਕਿ ਉਸ ਦੇ 27 ਕਰੋੜ ਅਕਾਊਂਟ ਜਾਂ ਤਾਂ ਫਰਜ਼ੀ ਹਨ ਜਾਂ ਉਨ੍ਹਾਂ ਨੂੰ ਨਕਲੀ ਨਾਂ ਨਾਲ ਚਲਾਇਆ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਚੋਣ ਨੂੰ ਪ੍ਰਭਾਵਿਤ ਕਰਨ ਵਿਚ ਰੂਸੀ ਖਾਤਿਆਂ ਦੀ ਭੂਮਿਕਾ ਸਬੰਧੀ ਫੇਸਬੁੱਕ ਨੂੰ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫੇਸਬੁੱਕ ਨੇ ਇਸ ਹਫਤੇ ਤੀਸਰੀ ਤਿਮਾਹੀ ਵਿਚ ਹੋਈ ਕਮਾਈ ਦੇ ਅੰਕੜੇ ਜਾਰੀ ਕਰਦੇ ਹੋਏ ਦੱਸਿਆ ਕਿ ਉਸ ਦੇ ਪਲੇਟਫਾਰਮ 'ਤੇ ਮੌਜੂਦ ਫਰਜ਼ੀ ਜਾਂ ਨਕਲੀ ਅਕਾਊਂਟ ਉਸ ਦੇ ਸਾਬਕਾ ਅੰਦਾਜ਼ੇ ਤੋਂ ਲੱਖਾਂ ਜ਼ਿਆਦਾ ਹਨ।



ਬ੍ਰਿਟਿਸ਼ ਮੀਡੀਆ ਦੀ ਇਕ ਰਿਪੋਰਟ ਵਿਚ ਫੇਸਬੁੱਕ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਾਲ 2017 ਦੀ ਤੀਸਰੀ ਤਿਮਾਹੀ ਵਿਚ ਉਸ ਦੇ 2.1 ਅਰਬ ਅਕਾਊਂਟ ਵਿਚੋਂ ਦੋ ਤੋਂ ਤਿੰਨ ਫੀਸਦੀ ਫਰਜ਼ੀ ਸਨ ਜਦਕਿ 10 ਫੀਸਦੀ ਅਕਾਊਂਟ ਵਾਸਤਵਿਕ ਯੂਜ਼ਰਾਂ ਦੇ ਹੀ ਨਕਲੀ ਅਕਾਊਂਟ ਸਨ।

# ਨਿਊ ਜਰਸੀ ਤੋਂ ਮੇਅਰ ਲਈ ਸਿੱਖ ਉਮੀਦਵਾਰ ਨੂੰ ਦੱਸਿਆ ਅਤਿਵਾਦੀ

**ਨਿਊ ਜਰਸੀ:** ਅਮਰੀਕਾ ਦੇ ਨਿਊ ਜਰਸੀ ਵਿਚ ਮੇਅਰ ਦੀਆਂ ਚੋਣਾਂ ਲਈ ਖੜ੍ਹੇ ਸਿੱਖ ਉਮੀਦਵਾਰ ਨੂੰ ਅਤਿਵਾਦੀ ਕਿਹਾ ਗਿਆ ਹੈ। ਨਿਊ ਯਾਰਕ ਡੇਅਲੀ ਨਿਊਜ਼ ਨੇ ਦੱਸਿਆ ਕਿ ਕਿਸੇ ਸ਼ਰਾਰਤੀ ਅਨਸਰ ਨੇ ਝੰਡੀ 'ਤੇ ਅਤਿਵਾਦੀ ਲਿਖ ਕੇ ਹੋਬੋਕੇਨ ਦੇ ਮੇਅਰ ਦੀਆਂ ਚੋਣਾਂ 'ਚ ਖੜ੍ਹੇ ਸਿੱਖ ਉਮੀਦਵਾਰ ਰਵਿੰਦਰ ਭੱਲਾ ਦੀ ਕਾਰ ਦੇ ਸ਼ੀਸ਼ੇ ਉਤੇ ਲਗਾ ਦਿੱਤੀ।



ਇਸ ਝੰਡੀ 'ਤੇ ਲਾਲ ਅੱਖਰਾਂ ਵਿਚ ਲਿਖਿਆ ਗਿਆ, 'ਅਤਿਵਾਦ ਨੂੰ ਸ਼ਹਿਰ 'ਤੇ ਹਾਵੀ ਨਾ ਹੋਣ ਦਿਓ।' ਰਿਪੋਰਟ ਅਨੁਸਾਰ ਇਹ ਪਰਚੇ ਉਸ ਪੋਸਟ ਕਾਰਡ ਦਾ ਸੋਧਿਆ ਹੋਇਆ ਰੂਪ ਲੱਗਦੇ ਹਨ ਜੋ ਮੇਅਰ ਦੇ ਅਹੁਦੇ ਲਈ ਇਕ ਹੋਰ ਉਮੀਦਵਾਰ ਮਾਈ ਡੀਫਿਊਜ਼ਕੋ ਵੱਲੋਂ ਲੋਕਾਂ ਨੂੰ ਭੇਜੇ ਗਏ ਸਨ। ਅਸਲ ਪਰਚੇ 'ਚ ਸ੍ਰੀ ਭੱਲਾ ਨੂੰ ਹਿੱਤਾਂ ਦੇ ਟਕਰਾਅ ਦਾ ਦੋਸ਼ੀ ਦੱਸਿਆ ਗਿਆ ਸੀ।

ਨਿਊ ਜਰਸੀ ਦੇ ਅਧਿਕਾਰੀਆਂ ਨੇ ਸਿੱਖ ਸਿਆਸਤਦਾਨ ਨੂੰ ਅਤਿਵਾਦੀ ਕਹਿਣ ਵਾਲੀ ਇਸ ਘਟਨਾ ਦੀ ਨਿੰਦਾ ਕੀਤੀ ਹੈ। ਡੀਫਿਊਜ਼ਕੋ ਨੇ ਵੀ ਘਟਨਾ ਦੀ ਨਿੰਦਾ ਕਰਦਿਆਂ ਬਿਆਨ ਜਾਰੀ ਕੀਤਾ ਸੀ। ਸ੍ਰੀ ਭੱਲਾ ਨੇ ਇਸ ਮੌਕੇ ਕਿਹਾ ਕਿ ਉਹ ਹੋਬੋਕੇਨ 'ਚ ਨਫਰਤ ਨੂੰ ਨਹੀਂ ਜਿੱਤਣ ਦੇਣਗੇ। ਸੈਨੇਟਰ ਕੋਰੀ ਬੁਕਰ ਨੇ ਆਪਣੇ ਟਵਿਟਰ ਅਕਾਊਂਟ 'ਤੇ ਝੰਡੀ ਦੀ ਫੋਟੋ ਪਾ ਕੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਇਸ ਘਟਨਾ ਨੂੰ ਹੇਠਲੇ ਪੱਧਰ ਦੀ ਤੇ ਨਫਰਤ ਭਰੀ ਦੱਸਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੀ ਨਫਰਤੀ ਕਾਰਵਾਈ ਦੀ ਆਲੋਚਨਾ ਕਰਨੀ ਚਾਹੀਦੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 11 ਨਵੰਬਰ 2017*

## ਸਾਹੋ-ਸਾਹ ਹੋਇਆ ਪੰਜਾਬ

ਪੰਜਾਬ ਵਿਚ ਇਨ੍ਹੀਂ ਦਿਨੀਂ ਸੜਕ ਹਾਦਸਿਆਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਗਈ ਹੈ। ਮੁੱਖ ਕਾਰਨ ਇਹ ਗਿਣਿਆ ਜਾ ਰਿਹਾ ਹੈ ਕਿ ਧੁੰਦ ਤੇ ਧੁਆਂਖ ਕਾਰਨ ਸੜਕਾਂ ਉਤੇ ਦਿਸਦਾ ਕੁਝ ਨਹੀਂ ਅਤੇ ਤੇਜ਼ ਰਫਤਾਰ ਵਾਹਨ ਇਕ ਦੂਜੇ ਨਾਲ ਟਕਰਾ ਰਹੇ ਹਨ। ਸੜਕਾਂ ਅਤੇ ਆਲੇ-ਦੁਆਲੇ ਅੰਦਰ ਇਹ ਧੁੰਦ, ਧੂੰਆਂ ਤੇ ਧੁਆਂਖ ਕੋਈ ਇਕ ਦਿਨ ਵਿਚ ਨਹੀਂ ਉਤਰੀ। ਇਹ ਤਾਂ ਚਿਰਾਂ ਤੋਂ ਦਰਪੇਸ਼ ਪ੍ਰਦੂਸ਼ਣ ਦਾ ਵਿਕਰਾਲ ਰੂਪ ਸਾਹਮਣੇ ਆ ਰਿਹਾ ਹੈ। ਪ੍ਰਦੂਸ਼ਣ ਦੀ ਮਾਰ ਇਕੱਲਾ ਪੰਜਾਬ ਜਾਂ ਇਸ ਦਾ ਕੋਈ ਖਾਸ ਖਿੱਤਾ ਨਹੀਂ ਸਹਿ ਰਿਹਾ, ਸਗੋਂ ਸਮੁੱਚਾ ਮੁਲਕ ਪਿਛਲੇ ਕੁਝ ਸਮੇਂ ਤੋਂ ਇਹ ਮਾਰ ਸਹਿ ਰਿਹਾ ਹੈ। ਲੋਕਾਂ ਦਾ ਰਹਿਣ-ਸਹਿਣ ਹੀ ਕੁਝ ਅਜਿਹਾ ਹੋ ਗਿਆ ਹੈ ਕਿ ਆਲੇ-ਦੁਆਲੇ ਵਿਚ ਕਾਲਖ ਹਰ ਸਮੇਂ ਮੌਜੂਦ ਰਹਿੰਦੀ ਹੈ। ਸਿਆਲਾਂ ਦੀ ਆਮਦ ਦੇ ਦਿਨਾਂ ਦੌਰਾਨ ਇਸ ਕਾਲਖ ਦੀ ਮਿਕਦਾਰ ਅਚਨਚੇਤ ਵਧ ਜਾਂਦੀ ਹੈ। ਮੀਂਹ ਨਾ ਪੈਣ ਕਾਰਨ ਹਰ ਪਾਸਿਓਂ ਗਰਦ ਉਠਣੀ, ਪਰਾਲੀ ਸਾੜਨ ਤੋਂ ਉਪਜਿਆ ਧੂੰਆਂ, ਮੋਟਰ ਗੱਡੀਆਂ ਦਾ ਧੂੰਆਂ, ਫੈਕਟਰੀਆਂ ਦਾ ਧੂੰਆਂ ਅਤੇ ਉਸਾਰੀ ਦੇ ਕੰਮ ਵਿਚ ਆਈ ਤੇਜ਼ੀ ਕਾਰਨ ਉਡਦੀ ਇੱਟਾਂ ਤੇ ਸੀਮਿੰਟ ਦੀ ਗਰਦ ਆਲੇ-ਦੁਆਲੇ ਨੂੰ ਗੈਸ ਚੈਂਬਰ ਵਿਚ ਬਦਲ ਰਹੀ ਹੈ। ਸਿਤਮਜ਼ਰੀਫੀ ਇਹ ਹੈ ਕਿ ਇਸ ਦੇ ਹੱਲ ਲਈ ਅਜੇ ਕੋਈ ਵੀ ਅਹੁਲ ਜਾਂ ਬਹੁੜ ਨਹੀਂ ਰਿਹਾ। ਹਵਾ ਅਤੇ ਪਾਣੀ ਵਿਚ ਪ੍ਰਦੂਸ਼ਣ ਇਸ ਹੱਦ ਤੱਕ ਫੈਲ ਗਿਆ ਹੈ ਕਿ ਵੱਡੀ ਗਿਣਤੀ ਵਿਚ ਲੋਕ ਬਿਮਾਰੀਆਂ ਦੀ ਜਕੜ ਵਿਚ ਆ ਰਹੇ ਹਨ। ਹੁਣੇ ਹੁਣੇ ਦੀਵਾਲੀ ਦਾ ਤਿਉਹਾਰ ਲੰਘ ਕੇ ਗਿਆ ਹੈ। ਦੀਵਾਲੀ ਮੌਕੇ ਪਟਾਕਿਆਂ ਕਾਰਨ ਫੈਲਦੇ ਪ੍ਰਦੂਸ਼ਣ ਦੀ ਰੋਕਥਾਮ ਵਾਸਤੇ ਕੁਝ ਸਮਾਜ-ਸੇਵੀਆਂ ਨੇ ਅਦਾਲਤ ਤੱਕ ਪਹੁੰਚ ਕੀਤੀ ਤਾਂ ਕਿ ਇਸ ਵਿਰਾਟ ਸਮੱਸਿਆ ਤੋਂ ਕੁਝ ਨਿਜਾਤ ਹਾਸਲ ਕੀਤੀ ਜਾ ਸਕੇ। ਤੱਥ ਬੋਲਦੇ ਹਨ ਕਿ ਇਸ ਤਿਉਹਾਰ ਦੇ ਦਿਨਾਂ ਦੌਰਾਨ ਪ੍ਰਦੂਸ਼ਣ ਦੀ ਮਾਰ ਕਿੰਨੀ ਵਧ ਜਾਂਦੀ ਹੈ; ਪਰ ਸਰਕਾਰ, ਖਾਸ ਕਰ ਕੇ ਕੇਂਦਰ ਸਰਕਾਰ ਨੇ ਇਸ ਪਾਸੇ ਮਦਦ ਤਾਂ ਕੀ ਕਰਨੀ ਸੀ, ਸਗੋਂ ਇਸ ਮਸਲੇ ਨੂੰ ਧਾਰਮਿਕ ਰੰਗਤ ਦੇ ਕੇ ਅੜਿੱਕੇ ਡਾਹੁਣ ਦਾ ਹੀ ਯਤਨ ਕੀਤਾ। ਸਰਕਾਰ ਦੇ ਨੁਮਾਇੰਦੇ ਨੇ ਸੁਪਰੀਮ ਕੋਰਟ ਵਿਚ ਆਪਣਾ ਪੱਖ ਰੱਖਦਿਆਂ ਬਾਕਾਇਦਾ ਕਿਹਾ ਕਿ ਇਸ ਤਿਉਹਾਰ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਇਸ ਲਈ ਪਟਾਕਿਆਂ ਉਤੇ ਪਾਬੰਦੀ ਇਨ੍ਹਾਂ ਲੋਕਾਂ ਨਾਲ ਜ਼ਿਆਦਤੀ ਹੋਵੇਗੀ। ਜ਼ਾਹਰ ਹੈ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਪ੍ਰਦੂਸ਼ਣ ਤੋਂ ਆਮ ਲੋਕਾਂ ਨੂੰ ਨਿਜਾਤ ਦੇਣ ਦੀ ਥਾਂ ਧਾਰਮਿਕ ਭਾਵਨਾਵਾਂ ਨੂੰ ਵਧੇਰੇ ਪਹਿਲ ਦਿੱਤੀ। ਇਸ ਪ੍ਰਦੂਸ਼ਣ ਕਾਰਨ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੀਵਾਲੀ ਵਾਲੀ ਰਾਤ ਸਿਰਫ ਤਿੰਨ ਘੰਟੇ ਪਟਾਕੇ ਚਲਾਉਣ ਦੀ ਆਗਿਆ ਦਿੱਤੀ। ਇਸ ਵਾਰ ਪਟਾਕੇ ਭਾਵੇਂ ਮੁਕਾਬਲਤਨ ਘੱਟ ਚੱਲੇ, ਪਰ ਕੁਝ ਲੋਕਾਂ ਉਤੇ ਅਦਾਲਤ ਦੇ ਹੁਕਮਾਂ ਦਾ ਅਸਰ ਘੱਟ ਹੀ ਹੋਇਆ। ਇਸੇ ਤਰ੍ਹਾਂ ਸਿੱਖਾਂ ਦੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ ਪੁਰਬ ਦਾ ਮਾਮਲਾ ਵਿਚਾਰਿਆ ਜਾ ਸਕਦਾ ਹੈ। ਇਸ ਰਾਤ ਵੀ ਅਦਾਲਤ ਨੇ ਤਿੰਨ ਘੰਟੇ ਪਟਾਕੇ ਚਲਾਉਣ ਦੀ ਆਗਿਆ ਦਿੱਤੀ, ਪਰ ਸਾਰੀ ਰਾਤ ਪਟਾਕੇ ਚੱਲਦੇ ਰਹੇ।

ਅਸਲ ਵਿਚ ਅਜਿਹੇ ਮੁੱਦਿਆਂ ਵਿਚ ਮਸਲਾ ਜਾਗਰੂਕਤਾ ਦਾ ਵੀ ਹੈ। ਹਾਲ ਹੀ ਵਿਚ ਪੰਜਾਬ ਦੇ ਕਿਸਾਨਾਂ ਨੇ ਮਿਥ ਕੇ ਪਰਾਲੀ ਸਾੜਨ ਦੀ ਮੁਹਿੰਮ ਵਿੱਢੀ ਰੱਖੀ। ਉਨ੍ਹਾਂ ਦਾ ਤਰਕ ਸੀ ਕਿ ਪਰਾਲੀ ਨੂੰ ਨਜਿੱਠਣ ਲਈ ਖਰਚ ਬਹੁਤ ਜ਼ਿਆਦਾ ਆਉਂਦਾ ਹੈ, ਇਸ ਲਈ ਇਸ ਨੂੰ ਸਾੜਨ ਤੋਂ ਸਿਵਾ ਉਨ੍ਹਾਂ ਕੋਲ ਕੋਈ ਚਾਰਾ ਨਹੀਂ। ਇਹ ਤੱਥ ਸੋਲਾਂ ਆਨੇ ਸਹੀ ਹੈ, ਪਰਾਲੀ ਬਿਲੇ ਲਾਉਣ ਲਈ ਕਿਸਾਨਾਂ ਨੂੰ ਵਾਧੂ ਖਰਚ ਕਰਨਾ ਪੈਂਦਾ ਹੈ, ਪਰ ਜੇ ਅਜਿਹੀ ਗੱਲ ਹੈ ਤਾਂ ਫਿਰ ਸੰਘਰਸ਼ ਦੀ ਮੁਹਿੰਮ ਦਾ ਮੂੰਹ ਮਿਥ ਕੇ ਪਰਾਲੀ ਸਾੜਨ ਦੀ ਥਾਂ ਸਰਕਾਰ ਨੂੰ ਇਸ ਮਾਮਲੇ 'ਤੇ ਘੇਰਨ ਦਾ ਹੋਣਾ ਚਾਹੀਦਾ ਹੈ; ਪਰ ਮੁਹਿੰਮ ਦਾ ਮੂੰਹ ਉਸ ਪਾਸੇ ਮੋੜ ਦਿੱਤਾ ਗਿਆ ਜਿਸ ਦਾ ਨੁਕਸਾਨ ਸਮੁੱਚੇ ਸਮਾਜ ਅਤੇ ਸਾਡੀ ਅਗਲੀ ਪੀੜ੍ਹੀ ਦਾ ਹੋਣਾ ਹੈ। ਦਿੱਲੀ ਵਰਗੇ ਸ਼ਹਿਰ ਦਾ ਹਾਲ ਹੁਣ ਇਹ ਹੋ ਗਿਆ ਹੈ ਕਿ ਉਥੇ ਇਕ ਵੀ ਪਲ ਧੁੰਦ ਅਤੇ ਧੁਆਂਖ ਹਟ ਨਹੀਂ ਰਹੀਂ। ਰੋਕ ਘਰਾਂ ਅੰਦਰ ਦੁਬਕ ਕੇ ਰਹਿ ਗਏ ਹਨ। ਪ੍ਰਾਇਮਰੀ ਸਕੂਲ ਤੱਕ ਬੰਦ ਕਰਨੇ ਪੈ ਰਹੇ ਹਨ। ਜੇ ਨੌਬਤ ਇਥੋਂ ਤੱਕ ਪੁੱਜ ਗਈ ਹੈ ਤਾਂ ਸਿਰ ਜੋੜ ਕੇ ਸੋਚਣਾ ਪਵੇਗਾ ਕਿ ਇਸ ਸਮੱਸਿਆ ਦਾ ਹੱਲ ਕੀ ਅਤੇ ਕਿਵੇਂ ਕੱਢਿਆ ਜਾਵੇ। ਚਾਰ ਦਹਾਕੇ ਪਹਿਲਾਂ ਪੱਛਮੀ ਮੁਲਕਾਂ ਨੂੰ ਵੀ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਸੀ, ਪਰ ਇਨ੍ਹਾਂ ਮੁਲਕਾਂ ਨੇ ਇਸ ਸਮੱਸਿਆ ਨਾਲ ਨਜਿੱਠਣ ਲਈ ਕੁਝ ਸਖਤ ਢੰਗ-ਤਰੀਕੇ ਅਪਨਾਏ ਅਤੇ ਅੱਜ ਹਾਲਾਤ ਉਥੇ ਕੁਝ ਬਿਹਤਰ ਹਨ। ਅਸੀਂ ਇਸ ਗੰਭੀਰ ਮਸਲੇ ਬਾਰੇ ਅਜੇ ਵੀ ਸੋਚ ਹੀ ਰਹੇ ਹਾਂ, ਕਾਰਵਾਈ ਕੁਝ ਨਹੀਂ ਕਰ ਰਹੇ। ਜਦੋਂ ਤੱਕ ਕਾਰਵਾਈ ਅਰੰਭ ਹੋਣੀ ਹੈ, ਉਦੋਂ ਤੱਕ ਬਹੁਤ ਸਾਰਾ ਨੁਕਸਾਨ ਹੋ ਚੁਕਾ ਹੋਵੇਗਾ ਜਿਸ ਦਾ ਖਾਮਿਆਜਾ ਅਗਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ। ਅਸਲ ਵਿਚ ਸਰਕਾਰਾਂ ਦੀਆਂ ਤਰਜੀਹਾਂ ਸਦਾ ਹੀ ਹੋਰ ਰਹੀਆਂ ਹਨ। ਲੋਕ ਪੱਖ ਨੂੰ ਸਦਾ ਹੀ ਦਰਕਿਨਾਰ ਕੀਤਾ ਜਾਂਦਾ ਰਿਹਾ ਹੈ। ਇਸੇ ਕਰ ਕੇ ਸਿਹਤ, ਸਿੱਖਿਆ ਅਤੇ ਰੋਜ਼ਗਾਰ ਵਰਗੇ ਬੁਨਿਆਦੀ ਮਸਲੇ ਸਿਆਸਤਦਾਨਾਂ ਲਈ ਮਸਲੇ ਹੀ ਨਹੀਂ ਹਨ। ਪਿਛਲੇ ਕੁਝ ਸਮੇਂ ਤੋਂ ਪੁਲਾਂ ਦੀ ਉਸਾਰੀ ਨੂੰ ਹੀ ਵਿਕਾਸ ਦਾ ਮੀਟਰ ਬਣਾ ਦਿੱਤਾ ਗਿਆ ਹੈ। ਸਮੇਂ ਨਾਲ ਅਜਿਹੀਆਂ ਸਹੂਲਤਾਂ ਮਿਲਣੀਆਂ ਹੀ ਚਾਹੀਦੀਆਂ ਹਨ, ਪਰ ਜਿਨ੍ਹਾਂ ਲੋਕਾਂ ਲਈ ਇਹ ਸਹੂਲਤਾਂ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜੇ ਉਹ ਹੀ ਘਰੋਂ ਨਿਕਲਣ ਤੋਂ ਡਰਨ ਲੱਗ ਪੈਣ ਤਾਂ ਅਜਿਹੇ ਵਿਕਾਸ ਦਾ ਫਾਇਦਾ ਹੀ ਕੀ ਹੈ? ਜਿਸ ਢੰਗ ਨਾਲ ਪ੍ਰਦੂਸ਼ਣ ਦੀ ਸਮੱਸਿਆ ਪਿਛਲੇ ਕੁਝ ਸਾਲਾਂ ਵਿਚ ਵਿਕਰਾਲ ਰੂਪ ਵਿਚ ਟੱਕਰੀ ਹੈ, ਇਸ ਦਾ ਹੱਲ ਪਹਿਲ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ ਤਾਂ ਕਿ ਸੜਕ ਹਾਦਸਿਆਂ ਜਾਂ ਬਿਮਾਰੀਆਂ ਕਾਰਨ ਅਜਾਈਂ ਜਾ ਰਹੀਆਂ ਜਾਨਾਂ ਬਚਾਈਆਂ ਜਾ ਸਕਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੱਕ-ਸੱਚ ਤੇ ਖਹਿਰਾ!*

ਮੋਢੇ ਰੱਖ ਕਮਾਨ ਅਦਾਲਤਾਂ ਦਾ, ਪੰਜੇ ਵਾਲਿਆਂ ਨੇ ਖਹਿਰੇ ਦੇ ਮਾਰਿਆ ਈ।
'ਕੱਠਾ ਹੋਇਆ ਨਾ ਜੋ ਹਾਲੇ 'ਆਪ' ਵਾਲਾ, ਤਾਣਾ-ਬਾਣਾ ਜਿਹਾ ਫੇਰ ਖਿਲਾਰਿਆ ਈ।
ਝੰਡੇ ਜਿੱਤ ਦਾ ਗੱਡਦਾ ਰਹੇ ਭਾਵੇਂ, ਲਾਲਚ ਸਾਹਮਣੇ ਹਰ ਕੋਈ ਹਾਰਿਆ ਈ।
ਆਮ ਆਦਮੀ ਤੜਪਦਾ ਫਿਰ ਰਿਹਾ ਏ, ਉਹਦੀ ਤੜਪ ਨੂੰ ਕਿਸੇ ਨਾ ਠਾਰਿਆ ਈ।
ਕੁਤਰੇ ਖੰਭ ਨੇ ਸਦਾ ਹਕੂਮਤਾਂ ਨੇ, ਸੱਤਾ ਸਾਹਮਣੇ ਜਿਹੜਾ ਲਲਕਾਰਿਆ ਈ।
ਹੱਕ-ਸੱਚ ਦੀ ਸਾਣ 'ਤੇ ਰਹੇ ਚੜ੍ਹਦਾ, ਉਸ ਨੂੰ ਵਕਤ ਨੇ ਸਦਾ ਨਿਖਾਰਿਆ ਈ।

# ਪੰਜਾਬ ਦੇ ਪਿੰਡ ਹੁਣ ਬਣਨ ਲੱਗ ਪਏ ਨੇ ਖੋਲੇ

*ਪੰਜਾਬ ਦੇ ਪਿੰਡਾਂ ਦੇ ਖੋਲ਼ੇ ਬਣਨ ਨਾਲ ਨੁਕਸਾਨ ਸਿਰਫ਼ ਪਿੰਡ ਵਾਸੀਆਂ ਦਾ ਹੀ ਨਹੀਂ ਹੋਣਾ, ਇਸ ਦਾ ਵੱਡਾ ਨੁਕਸਾਨ ਦੇਸ਼ ਤੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦਾ ਵੀ ਹੋਵੇਗਾ। ਭੁੱਖਮਰੀ ਦੀ ਸਮੱਸਿਆ ਨੂੰ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਨੇ ਹੀ ਹੱਲ ਕੀਤਾ ਸੀ। ਹੁਣ ਜੇ ਪਿੰਡਾਂ ਨੂੰ ਖੋਲ਼ੇ ਬਣਾ ਦਿੱਤਾ ਗਿਆ ਤਾਂ ਸਰਕਾਰ ਨੂੰ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਵਰਗੀ ਨੌਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।*

ਈਸੜੂ (ਲੁਧਿਆਣਾ) ਦੇ ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ ਵੱਲੋਂ ਸਪਾਂਸਰਸ਼ੁਦਾ ਖੋਜ ਪ੍ਰੋਜੈਕਟ 'ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਮਜ਼ਦੂਰ ਔਰਤ ਪਰਿਵਾਰਾਂ ਦਾ ਆਰਥਿਕ, ਸਮਾਜਿਕ ਤੇ ਰਾਜਸੀ ਵਿਸ਼ਲੇਸ਼ਣ' ਤਹਿਤ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਦੇ ਪਿੰਡਾਂ ਦਾ ਸਾਲ 2016-17 ਵਿਚ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਸਰਕਾਰ ਅਤੇ ਸਮਾਜ ਦੀ ਪਿੰਡਾਂ ਤੇ ਪੇਂਡੂ ਵਸਨੀਕਾਂ ਪ੍ਰਤੀ ਬੇਰੁਖ਼ੀ ਤੇ ਅਣਗਹਿਲੀ ਕਾਰਨ ਪਿੰਡ ਖੋਲ਼ੇ ਬਣ ਰਹੇ ਹਨ। ਪਿੰਡਾਂ ਦੇ ਲੋਕ ਮਿਆਰੀ ਸਿੱਖਿਆ, ਸਿਹਤ ਤੇ ਰੁਜ਼ਗਾਰ ਸਹੂਲਤਾਂ ਲਈ ਸ਼ਹਿਰਾਂ ਜਾਂ

ਡਾ. ਗਿਆਨ ਸਿੰਘ

ਵਿਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਇਸ ਤੱਥ ਦੀ ਪੁਸ਼ਟੀ ਸਹਿਜ ਹੀ ਪਿੰਡਾਂ ਦੇ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਹੋਰ ਸਾਂਝੀਆਂ ਥਾਵਾਂ ਦੀ ਦੁਰਦਸ਼ਾ ਵੇਖ ਕੇ ਹੋ ਜਾਂਦੀ ਹੈ।

ਪਿੰਡਾਂ ਵਿਚ ਕਈ ਘਰਾਂ ਨੂੰ ਜਿੰਦਰੇ ਲੱਗੇ ਹੋਏ ਹਨ। ਕਈ ਘਰ ਅਜਿਹੇ ਹਨ ਜਿਨ੍ਹਾਂ ਵਿਚ ਰੌਣਕ ਨਹੀਂ; ਇਕੱਲੇ ਬਜ਼ੁਰਗ, ਨੌਕਰ ਜਾਂ ਰਿਸ਼ਤੇਦਾਰੀਆਂ ਵਿਚੋਂ ਲੋੜਵੰਦ ਪਰਿਵਾਰ ਰਹਿ ਰਹੇ ਹਨ। ਇਨ੍ਹਾਂ ਘਰਾਂ ਦੇ ਮਾਲਕ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਨੌਕਰੀਆਂ ਜਾਂ ਕਾਰੋਬਾਰਾਂ ਲਈ ਸ਼ਹਿਰਾਂ ਵਿਚ ਚਲੇ ਗਏ ਜਾਂ ਫਿਰ ਉਹ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵਿਚ ਪਰਵਾਸ ਕਰ ਗਏ ਹਨ। ਕਿਸੇ ਮੌਕੇ ਪਿੰਡਾਂ ਵਿਚ ਸਕੂਲਾਂ ਦੇ ਵਿਕਾਸ ਲਈ ਪੇਂਡੂ ਵਾਸੀ ਰਲ-ਮਿਲ ਕੇ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਂਦੇ ਸਨ। ਜੇ ਸਕੂਲਾਂ ਦੇ ਵਿਕਾਸ ਸਬੰਧੀ ਕੰਮਾਂ ਵਿਚ ਕੋਈ ਅੜਿੱਕਾ ਬਣਦਾ ਤਾਂ ਪਿੰਡ ਵਾਸੀ ਆਪਣਾ ਬਣਦਾ ਵਿਰੋਧ ਦਰਜ ਕਰਾਉਂਦੇ ਸੀ। ਨਤੀਜੇ ਵਜੋਂ ਵਿਕਾਸ ਕੰਮ ਫਿਰ ਲੀਹ ਉਪਰ ਆ ਜਾਂਦਾ ਸੀ। ਇਨ੍ਹਾਂ ਸਕੂਲਾਂ ਵਿਚੋਂ ਪੜ੍ਹੇ ਵਿਦਿਆਰਥੀ ਦੇਸ਼-ਵਿਦੇਸ਼ਾਂ ਵਿਚ ਮਾਣਮੱਤੇ ਅਹੁਦਿਆਂ ਤਕ ਪਹੁੰਚੇ। ਹੁਣ ਇਹ ਸਕੂਲ ਪਹਿਲਾਂ ਵਰਗੇ ਨਹੀਂ ਰਹੇ ਤੇ ਇਨ੍ਹਾਂ ਵਿਚ ਸਿਰਫ ਗ਼ਰੀਬਾਂ ਦੇ ਬੱਚੇ ਹੀ ਪੜ੍ਹਦੇ ਹਨ। ਗ਼ਰੀਬ ਮਾਪੇ ਆਪਣੇ ਬੱਚਿਆਂ ਨੂੰ ਵੱਡੇ ਖ਼ਰਚਿਆਂ ਵਾਲੇ ਸਕੂਲਾਂ ਵਿਚ ਦਾਖ਼ਲ ਕਰਾਉਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਨਤੀਜੇ ਵਜੋਂ ਪੇਂਡੂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਹੀ ਘਟ ਗਈ ਹੈ।

ਮਹਿੰਗੀ ਪੜ੍ਹਾਈ ਵਾਲੇ ਸ਼ਹਿਰੀ/ਪੇਂਡੂ ਸਕੂਲਾਂ ਦੇ ਮੁਕਾਬਲੇ ਆਮ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਖਸਤਾ ਅਤੇ ਸਹੂਲਤਾਂ ਤੋਂ ਵਿਹੂਣੀਆਂ ਹਨ। ਇਨ੍ਹਾਂ ਸਕੂਲਾਂ ਵਿਚ ਕਮਰਿਆਂ, ਫਰਨੀਚਰ, ਬੋਰਡਾਂ, ਬਿਜਲੀ ਅਤੇ ਇਲੈਕਟ੍ਰੌਨਿਕ ਯੰਤਰਾਂ, ਲਾਇਬ੍ਰੇਰੀਆਂ, ਪਖ਼ਾਨਿਆਂ, ਖੇਡ ਮੈਦਾਨਾਂ ਦੀ ਘਾਟ ਹੈ। ਕੁਝ ਸਕੂਲਾਂ ਵਿਚ ਇੱਕ ਅਧਿਆਪਕ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੇਂਡੂ ਵਸਨੀਕਾਂ ਦਾ ਵਿੱਦਿਅਕ ਮਿਆਰ ਵੀ ਸਮੇਂ ਦਾ ਹਾਣੀ ਨਹੀਂ ਹੈ। ਪਿੰਡਾਂ ਵਿਚ ਵਿੱਦਿਅਕ ਮਿਆਰ ਉਚਾ ਚੁੱਕਣ ਲਈ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਬੱਚਿਆਂ ਦੀ ਤੰਦਰੁਸਤੀ ਵੱਲ ਧਿਆਨ ਦੇਣਾ ਜ਼ਰੂਰੀ ਹੈ। ਪਿੰਡਾਂ ਵਿਚ ਹੋਰ ਹਸਪਤਾਲ ਬਣਾ ਕੇ ਡਾਕਟਰ, ਪੈਰਾ-ਮੈਡੀਕਲ ਸਟਾਫ਼, ਲੋੜੀਂਦੇ ਯੰਤਰ ਅਤੇ ਗ਼ਰੀਬਾਂ ਲਈ ਮੁਫ਼ਤ ਦਵਾਈਆਂ ਮੁਹੱਈਆ ਕਰਨ ਦੀ ਲੋੜ ਹੈ। ਪਿੰਡਾਂ ਵਿਚ ਸਰਕਾਰੀ ਹਸਪਤਾਲ ਬਹੁਤ ਘੱਟ ਹਨ। ਕਈ ਪਿੰਡਾਂ ਵਾਸਤੇ ਇੱਕ ਹੀ ਪ੍ਰਾਇਮਰੀ ਹੈਲਥ ਸੈਂਟਰ ਹੈ, ਪਰ ਇਨ੍ਹਾਂ ਵਿਚ ਵੀ ਲੋੜੀਂਦੀਆਂ ਸਹੂਲਤਾਂ ਨਹੀਂ। ਅਜਿਹੀਆਂ ਹਾਲਤਾਂ ਵਿਚ ਪੇਂਡੂ ਬੱਚੇ ਤੰਦਰੁਸਤ ਰਹਿ ਹੀ ਨਹੀਂ ਸਕਦੇ, ਉਨ੍ਹਾਂ ਦਾ ਵਿੱਦਿਅਕ ਪੱਧਰ ਕਿਵੇਂ ਸੁਧਰੇਗਾ?

ਪਿੰਡਾਂ ਦੀਆਂ ਸਾਂਝੀਆਂ ਥਾਵਾਂ ਵਿਚ ਧਰਮਸ਼ਾਲਾ, ਦਰਵਾਜ਼ਾ, ਚੌਂਤਰਾ, ਹਲਟੀ, ਭੱਠੀ, ਮੜ੍ਹੀਆਂ, ਧਾਰਮਿਕ ਸਥਾਨ ਆਉਂਦੇ ਹਨ। ਇਨ੍ਹਾਂ ਸਾਂਝੀਆਂ ਥਾਵਾਂ ਵਿਚੋਂ ਸਿਰਫ਼ ਧਾਰਮਿਕ ਅਸਥਾਨਾਂ ਦੀ ਹੀ ਤਰੱਕੀ ਹੋਈ ਹੈ, ਪਰ ਉਹ ਵੀ ਇਮਾਰਤਾਂ ਅਤੇ ਹੋਰ ਸਾਜ਼ੋ-ਸਮਾਨ ਦੇ ਰੂਪ ਵਿਚ। ਇੱਕੋ ਧਰਮ ਨੂੰ ਮੰਨਣ ਵਾਲੇ ਜਾਤਾਂ ਦੇ ਆਧਾਰ ਉਤੇ ਵੱਖ-ਵੱਖ ਬਿਲਡਿੰਗਾਂ ਦੇ ਉਸਾਰਨ ਦਾ ਮੁਕਾਬਲਾ ਕਰਦੇ ਦੇਖੇ ਜਾਂਦੇ ਹਨ। ਕਿਤਾਬਾਂ ਪੜ੍ਹਨ, ਸਮਝਣ ਅਤੇ ਸਮਝ ਉਪਰ ਅਮਲ ਕਰਨ ਪੱਖੋਂ ਤਸਵੀਰ ਵਧੀਆ ਦਿਖਾਈ ਨਹੀਂ ਦਿੰਦੀ। ਮੜ੍ਹੀਆਂ ਦੀ ਲੋੜ ਸਾਰਿਆਂ ਨੂੰ ਪੈਂਦੀ ਹੈ, ਪਰ ਉਹ ਵੀ ਜਾਤਾਂ, ਪੱਤੀਆਂ, ਪਾਸਿਆਂ ਆਦਿ ਦੇ ਆਧਾਰ ਉਪਰ ਵੰਡੀਆਂ ਹੋਈਆਂ ਹਨ। ਇਨ੍ਹਾਂ ਮੜ੍ਹੀਆਂ ਵਿਚ ਬੁਨਿਆਦੀ ਸਹੂਲਤਾਂ ਦੀ ਘਾਟ ਰੜਕਦੀ ਰਹਿੰਦੀ ਹੈ। ਧਰਮਸ਼ਾਲਾ, ਦਰਵਾਜ਼ਾ, ਹਲਟੀ ਅਤੇ ਚੌਂਤਰੇ ਸੱਥਾਂ ਦੇ ਕੰਮ ਆਉਂਦੇ ਸਨ। ਅੱਜ ਇਹ ਵੀ ਖੋਲ਼ੇ ਬਣ ਗਏ ਹਨ। ਕਿਸੇ ਸਮੇਂ ਪਿੰਡ ਦੀਆਂ ਸੱਥਾਂ ਵਿਚ ਸਾਂਝੇ ਕੰਮਾਂ, ਰਾਜਸੀ ਸਰਗਰਮੀਆਂ ਆਦਿ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ ਜਿਹੜਾ ਹੁਣ ਨੀਵੇਂ ਪੱਧਰ ਉਪਰ ਆ ਗਿਆ ਹੈ। ਭੁੰਨੇ ਦਾਣਿਆਂ ਦੀ ਥਾਂ ਤਲੇ ਹੋਏ ਪਦਾਰਥਾਂ ਭਾਵ ਜੰਕ ਫੂਡ ਨੇ ਲੈ ਲਈ ਜਿਹੜੇ ਅਨੇਕਾਂ ਬਿਮਾਰੀਆਂ ਪੈਦਾ ਕਰਦੇ ਹਨ। ਮਸ਼ੀਨੀਕਰਨ ਨੇ ਪਿੰਡਾਂ ਦੇ ਛੋਟੇ ਕਿੱਤਿਆਂ ਦੀ ਦਸ਼ਾ ਖ਼ਰਾਬ ਕਰ ਦਿੱਤੀ ਹੈ।

ਪੰਜਾਬ ਵਿਚ ਪਿੰਡਾਂ ਦੇ ਖੋਲ਼ੇ ਬਣਨ ਦਾ ਅਹਿਮ ਕਾਰਨ ਲੋਕਾਂ ਦਾ ਪਰਵਾਸ ਹੈ। ਇਹ ਪਰਵਾਸ ਪਿੰਡਾਂ ਤੋਂ ਸ਼ਹਿਰਾਂ ਅਤੇ ਵਿਦੇਸ਼ਾਂ ਵੱਲ ਹੋਇਆ ਅਤੇ ਅੱਜ ਵੀ ਤੇਜ਼ੀ ਨਾਲ ਹੋ ਰਿਹਾ ਹੈ। ਇਹ ਪਰਵਾਸ ਦੋ ਕਾਰਨਾਂ ਕਰ ਕੇ ਹੋਇਆ ਹੈ।



ਪਹਿਲਾ ਕਾਰਨ ਪਿੰਡਾਂ ਵਿਚ ਚੰਗੇ ਵਿੱਦਿਅਕ ਅਦਾਰਿਆਂ ਦੀ ਭਾਰੀ ਘਾਟ ਹੋਣਾ ਹੈ। ਪਿੰਡਾਂ ਦੇ ਖੁਸ਼ਹਾਲ ਲੋਕ ਆਪਣੇ ਬੱਚਿਆਂ ਦੀ ਵਧੀਆ ਪੜ੍ਹਾਈ ਖ਼ਾਤਿਰ ਸ਼ਹਿਰਾਂ ਵਿਚ ਪਰਵਾਸ ਕਰ ਗਏ ਹਨ। ਦੂਜਾ ਵੱਡਾ ਕਾਰਨ ਪਿੰਡਾਂ ਵਿਚ ਰੁਜ਼ਗਾਰ ਮੌਕਿਆਂ ਦਾ ਲਗਾਤਾਰ ਘਟਣਾ ਹੈ। ਜਨਗਣਨਾ 2011 ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਗਿਣਤੀ 12 ਫ਼ੀਸਦ ਅਤੇ ਖੇਤ ਮਜ਼ਦੂਰਾਂ ਦੀ 21 ਫ਼ੀਸਦ ਘਟੀ ਹੈ। ਇਹ ਕਮੀ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਲਗਾਤਾਰ ਘਟਦੇ ਮੌਕਿਆਂ ਕਾਰਨ ਹੋਈ ਹੈ। ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਲਈ ਪੰਜਾਬ ਵਿਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਜ਼ਿੰਮੇਵਾਰ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦੇ ਵਿਕਾਸ ਵੱਲ ਬਣਦਾ ਧਿਆਨ ਨਹੀਂ ਦਿੱਤਾ। ਇਸ ਕਾਰਨ ਖੇਤੀਬਾੜੀ ਖੇਤਰ ਵਿਚੋਂ ਵਿਹਲੇ ਹੋਏ ਕਾਮੇ ਰੁਜ਼ਗਾਰ ਲਈ ਮਜਬੂਰੀਵਸ ਸ਼ਹਿਰਾਂ ਵੱਲ ਜਾ ਰਹੇ ਹਨ। ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਦਾ ਇੱਕ ਕਾਰਨ ਇਹ ਵੀ ਹੈ ਕਿ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਖੇਤੀ ਖੇਤਰ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ। ਲੇਖਕ ਅਤੇ ਉਸ ਦੀ ਨਿਗਰਾਨੀ ਹੇਠ ਕੀਤੇ ਗਏ ਵੱਖ-ਵੱਖ ਖੋਜ ਕਾਰਜ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਦੇ ਬਹੁਤ ਜ਼ਿਆਦਾ ਕਿਸਾਨ ਅਤੇ ਲਗਪਗ ਸਾਰੇ ਖੇਤ ਮਜ਼ਦੂਰ ਕਰਜ਼ੇ ਤੇ ਗ਼ਰੀਬੀ ਦੇ ਮਾਹੌਲ ਵਿਚ ਜਨਮ ਲੈਂਦੇ ਹਨ। ਕਰਜ਼ੇ ਅਤੇ ਗ਼ਰੀਬੀ ਕਾਰਨ ਉਹ ਅਗਲੀਆਂ ਪੀੜ੍ਹੀਆਂ ਲਈ ਕਰਜ਼ੇ ਦੀਆਂ ਪੰਡਾਂ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਜਾਂ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ।

ਇਤਿਹਾਸਕ ਤੌਰ 'ਤੇ ਸਭ ਤੋਂ ਪਹਿਲਾਂ ਅਤੇ ਲੰਬੇ ਸਮੇਂ ਲਈ ਪੰਜਾਬ ਦੇ ਪਿੰਡਾਂ ਤੋਂ ਵਿਦੇਸ਼ਾਂ ਨੂੰ ਪਰਵਾਸ ਮੁੱਖ ਤੌਰ ਉਤੇ ਦੁਆਬੇ ਖੇਤਰ ਤੋਂ ਹੁੰਦਾ ਰਿਹਾ। ਰਾਜ ਅਤੇ ਦੇਸ਼ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਹੁਣ ਪਰਵਾਸ ਪੰਜਾਬ ਦੇ ਮਾਝੇ, ਦੁਆਬੇ ਅਤੇ ਮਾਲਵੇ ਖੇਤਰਾਂ ਤੋਂ ਪਿੰਡਾਂ ਦੇ ਨੌਜਵਾਨ ਬੱਚਿਆਂ ਦਾ ਪੜ੍ਹਾਈ ਲਈ ਹੋ ਰਿਹਾ ਹੈ। ਇਹ ਪਰਵਾਸ ਬੱਚਿਆਂ ਲਈ ਤਾਂ ਲਾਹੇਵੰਦ ਹੋ ਸਕਦਾ ਹੈ, ਪਰ ਰਾਜ ਅਤੇ ਪੂਰੇ ਦੇਸ਼ ਲਈ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਨ੍ਹਾਂ ਵਿਚ ਬਰੇਨ-ਡਰੇਨ ਅਤੇ ਕੈਪੀਟਲ-ਡਰੇਨ ਸਮੱਸਿਆਵਾਂ ਅਹਿਮ ਹਨ ਜੋ ਸਾਡੇ ਲਈ ਹੋਰ ਅਨੇਕਾਂ ਸਮੱਸਿਆਵਾਂ ਪੈਦਾ ਕਰਨਗੀਆਂ।

ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਉਣ ਲਈ ਸਰਕਾਰ ਅਤੇ ਸਮਾਜ ਦੋਵੇਂ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਆਪਣੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਖੇਤੀਬਾੜੀ ਦੀ ਉਹ ਜੁਗਤ ਅਪਣਾਈ ਜਿਸ ਨੇ ਰੁਜ਼ਗਾਰ ਦੇ ਮੌਕਿਆਂ ਨੂੰ ਵੱਡੇ ਪੱਧਰ ਉਪਰ ਘਟਾਇਆ। ਕੇਂਦਰ ਅਤੇ ਰਾਜ ਸਰਕਾਰਾਂ ਨੇ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਰੁਜ਼ਗਾਰ ਦੇ ਮੌਕੇ ਵਧਾਉਣ ਵਿਚ ਨਾ ਤਾਂ ਬਣਦੀ ਰੁਚੀ ਦਿਖਾਈ ਅਤੇ ਨਾ ਹੀ ਉਪਰਾਲੇ ਕੀਤੇ। ਸਰਕਾਰਾਂ ਦੇ ਨਾਲ-ਨਾਲ ਇਸ ਸਬੰਧ ਵਿਚ ਪੰਜਾਬ ਦੇ ਪਿੰਡਾਂ ਦੇ ਲੋਕਾਂ ਵੱਲ ਸਮਾਜ ਦੀ ਬੇਰੁਖੀ ਵੀ ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਾਉਣ ਲਈ ਜ਼ਿੰਮੇਵਾਰ ਹੈ। ਰਾਸ਼ਟਰੀ ਆਮਦਨ ਵਿਚੋਂ ਉਨ੍ਹਾਂ ਨੂੰ ਬਣਦਾ ਹਿੱਸਾ ਨਾ ਦੇਣਾ ਅਤੇ ਇਸ ਤੋਂ ਵੱਧ ਸਰਕਾਰ ਵਲੋਂ ਪੈਦਾ ਕੀਤੀਆਂ ਹੋਈਆਂ ਸਮੱਸਿਆਵਾਂ ਲਈ ਪੇਂਡੂ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਅਤੇ ਉਨ੍ਹਾਂ ਬਾਰੇ ਵੱਖ-ਵੱਖ ਤਰ੍ਹਾਂ ਦੇ ਕੂੜ ਪ੍ਰਚਾਰ ਕਰਨਾ ਸਮਾਜ ਦੀ ਉਹ ਨਾਕਾਰਾਤਮਿਕ ਸੋਚ ਦੇ ਪੱਖ ਹਨ ਜਿਨ੍ਹਾਂ ਨੇ ਇਸ ਸਮੱਸਿਆ ਨੂੰ ਹੋਰ ਵਧਾਇਆ ਹੈ।

ਪੰਜਾਬ ਦੇ ਪਿੰਡਾਂ ਦੇ ਖੋਲ਼ੇ ਬਣਨ ਨਾਲ ਨੁਕਸਾਨ ਸਿਰਫ਼ ਪੰਜਾਬ ਦੇ ਪਿੰਡ ਵਾਸੀਆਂ ਦਾ ਹੀ ਨਹੀਂ ਹੋਣਾ, ਸਗੋਂ ਇਸ ਦਾ ਵੱਡਾ ਨੁਕਸਾਨ ਦੇਸ਼ ਅਤੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦਾ ਵੀ ਹੋਵੇਗਾ। ਦੇਸ਼ ਦੀ ਭੁੱਖਮਰੀ ਦੀ ਸਮੱਸਿਆ ਨੂੰ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਨੇ ਹੀ ਹੱਲ ਕੀਤਾ ਸੀ। ਹੁਣ ਜੇ ਪਿੰਡਾਂ ਨੂੰ ਖੋਲ਼ੇ ਬਣਾ ਦਿੱਤਾ ਗਿਆ ਤਾਂ ਫਿਰ ਤੋਂ ਕੇਂਦਰ ਸਰਕਾਰ ਨੂੰ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਵਰਗੀ ਨੌਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੇਸ਼ ਅਤੇ ਸਮਾਜ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਮੇਂ ਦੀ ਲੋੜ ਹੈ ਕਿ ਪੰਜਾਬ ਦੇ ਪਿੰਡਾਂ ਨੂੰ ਖੋਲ਼ੇ ਬਣਨ ਤੋਂ ਬਚਾਇਆ ਜਾਵੇ। ਇਹ ਸਬੰਧ 'ਪਿੰਡ ਬਚਾਓ, ਪੰਜਾਬ ਬਚਾਓ ਸੰਸਥਾ' ਦੇ ਉਪਰਾਲੇ ਸ਼ਲਾਘਾਯੋਗ ਹਨ। ਕੇਂਦਰ ਅਤੇ ਰਾਜ ਸਰਕਾਰ ਨੂੰ ਪੰਜਾਬ ਦੇ ਪਿੰਡਾਂ ਵਿਚ ਰੁਜ਼ਗਾਰ ਅਤੇ ਆਮਦਨ ਨੂੰ ਘੱਟੋ-ਘੱਟ ਉਸ ਪੱਧਰ ਤੱਕ ਵਧਾਉਣਾ ਹੋਵੇਗਾ ਜਿਸ ਨਾਲ ਪਿੰਡਾਂ ਵਿਚ ਰਹਿਣ ਵਾਲੇ ਸਰਕਾਰ ਉਪਰ ਮਾਣ ਕਰ ਸਕਣ। ਇਸ ਲਈ ਖੇਤੀਬਾੜੀ ਖੇਤਰ ਨੂੰ ਨਫ਼ੇ ਵਾਲਾ ਬਣਾਉਣਾ, ਸਕੂਲਾਂ ਅਤੇ ਹਸਪਤਾਲਾਂ ਦੀ ਗਿਣਤੀ ਨੂੰ ਲੋੜ ਅਨੁਸਾਰ ਵਧਾਉਣਾ ਅਤੇ ਉਨ੍ਹਾਂ ਰਾਹੀਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਨੂੰ ਮਿਆਰੀ ਬਣਾਉਣਾ, ਪਿੰਡਾਂ ਵਿਚ ਗ਼ੈਰ-ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ, ਪਿੰਡਾਂ ਦੇ ਬੁਨਿਆਦੀ ਢਾਂਚੇ ਦਾ ਲੋੜੀਂਦਾ ਵਿਕਾਸ ਕਰਨਾ ਸਹਾਈ ਹੋ ਸਕਦੇ ਹਨ।

# ਪੈਰਾਡਾਈਸ ਖ਼ੁਲਾਸਾ, ਕਾਲਾ ਧਨ ਅਤੇ ਸੰਘ ਬ੍ਰਿਗੇਡ

ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਸੰਘ ਬ੍ਰਿਗੇਡ ਦੀ ਚੋਣ ਮੈਦਾਨ ਫ਼ਤਿਹ ਕਰਨ ਦੀਆਂ ਧੂੰਆਂਧਾਰ ਮੁਹਿੰਮ ਲਈ ਨਿੱਤ ਨਵੀਆਂ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਹਨ। ਜਦੋਂ ਨੋਟਬੰਦੀ ਰਾਹੀਂ ਕਾਲਾ ਧਨ ਖ਼ਤਮ ਕੀਤੇ ਜਾਣ ਨੂੰ ਮੋਦੀ ਸਰਕਾਰ ਦਾ ਵੱਡਾ ਹਾਸਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਨਵੇਂ ਤੋਂ ਨਵੇਂ ਖ਼ੁਲਾਸਿਆਂ ਨਾਲ ਮੋਦੀ ਵਜ਼ਾਰਤ ਹੋਰ ਜ਼ਿਆਦਾ ਵਿਵਾਦਾਂ ਵਿਚ ਘਿਰ ਰਹੀ ਹੈ ਅਤੇ ਇਸ ਦੇ ਦਾਅਵਿਆਂ ਦਾ ਥੋਥ ਤੇ ਭ੍ਰਿਸ਼ਟਾਚਾਰੀ ਚਿਹਰਾ ਹੋਰ ਉਘੜਦਾ ਜਾ ਰਿਹਾ ਹੈ।

ਅਮਿਤ ਸ਼ਾਹ ਦੇ ਫਰਜ਼ੰਦ ਜੈ ਸ਼ਾਹ ਦੀ ਕਾਰੋਬਾਰੀ 'ਤਰੱਕੀ' ਦੇ ਘੁਟਾਲੇ ਦਾ ਕਲੰਕ ਅਜੇ ਫਿੱਕਾ ਨਹੀਂ ਸੀ ਪਿਆ ਕਿ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਫਰਜ਼ੰਦ ਸ਼ੌਰਿਆ ਡੋਵਾਲ ਵਲੋਂ ਚਲਾਈ ਜਾ ਰਹੀ ਸੰਸਥਾ 'ਇੰਡੀਆ

**ਬੂਟਾ ਸਿੰਘ**
ਫੋਨ: +91-94634-74342

ਫਾਊਂਡੇਸ਼ਨ' ਵਿਵਾਦਾਂ ਵਿਚ ਘਿਰ ਗਈ। ਇਸ ਦੇ ਸੰਚਾਲਕਾਂ ਵਿਚ ਭਾਜਪਾ ਦਾ ਜਨਰਲ ਸਕੱਤਰ ਰਾਮ ਮਾਧਵ ਅਤੇ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਵੀ ਹਨ। ਮਗਰੇ ਹੀ ਪੈਰਾਡਾਈਸ ਪੇਪਰਜ਼ ਦੇ ਖ਼ੁਲਾਸੇ ਨੇ ਸੰਘ ਬ੍ਰਿਗੇਡ ਦੇ ਨੋਟਬੰਦੀ ਦੇ ਧੂਮ-ਧੜੱਕੇ ਵਾਲੇ ਜਸ਼ਨਾਂ ਦੀਆਂ ਤਿਆਰੀਆਂ ਦੇ ਰੰਗ ਵਿਚ ਭੰਗ ਪਾ ਦਿੱਤਾ ਹੈ। ਜਿਨ੍ਹਾਂ ਸ਼ਖ਼ਸਾਂ ਦੇ ਨਾਂ ਖ਼ੁਲਾਸੇ ਦੀ ਪਹਿਲੀ ਕਿਸ਼ਤ ਵਿਚ ਜੱਗ ਜ਼ਾਹਰ ਕੀਤੇ ਗਏ ਹਨ, ਉਨ੍ਹਾਂ ਵਿਚ ਭਾਜਪਾ ਦੇ ਮੰਤਰੀ ਜੈਯੰਤ ਸਿਨਹਾ ਅਤੇ ਕਾਰਤੀ ਚਿਦੰਬਰਮ ਵੀ ਸ਼ਾਮਲ ਹੈ। ਕਾਰਤੀ ਚਿਦੰਬਰਮ ਸੋਨੀਆ-ਮਨਮੋਹਨ ਸਿੰਘ ਸਰਕਾਰ ਦੇ ਵਿੱਤ ਮੰਤਰੀ ਰਹਿ ਚੁੱਕੇ ਪੀ. ਚਿਦੰਬਰਮ ਦਾ ਫਰਜ਼ੰਦ ਹੈ ਜਿਸ ਦੇ ਆਈ.ਐਨ.ਐਕਸ. ਮੀਡੀਆ ਘੁਟਾਲੇ ਦੀ ਜਾਂਚ ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਕੀਤੀ ਜਾ ਰਹੀ ਹੈ। ਜੈਯੰਤ ਸਿਨਹਾ ਦਾ ਮਾਮਲਾ ਹੋਰ ਵੀ ਰੌਚਕ ਹੈ ਜਿਸ ਨੂੰ ਹਾਲ ਹੀ ਵਿਚ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਉਠਾਏ ਜਾ ਰਹੇ ਸਵਾਲਾਂ ਦੀ ਸਫ਼ਾਈ ਪੇਸ਼ ਕਰਨ ਲਈ ਉਚੇਚੇ ਤੌਰ 'ਤੇ ਅੱਗੇ ਲਿਆਂਦਾ ਗਿਆ ਸੀ (ਇਸੇ ਜੈਯੰਤ ਸਿਨਹਾ ਜ਼ਰੀਏ ਓਮੀਦਿਆਰ ਨੈੱਟਵਰਕ ਮੋਦੀ ਨੂੰ ਜਿਤਾਉਣ ਲਈ ਕੰਮ ਕਰ ਰਿਹਾ ਸੀ)। ਮੋਦੀ ਸਰਕਾਰ ਦੇ ਵਿਕਾਸ ਅਤੇ ਤਰੱਕੀ ਦੇ ਦਾਅਵਿਆਂ ਦੇ ਪਰਖਚੇ ਉਡਾਉਣ ਵਾਲਾ ਹੋਰ ਕੋਈ ਨਹੀਂ, ਯਸ਼ਵੰਤ ਸਿਨਹਾ ਸੀ ਜੋ ਵਾਜਪਾਈ ਸਰਕਾਰ ਵਿਚ ਵਿੱਤ ਮੰਤਰੀ ਰਹਿ ਚੁੱਕਾ ਹੈ ਅਤੇ ਜੋ ਇਸੇ ਜੈਯੰਤ ਸਿਨਹਾ ਦਾ ਬਾਪ ਹੈ।



ਜੈ ਸ਼ਾਹ

*ਕਾਲੇ ਧਨ ਨੂੰ ਖ਼ਤਮ ਕਰਨ ਲਈ 'ਸਰਜੀਕਲ ਸਟ੍ਰਾਈਕ' ਦੀ ਵਰ੍ਹੇਗੰਢ ਮੌਕੇ ਵਿਦੇਸ਼ਾਂ ਵਿਚ ਬੇਰੋਕ-ਟੋਕ ਚਲ ਰਹੇ ਕਾਲੇ ਧਨ ਦੇ ਕਾਰੋਬਾਰ ਦੇ ਸਬੂਤਾਂ ਦਾ ਖ਼ੁਲਾਸਾ ਜਿਥੇ ਸੰਘ ਬ੍ਰਿਗੇਡ ਦੀ ਚੋਣ ਮੁਹਿੰਮ ਉਪਰ ਸਿਆਸੀ ਬੰਬ ਬਣ ਕੇ ਫਟਿਆ ਹੈ, ਉਥੇ ਇਸ ਨਾਲ ਸਮੁੱਚੇ ਹਾਕਮ ਜਮਾਤੀ ਸਿਆਸੀ ਹਲਕਿਆਂ ਵਿਚ ਹਲਚਲ ਮੱਚ ਗਈ ਹੈ।*



ਸ਼ੌਰਿਆ ਡੋਵਾਲ

ਇਸ ਵਿਚ ਇਕ ਹੋਰ ਨਾਂ ਆਰ.ਕੇ. (ਰਵਿੰਦਰ ਕਿਸ਼ੋਰ) ਸਿਨਹਾ ਦਾ ਚਮਕਿਆ ਹੈ ਜੋ ਮੁਲਕ ਦੀ ਸਭ ਤੋਂ ਵੱਡੀ ਸਕਿਉਰਿਟੀ ਏਜੰਸੀ ਐਸ.ਆਈ.ਐਸ. ਏਸ਼ੀਆ ਪੈਸੇਫਿਕ, ਚਲਾ ਰਿਹਾ ਹੈ। ਇਹ ਐਸ.ਆਈ.ਐਸ. ਮਾਲਟਾ ਦੀ ਸਹਾਇਕ ਕੰਪਨੀ ਹੈ। ਜੈਯੰਤ ਸਿਨਹਾ ਬਕਸਰ (ਬਿਹਾਰ) ਤੋਂ ਭਾਜਪਾ ਦਾ ਰਾਜ ਸਭਾ ਮੈਂਬਰ ਹੈ। ਏਸ਼ੀਆ ਪੈਸਿਫਿਕ ਦੀ ਫਾਈਲਿੰਗ ਅਨੁਸਾਰ, ਇਸ ਅਤੇ ਇਸ ਦੀਆਂ ਸਹਾਇਕ ਕੰਪਨੀਆਂ ਦੇ ਖ਼ਿਲਾਫ਼ ਪਹਿਲਾਂ ਹੀ 18 ਫ਼ੌਜਦਾਰੀ ਅਤੇ ਟੈਕਸ ਸਬੰਧੀ 27 ਮਾਮਲੇ ਦਰਜ ਹਨ। ਜੈਯੰਤ ਸਿਨਹਾ ਮੀਡੀਆ ਦੇ ਸਵਾਲਾਂ ਤੋਂ ਬਚਣ ਲਈ ਖ਼ਾਮੋਸ਼ੀ ਦਾ ਨਾਟਕ ਰਚ ਲਿਆ ਹੈ ਅਤੇ ਮੀਡੀਆ ਨੂੰ ਲਿਖਤੀ ਭੇਜ ਦਿੱਤਾ ਹੈ ਕਿ ਉਹ 7 ਦਿਨ ਲਈ 'ਮੋਨ ਵਰਤ' ਉਪਰ ਹੈ, ਇਸ ਲਈ ਕਿਸੇ ਸਵਾਲ ਦਾ ਜਵਾਬ ਨਹੀਂ ਦੇ ਸਕਦਾ।

ਉਪਰੋਕਤ ਤੋਂ ਇਲਾਵਾ, ਸਨ ਟੀ.ਵੀ., ਐਸ.ਆਰ. ਗਰੁੱਪ, ਜਿੰਦਲ ਸਟੀਲ, ਅਪੋਲੋ ਟਾਇਰਜ਼, ਹੈਵਲਜ਼, ਹਿੰਦੂਜਾ, ਐਮ.ਆਰ. ਐਮ.ਜੀ.ਐਫ., ਵੀਡੀਓਕਾਨ ਕਾਰਪੋਰੇਟ ਸਮੂਹਾਂ ਦੇ ਨਾਂ ਸਾਹਮਣੇ ਆਏ ਹਨ। ਸਾਬਕਾ ਮੰਤਰੀ ਵੀਰੱਪਾ ਮੋਇਲੀ ਦੇ ਫਰਜ਼ੰਦ ਹਰਸ਼ਾ ਮੋਇਲੀ, ਅਮਿਤਾਭ ਬਚਨ, ਸੰਜੇ ਦੱਤ ਦੀ ਪਤਨੀ ਮਾਨਿਅਤਾ ਦੱਤ, ਵਿਜੈ ਮਾਲੀਆ, ਨੀਰਾ ਰਾਡੀਆ ਦੇ ਨਾਂ ਵੀ ਸ਼ਾਮਲ ਹਨ।

ਪੈਰਾਡਾਈਸ ਪੇਪਰਜ਼ ਕਾਲੇ ਧਨ ਦੀਆਂ ਨਵੀਆਂ ਪਰਤਾਂ ਸਾਹਮਣੇ ਲਿਆਉਣ ਵਾਲਾ ਨਵਾਂ ਮਹੱਤਵਪੂਰਨ ਖ਼ੁਲਾਸਾ ਹੈ। ਦੁਨੀਆ ਭਰ ਵਿਚ ਬਹੁਤ ਸਾਰੀਆਂ ਐਸੀਆਂ ਫਰਮਾਂ ਕੰਮ ਕਰ ਰਹੀਆਂ ਹਨ ਜੋ ਮਹਾਂ ਭ੍ਰਿਸ਼ਟਾਚਾਰੀ ਰਾਜਸੀ ਆਗੂਆਂ, ਕਾਰਪੋਰੇਟ ਸਰਮਾਏਦਾਰਾਂ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਧੰਦੇਬਾਜ਼ਾਂ ਦੇ ਕਾਲੇ ਧਨ ਨੂੰ ਮਹਿਫੂਜ਼ ਕਰਨ ਵਿਚ ਹੱਥ ਵਟਾਉਂਦੀਆਂ ਹਨ। ਇਸ ਨੂੰ ਕਾਨੂੰਨੀ ਮੰਨਿਆ ਜਾਂਦਾ ਹੈ ਅਤੇ ਇਹ ਜੱਗ ਜ਼ਾਹਰ ਅਮਲ ਹੈ; ਲੇਕਿਨ ਪੈਰਾਡਾਈਸ ਪੇਪਰਜ਼ ਜ਼ਰੀਏ 19 ਕੰਪਨੀਆਂ ਅਤੇ ਕਾਲੇ ਧਨ ਦੇ ਟਿਕਾਣਿਆਂ ਦਾ ਨਵਾਂ ਪੱਖ ਸਾਹਮਣੇ ਆਇਆ ਹੈ। ਉਹ ਇਹ ਕਿ ਐਪਲਬਾਈ ਵਰਗੀਆਂ ਕੰਪਨੀਆਂ ਟੈਕਸ ਚੋਰੀ ਕਰਨ ਲਈ ਟੈਕਸ ਪ੍ਰਣਾਲੀ ਦੀਆਂ ਚੋਰ-ਮੋਰੀਆਂ ਦਾ ਲਾਹਾ ਲੈਣ ਵਿਚ ਵੱਡੀਆਂ ਕਾਰਪੋਰੇਸ਼ਨਾਂ ਦੀ ਕਿਸ ਹੱਦ ਤਕ ਮਦਦ ਕਰਦੀਆਂ ਹਨ। ਇਸ ਤੋਂ ਪਹਿਲਾਂ ਆਫਸ਼ੋਰ ਲੀਕਸ (2013), ਸਵਿਸ ਲੀਕਸ (2015) ਅਤੇ ਪਨਾਮਾ ਲੀਕਸ (2016) ਵਲੋਂ ਇਸ ਤਾਣੇ-ਬਾਣੇ ਦੇ ਮਹੱਤਵਪੂਰਨ ਖ਼ੁਲਾਸੇ ਕੀਤੇ ਜਾ ਚੁੱਕੇ ਹਨ। ਪੈਰਾਡਾਈਸ ਪੇਪਰਜ਼ ਦਾ ਪਹਿਲੇ ਖ਼ੁਲਾਸਿਆਂ ਤੋਂ ਫ਼ਰਕ ਇਹ ਹੈ ਕਿ ਇਹ ਕਾਲੇ ਧਨ ਦੇ ਵਿਅਕਤੀਗਤ ਖਿਡਾਰੀਆਂ ਦੇ ਨਾਲ-ਨਾਲ ਕਾਰਪੋਰੇਟ ਕੰਪਨੀਆਂ ਵਲੋਂ ਟੈਕਸ ਬਚਾਉਣ ਦੇ ਕਾਲੇ ਧੰਦੇ ਦਾ ਪਰਦਾਫਾਸ਼ ਵੀ ਹੈ।

ਕਾਲੇ ਧਨ ਨੂੰ ਖ਼ਤਮ ਕਰਨ ਲਈ 'ਸਰਜੀਕਲ ਸਟ੍ਰਾਈਕ' ਦੀ ਵਰ੍ਹੇਗੰਢ ਮੌਕੇ ਵਿਦੇਸ਼ਾਂ ਵਿਚ ਬੇਰੋਕ-ਟੋਕ ਚਲ ਰਹੇ ਕਾਲੇ ਧਨ ਦੇ ਕਾਰੋਬਾਰ ਦੇ ਸਬੂਤਾਂ ਦਾ ਖ਼ੁਲਾਸਾ ਜਿਥੇ ਸੰਘ ਬ੍ਰਿਗੇਡ ਦੀ ਚੋਣ ਮੁਹਿੰਮ ਉਪਰ ਸਿਆਸੀ ਬੰਬ ਬਣ ਕੇ ਫਟਿਆ ਹੈ, ਉਥੇ ਇਸ ਨਾਲ ਸਮੁੱਚੇ ਹਾਕਮ ਜਮਾਤੀ ਸਿਆਸੀ ਹਲਕਿਆਂ ਵਿਚ ਹਲਚਲ ਮੱਚ ਗਈ ਹੈ, ਕਿਉਂਕਿ ਇਨ੍ਹਾਂ ਖ਼ੁਲਾਸਿਆਂ ਦੀਆਂ ਅਗਲੀਆਂ ਕਿਸ਼ਤਾਂ ਵਿਚ ਕਿਸ ਕਿਸ ਦੇ ਚਿਹਰੇ ਨੰਗੇ ਹੋਣਗੇ, ਇਸ ਨੂੰ ਲੈ ਕੇ ਹਰ ਕੋਈ ਫ਼ਿਕਰਮੰਦ ਹੈ।

ਪੈਰਾਡਾਈਸ ਪੇਪਰਜ਼ ਨਾਂ ਹੇਠ ਐਤਵਾਰ ਰਾਤ 12 ਵਜੇ ਤੋਂ 'ਦਿ ਇੰਡੀਅਨ ਐਕਸਪ੍ਰੈਸ' ਨੇ ਵਿਦੇਸ਼ਾਂ ਵਿਚ ਕਾਲੇ ਧਨ ਦਾ ਕਾਲਾ ਧੰਦਾ ਕਰਨ ਵਾਲਿਆਂ ਬਾਰੇ ਨਵੀਂ ਦਸਤਾਵੇਜ਼ੀ ਜਾਣਕਾਰੀ ਛਾਪਣੀ ਸ਼ੁਰੂ ਕਰ ਦਿੱਤੀ। ਇਹ ਵਿਦੇਸ਼ਾਂ ਵਿਚ ਚੱਲ ਰਹੀਆਂ ਕੰਪਨੀਆਂ ਦੀ ਕਾਲੀ ਕਮਾਈ ਦੇ ਸਬੂਤ ਜੁਟਾਉਣ ਦਾ ਪ੍ਰੋਜੈਕਟ ਸੀ ਜਿਸ ਤਹਿਤ ਜਰਮਨ ਅਖ਼ਬਾਰ Suddeutsche Zeitung ਵਲੋਂ ਬਰਮੂਡਾ ਦੀ ਲਾਅ ਫਰਮ ਐਪਲਬਾਈ ਅਤੇ ਸਿੰਗਾਪੁਰ ਦੀ ਏਸ਼ੀਆਸਿਟੀ ਤੋਂ ਦਸਤਾਵੇਜ਼ ਹਾਸਲ ਕੀਤੇ ਗਏ ਅਤੇ ਵਾਸ਼ਿੰਗਟਨ ਆਧਾਰਤ 'ਇੰਟਰਨੈਸ਼ਨਲ ਕਾਨਸਾਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ' ਦੇ ਸਪੁਰਦ ਕੀਤੇ ਗਏ। ਇਹ ਕਾਨੂੰਨ, ਚਾਰਟਰਡ ਅਕਾਊਂਟੈਂਸੀ ਅਤੇ ਬੈਂਕਿੰਗ ਦੀਆਂ ਮਾਹਰ ਫਰਮਾਂ ਹਨ ਜੋ ਵਿਦੇਸ਼ਾਂ ਵਿਚ ਕਾਰੋਬਾਰ ਸਥਾਪਤ ਕਰਨ, ਸਰਮਾਇਆ ਲਗਾਉਣ ਅਤੇ ਵਿੱਤੀ ਕੰਮਕਾਰ ਚਲਾਉਣ ਵਿਚ ਕੰਪਨੀਆਂ ਅਤੇ ਵਿਅਕਤੀਗਤ ਧੰਦੇਬਾਜ਼ਾਂ ਲਈ "ਕਾਰਪੋਰੇਟ ਫ਼ੌਜ" ਦਾ ਕੰਮ ਕਰਦੀਆਂ ਹਨ। ਤਾਜ਼ਾ ਮੁਤਾਲਿਆ ਵਿਚ ਦੁਨੀਆ ਭਰ ਦੇ 67 ਮੁਲਕਾਂ ਦੇ 382 ਪੱਤਰਕਾਰ ਸ਼ਾਮਲ ਸਨ, ਜਿਨ੍ਹਾਂ ਨੇ ਦਸ ਮਹੀਨੇ ਲਗਾ ਕੇ 1950 ਅਤੇ 2016 ਦਰਮਿਆਨ ਦੇ 1 ਲੱਖ 34 ਹਜ਼ਾਰ ਦਸਤਾਵੇਜ਼ਾਂ ਦਾ ਮੁਤਾਲਿਆ ਕੀਤਾ। ਇਸ ਵੇਰਵੇ ਵਿਚ 180 ਮੁਲਕਾਂ ਦੇ ਧੰਦੇਬਾਜ਼ਾਂ ਦੇ ਨਾਂ ਸ਼ਾਮਲ ਹਨ। ਟੈਕਸ ਧੋਖਾਧੜੀ ਦੇ ਮਾਮਲੇ ਵਿਚ ਹਿੰਦੁਸਤਾਨ 19ਵੇਂ ਸਥਾਨ ਉਪਰ ਹੈ ਜਿਸ ਦੇ 714 ਕਾਰਪੋਰੇਟ ਟੈਕਸ ਚੋਰਾਂ ਅਤੇ ਕਾਲੇ ਧੰਦੇਬਾਜ਼ਾਂ ਨੇ ਮੁਲਕ ਨੂੰ ਇਸ ਬੁਲੰਦੀ 'ਤੇ ਪਹੁੰਚਾਇਆ ਹੈ! ਐਪਲਬਾਈ ਦੇ ਕਈ ਗਾਹਕਾਂ ਦੀ ਪੜਤਾਲ ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਪਹਿਲਾਂ ਹੀ ਕੀਤੀ ਜਾ ਰਹੀ ਹੈ ਅਤੇ ਇਸ ਫ਼ਿਹਰਿਸਤ ਵਿਚ ਵੀ ਹਿੰਦੁਸਤਾਨ ਦੀ ਇਕ ਕੰਪਨੀ ਦੂਜੀ ਵੱਡੀ ਗਾਹਕ ਵਜੋਂ ਸ਼ਾਮਲ ਹੈ। ਇਨ੍ਹਾਂ ਵਿਚ ਟਵਿਟਰ ਅਤੇ ਫੇਸਬੁੱਕ ਵਿਚ ਸਰਮਾਇਆ ਲਗਾਉਣ ਵਾਲੀ ਰੂਸੀ ਕੰਪਨੀ ਵੀ ਹੈ; ਪਰ ਸਵਾਲ ਇਹ ਹੈ ਕਿ ਐਨੇ ਵੱਡੇ ਵੱਡੇ ਖ਼ੁਲਾਸੇ ਹੋਣ ਦੇ ਬਾਵਜੂਦ ਕੀ ਇਨ੍ਹਾਂ ਧੋਖੇਬਾਜ਼ਾਂ ਖ਼ਿਲਾਫ਼ ਕੋਈ ਕਾਰਵਾਈ ਹੋਣੀ ਸੰਭਵ ਹੈ? ਕੀ ਕਾਲਾ ਧਨ ਜ਼ਬਤ ਕਰ ਕੇ ਉਨ੍ਹਾਂ ਮੁਲਕਾਂ ਦੇ ਆਮ ਲੋਕਾਂ ਦੀ ਭਲਾਈ ਲਈ ਖ਼ਰਚਿਆ ਜਾ ਸਕੇਗਾ ਜਿਥੋਂ ਦੇ ਸਮਾਜ ਨਾਲ ਧੋਖਾਧੜੀ ਕੀਤੀ ਗਈ ਹੈ? ਮਨੁੱਖੀ ਸਮਾਜ ਅਤੇ ਕੁਦਰਤ ਵਿਰੋਧੀ ਸਰਮਾਏਦਾਰੀ ਪ੍ਰਬੰਧ ਵਿਚ ਇਹ ਸੰਭਵ ਨਹੀਂ ਜੋ ਆਪਣੇ ਆਪ ਵਿਚ ਹੀ ਬਹੁਤ ਵੱਡਾ ਘੁਟਾਲਾ ਹੈ।

# ਇਹ ਤਾਂ ਬਹੁਤ ਭਿਆਨਕ ਹੈ...

ਪਾਠਕਾਂ ਨੂੰ ਅੱਜ (ਸੋਮਵਾਰ) ਦਾ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਖ਼ਰੀਦ ਕੇ ਰੱਖ ਲੈਣਾ ਚਾਹੀਦਾ ਹੈ। ਪਾਠਕ ਦੇ ਰੂਪ ਵਿਚ ਤੁਹਾਡੇ ਲਈ ਬਿਹਤਰ ਰਹੇਗਾ। ਹਿੰਦੀ (ਜਾਂ ਕਿਸੇ ਹੋਰ ਭਾਸ਼ਾ) ਵਿਚ ਤਾਂ ਇਹ ਸਭ ਮਿਲੇਗਾ ਨਹੀਂ, ਕਿਉਂਕਿ ਜ਼ਿਆਦਾਤਰ ਅਖ਼ਬਾਰਾਂ ਦੇ ਸੰਪਾਦਕ ਆਪਣੇ ਜ਼ਮਾਨੇ ਦੀ ਸਰਕਾਰ ਦੇ ਮੁਨਸ਼ੀ ਹੁੰਦੇ ਹਨ।

ਕਾਰਪੋਰੇਟ ਦੇ ਦਸਤਾਵੇਜ਼ਾਂ ਨੂੰ ਸਮਝਣਾ ਅਤੇ ਉਨ੍ਹਾਂ ਵਿਚ ਕਮੀਆਂ ਫੜਨਾ ਬੇਹੱਦ ਮੁਹਾਰਤ ਵਾਲਾ ਕੰਮ ਹੈ। ਇਸ ਅੰਦਰਲੇ ਰਾਜ਼ ਸਮਝਣ ਦੀ ਕਾਬਲੀਅਤ ਹਰ ਕਿਸੇ ਕੋਲ ਨਹੀਂ ਹੁੰਦੀ। ਇਸੇ ਕਾਰਨ ਮੈਂ ਤਾਂ ਕਈ ਵਾਰ ਹੱਥ ਵੀ ਖੜ੍ਹੇ ਕਰ ਦਿੰਦਾ ਹਾਂ। ਨਿਊਜ਼ ਰੂਮ ਵਿਚ ਐਸੀ ਮੁਹਾਰਤ ਵਾਲੇ



**ਰਵੀਸ਼ ਕੁਮਾਰ**
ਅਨੁਵਾਦ: ਬੂਟਾ ਸਿੰਘ

ਲੋਕ ਵੀ ਨਹੀਂ ਹੁੰਦੇ ਜਿਨ੍ਹਾਂ ਤੋਂ ਪੁੱਛ ਕੇ ਤੁਸੀਂ ਅੱਗੇ ਵਧ ਸਕੋ, ਵਰਨਾ ਕੋਈ ਸੌਖਿਆਂ ਹੀ ਤੁਹਾਨੂੰ ਮੈਨੀਪੁਲੇਟ ਕਰ ਸਕਦਾ ਹੈ।

ਇਸ ਦਾ ਹੱਲ ਕੱਢਿਆ ਹੈ 'ਇੰਟਰਨੈਸ਼ਨਲ ਕਾਨਸਾਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ' ਨੇ। ਦੁਨੀਆਂ ਭਰ ਦੀਆਂ 96 ਸਮਾਚਾਰ ਸੰਸਥਾਵਾਂ ਨੂੰ ਮਿਲਾ ਕੇ ਸਮੂਹ ਬਣਾਇਆ ਗਿਆ ਹੈ। ਇਸ ਵਿਚ ਕਾਰਪੋਰੇਟ ਖਾਤਿਆਂ ਨੂੰ ਸਮਝਣ ਵਾਲੇ ਵਕੀਲ ਚਾਰਟਰਡ ਅਕਾਊਂਟੈਂਟ ਵੀ ਹਨ। ਐਕਸਪ੍ਰੈਸ ਇਸ ਦਾ ਹਿੱਸਾ ਹੈ। ਪੱਤਰਕਾਰਾਂ ਦੇ ਗਲੋਬਲ ਨੈਟਵਰਕ ਤੋਂ ਬਿਨਾਂ ਤੁਸੀਂ ਹੁਣ ਕਾਰਪੋਰੇਟ ਦੀ ਰਿਪੋਰਟਿੰਗ ਕਰ ਹੀ ਨਹੀਂ ਸਕਦੇ ਹੋ। ਇਕ ਕਰੋੜ 34 ਲੱਖ ਕਾਰਪੋਰੇਟ ਦਸਤਾਵੇਜ਼ਾਂ ਨੂੰ ਘੋਖਣ ਸਮਝਣ ਤੋਂ ਬਾਅਦ ਦੁਨੀਆ ਭਰ ਦੇ ਅਖ਼ਬਾਰਾਂ ਵਿਚ ਛਾਪੇ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਪਨਾਮਾ ਪੇਪਰਜ਼ ਅਤੇ ਪੈਰਾਡਾਈਸ ਪੇਪਰਜ਼ ਨੂੰ ਮਿਲਾ ਕੇ ਦੇਖੋਗੇ ਤਾਂ ਪੰਜ ਲੱਖ ਲੋਕਾਂ ਦਾ ਮਾਇਆ ਦੇ ਤੰਤਰ ਉਪਰ ਕਬਜ਼ਾ ਹੈ। ਤੁਸੀਂ ਖ਼ੁਦ ਹੀ ਆਪਣੀ ਨੈਤਿਕਤਾ ਦਾ ਢੋਂਗ ਪਾੜਦੇ ਰਹਿ ਜਾਓਗੇ, ਪਰ ਇਹ ਬੇਰਹਿਮ ਕੁਲੀਨਤੰਤਰ ਸੱਤਾ ਦੇ ਪੱਲੂ ਨੂੰ ਚਿੰਬੜਿਆ ਰਹੇਗਾ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਸ ਕੋਲ ਨੈਤਿਕਤਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਉਹ ਨੈਤਿਕਤਾ ਦਾ ਮਹਿਜ਼ ਨਕਾਬ ਹੈ।

ਇਨ੍ਹਾਂ ਪੇਪਰਾਂ 'ਚ ਰਾਜ ਸਭਾ ਵਿਚ ਸਭ ਤੋਂ ਅਮੀਰ ਅਤੇ ਭਾਜਪਾ ਦੇ ਸੰਸਦ ਮੈਂਬਰ ਆਰ.ਕੇ. ਸਿਨਹਾ ਦਾ ਨਾਂ ਹੈ। ਜੈਯੰਤ ਸਿੰਨਹਾ ਦਾ ਨਾਂ ਵੀ ਹੈ। ਦੋਨਾਂ ਨੇ ਸਪਸ਼ਟੀਕਰਨ ਦਿੱਤਾ ਹੈ। ਨੋਟਬੰਦੀ ਦੀ ਵਰ੍ਹੇਗੰਢ ਉਪਰ ਕਾਲਾ ਧਨ ਖ਼ਤਮ ਹੋਣ ਦਾ ਜਸ਼ਨ ਮਨਾਇਆ ਜਾਣ ਵਾਲਾ ਹੈ। ਐਸੇ ਮੌਕੇ ਉਪਰ ਪੈਰਾਡਾਈਸ ਪੇਪਰਜ਼ ਦਾ ਇਹ ਖ਼ੁਲਾਸਾ ਸਾਨੂੰ ਭਾਵੁਕਤਾ ਦੇ ਵਹਿਣ ਵਿਚ ਵਹਿ ਜਾਣ ਤੋਂ ਰੋਕੇਗਾ। ਅਮਿਤਾਭ ਬਚਨ, ਅਸ਼ੋਕ ਗਹਿਲੋਤ, ਡਾ. ਅਸ਼ੋਕ ਸੇਠ, ਕੋਚਿੰਗ ਕੰਪਨੀ ਫਿਟਜੀ, ਨੀਰਾ ਰਾਡੀਆ ਦਾ ਨਾਂ ਵੀ ਇਸ ਵਿਚ ਹੈ। ਆਉਣ ਵਾਲੇ ਦਿਨਾਂ ਵਿਚ ਪਤਾ ਨਹੀਂ ਕਿਸ ਕਿਸ ਦਾ ਨਾਂ ਸਾਹਮਣੇ ਆਵੇਗਾ। ਮੀਡੀਆ ਕੰਪਨੀ ਤੋਂ ਲੈ ਕੇ ਦਵਾ ਕੰਪਨੀ ਤਕ ਕਿਸ ਦਾ ਖ਼ੁਲਾਸਾ ਹੋਵੇਗਾ, ਇਹ ਕੋਈ ਪਤਾ ਨਹੀਂ।

ਐਕਸਪ੍ਰੈਸ ਦੀ ਰਿਪੋਰਟ ਵਿਚ ਜੈਯੰਤ ਸਿਨਹਾ ਦਾ ਸਪਸ਼ਟੀਕਰਨ ਪੜ੍ਹੋਗੇ ਤਾਂ ਲੱਗੇਗਾ ਕਿ ਕੋਈ ਖ਼ਾਸ ਗੱਲ ਨਹੀਂ ਹੈ। ਜਦੋਂ ਤੁਸੀਂ ਇਸ ਖ਼ਬਰ ਨੂੰ PANDO.COM Marks Ames ਦੇ ਵਿਸ਼ਲੇਸ਼ਣ ਨੂੰ ਪੜ੍ਹੋਗੇ ਤਾਂ ਲੱਗੇਗਾ ਕਿ ਤੁਹਾਡੇ ਨਾਲ ਖੇਡ ਖੇਡੀ ਜਾ ਚੁੱਕੀ ਹੈ। ਹੁਣ ਨਾ ਤਾੜੀ ਵਜਾਉਣ ਜੋਗੇ ਹੋ, ਨਾ ਗਾਹਲਾਂ ਦੇਣ ਜੋਗੇ।

ਜੋ ਅੱਜ ਛਪਿਆ ਹੈ ਉਸ ਨੂੰ ਤਾਂ Marks Ames ਨੇ 26 ਮਈ 2014 ਨੂੰ ਹੀ ਲਿਖ ਦਿੱਤਾ ਸੀ ਕਿ ਓਮੀਦਿਆਰ ਨੈਟਵਰਕ, ਮੋਦੀ ਦੀ ਜਿੱਤ ਲਈ ਕੰਮ ਕਰ ਰਿਹਾ ਸੀ। ਇਹ ਕਿ 2009 ਵਿਚ ਓਮੀਦਿਆਰ ਨੈਟਵਰਕ ਨੇ ਹਿੰਦੁਸਤਾਨ ਵਿਚ ਸਭ ਤੋਂ ਵੱਧ ਸਰਮਾਇਆ ਲਗਾਇਆ, ਇਸ ਸਰਮਾਇਆਕਾਰੀ ਵਿਚ ਇਸ ਦੇ ਨਿਰਦੇਸ਼ਕ ਜੈਯੰਤ ਸਿਨਹਾ ਦੀ ਵੱਡੀ ਭੂਮਿਕਾ ਸੀ। 2013 ਵਿਚ ਜੈਯੰਤ ਸਿਨਹਾ ਨੇ ਅਸਤੀਫ਼ਾ ਦੇ ਕੇ ਮੋਦੀ ਦੀ ਫ਼ਤਹਿ ਮੁਹਿੰਮ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਸੇ ਸਾਲ ਨਰੇਂਦਰ ਮੋਦੀ ਨੇ ਵਪਾਰੀਆਂ ਦੇ ਸੰਮੇਲਨ ਵਿਚ ਭਾਸ਼ਣ ਦਿੱਤਾ ਕਿ ਈ-ਕਾਮਰਸ ਖੋਲ੍ਹਣ ਦੀ ਜ਼ਰੂਰਤ ਹੈ। ਇਹ ਭਾਜਪਾ ਦੀ ਨੀਤੀ ਤੋਂ ਐਨ ਉਲਟ ਸੀ। ਉਸ ਵਕਤ ਭਾਜਪਾ ਸੰਸਦ ਵਿਚ ਪ੍ਰਚੂਨ ਖੇਤਰ ਵਿਚ ਵਿਦੇਸ਼ੀ ਸਰਮਾਇਆ ਲਗਾਏ ਜਾਣ ਨੂੰ ਇਜਾਜ਼ਤ ਦਿੱਤੇ ਜਾਣ ਦਾ ਜ਼ੋਰਦਾਰ ਵਿਰੋਧ ਕਰ ਰਹੀ ਸੀ।



ਭਾਜਪਾ ਹਮਾਇਤੀ ਵਪਾਰੀ ਤਬਕਾ ਪਾਰਟੀ ਨਾਲ ਇਹ ਸੋਚ ਕੇ ਡਟ ਕੇ ਖੜ੍ਹਾ ਸੀ ਕਿ ਉਸ ਦੇ ਹਿਤਾਂ ਦੀ ਰਾਖੀ ਭਾਜਪਾ ਹੀ ਕਰ ਰਹੀ ਹੈ; ਪਰ ਉਸ ਨੂੰ ਵੀ ਪਤਾ ਨਹੀਂ ਸੀ ਕਿ ਇਹ ਪਾਰਟੀ ਇਕ ਐਸੇ ਨੈਟਵਰਕ ਦਾ ਪ੍ਰਭਾਵ ਕਬੂਲ ਚੁੱਕੀ ਹੈ ਜਿਸ ਦਾ ਮਕਸਦ ਸਿਰਫ਼ ਇਕ ਹੀ ਹੈ। ਈ-ਕਾਮਰਸ ਵਿਚ ਵਿਦੇਸ਼ੀ ਸਰਮਾਇਆ ਲਗਾਏ ਜਾਣ ਦੇ ਮੌਕੇ ਵਧਾਉਣਾ। ਮੈਨੂੰ PANDO.COM ਬਾਰੇ ਅੱਜ ਹੀ ਪਤਾ ਲੱਗਿਆ ਹੈ। ਤੁਸੀਂ ਸੋਚੋ ਕਿ 26 ਮਈ 2014 ਨੂੰ ਹੀ ਪਰਦੇ ਪਿੱਛੇ ਖੇਡੀ ਜਾ ਰਹੀ ਗੇਮ ਨੂੰ ਇਹ ਸਮਝ ਰਿਹਾ ਸੀ। ਅਸੀਂ ਅਤੇ ਤੁਸੀਂ ਇਸ ਤਰ੍ਹਾਂ ਦੀ ਖੇਡ ਨੂੰ ਕਦੇ ਸਮਝ ਹੀ ਨਹੀਂ ਸਕਾਂਗੇ ਅਤੇ ਨਾ ਸਮਝਣ ਦੇ ਕਾਬਲ ਹਾਂ। ਇਸੇ ਲਈ ਨੇਤਾ ਸਾਡੇ ਅੱਗੇ ਹਿੰਦੂ-ਮੁਸਲਿਮ ਦੀ ਬੇਹੀ ਰੋਟੀ ਸੁੱਟ ਕੇ ਤਮਾਸ਼ਾ ਦੇਖਦਾ ਹੈ। ਜਦੋਂ ਮੋਦੀ ਜਿੱਤੇ ਸੀ, ਉਦੋਂ ਓਮੀਦਿਆਰ ਨੈਟਵਰਕ ਨੇ ਟਵੀਟ ਕਰ ਕੇ ਵਧਾਈ ਦਿੱਤੀ ਸੀ। ਟੈਲੀਗ੍ਰਾਫ ਵਿਚ ਹਜ਼ਾਰੀਬਾਗ਼ ਵਿਚ ਹੋਈ ਪ੍ਰੈਸ ਕਾਨਫਰੰਸ ਦੀ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿਚ ਮੁਕਾਮੀ ਭਾਜਪਾ ਆਗੂ ਸ਼ਿਵ ਸ਼ੰਕਰ ਪ੍ਰਸਾਦ ਗੁਪਤ ਕਹਿੰਦੇ ਹਨ ਕਿ ਜੈਯੰਤ ਸਿਨਹਾ 2012-13 ਵਿਚ ਦੋ ਸਾਲ ਮੋਦੀ ਦੀ ਟੀਮ ਦੇ ਨਾਲ ਕੰਮ ਕਰ ਚੁੱਕੇ ਹਨ। ਇਸ ਦੌਰਾਨ ਜੈਯੰਤ ਸਿਨਹਾ ਓਮੀਦਿਆਰ ਨੈਟਵਰਕ ਵਿਚ ਵੀ ਕੰਮ ਕਰ ਰਹੇ ਸਨ। ਉਸ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਉਸ ਨੇ 2013 ਵਿਚ ਅਸਤੀਫ਼ਾ ਦੇ ਦਿੱਤਾ ਸੀ।

ਇਸ ਵਿਚ ਮਾਰਕ ਨੇ ਲਿਖਿਆ ਹੈ ਕਿ ਜੈਯੰਤ ਸਿਨਹਾ ਓਮੀਦਿਆਰ ਨੈਟਵਰਕ ਦੇ ਅਹੁਦੇਦਾਰ ਹੁੰਦੇ ਹੋਏ ਵੀ ਭਾਜਪਾ ਨਾਲ ਜੁੜੇ ਥਿੰਕ ਟੈਂਕ 'ਇੰਡੀਆ ਫਾਊਂਡੇਸ਼ਨ' ਵਿਚ ਨਿਰਦੇਸ਼ਕ ਹਨ। ਇਸ ਫਾਊਂਡੇਸ਼ਨ ਬਾਰੇ ਇਨ੍ਹੀਂ ਦਿਨੀਂ 'ਦਿ ਵਾਇਰ' ਵਿਚ ਖ਼ਬਰ ਛਪੀ ਹੈ। ਸ਼ੌਰਿਆ ਡੋਵਾਲ ਜੋ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਫਰਜ਼ੰਦ ਹੈ, ਉਹ ਇਸ ਫਾਊਂਡੇਸ਼ਨ ਦਾ ਕਰਤਾ-ਧਰਤਾ ਹੈ। ਜੈਯੰਤ ਸਿਨਹਾ ਈ-ਕਾਮਰਸ ਵਿਚ ਵਿਦੇਸ਼ੀ ਸਰਮਾਇਆਕਾਰੀ ਨੂੰ ਛੋਟ ਦਿੱਤੇ ਜਾਣ ਦੀ ਵਕਾਲਤ ਕਰਦੇ ਰਹਿੰਦੇ ਸਨ, ਜਦਕਿ ਉਸ ਦੀ ਪਾਰਟੀ ਪ੍ਰਚੂਨ ਖੇਤਰ ਵਿਚ ਵਿਦੇਸ਼ੀ ਸਰਮਾਇਆਕਾਰੀ ਨੂੰ ਲੈ ਕੇ ਜ਼ੋਰਦਾਰ ਵਿਰੋਧ ਕਰਨ ਦਾ ਨਾਟਕ ਕਰਦੀ ਸੀ। ਇਸ ਖੇਡ ਨੂੰ ਕਿਵੇਂ ਦੇਖਿਆ ਜਾਵੇ? ਕੀ ਸਮਝਿਆ ਜਾਵੇ? ਬਹੁਤ ਮੁਸ਼ਕਲ ਹੈ। ਐਕਸਪ੍ਰੈਸ ਦੀ ਰਿਪੋਰਟ ਨੂੰ 'ਦਿ ਵਾਇਰ' ਅਤੇ PANDO.COM ਦੇ ਨਾਲ ਜੋੜ ਕੇ ਪੜ੍ਹਿਆ ਜਾਣਾ ਚਾਹੀਦਾ ਹੈ।

ਕੀ ਸੱਚਮੁੱਚ ਤੁਸੀਂ ਇਸ ਤਰ੍ਹਾਂ ਦੀ ਖੇਡ ਨੂੰ ਸਮਝਣ ਦੇ ਕਾਬਲ ਹੋ? ਮੇਰੇ ਤਾਂ ਦਿਲ ਨੂੰ ਡੋਬੂ ਪੈ ਰਿਹਾ ਹੈ। ਜਦੋਂ ਅਸੀਂ 'ਦਿ ਵਾਇਰ' ਦੀ ਰਿਪੋਰਟ ਪੜ੍ਹ ਰਹੇ ਸੀ, ਉਦੋਂ ਸਾਡੇ ਸਾਹਮਣੇ ਤਿੰਨ ਸਾਲ ਪੁਰਾਣੀ ਰਿਪੋਰਟ ਨਹੀਂ ਸੀ। ਉਦੋਂ ਸਾਡੇ ਸਾਹਮਣੇ ਪੈਰਾਡਾਈਸ ਪੇਪਰਜ਼ ਨਹੀਂ ਸਨ।

ਕੀ ਅਸੀਂ ਵਾਕਈ ਜਾਣਦੇ ਹਾਂ ਕਿ ਇਹ ਜਿਹੜੇ ਆਗੂ ਸਾਨੂੰ ਦਿਨ ਰਾਤ ਨਜ਼ਰ ਆਉਂਦੇ ਹਨ, ਇਹ ਕਿਸੇ ਕੰਪਨੀ ਜਾਂ ਨੈਟਵਰਕ ਦੇ ਫਰੰਟ ਨਹੀਂ ਹਨ? ਕੀ ਅਸੀਂ ਜਾਣਦੇ ਹਾਂ ਕਿ 2014 ਦੀ ਜਿੱਤ ਪਿੱਛੇ ਮੌਜੂਦ ਇਸ ਤਰ੍ਹਾਂ ਦੇ ਨੈਟਵਰਕ ਦੇ ਕੀ ਹਿਤ ਹੋਣਗੇ? ਉਹ ਇਤਿਹਾਸ ਦੀ ਸਭ ਤੋਂ ਮਹਿੰਗੀ ਚੋਣ ਸੀ? ਕੀ ਕੋਈ ਇਨ੍ਹਾਂ ਨੈਟਵਰਕਾਂ ਨੂੰ ਏਜੰਟ ਬਣਾ ਕੇ ਸਾਡੇ ਸਾਹਮਣੇ ਦਾਅਵੇ ਕਰ ਰਿਹਾ ਸੀ? ਜਿਸ ਨੂੰ ਅਸੀਂ ਆਪਣਾ ਬਣਾ ਰਹੇ ਸੀ, ਕੀ ਉਹ ਪਹਿਲਾਂ ਹੀ ਕਿਸੇ ਹੋਰ ਦਾ ਨਹੀਂ ਹੋ ਚੁੱਕਾ ਸੀ?

ਇਸ ਲਈ ਜਾਣਕਾਰੀ ਲੈਂਦੇ ਰਹੋ। ਇਹ ਬਹੁਤ ਭਿਆਨਕ ਹੈ। ਸਾਨੂੰ ਸਾਡੀ ਵਿਅਕਤੀਗਤ ਨੈਤਿਕਤਾ ਨਾਲ ਹੀ ਕੁਚਲ ਕੇ ਮਾਰ ਦਿੱਤਾ ਜਾਵੇਗਾ, ਪਰ ਇਨ੍ਹਾਂ ਕੁਲੀਨਾਂ ਅਤੇ ਨੈਟਵਰਕਾਂ ਦਾ ਕੁਝ ਨਹੀਂ ਵਿਗੜੇਗਾ। ਇਨ੍ਹਾਂ ਦਾ ਮਤਲਬ ਇਕ ਹੀ ਹੈ। ਪੈਸਾ। ਖ਼ਾਮੋਸ਼ ਰਹਿ ਕੇ ਤਮਾਸ਼ਾ ਦੇਖੋ।

# ਆਪਣੀ ਨਫਾਸਤ ਦੀ ਦਾਸਤਾਂ ਪੇਸ਼ ਕਰਦੀ ਨਾਲੰਦਾ ਯੂਨੀਵਰਸਿਟੀ

ਨਾਲੰਦਾ ਯੂਨੀਵਰਸਿਟੀ ਦਾ ਜ਼ਿਕਰ ਅੱਜ ਵੀ ਹਿੰਦੁਸਤਾਨੀ ਤਵਾਰੀਖ ਦੇ ਸੁਨਹਿਰੀ ਪੰਨਿਆਂ ਵਿਚ ਸ਼ੁਮਾਰ ਹੈ ਜੋ ਵਿਸ਼ਵ ਪੱਧਰ 'ਤੇ ਕੋਈ 800 ਸਾਲ ਪੂਰੇ ਜਾਹੋ-ਜਲਾਲ 'ਚ ਰਹੀ। ਜਦ ਇਹ ਆਪਣੇ ਪੂਰੇ ਤਪੋ-ਤੇਜ 'ਤੇ ਸੀ ਤਾਂ ਇਕ ਹਮਲਾਵਰ ਲੋਭੀ ਤੁਰਕ ਰਾਜਾ ਬੰਗਾਲ ਵੱਲੋਂ ਆਇਆ ਤੇ ਇਸ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਅੱਜ-ਕੱਲ੍ਹ ਬਿਹਾਰ ਦੇ ਜ਼ਿਲਾ ਨਾਲੰਦਾ ਵਿਸ਼ਵ ਵਿਰਾਸਤੀ ਸਥਾਨ ਵਿਚ ਇਸ ਦੇ ਖੰਡਰਾਤ ਆਪਣੇ ਇਤਿਹਾਸ ਦੀ ਦਾਸਤਾਂ ਪੇਸ਼ ਕਰਦੇ ਮਿਲਦੇ ਹਨ।



ਗੱਜਣਵਾਲਾ ਸੁਖਮਿੰਦਰ
ਫੋਨ: 91-99151-06449

ਪਿਛਲੇ ਦਿਨੀਂ ਸ੍ਰੀ ਪਟਨਾ ਸਾਹਿਬ ਜਾਣ ਦਾ ਸਬੱਬ ਬਣਿਆ ਤਾਂ ਸੁਰਜੀਤ ਝਬੇਲਵਾਲੀਏ ਵਰਗੇ ਖੋਜੀਆਂ ਦੀ ਮਦੱਬਰੀ ਰਾਏ ਸਦਕਾ ਨਾਲੰਦਾ ਯੂਨੀਵਰਸਿਟੀ ਦੇ ਖੰਡਰਾਤ ਦੇਖਣ-ਪਰਖਣ ਦਾ ਮੌਕਾ ਬਣਿਆ। ਇਸ ਪੁਰਾਤਨ ਅਜੂਬੇ ਦੇ ਆਗਾਜ਼ ਦੀ ਗੱਲ ਇਥੋਂ ਸ਼ੁਰੂ ਹੁੰਦੀ ਹੈ ਕਿ ਮਹਾਤਮਾ ਬੁੱਧ ਦਾ ਪ੍ਰਧਾਨ ਸ਼ਿਸ਼ ਸਾਰਪੁੱਤ੍ਰ ਸੀ। ਉਸ ਦਾ ਜਨਮ ਨਾਲੰਦਾ ਦੇ ਨਜ਼ਦੀਕ ਇਕ ਪਿੰਡ ਨਾਲਕ ਵਿਚ ਹੋਇਆ। ਉਸ ਦਾ ਵਿਅਕਤਿਤਵ ਐਨਾ ਉਚੇ ਮੁਕਾਮ ਵਾਲਾ ਸੀ ਕਿ ਮਹਾਤਮਾ ਬੁੱਧ ਉਸ ਦੀ ਯੋਗਤਾ ਬਾਰੇ ਕਿਹਾ ਕਰਦੇ-ਜਿਸ ਦਿਸ਼ਾ ਵਿਚ ਸਾਰਪੁੱਤ੍ਰ ਗਏ, ਉਸ ਦਿਸ਼ਾ ਵਿਚ ਮੇਰੇ ਜਾਣ ਦੀ ਲੋੜ ਨਹੀਂ। ਧਾਰਨਾ ਹੈ ਕਿ ਅੱਜ ਵੀ ਬੁੱਧ ਧਰਮ ਵਿਚ ਮਹਾਤਮਾ ਬੁੱਧ ਤੋਂ ਬਾਅਦ ਸਭ ਤੋਂ ਜ਼ਿਆਦਾ ਸਾਰਪੁੱਤ੍ਰ ਦੀ ਪੂਜਾ ਹੁੰਦੀ ਹੈ।

ਚੀਨੀ ਯਾਤਰੂ ਹਿਊਨ ਸਾਂਗ ਲਿਖਦਾ ਹੈ ਕਿ ਸਾਰਪੁਤ੍ਰ ਦੀ ਯਾਦਗਾਰ ਉਸਾਰਨ ਲਈ ਮਗਧ ਦੇ ਵਪਾਰੀਆਂ ਨੇ ਸੋਨੇ ਦੀਆਂ ਦਸ ਲੱਖ ਮੋਹਰਾਂ ਦੇ ਕੇ ਨਾਲੰਦਾ ਦੇ ਸਥਾਨ 'ਤੇ ਜਮੀਨ ਖਰੀਦੀ। ਇਥੇ ਬੋਧੀਆਂ ਲਈ ਮਹਾਂਵਿਹਾਰ ਬਣਾਏ ਗਏ, ਜਿਥੇ ਉਹ ਨਿਵਾਸ ਕਰਦੇ, ਵਿਚਾਰ-ਗੋਸ਼ਟੀਆਂ ਲਈ ਇਕੱਤਰ ਹੁੰਦੇ। ਤਿੱਬਤ ਦਾ ਇਕ ਹੋਰ ਇਤਿਹਾਸਕਾਰ ਤਾਰਾ ਨਾਥ ਲਿਖਦਾ ਹੈ ਕਿ ਸਮਰਾਟ ਅਸ਼ੋਕ ਨੇ ਵੀ ਇਸੇ ਭੂਮੀ 'ਤੇ ਸਾਰਪੁਤ੍ਰ ਹਿਤ ਇਕ ਸੁੰਦਰ ਮੰਦਿਰ ਤਾਮੀਰ ਕਰਵਾਇਆ। ਇਹ ਨਾਲੰਦਾ ਯੂਨੀਵਰਸਿਟੀ ਮਹਾਤਮਾ ਬੁੱਧ ਦੇ ਪਰਲੋਕ ਸਿਧਾਰਨ ਤੋਂ ਕੋਈ ਇਕ ਹਜ਼ਾਰ ਸਾਲ ਬਾਅਦ ਹੋਂਦ ਵਿਚ ਆਈ ਦੱਸੀਦੀ ਹੈ।

ਨਾਲੰਦਾ ਯੂਨੀਵਰਸਿਟੀ ਦਾ ਅਕਾਦਮਿਕ ਤੇ ਅਨੁਸ਼ਾਸਨੀ ਨਿਜ਼ਾਮ ਬਹੁਤ ਹੀ ਪੁਖਤਾ ਤੇ ਵਿਲੱਖਣ ਸੀ। ਕਿਸੇ ਵੀ ਧਰਮ ਦਾ ਵਿਦਿਆਰਥੀ ਬਿਨਾ ਜਾਤ-ਨਸਲ ਦੇ ਵਿਤਕਰੇ ਤੋਂ ਦਾਖਲਾ ਲੈ ਸਕਦਾ ਸੀ। ਭਾਵੇਂ ਇਹ ਬੁੱਧ ਧਰਮ ਨਾਲ ਸਬੰਧਤ ਸੀ ਪਰ ਧਰਮ ਪਰਿਵਰਤਨ ਦੀ ਇਥੇ ਕੋਈ ਸ਼ਰਾਇਤ ਨਹੀਂ ਸੀ। ਜਰਮਨੀ, ਯੂ.ਕੇ., ਯੂਨਾਨ, ਯੂਰਪ, ਸੈਂਟਰਲ ਏਸ਼ੀਆ, ਚੀਨ, ਜਾਪਾਨ, ਕੰਬੋਡੀਆ, ਇੰਡੋਨੇਸ਼ੀਆ ਤੇ ਰੂਸ ਵਗੈਰਾ ਹੋਰ ਦੇਸ਼ਾਂ ਤੋਂ ਦੁਨੀਆਂ ਭਰ ਦੇ ਸਿਖਿਆਰਥੀ ਗਿਆਨ ਪ੍ਰਾਪਤੀ ਲਈ ਦਾਖਲ ਹੁੰਦੇ। ਫਿਰ ਵੀ ਵਧੇਰੇ ਸਿੱਖਿਆਰਥੀ ਬੋਧੀ ਸਨ।

ਹਿਊਨ ਸਾਂਗ ਆਪਣੀ ਡਾਇਰੀ ਵਿਚ ਲਿਖਦਾ ਹੈ, "ਇਕ ਵੇਲੇ ਇਥੇ 10,000 ਵਿਦਿਆਰਥੀ ਤੇ 1500 ਦੇ ਕਰੀਬ ਅਚਾਰੀਆ ਭਾਵ ਅਧਿਆਪਕ ਸਨ। ਇਹ ਅਚਾਰੀਆ ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਸੰਸਕ੍ਰਿਤ ਦੀ ਸ਼ੁਧ ਵਿਆਕਰਣ ਦੇ ਪੂਰਨ ਗਿਆਤਾ ਹੋਇਆ ਕਰਦੇ। ਚਾਹੇ ਇਹ ਬੁੱਧ ਵਿਸ਼ਵ ਵਿਦਿਆਲਾ ਹੋਣ ਕਰਕੇ ਬੁੱਧ ਧਰਮ, ਦਰਸ਼ਨ, ਕਲਾ, ਇਤਿਹਾਸ ਨਿਰਵਾਣ ਆਦਿ ਦਾ ਅਧਿਆਪਨ ਸਥਾਨ ਸੀ ਪਰ ਇਸ ਦੇ ਨਾਲ ਨਾਲ ਇਥੇ ਦੂਜੇ ਧਰਮਾਂ ਦੇ ਧਰਮ-ਸ਼ਾਸਤਰਾਂ, ਗ੍ਰੰਥਾਂ ਦੀ ਵੀ ਪੜ੍ਹਾਈ ਹੁੰਦੀ। ਇਥੇ ਆਯੁਰਵੇਦ, ਵਿਗਿਆਨ ਆਦਿ ਵਿਸ਼ਿਆਂ ਦੀ ਪੜ੍ਹਾਈ ਦਾ ਵੀ ਪ੍ਰਬੰਧ ਸੀ।"

ਹਿਊਨ ਸਾਂਗ ਨੇ ਵੇਦਾਂ, ਰਾਜਨੀਤੀ ਸ਼ਾਸਤਰ, ਫਿਲਾਸਫੀ, ਤਰਕ ਵਿਦਿਆ, ਸ਼ਬਦ ਵਿਦਿਆ, ਚਿਕਿਤਸਾ ਵਿਦਿਆ (ਮੈਡੀਸਨ) ਅਤੇ ਯੋਗ ਵਿਦਿਆ ਦੀ ਵਿਵਸਥਾ ਦਾ ਉਲੇਖ ਕੀਤਾ ਹੈ। ਹਿਊਨ ਸਾਂਗ ਨੇ ਖੁਦ ਇਥੋਂ ਦੰਡਨੀਤੀ (ਲਾਅ) ਅਤੇ ਸੰਸਕ੍ਰਿਤ ਵਿਆਕਰਣ ਦੀ ਵਿਦਿਆ ਪ੍ਰਾਪਤ ਕੀਤੀ। ਨਾਲੰਦਾ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਭਾਰਤੀ ਨਿਆਂ-ਸ਼ਾਸਤਰ ਅਤੇ ਪ੍ਰਮਾਣ-ਸ਼ਾਸਤਰ ਹੈ, ਜਿਸ ਦਾ ਪੱਛਮ ਵਾਲੇ ਅਜੇ ਤਕ ਮੁਕਾਬਲਾ ਨਹੀਂ ਕਰ ਸਕੇ। ਹਿਊਨ ਸਾਂਗ ਵੇਲੇ ਕੁਲਪਤੀ ਸ਼ੀਲਭੱਦਰ ਸੀ ਅਤੇ ਉਸ ਵੇਲੇ ਦੇ ਬਹੁਤ ਪ੍ਰਸਿੱਧ ਆਚਾਰੀਆ ਮੀਰਪਾਲ, ਚੰਦ੍ਰਪਾਲ, ਗੁਣਮਤਿ ਸਿਤਰਮਤਿ, ਜਿਨਮਿਤ੍ਰ, ਗਿਆਨਚੰਦ੍ਰ, ਸਾਗਰਮਤਿ, ਬੁਧਭਦ੍ਰ ਅਤੇ ਧੁਰੰਧਰ ਸਨ। ਇਨ੍ਹਾਂ ਤੋਂ ਇਲਾਵਾ ਨਾਗਅਰਜਨ, ਦਿਢਨਾਗ, ਧਰਮੀਰਤ, ਧਰਮੋਤਰ, ਗਿਆਨਸ਼ਰੀ ਵਰਗੇ ਦਰਸ਼ਨ ਅਤੇ ਨਿਆਂ ਦੇ ਮਹਾਨ ਅਚਾਰੀਆ ਸਨ।

ਧਾਰਨਾ ਪਾਈ ਜਾਂਦੀ ਹੈ ਕਿ ਨਾਲੰਦਾ ਯੂਨੀਵਰਸਿਟੀ 5 ਤੋਂ 7 ਕਿਲੋਮੀਟਰ ਖੇਤਰ ਵਿਚ ਪਸਰੀ ਹੋਈ ਸੀ। ਇਸ ਦੀ ਖੁਦਾਈ ਦਾ ਕੰਮ ਥੋੜ੍ਹੇ ਜਿਹੇ ਏਰੀਏ ਵਿਚ ਕੋਈ 16,000 ਫੁੱਟ ਉਤਰ ਤੋਂ ਦੱਖਣ ਦਿਸ਼ਾ ਵਿਚ ਅਤੇ 800 ਫੁੱਟ ਪੂਰਬ ਤੋਂ ਪੱਛਮ ਦਿਸ਼ਾ ਵਿਚ ਹੋਇਆ ਹੈ। ਇੱਥੇ ਵਿਦਿਆਰਥੀਆਂ ਦੇ ਰਹਿਣ ਲਈ ਹੋਸਟਲ ਦੀ ਪੂਰਨ ਵਿਵਸਥਾ ਸੀ। ਹਰ ਸਿਖਿਆਰਥੀ ਲਈ ਇਕ ਆਜ਼ਾਦਾਨਾ ਕਮਰਾ ਹੁੰਦਾ। ਮੈਡੀਟੇਸ਼ਨ, ਪ੍ਰਾਣਾਯਾਮ ਕਰਨ ਲਈ ਨਜ਼ਦੀਕ ਹੀ ਸੱਥਲ ਬਣੇ ਹੁੰਦੇ। ਭਾਵੇਂ ਉਸ ਵਕਤ ਬਿਜਲੀ ਵਗੈਰਾ ਦੀਆਂ ਸੁਖ-ਸਹੂਲਤਾਂ ਨਹੀਂ ਸਨ ਪਰ ਇਮਾਰਤ ਉਸਾਰੀ ਇਸ ਕਦਰ ਕਮਾਲ ਸੀ ਕਿ ਸਾਰੇ ਕਮਰੇ ਸਰਦੀਆਂ ਵਿਚ ਨਿੱਘੇ ਤੇ ਗਰਮੀਆਂ ਵਿਚ ਠੰਡੇ ਰਹਿੰਦੇ। ਖੁਦਾਈ ਤੋਂ ਪਤਾ ਲਗਦਾ ਹੈ ਕਿ ਕਮਰਿਆਂ ਦੀਆਂ ਦੀਵਾਰਾਂ ਅੱਠ ਤੋਂ ਦਸ ਫੁੱਟ ਚੌੜੀਆਂ ਸਨ। ਲਾਇਬਰੇਰੀ ਪ੍ਰਬੰਧ ਬਹੁਤ ਸ਼ਲਾਘਾਯੋਗ ਸੀ। ਨੌਂ-ਮੰਜ਼ਲਾਂ ਲਾਇਬਰੇਰੀਆਂ ਦੇ ਤਿੰਨ ਬਲਾਕ ਸਨ ਜਿਸ ਵਿਚ ਬਹੁਤ ਪਾਇਦਾਰ ਕਿਤਾਬਾਂ, ਕੀਮਤੀ ਲਿਖਤਾਂ ਤੇ ਦੁਰਲੱਭ ਸ਼ਾਸਤਰ ਭਰੇ ਪਏ ਸਨ। ਵਿਦਿਆਰਥੀ ਇਥੋਂ ਪੀਐਚ.ਡੀ. ਦੀ ਡਿਗਰੀ ਹਾਸਲ ਕਰਦੇ ਅਤੇ ਆਪਣੇ ਦੇਸ਼ ਚਲੇ ਜਾਂਦੇ।

ਵਿਦਿਆਰਥੀਆਂ ਦੇ ਦਾਖਲੇ ਦਾ ਪ੍ਰਬੰਧ ਬੜਾ ਨਿਆਰਾ ਸੀ। ਦਾਖਲਾ ਪ੍ਰਾਪਤ ਕਰਨਾ ਅਸਾਨ ਹੀ ਨਹੀਂ, ਬਹੁਤ ਕਠਿਨ ਸੀ। ਪ੍ਰਮੁੱਖ ਦੁਆਰ 'ਤੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਪ੍ਰੀਖਿਆ ਲਈ ਜਾਂਦੀ। ਪ੍ਰੀਖਿਆ ਲੈਣ ਵਾਲੇ ਨੂੰ ਦੁਆਰਪੰਡਿਤ ਆਖਿਆ ਜਾਂਦਾ ਜੋ ਸ਼ਾਸਤਰਾਂ ਦਾ ਮਹਾਂ-ਗਿਆਤਾ ਹੁੰਦਾ। ਹਿਊਨ ਸਾਂਗ ਲਿਖਦਾ ਹੈ ਕਿ ਪੰਦਰਾਂ 'ਚੋਂ ਅਕਸਰ ਤਿੰਨ ਹੀ ਵਿਦਿਆਰਥੀ ਚੁਣੇ ਜਾਂਦੇ। ਫਿਰ ਵੀ ਵਿਦਿਆਰਥੀਆਂ ਦੀ ਗਿਣਤੀ ਉਸ ਵੇਲੇ ਦਸ ਹਜ਼ਾਰ ਸੀ। ਦਾਖਲਾ ਲੈਣ ਵਾਲੇ ਨੂੰ ਉਚ-ਯੋਗਤਾ ਦਾ ਧਾਰਨੀ ਮੰਨਿਆ ਜਾਂਦਾ। ਆਮ ਤੌਰ 'ਤੇ 20 ਸਾਲ ਦੇ ਵਿਦਿਆਰਥੀ ਨੂੰ ਹੀ ਦਾਖਲ ਕੀਤਾ ਜਾਂਦਾ।

ਯੂਨੀਵਰਸਿੱਟੀ ਦਾ ਮੁਖੀ ਕੁਲਪਤੀ ਹੁੰਦਾ। ਤਿਬਤੀ ਇਤਿਹਾਸਕਾਰ ਤਾਰਾਨਾਥ ਲਿਖਦਾ ਹੈ ਕਿ ਕੁਲਪਤੀ ਨੂੰ ਲੋਕ 'ਵਿਦਿਆ-ਭੂਸ਼ਨ' ਨਾਮ ਨਾਲ ਸੰਬੋਧਨ ਕਰਦੇ। ਉਸ ਦੇ ਸਹਾਇਕ ਅਧਿਕਾਰੀ ਪੰਡਿਤ ਕਹਾਉਂਦੇ। ਸਮਾਂ ਜਾਣਨ ਲਈ ਧੁੱਪ-ਘੜੀ ਦਾ ਇਸਤੇਮਾਲ ਹੁੰਦਾ, ਉਸ ਅਨੁਸਾਰ ਕਲਾਸਾਂ ਲਗਦੀਆਂ। ਦੁਪਹਿਰ ਹੋਣ ਤੋਂ ਪਹਿਲਾਂ ਦੋ ਘੰਟੇ ਪੜ੍ਹਾਈ ਹੁੰਦੀ। ਫਿਰ ਭੋਜਨ ਛਕਿਆ ਜਾਂਦਾ। ਫਿਰ ਅਰਾਮ ਕਰਨ ਬਾਅਦ ਦੋ ਘੰਟੇ ਪੜ੍ਹਾਈ ਹੁੰਦੀ ਤੇ ਫਿਰ ਛੁੱਟੀ ਕਰ ਦਿੱਤੀ ਜਾਂਦੀ। ਇਸ਼ਨਾਨ ਕਰਨ ਦਾ ਸਮਾਂ ਨਿਸ਼ਚਿਤ ਹੁੰਦਾ। ਉਸ ਸਮੇਂ ਘੰਟੀ ਵਜਾਈ ਜਾਂਦੀ। ਆਚਾਰੀਆ ਤੇ ਵਿਦਿਆਰਥੀ ਇਕ ਸਮਾਨ ਅਨੁਸ਼ਾਸਨ ਦੀ ਪਾਲਣਾ ਕਰਦੇ। ਸਵੇਰ ਵੇਲੇ ਉਠ ਕੇ ਸਾਰੇ ਸਫਾਈ ਕਰਦੇ, ਝਾੜੂ ਦਿੰਦੇ। ਫਿਰ ਉਸ ਤੋਂ ਬਾਅਦ ਹੱਥ-ਮੂੰਹ ਧੋ ਕੇ ਬੁੱਧ-ਬੰਦਨਾ ਲਈ ਮੰਦਿਰ ਵਿਚ ਇਕੱਤਰ ਹੁੰਦੇ।

ਹਿਊਨ ਸਾਂਗ ਲਿਖਦਾ ਹੈ ਕਿ ਨਾਲੰਦਾ ਯੂਨੀਵਰਸਿਟੀ ਵਿਚ ਆਚਾਰੀਆ ਤੇ ਵਿਦਿਆਰਥੀਆਂ ਦੇ ਸਬੰਧ ਬਹੁਤ ਮਿੱਤਰਾਨਾ ਸਨ। ਕਦੇ ਆਪਸੀ ਗੁੱਸੇ-ਗਿਲੇ ਵਾਲੀ ਗੱਲ ਨਹੀਂ ਸੀ ਹੁੰਦੀ। ਸੱਤ ਸਦੀਆਂ ਦੇ ਇਤਿਹਾਸ ਵਿਚ ਕਦੇ ਕੋਈ ਵਿਆਪਕ ਮੱਤ-ਭੇਦ ਪੈਦਾ ਹੋਣ ਦੀ ਖਬਰ ਨਹੀਂ ਮਿਲੀ। ਪੜ੍ਹਾਈ ਮੁਫਤ ਸੀ। ਭੋਜਨ, ਵਸਤਰ ਅਤੇ ਪੁਸਤਕਾਂ ਯੂਨੀਵਰਸਿਟੀ ਵੱਲੋਂ ਹੀ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ। ਨਾਲੰਦਾ ਦੇ ਵਿਦਿਆਰਥੀ ਆਚਾਰੀਆ ਬਣ ਕੇ ਨਿਕਲਦੇ ਤੇ ਆਪੋ ਆਪਣੀ ਥਾਂ ਜਾਂ ਦੇਸ਼ ਜਾ ਕੇ ਪ੍ਰਚਾਰ ਕਰਦੇ। ਨਾਲੰਦਾ ਦੀ ਜਿਸ ਵਿਦਿਆਰਥੀ 'ਤੇ ਮੋਹਰ ਲੱਗ ਜਾਂਦੀ, ਉਹ ਪੂਰਨ ਗਿਆਤਾ ਵਜੋਂ ਜਾਣਿਆ ਜਾਂਦਾ। ਉਸ ਦਾ ਬਹੁਤ ਸਤਿਕਾਰ ਹੁੰਦਾ। ਇਸੇ ਕਰਕੇ ਏਸ਼ੀਆ ਵਿਚ ਜੋ ਸੰਸਕ੍ਰਿਤ-ਏਕਤਾ ਦਿਖਾਈ ਦਿੰਦੀ ਹੈ, ਇਹ ਨਾਲੰਦਾ ਯੂਨੀਵਰਸਿਟੀ ਦੀ ਦੇਣ ਮੰਨੀ ਜਾਂਦੀ ਹੈ।



*ਆਪਣੇ ਇਤਿਹਾਸ ਦੀ ਦਾਸਤਾਂ ਪੇਸ਼ ਕਰਦੇ ਨਾਲੰਦਾ ਯੂਨੀਵਰਸਿਟੀ ਦੇ ਖੰਡਰਾਤ*

ਸਾਰੇ ਵਿਸ਼ਵ-ਵਿਦਿਆਲੇ ਦੇ ਚਾਰੇ ਪਾਸੇ ਉਚੀ ਬਾਊਂਡਰੀ ਸੀ। ਨਾਲੰਦਾ ਦੇ ਆਰਥਿਕ ਪ੍ਰਬੰਧ ਲਈ ਆਸ-ਪਾਸ ਦੇ ਰਾਜਾਂ ਦੇ ਰਾਜਿਆਂ ਵੱਲੋਂ ਸੌ ਪਿੰਡਾਂ ਦੀ ਆਮਦਨ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ। ਇਨ੍ਹਾਂ ਪਿੰਡਾਂ ਵੱਲੋਂ ਚੌਲ, ਮੱਖਣ, ਦੁੱਧ ਆਦਿ ਖਾਧ ਪਦਾਰਥ ਦਿੱਤੇ ਜਾਂਦੇ। ਸਮਾਟਰਾ (ਇੰਡੋਨੇਸ਼ੀਆ) ਦੇ ਰਾਜੇ ਨੇ ਵੀ ਬਹੁਤ ਧਨ ਦੇਣ ਦਾ ਪ੍ਰਬੰਧ ਕੀਤਾ।

ਹਿਊਨ ਸਾਂਗ ਜਿਸ ਨੂੰ ਚੀਨੀ ਯਾਤਰੂ ਦੇ ਲਕਬ ਨਾਲ ਜਾਣਿਆ ਜਾਂਦਾ ਹੈ, 20 ਸਾਲ ਦੀ ਉਮਰ ਵਿਚ ਬੋਧੀ ਬਣ ਗਿਆ ਸੀ। ਫਿਰ ਤੀਹ ਸਾਲ ਦੀ ਉਮਰ ਵਿਚ ਚੀਨ ਛੱਡ ਕੇ ਤਾਸ਼ਕੰਦ, ਸਮਰਕੰਦ ਹੁੰਦਾ ਹੋਇਆ ਭਾਰਤ ਆਇਆ। ਉਸ ਨੇ 630 ਏ. ਡੀ. 'ਚ ਇਥੇ ਆ ਕੇ ਮਹਾਤਮਾ ਬੁੱਧ ਨਾਲ ਜੁੜੀਆਂ ਕਲਾਕ੍ਰਿਤਾਂ ਵੇਖੀਆਂ ਤੇ ਬੁੱਧ ਧਰਮ ਦੇ ਗਿਆਨ ਲਈ ਨਾਲੰਦਾ ਵਿਚ ਦਾਖਲਾ ਲਿਆ। ਉਹ ਕਈ ਸਾਲ ਨਾਲੰਦਾ ਯੂਨੀਵਰਸਿਟੀ ਦਾ ਵਿਦਿਆਰਥੀ ਰਿਹਾ ਤੇ ਸੰਸਕ੍ਰਿਤ ਸਿੱਖੀ। ਯੂਨੀਵਰਸਿਟੀ ਦੀਆਂ ਮਿਆਰੀ ਸ਼ਰਤਾਂ 'ਤੇ ਪੂਰਾ ਉਤਰ ਕੇ ਫਿਰ ਉਸ ਨੇ ਆਚਾਰੀਆ ਦੀ ਪਦਵੀ ਹਾਸਲ ਕੀਤੀ ਤੇ ਵਿਦਿਆਰਥੀਆਂ ਨੂੰ ਪੜ੍ਹਾਇਆ। ਉਹ ਆਪਣੀ ਸੂਝ-ਬੂਝ ਸਦਕਾ ਉਸ ਵੇਲੇ ਦੇ ਕੁਲਪਤੀ (ਵਾਈਸ ਚਾਂਸਲਰ) ਸ਼ੀਲਭੱਦਰ ਦੇ ਬਹੁਤ ਨਜ਼ਦੀਕ ਪਹੁੰਚ ਗਿਆ। ਵਿਦਿਆ ਹਾਸਲ ਕਰਨ ਤੋਂ ਬਾਅਦ ਉਸ ਨੇ ਕੋਈ ਪੰਜ ਸਾਲ ਹਿੰਦੁਸਤਾਨ ਦਾ ਭ੍ਰਮਣ ਕੀਤਾ। ਇਤਿਹਾਸਕ ਸਥਾਨਾਂ ਨੂੰ ਤੱਕਦਾ ਹੋਇਆ ਪੰਜਾਬ ਆਇਆ। ਉਸ ਵੇਲੇ ਦੇ ਗਰੇਟਰ ਪੰਜਾਬ ਦਾ ਪਸਾਰ ਮੱਦ ਏਸ਼ੀਆ ਤੱਕ ਸੀ ਤੇ ਅਫਗਾਨਿਸਤਾਨ ਵੀ ਪੰਜਾਬ ਦਾ ਹਿੱਸਾ ਸੀ। ਬੁੱਧ ਧਰਮ ਦਾ ਇਸੇ ਕਰਕੇ ਅਫਗਾਨਿਸਤਾਨ ਵਿਚ ਬਹੁਤ ਪਸਾਰ-ਪ੍ਰਚਾਰ ਹੋਇਆ। ਹਿਊਨ ਸਾਂਗ ਪੰਜਾਬ ਵਿਚ ਲਗਭਗ ਡੇਢ ਸਾਲ ਰਿਹਾ। ਦੱਸਿਆ ਜਾਂਦਾ ਹੈ ਕਿ ਉਹ ਇਸ ਬਰੇ-ਸਾਗੀਰ ਵਿਚ 17 ਸਾਲ ਰਿਹਾ।

ਉਸ ਵੇਲੇ ਕਨੌਜ ਦਾ ਰਾਜਾ ਹਰਸ਼ਵਰਧਨ ਸੀ ਜੋ ਖੁਦ ਇਕ ਵਡਾ ਵਿਦਵਾਨ ਸੀ। ਉਹ ਦੂਰ-ਦੁਰੇਡੇ ਦੇ ਦੇਸ਼ਾਂ ਦੇ ਵਿਦਵਾਨਾਂ ਨੂੰ ਬੁਲਾ ਕੇ ਸਭਾਵਾਂ ਕਰਦਾ, ਗੋਸ਼ਟੀਆ ਦਾ ਆਯੋਜਨ ਕਰਦਾ। ਹਰਸ਼ਵਰਧਨ ਨੇ ਬਹੁਤ ਸਤਿਕਾਰ ਵਜੋਂ ਹਿਊਨ ਸਾਂਗ ਨੂੰ ਦੋ ਵਾਰ ਆਪਣੀਆਂ ਸਭਾਵਾਂ ਵਿਚ ਨਿਵਾਜਿਆ। ਫਿਰ ਉਹ 640 ਏ. ਡੀ. ਵਿਚ ਜਦ ਵਿਸ਼ਾਲ ਮਹਾਂ ਪੰਜਾਬ ਤੋਂ ਵਾਪਸ ਆਪਣੀ ਮਾਤਭੂਮੀ ਚੀਨ ਜਾਣ ਲੱਗਾ ਤਾਂ ਉਸ ਕੋਲ ਕਿਤਾਬਾਂ ਦੇ ਰੂਪ ਵਿਚ ਆਹਲਾ ਭੰਡਾਰ ਸੀ, 640 ਅਣਮੁੱਲੇ ਹੱਥ-ਖਰੜੇ ਸਨ, 74 ਦੇ ਕਰੀਬ ਬੁੱਧ ਧਰਮ ਨਾਲ ਸਬੰਧਤ ਹੱਥ-ਲਿਖਤਾਂ ਸਨ। ਉਸ ਕੋਲ ਬੁੱਧ ਦੇ 150 ਦੇ ਕਰੀਬ ਚਿੱਤਰ, ਸੋਨੇ-ਚਾਂਦੀ ਦੀਆਂ ਮੂਰਤੀਆਂ, ਪ੍ਰਤਿਮਾ ਸਨ। ਰਾਜਾ ਹਰਸ਼ਵਰਧਨ ਨੇ ਉਸ ਦੇ ਸਮਾਨ ਨੂੰ 20 ਘੋੜਿਆਂ 'ਤੇ ਲਦਵਾਇਆ। ਉਸ ਨੂੰ ਅਤੇ ਉਸ ਦੇ ਸਾਜੋ-ਸਾਮਾਨ ਨੂੰ ਸੁਰੱਖਿਅਤ ਚੀਨ ਪਹੁੰਚਾਣ ਲਈ ਆਪਣੇ ਸੈਨਿਕ ਨਾਲ ਭੇਜਣ ਦਾ ਪ੍ਰਬੰਧ ਕੀਤਾ। ਇਹ ਵੀ ਧਾਰਨਾ ਹੈ ਕਿ ਉਸ ਕੋਲ 900 ਦੇ ਕਰੀਬ ਆਹਲਾ-ਤਰੀਨ ਪੁਸਤਕਾਂ ਸਨ। ਜਦ ਉਹ ਸਤਲੁਜ ਦਰਿਆ ਪਾਰ ਕਰਨ ਲੱਗਾ ਤਾਂ ਅੱਧੀਆਂ ਕਿਤਾਬਾਂ ਪਾਣੀ ਦੀ ਭੇਟ ਹੋ ਗਈਆਂ। ਜਦ ਉਹ ਚੀਨ ਪਹੁੰਚ ਗਿਆ ਤਾਂ ਉਸ ਦੀ ਮੰਗ 'ਤੇ ਨਾਲੰਦਾ ਯੂਨੀਵਰਸਿਟੀ ਦੇ ਕੁਲਪਤੀ ਸ਼ੀਲਭੱਦਰ ਨੇ ਬਾਕੀ ਦੀਆਂ ਕਿਤਾਬਾਂ ਉਸ ਨੂੰ ਭੇਜੀਆਂ।

ਦੱਸਦੇ ਹਨ ਕਿ ਜਦ ਸੰਸਕ੍ਰਿਤ ਦਾ ਇਹ ਗਿਆਤਾ ਮਹਾਨ ਵਿਦਵਾਨ ਹਿਊਨ ਸਾਂਗ ਚੀਨ ਪਹੁੰਚਿਆ ਤਾਂ ਉਥੋਂ ਦਾ ਰਾਜਾ, ਜੋ ਤਾਂਗ ਵੰਸ਼ ਦਾ ਸੀ, ਹਿਊਨ ਸਾਂਗ ਦੀ ਵਿਦਵਤਾ ਦੀ ਪ੍ਰਸਿੱਧੀ ਸੁਣ ਕੇ ਡਰ ਗਿਆ। ਉਸ ਨੂੰ ਜਾਪਿਆ ਕਿਧਰੇ ਇਹ ਮੇਰੇ ਰਾਜਭਾਗ 'ਤੇ ਕਾਬਜ਼ ਨਾ ਹੋ ਜਾਵੇ। ਉਸ ਨੇ ਹਿਊਨ ਸਾਂਗ ਨੂੰ ਬਹਿਲਾਉਣ ਲਈ ਕਿਹਾ, "ਹਿਊਨ ਸਾਂਗ ਮੈਂ ਤੇਰੇ ਰਹਿਣ ਲਈ ਆਲੀਸ਼ਾਨ ਪ੍ਰਬੰਧ ਕਰਵਾ ਦਿੰਦਾ ਹਾਂ। ਤੇਰੇ ਲਈ ਸੁੰਦਰ ਮਹਿਲ ਤਾਮੀਰ ਕਰਵਾ ਦਿੰਦਾ ਹਾਂ।" ਹਿਊਨ ਸਾਂਗ ਦਾ ਜਵਾਬ ਸੀ, "ਨਹੀਂ ਬਾਦਸ਼ਾਹ! ਅਸੀਂ ਸੰਤ ਲੋਕ ਹਾਂ। ਮੇਰੇ ਰਹਿਣ ਲਈ ਇਕ ਕੁਟੀਆ ਹੀ ਕਾਫੀ ਹੈ।"

ਹਿਊਨ ਸਾਂਗ ਨੇ ਫਿਰ ਚੀਨ ਵਿਚ ਰਹਿ ਕੇ, ਜੋ ਉਹ ਨਾਲੰਦਾ ਤੋਂ ਸੰਸਕ੍ਰਿਤ ਵਿਚ ਰਚੀਆਂ ਕਿਤਾਬਾਂ ਲੈ ਕੇ ਆਇਆ ਸੀ, ਉਨ੍ਹਾਂ ਦਾ ਚੀਨੀ ਭਾਸ਼ਾ ਵਿਚ ਅਨੁਵਾਦ ਕੀਤਾ। ਧਾਰਨਾ ਹੈ ਕਿ ਉਸ ਅਨੁਵਾਦ ਦੇ ਆਸਰੇ ਅੱਜ ਚੀਨ ਦਾ ਚਿਕਿਤਸਾ ਗਿਆਨ, ਦੇਸੀ ਜੜ੍ਹੀਆਂ-ਬੂਟੀਆਂ ਰਾਹੀਂ ਮਾਨਵੀ ਇਲਾਜ ਅਤੇ ਪੈਥੀਆਂ ਜੋ ਦੁਨੀਆਂ ਪੱਧਰ 'ਤੇ ਮਕਬੂਲ ਹਨ, ਸਾਰੀ ਉਪਲੱਬਧੀ ਨਾਲੰਦਾ ਯੂਨੀਵਰਸਿਟੀ ਦੀ ਦੇਣ ਹੈ।

ਨਾਲੰਦਾ ਵਿਸ਼ਵ-ਵਿਦਿਆਲੇ ਦਾ ਅੰਤ: ਫਿਰ ਇਕ ਸਮਾਂ ਆਇਆ ਜਦ ਧਾੜਵੀ ਮੰਦਿਰਾਂ ਤੇ ਹੋਰ ਧਾਰਮਿਕ ਸਥਾਨਾਂ ਨੂੰ ਨਸ਼ਟ-ਭ੍ਰਸ਼ਟ ਕਰਦੇ ਚਲੇ ਆ ਰਹੇ ਸਨ ਤਾਂ ਉਸ ਵੇਲੇ ਨਾਲੰਦਾ ਯੂਨੀਵਰਸਿਟੀ ਵੀ ਉਨ੍ਹਾਂ ਦਾ ਨਿਸ਼ਾਨਾ ਬਣ ਗਈ। ਬਾਰਵੀਂ ਸਦੀ ਦਾ ਸਮਾਂ ਸੀ ਜਦ 1189 ਈਸਵੀ ਨੂੰ ਬੰਗਾਲ ਵੱਲੋਂ ਇਕ ਤੁਰਕ ਧਾੜਵੀ ਰਾਜਾ ਬਖਤਿਆਰ ਖਿਲਜੀ ਆਇਆ। ਉਸ ਨੇ ਨਾਲੰਦਾ ਯੂਨੀਵਰਸਿਟੀ ਵਿਚ ਬਹੁਤ ਧਨ, ਸੋਨਾ ਤੇ ਕੀਮਤੀ ਜਵਾਹਰ ਪਏ ਹੋਣ ਦੇ ਅੰਦੇਸ਼ੇ ਹੇਠ ਇਸ ਨੂੰ ਘੇਰ ਲਿਆ। ਉਸ ਦੇ ਸੈਨਿਕਾਂ ਨੇ ਮਹਾਨ ਅਚਾਰੀਆ ਵਗੈਰਾ ਮਾਰ ਦਿੱਤੇ। ਬਾਅਦ ਵਿਚ ਨਾਲੰਦਾ ਨੂੰ ਅਗਨੀ ਭੇਟ ਕਰ ਦਿੱਤਾ। ਇਸ ਤੋਂ ਇਲਾਵਾ ਇਕ ਹੋਰ ਧਾਰਨਾ ਪ੍ਰਚਲਿਤ ਹੈ ਕਿ ਨਾਲੰਦਾ ਯੂਨੀਵਰਸਿਟੀ ਦੀ ਘੋਖ ਪੜਤਾਲ ਕਰ ਕੇ ਬਖਤਿਆਰ ਖਿਲਜੀ ਨੇ ਆਗਿਆ ਮੰਗੀ, ਅੰਦਰ ਬਹੁਤ ਹੀ ਦੁਰਲੱਭ ਕਿਤਾਬਾਂ ਤੇ ਥੀਸਜ਼ ਹੱਥ-ਖਰੜੇ ਪਏ ਹਨ, ਇਨਾਂ ਦਾ ਕੀ ਕੀਤਾ ਜਾਵੇ? ਉਸ ਨੂੰ ਪਿਛੋਂ ਹੁਕਮ ਆਇਆ, ਪਵਿੱਤਰ ਕੁਰਾਨ ਨਾਲੋਂ ਕੋਈ ਦਸਤਵੇਜ਼ ਵੱਡੀ ਤੇ ਆਹਲਾ ਨਹੀਂ, ਸਭ ਕੁਝ ਨਸ਼ਟ ਕਰ ਦਿਓ। ਪਰ ਇਸ ਗੱਲ ਦੀ ਕਿਧਰੋਂ ਪੁਸ਼ਟੀ ਨਹੀਂ ਹੁੰਦੀ।

ਨਾਲੰਦਾ ਯੂਨੀਵਰਸਿਟੀ ਨੂੰ ਤੁਰਕ ਧਾੜਵੀਆਂ ਨੇ ਅੱਗ ਦੇ ਹਵਾਲੇ ਕਰ ਦਿੱਤਾ ਤਾਂ ਯੂਨੀਵਰਸਿਟੀ ਦਾ ਸਾਰਾ ਅਕਾਦਮਿਕ ਰਿਕਾਰਡ, ਫਿਲਾਸਫੀ ਤੇ ਨਿਆਂ ਸ਼ਾਸਤਰ ਨਾਲ ਭਰੀਆਂ ਲਾਇਬਰੇਰੀਆਂ ਭਸਮ ਹੋ ਗਈਆਂ। ਦੱਸਦੇ ਹਨ, ਛੇ ਮਹੀਨੇ ਯੂਨੀਵਰਸਿਟੀ ਜਲਦੀ ਰਹੀ। ਧਾੜਵੀ ਸੈਨਿਕ ਠੰਡ ਤੋਂ ਬਚਣ ਲਈ, ਅੱਗ ਸੇਕਣ ਲਈ ਕਿਤਾਬਾਂ ਜਲਾਉਂਦੇ ਰਹੇ। ਇਸ ਤਰ੍ਹਾਂ ਸਦੀਆਂ ਤੋਂ ਚਲਦਾ ਨਾਲੰਦਾ ਦਾ ਸਮੁੱਚਾ ਕੀਮਤੀ ਵਿਸ਼ਵ ਵਿਦਿਆਲਾ, ਜੋ ਭਾਰਤੀ ਸਭਿਅਤਾ ਦਾ ਮਹਾਨ ਇਲਮੀ ਖਜਾਨਾ ਸੀ, ਸਪੁਰਦ-ਏ-ਖਾਕ ਹੋ ਗਿਆ।

# ਫਿਲਮ 'ਦੁੱਲਾ ਵੈਲੀ' 'ਚ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਮੁੜ ਇਕੱਠੇ

ਸੁਰਜੀਤ ਜੱਸਲ
ਫੋਨ: 91-98146-07737

ਗੁੱਗੂ ਗਿੱਲ ਤੇ ਯੋਗਰਾਜ ਸਿੰਘ ਪੰਜਾਬੀ ਸਿਨੇ ਪ੍ਰੇਮੀਆਂ ਦੇ ਚਹੇਤੇ ਸਿਤਾਰੇ ਹਨ। ਇਸ ਜੋੜੀ ਦੀਆਂ 'ਬਦਲਾ ਜੱਟੀ ਦਾ', 'ਜੱਟ ਤੇ ਜਮੀਨ', 'ਅਣਖ ਜੱਟਾਂ ਦੀ' ਤੇ ਹੋਰ ਫਿਲਮਾਂ ਮੀਲ ਪੱਥਰ ਸਾਬਤ ਹੋਈਆਂ ਹਨ ਜਿਨ੍ਹਾਂ ਨੂੰ ਦਰਸ਼ਕਾਂ ਨੇ ਐਨਾ ਪਿਆਰ ਦਿੱਤਾ ਕਿ ਨਾਇਕ-ਖਲਨਾਇਕ ਦੀ ਇਹ ਜੋੜੀ ਪੰਜਾਬੀ ਸਿਨਮਾ ਦੇ ਮਾਰਗ 'ਤੇ ਨਵੀਆਂ ਪੈੜਾਂ ਪਾਉਣ ਲੱਗੀ, ਪਰ ਕਿਸੇ ਕਾਰਨ ਇਹ ਜੋੜੀ ਅਲੱਗ ਅਲੱਗ ਫਿਲਮਾਂ ਕਰਨ ਲੱਗੀ। ਕਈ ਸਾਲਾਂ ਬਾਅਦ ਹੁਣ ਫਿਲਮ 'ਦੁੱਲਾ ਵੈਲੀ' ਰਾਹੀਂ ਦਰਸ਼ਕਾਂ ਦੀ ਇਹ ਮਹਿਬੂਬ ਜੋੜੀ ਮੁੜ ਚਮਕਣ ਲੱਗੀ ਹੈ।

ਖੁਸ਼ਬੂ ਪਿਕਚਰਜ਼ ਦੇ ਬੈਨਰ ਹੇਠ ਨਿਰਮਾਤਾ ਮਲਕੀਤ ਬੁੱਟਰ, ਮਨਜੀਤ ਉਪਲ, ਚਰਨਜੀਤ ਕੌਰ ਅਤੇ ਊਰਜਾ ਫਿਲਮਜ਼ ਦੀ ਇਸ ਫਿਲਮ ਦੀ ਸੂਟਿੰਗ ਇਨ੍ਹੀਂ ਦਿਨੀਂ ਬਠਿੰਡਾ ਇਲਾਕੇ 'ਚ ਚੱਲ ਰਹੀ ਹੈ।

ਨਿਰਦੇਸ਼ਕ ਦੇਵੀ ਸ਼ਰਮਾ ਨੇ ਦੱਸਿਆ ਕਿ ਨਸ਼ਿਆਂ ਦੀ ਦਲਦਲ ਵਿਚ ਧਸਦੇ ਜਾ ਰਹੇ ਪੰਜਾਬ, ਜਮੀਨਾਂ ਦੀ ਵੰਡ ਅਤੇ ਫਿੱਕੇ ਪਏ ਖੂਨ ਦੇ ਰਿਸ਼ਤਿਆਂ ਬਾਰੇ ਪੰਜਾਬ ਦੀ ਕਹਾਣੀ ਦਾ ਮੁਲਾਂਕਣ ਕਰਦੀ ਇਹ ਫਿਲਮ ਚਾਲੀ ਸਾਲ ਪਹਿਲਾਂ ਤਹਿਸ-ਨਹਿਸ ਹੋਏ ਇੱਕ ਪਰਿਵਾਰ ਦੇ ਮੁਖੀ ਦਲੀਪ ਸਿੰਘ ਉਰਫ ਦੁੱਲਾ ਵੈਲੀ ਦੇ ਆਲੇ-ਦੁਆਲੇ ਘੁੰਮਦੀ ਹੈ।

ਪੀੜ੍ਹੀ ਦਰ ਪੀੜ੍ਹੀ ਚੱਲਦੀ ਕਹਾਣੀ ਵਾਲੀ ਇਹ ਇੱਕ ਐਕਸ਼ਨ ਫਿਲਮ ਹੈ ਜਿਸ ਵਿਚ ਯੋਗਰਾਜ ਸਿੰਘ ਤੇ ਗੁੱਗੂ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਮੁਹੰਮਦ ਸਦੀਕ ਇਸ ਫਿਲਮ ਦਾ ਤੀਸਰਾ ਮਜਬੂਤ ਥੰਮ੍ਹ ਹੈ। ਇਸ ਤੋਂ ਇਲਾਵਾ ਸਰਬਜੀਤ ਚੀਮਾ, ਗੁਰਵਰ ਚੀਮਾ, ਨੀਤ ਕੌਰ, ਅਕਾਂਕਸ਼ਾ, ਅਵਤਾਰ ਗਿੱਲ, ਚਰਨਜੀਤ ਸੰਧੂ, ਨੀਟੂ ਪੰਧੇਰ, ਗੁਗਨੀ ਗਿੱਲ, ਹੈਰੀ ਸਚਦੇਵਾ, ਜੋਤੀ ਸ਼ਰਮਾ, ਜਨਕ ਜੋਸ਼ੀ, ਦਰਸ਼ਨ ਘਾਰੂ, ਸੰਜੀਵ ਕਲੇਰ, ਧਨਵੰਤ ਝਿੱਕਾ ਆਦਿ ਕਲਾਕਾਰਾਂ ਨੇ ਫਿਲਮ 'ਚ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ ਡਾਇਲਾਗ ਤੇ ਸਕਰੀਨ ਪਲੇਅ ਖੁਸ਼ਬੂ ਸ਼ਰਮਾ ਨੇ ਲਿਖੇ ਹਨ। ਫਿਲਮ ਦੇ ਮੀਡੀਆ ਸਲਾਹਕਾਰ ਚਰਨਜੀਤ ਸੰਧੂ ਨੇ ਦੱਸਿਆ ਕਿ ਸੂਟਿੰਗ ਅੱਧੀ ਤੋਂ ਵੱਧ ਮੁਕੰਮਲ ਹੋ ਚੁਕੀ ਹੈ ਤੇ ਫਿਲਮ ਵਿਸਾਖੀ ਦੇ ਨੇੜੇ-ਤੇੜੇ ਰਿਲੀਜ਼ ਹੋ ਜਾਵੇਗੀ।




# ਦੱਰਾ ਰੋਹਤਾਂਗ ਉਦੋਂ ਤੇ ਹੁਣ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਰੋਹਤਾਂਗ ਦੱਰੇ ਦੇ ਕਈ ਰੰਗ ਵੇਖੇ ਹਨ- 1960 ਵਿਚ ਆਪਣੇ ਪੱਤਰਕਾਰ ਮਿੱਤਰ ਰਾਜ ਗਿੱਲ ਨਾਲ ਮੋਟਰ ਸਾਈਕਲ ਉਤੇ, 1966 ਵਿਚ ਆਪਣੀ ਨਵ ਵਿਆਹੀ ਪਤਨੀ ਸਮੇਤ ਕਾਰ ਰਾਹੀਂ ਤੇ ਦੋ ਵਾਰ ਫੇਰ। 1960 ਵਿਚ ਸਾਨੂੰ ਅਪਣਾ ਮੋਟਰਸਾਈਕਲ ਮਨਾਲੀ ਤੋਂ ਅੱਗੇ ਤੇ ਰੋਹਤਾਂਗ ਤੋਂ ਪਹਿਲਾਂ ਕੋਟੀ ਵਿਖੇ ਇੱਕ ਚਾਹ ਵਾਲੇ ਦੀ ਦੁਕਾਨ ਉਤੇ ਛਡਣਾ ਪੈ ਗਿਆ ਸੀ। ਪੈਦਲ ਤੁਰ ਕੇ ਉਪਰ ਵਲ ਜਾ ਰਹੇ ਸਾਂ ਤਾਂ ਮੈਨੂੰ ਨੀਂਦ ਆਉਣ ਲੱਗੀ। ਰੋਹਤਾਂਗ ਉਤੇ ਬਰਫ ਜੰਮੀ ਹੋਈ ਸੀ ਪਰ ਥੱਲੇ ਨਿੱਘੀ ਧੁੱਪ। ਮੈਂ ਰਾਜ ਗਿੱਲ ਤੋਂ ਖਿਮਾ ਮੰਗ ਕੇ ਇਕ ਪੱਥਰ ਨਾਲ ਢੋਹ ਲਾ ਕੇ ਬੈਠਣ ਲੱਗਾ ਤਾਂ ਇੱਕ ਪਹਾੜੀਏ ਨੇ ਮੈਨੂੰ ਉਪਰ-ਥੱਲੇ ਦੌੜ ਕੇ ਨੌਂ-ਬਰ-ਨੌਂ ਹੋਣ ਦਾ ਹੁਕਮ ਦਿੱਤਾ। ਉਸ ਨੇ ਦੱਸਿਆ ਕਿ ਜੇ ਮੈਂ ਸੁਸਤਾ ਗਿਆ ਤਾਂ ਉਥੇ ਹੀ ਖਤਮ ਹੋ ਜਾਵਾਂਗਾ। ਉਸ ਦੇ ਦੱਸੇ ਅਮਲ ਨਾਲ ਮੇਰੀ ਜਾਨ ਵਿਚ ਜਾਨ ਆਈ ਤਾਂ ਰਾਜ ਗਿੱਲ ਤੇ ਮੈਂ ਧੁਰ ਸਿਖਰ ਤੱਕ ਹੋ ਕੇ ਪਰਤੇ।



*ਉਸਾਰੀ ਅਧੀਨ ਰੋਹਤਾਂਗ ਟੱਨਲ*

1966 ਦੇ ਮਾਰਚ ਮਹੀਨੇ ਅਸੀਂ ਹਨੀਮੂਨ 'ਤੇ ਗਏ ਤਾਂ ਉਥੇ ਆਈ. ਐਸ. ਜੌਹਰ ਵਲੋਂ ਬਣਾਈ ਜਾ ਰਹੀ ਫਿਲਮ 'ਜੌਹਰ ਇਨ ਕਸ਼ਮੀਰ' ਦੀ ਸ਼ੂਟਿੰਗ ਚਲ ਰਹੀ ਸੀ। ਬਸ ਮਨਾਲੀ ਦੀ, ਦਿਖਾਵਾ ਕਸ਼ਮੀਰ ਦਾ। ਮੇਰੀ ਪਤਨੀ ਨੇ ਨੰਬਰ ਪਲੇਟ ਵਲ ਧਿਆਨ ਦਿਵਾਇਆ ਤਾਂ ਉਨ੍ਹਾਂ ਨੂੰ ਉਹੀਓ ਸ਼ੂਟਿੰਗ ਅਗਲੇ ਦਿਨ ਕਰਨੀ ਪਈ। ਸੋਧ ਸੁਧਾਈ ਕਰਕੇ।

ਅੱਜ ਦੇ ਦਿਨ ਰੋਹਤਾਂਗ ਤੋਂ ਪਾਰ ਲਾਹੌਲ ਸਪਿਤੀ ਜਾਣਾ ਹੋਵੇ ਤਾਂ ਬਰਫਾਂ ਲੱਦੀ ਪਹਾੜੀ ਵਿਚੋਂ ਲੰਘਣ ਦੀ ਲੋੜ ਨਹੀਂ। 9 ਕਿਲੋਮੀਟਰ ਲੰਮੀ ਸੁਰੰਗ ਰਾਹੀਂ ਜਾ ਸਕਦੇ ਹਾਂ। ਬਰਫਬਾਰੀ ਦੇ ਰੁਕਾਵਟ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਖੂਬੀ ਇਹ ਕਿ ਹਿਮਾਚਲ ਪ੍ਰਦੇਸ਼ ਦੀ ਮਨਾਲੀ ਤੇ ਲਾਹੌਲ ਸਪਿਤੀ ਦੇ ਜ਼ਿਲਾ ਦਫਤਰ ਕੇਲਾਂਗ ਵਿਚਲੀ ਦੂਰੀ 48 ਕਿਲੋਮੀਟਰ ਘਟ ਗਈ ਹੈ।

ਲਾਹੌਲ ਸਪਿਤੀ, ਪਾਂਗੀ ਤੇ ਲੱਦਾਖ ਦੇ ਵਸਨੀਕਾਂ ਨੇ ਸ਼ੁਕਰਵਾਰ 27 ਅਕਤੂਬਰ 2017 ਵਾਲੇ ਦਿਨ ਇਕ ਧਾਰਮਿਕ ਸਮਾਗਮ ਵਿਚ ਨਾਚ ਗਾਣਿਆਂ ਨਾਲ ਸੁਰੰਗ ਦੇ ਸਿਰੇ ਲੱਗਣ ਦਾ ਸਵਾਗਤ ਕੀਤਾ ਤੇ ਇਸ ਨੂੰ 'ਰੋਹਤਾਂਗ ਟੱਨਲ ਉਤਸਵ' ਦਾ ਨਾਂ ਦਿੱਤਾ। ਇਸ ਮੌਕੇ ਦੇਸ਼ ਦੀ ਸਰਕਾਰ ਦਾ ਸ਼ੁਕਰਾਨਾ ਵੀ ਅਦਾ ਕੀਤਾ ਗਿਆ, ਖਾਸ ਕਰਕੇ ਅਟਲ ਬਿਹਾਰੀ ਵਾਜਪਾਈ ਦਾ, ਜਿਸ ਨੇ ਸੁਰੰਗ ਦੀ ਖੁਦਵਾਈ ਸ਼ੁਰੂ ਕਰਵਾਈ ਸੀ। ਹੁਣ ਦੋਵੇਂ ਪਾਸਾਂ ਦੇ ਵਸਨੀਕ ਸਾਲ ਭਰ ਇੱਕ ਦੂਜੇ ਪਾਸੇ ਜਾ ਸਕਣਗੇ।

ਸੁਰੰਗ ਦੇ ਦੋਵੇਂ ਸਿਰੇ 11 ਅਕਤੂਬਰ ਨੂੰ ਇੱਕ ਦੂਜੇ ਨਾਲ ਜੋੜ ਦਿੱਤੇ ਗਏ ਸਨ ਤੇ 15 ਅਕਤੂਬਰ ਨੂੰ ਦੇਸ਼ ਦੀ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਖੁਦ ਉਥੇ ਜਾ ਕੇ ਇਸ ਦਾ ਐਲਾਨ ਕਰਕੇ ਆਈ ਹੈ। ਰੋਗੀਆਂ ਨੂੰ ਇਧਰ-ਉਧਰ ਲਿਜਾਣ ਵਾਲੀਆਂ ਐਂਬੂਲੈਂਸਾਂ ਦੇ ਲੰਘਣ ਨੂੰ ਪ੍ਰਵਾਨਗੀ ਮਿਲ ਚੁਕੀ ਹੈ ਪਰ ਇਸ ਸੁਰੰਗ ਦਾ ਪੂਰੀ ਤਰ੍ਹਾਂ ਚਾਲੂ ਹੋਣਾ 2019 ਵਿਚ ਹੀ ਸੰਭਵ ਹੈ, ਜਦੋਂ ਇਸ ਵਿਚ ਮਾਨਵੀ ਸੁਰੱਖਿਆ, ਟੈਲੀਫੋਨ ਬੂਥਾਂ ਅਤੇ ਰੌਸ਼ਨੀ ਤੇ ਹਵਾ ਦੇ ਯੋਗ ਪ੍ਰਬੰਧ ਲਈ ਰੌਸ਼ਨਦਾਨ ਬਣ ਸਕਣਗੇ। ਪੂਰੇ ਦੇਸ਼ ਵਿਚ ਇਹਦੇ ਜਿੰਨੀ ਲੰਬੀ ਹੋਰ ਕੋਈ ਸੁਰੰਗ ਨਹੀਂ ਹੈ। ਇਹ ਚਮਤਕਾਰ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਗੋਰੀ ਸਰਕਾਰ ਵਲੋਂ ਕੱਢੀਆਂ ਨਹਿਰਾਂ ਤੇ ਰੇਲਵੇ ਲਾਈਨਾਂ ਨੂੰ ਮਾਤ ਪਾਉਂਦਾ ਹੈ। ਮੈਂ ਜਾਣਦਾ ਹਾਂ ਕਿ 2019 ਤੱਕ ਮੈਂ ਤਾਂ ਇਸ ਸੁਰੰਗ ਰਸਤੇ ਉਧਰ ਜਾਣ ਦੇ ਯੋਗ ਨਹੀਂ ਰਹਿਣਾ ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਆਪਣੇ ਜੀਵਨ ਦੇ ਛੇ ਦਹਾਕੇ ਇਸ ਖੇਤਰ ਦੇ ਅੰਗ-ਸੰਗ ਵਿਚਰਿਆ ਹਾਂ। ਮੇਰਾ ਜੱਦੀ ਪੁਸ਼ਤੀ ਜ਼ਿਲਾ ਹੁਸ਼ਿਆਰਪੁਰ ਹੈ ਤੇ ਉਧਰ ਨੂੰ ਜਾਣ ਵਾਲੇ ਸਾਰੇ ਮਾਰਗ ਇਧਰੋਂ ਹੀ ਜਾਂਦੇ ਹਨ, ਲੇਹ ਲੱਦਾਖ ਤੱਕ।

**ਪ੍ਰਗਤੀਸ਼ੀਲ ਰਚਨਾਕਾਰਾਂ ਤੇ ਚਿੰਤਕਾਂ ਦੀ ਅਜੋਕੀ ਚਿੰਤਾ:** ਚੰਡੀਗੜ੍ਹ ਵਿਖੇ 27 ਤੇ 28 ਅਕਤੂਬਰ ਨੂੰ ਪੰਜਾਬ ਆਰਟਸ ਕੌਂਸਲ ਦੇ ਸਹਿਯੋਗ ਨਾਲ ਪ੍ਰਗਤੀਸ਼ੀਲ ਲੇਖਕ ਸੰਘ ਵਲੋਂ ਕਰਵਾਇਆ ਗਿਆ ਦੋ ਰੋਜ਼ਾ ਸੈਮੀਨਾਰ ਦੇਸ਼ ਦੀ ਅਨੇਕਤਾ ਵਿਚ ਏਕਤਾ ਲਈ ਸੰਕਟ ਬਣੇ ਮੁੱਦੇ ਨੂੰ ਉਭਾਰਨ ਵਿਚ ਖੂਬ ਸਫਲ ਰਿਹਾ। ਇਸ ਵਿਚ ਭਾਰਤ ਦੇ 20 ਰਾਜਾਂ ਤੋਂ ਢਾਈ ਤਿੰਨ ਸੌ ਲੇਖਕਾਂ ਦੀ ਸ਼ਿਰਕਤ ਕੋਈ ਛੋਟੀ ਗੱਲ ਨਹੀਂ ਸੀ। ਇਥੇ ਭਾਰਤੀ ਸਭਿਆਚਾਰ ਨੂੰ ਤਹਿਸ-ਨਹਿਸ ਕਰਨ ਵਾਲੀ ਸੋਚੀ ਸਮਝੀ ਸਿਆਸੀ ਸਾਜਿਸ਼ ਨੂੰ ਖੂਬ ਉਘਾੜਿਆ ਗਿਆ। ਉਘਾੜਨ ਵਾਲਿਆਂ ਵਿਚ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਹੀ ਨਹੀਂ, ਲੇਖਕ ਸੰਘ ਦਾ ਜਨਰਲ ਸਕੱਤਰ ਰਾਜਿੰਦਰ ਰਾਜਨ, ਕਾਰਜਕਾਰੀ ਪ੍ਰਧਾਨ ਅਲੀ ਜਾਵੇਦ, ਅਸ਼ੋਕ ਵਾਜਪਾਈ, ਹਰਬੰਸ ਮੁਖੀਆ,



*ਗੌਰੀ ਲੰਕੇਸ਼*

ਚਮਨ ਲਾਲ, ਪ੍ਰਭਾਕਰ ਚੌਬੇ, ਇਰਾ ਭਾਸਕਰ, ਅੰਤਰਾਦੇਵ ਸੇਨ, ਗੌਹਰ ਰਜ਼ਾ, ਹੇਮ ਲਤਾ ਮਹੇਸ਼ਵਰ, ਅਵਤਾਰ ਸਾਦਿਕ ਵਰਗੇ ਰਚਨਾਕਾਰ ਤੇ ਚਿੰਤਕ ਵੀ ਹਾਜ਼ਰ ਹੋਏ ਅਤੇ ਜਨਵਾਦੀ ਲੇਖਕ ਸੰਘ ਤੇ ਜਨ-ਸੰਸਕ੍ਰਿਤੀ ਮੰਚ ਦੇ ਪ੍ਰਤੀਨਿਧ ਵੀ।

ਭਾਰਤੀ ਸਭਿਆਚਾਰ ਆਪਣੇ ਉਦਾਰਵਾਦੀ ਸਹਿਣਸ਼ੀਲ, ਜਮਹੂਰੀ, ਬਹੁਲਵਾਦੀ ਤੇ ਤਰਕਸ਼ੀਲ ਖਾਸੇ ਕਰਕੇ ਜਾਣਿਆ ਜਾਂਦਾ ਹੈ। ਅੱਜ ਤੱਕ ਇਸ ਦੇ ਜੈਵਿਕ ਲੱਛਣਾਂ, ਪਹਿਰਾਵਿਆਂ, ਭਾਸ਼ਾਵਾਂ, ਧਾਰਮਿਕ ਅਕੀਦਿਆਂ ਤੇ ਵੱਖ ਵੱਖ ਰਿਸ਼ਤੇ ਨਾਤਿਆਂ ਦੇ ਬਾਵਜੂਦ ਨਿੱਕੇ ਵੱਡੇ 4,635 ਜਨ ਸਮੂਹ ਸਦੀਆਂ ਤੋਂ ਮਿਲ-ਜੁਲ ਕੇ ਵਸਦੇ ਆ ਰਹੇ ਹਨ। ਮਹਾਤਮਾ ਗਾਂਧੀ ਤੇ ਭਗਤ ਸਿੰਘ ਦੀ ਵੱਖੋ ਵੱਖਰੀ ਪਹੁੰਚ ਦੇ ਬਾਵਜੂਦ ਮਨੋਰਥ ਦੀ ਸਾਂਝ ਉਕਾ ਵੀ ਡਾਵਾਂਡੋਲ ਨਹੀਂ ਸੀ ਹੋਈ। ਅੱਜ ਦੇ ਦਿਨ ਗੌਰੀ ਲੰਕੇਸ਼ ਵਰਗੇ ਪੱਤਰਕਾਰਾਂ ਦੀ ਦਿਨ ਦਿਹਾੜੇ ਹੱਤਿਆ ਇਹ ਤਾਂ ਦੱਸਦੀ ਹੈ ਕਿ ਸੰਕੀਰਨ ਸੋਚ ਨੇ ਅੱਜ ਨਹੀਂ ਤਾਂ ਕਲ੍ਹ ਆਪਣੀ ਮੌਤ ਆਪ ਹੀ ਮਰ ਜਾਣਾ ਹੈ ਪਰ ਜਿਹੜਾ ਖੂਨ ਵਹਿ ਰਿਹਾ ਹੈ, ਇਹ ਥੋੜ੍ਹੇ ਕੀਤੇ ਸੁੱਕਣ ਵਾਲਾ ਨਹੀਂ। ਸੈਮੀਨਾਰ ਵਿਚ ਹਿੱਸਾ ਲੈ ਰਹੇ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਸਾਰੇ ਬੁਧੀਜੀਵੀ ਇਸ ਗੱਲ ਉਤੇ ਸਹਿਮਤ ਸਨ ਕਿ ਸੰਕਟ ਦੀ ਇਸ ਘੜੀ ਵਿਚ ਤਰਕਸ਼ੀਲ ਸੋਚ ਵਾਲੇ ਹਰ ਚਿੰਤਕ ਨੂੰ ਇਕ ਵਾਰੀ ਫੇਰ ਜਾਗ੍ਰਿਤ ਹੋਣ ਦੀ ਲੋੜ ਹੈ। ਉਸੇ ਤਰ੍ਹਾਂ ਜਿਵੇਂ ਸਮੇਂ ਸਮੇਂ ਸਾਰੇ ਸੋਚਵਾਨ ਸਦੀਆਂ ਤੋਂ ਫਾਸ਼ੀਵਾਦ ਨਾਲ ਨਿਪਟਦੇ ਆਏ ਹਨ।

**ਅੰਤਿਕਾ:** ਅਜੀਤ ਕੰਵਲ ਸਿੰਘ ਹਮਦਰਦ
ਦਿੱਸਹੱਦਿਉਂ ਤੇਰੇ ਤੀਰਾਂ ਨੇ ਦਿੱਤੀਆਂ
ਫੱਟਾਂ ਵਾਲੀਆਂ ਪੀੜਾਂ ਨੇ,
ਇਹ ਪੀੜਾਂ ਦੇਖਣ ਨਾ ਆਵੀਂ
ਐਵੇਂ ਆ ਪਛਤਾਵੀਂ ਨਾ।
ਤੇਰੇ ਹੰਝੂਆਂ ਦਾ ਵੱਸਿਆ ਸਾਵਣ ਜੇ
ਸਾਵਣ ਉਹ ਨਾ ਮੈਥੋਂ ਜਰ ਹੋਣਾ।
ਵਿਨ੍ਹ ਨਿਸ਼ਾਨਾ ਛਾਤੀ ਦਾ
ਜੀਅ ਹੋਣਾ ਨਾ ਮਰ ਹੋਣਾ।

---

## ਪੰਜਾਬ ਦਿਵਸ 'ਤੇ

# ਪੰਜਾਬ ਉਦਾਸ ਹੈ ਕਿਉਂਕਿ...

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਅੱਜ ਪੰਜਾਬ ਉਦਾਸ ਹੈ। ਉਦਾਸੀ ਦਾ ਕਾਰਨ ਉਸ ਦੇ ਆਪਣਿਆਂ ਵੱਲੋਂ ਪਿਛਲੇ ਸਮੇਂ ਤੋਂ ਕੀਤਾ ਜਾ ਰਿਹਾ ਉਹ ਵਿਹਾਰ ਹੈ ਜੋ ਉਸ ਦੀ ਇੱਜਤ-ਆਬਰੂ ਅਤੇ ਹੋਂਦ ਲਈ ਹਮੇਸ਼ਾ ਖਤਰਨਾਕ ਸਾਬਿਤ ਹੁੰਦਾ ਆਇਆ ਹੈ ਅਤੇ ਅੱਜ ਵੀ ਹੈ।

1947 ਦੇ ਸਮੇਂ ਕੁਝ ਕੁ ਸਿਆਸਤਦਾਨਾਂ ਨੇ ਆਪਣੇ ਸੌੜੇ ਸਿਆਸੀ ਹਿਤਾਂ ਖਾਤਿਰ ਪੰਜਾਬ ਦੀ ਧਰਤੀ ਨੂੰ ਲਹੂ ਲੁਹਾਣ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂ 'ਤੇ) ਤੋਂ ਤੋੜਨ-ਵਿਛੋੜਨ ਦਾ ਕੋਝਾ ਜਤਨ ਕੀਤਾ ਸੀ। ਕ੍ਰਿਸ਼ਨ, ਹਜ਼ਰਤ ਮੁਹੰਮਦ ਤੇ ਬਾਬੇ ਨਾਨਕ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ।

ਉਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅੱਥਰੂ ਰੋ ਰਿਹਾ ਸੀ ਪਰ ਸਿਆਸੀ ਲੋਕ ਸਿਆਸੀ ਲਾਹਾ ਲੈ ਰਹੇ ਸਨ। ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਾਰਾਵਾਂ ਵਿਚ ਵਹਿਣ ਲੱਗਾ। ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।

ਇਸ ਵਖਰੇਵੇਂ ਅਤੇ ਸੁੰਗੜੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (ਪਹਿਲੀ ਨਵੰਬਰ 1966) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ। ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਬਣਾ ਦਿੱਤੇ ਗਏ। ਇੱਕ ਕੁੱਖ ਵਿਚੋਂ ਜਨਮ ਲੈ ਕੇ ਸਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਾਈ ਰੱਖਦੇ ਹਨ।

ਸਿਰਫ ਭੂਗੋਲਿਕ ਦੁਖ ਕਾਰਨ ਹੀ ਨਹੀਂ ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ। ਦੁੱਧ, ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ। ਮੱਲ



ਅਖਾੜਿਆਂ ਵਿਚ ਮੱਲਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋ-ਬਾਹਰੋਂ ਦੁਖੀ ਹੈ। ਇਕ ਹਾਸੋਹੀਣੀ ਗੱਲ ਹੋਰ ਵੀ ਹੈ ਜੋ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਬਾਤਾਂ ਪਾ ਰਹੇ ਹਨ ਅਤੇ ਕੁਝ ਝੋਲੀ-ਚੁੱਕ ਉਨ੍ਹਾਂ ਦੀਆਂ ਬਾਤਾਂ ਦਾ ਹੁੰਗਾਰਾ ਭਰੀ ਜਾ ਰਹੇ ਹਨ। ਇਹ ਲੋਕ ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਖਿਲਾਫ ਰੈਲੀਆਂ ਤਾਂ ਕਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ ਦੂਰ ਕਰਨ ਲਈ ਸੁਹਿਰਦ ਨਹੀਂ ਹਨ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲ ਰਹੇ ਹਨ ਅਤੇ ਆਮ ਲੋਕਾਂ ਦੇ ਅੱਖੀਂ ਘੱਟਾ ਪਾਈ ਜਾ ਰਹੇ ਹਨ।

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ਿਆਂ ਵਿਚ ਡੁੱਬਣ ਕਰਕੇ ਹੀ ਉਦਾਸ ਨਹੀਂ ਸਗੋਂ ਉਹ ਆਪਣੀਆਂ ਮੁਟਿਆਰਾਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਦੁਖੀ ਨਜ਼ਰ ਆ ਰਿਹਾ ਹੈ। ਚਰਖੇ 'ਤੇ ਤੰਦ ਪਾ ਕੇ ਤ੍ਰਿੰਜਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਹੁੰਚਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ। ਇਸ ਹੁਨਰ ਦੀ ਝਲਕ ਯੂਥ ਫੈਸਟੀਵਲਾਂ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹੇ ਪਿੜਾਂ ਵਿਚ ਅਲੋਪ ਹੋ ਗਈ ਹੈ। ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਕਿਸੇ ਮਾਣ-ਮਰਿਆਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ, ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ ਦਿਨ ਮਨਫੀ ਹੁੰਦਾ ਜਾ ਰਿਹਾ ਹੈ। ਫੈਸ਼ਨਪ੍ਰਸਤੀ ਦੇ ਨਾਂ 'ਤੇ ਸ਼ਰਮ-ਹਯਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਅਪਣੱਤ ਘਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉਸਰ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਹੋਰ ਵੀ ਉਚੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਨਫੀ ਹੁੰਦੇ ਜਾ ਰਹੇ ਮੌਕਿਆਂ 'ਤੇ ਜਦੋਂ ਕੋਈ ਗਿਲਾ-ਸ਼ਿਕਵਾ ਕਰਦਾ ਹੈ ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ।

ਪੰਜਾਬ ਉਦਾਸ ਹੈ ਕਿਉਂਕਿ ਮਸ਼ੀਨੀਕਰਣ ਦੇ ਬੋਲਬਾਲੇ ਨੇ ਇਸ ਦੇ ਵਿਰਸੇ ਨੂੰ ਵੱਡੀ ਢਾਹ ਲਾਈ ਹੈ ਅਤੇ ਕਈ ਵਿਰਾਸਤੀ ਚਿੰਨ੍ਹਾਂ ਦਾ ਖਾਤਮਾ ਕਰ ਦਿੱਤਾ ਹੈ। ਪੰਜਾਬ ਦਾ ਅਮੀਰ ਵਿਰਸਾ ਹੁਣ ਸਿਰਫ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਦਾ ਜਾਂ ਫਿਰ ਅਜਾਇਬ-ਘਰਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਿਆ ਹੈ।

ਆਉ! ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ ਆਪਾਂ ਸਾਰੇ ਪੰਜਾਬ ਦੀ ਉਦਾਸੀ ਦੇ ਕਾਰਨਾਂ ਨੂੰ ਜਾਣੀਏ ਅਤੇ ਇਸ ਦੀ ਖੁਸ਼ਹਾਲੀ ਲਈ ਆਪਣਾ ਬਣਦਾ ਯੋਗਦਾਨ ਪਾਈਏ।

Flat For Sale
In Jalandhar
Well Furnished, 1500 Sq.ft. Flat , Three Bed Rooms, Three Bathrooms, Drawing Room, Pooja Room, Secured Gated Community, Gym, Park, Elevator With Generator Backup, 6th Floor, Hamilton Towers, Nakodar Rd. Near GTB Nagar, Jalandhar City
Price- $90,000
Contact, Ph: 630-624-7426
Email-shankapoor75@Gmail.com
45-46

# ਯੂਬਾ ਸਿਟੀ ਵਿਚ ਸਜਿਆ 38ਵਾਂ ਮਹਾਨ ਨਗਰ ਕੀਰਤਨ

**ਯੂਬਾ ਸਿਟੀ (ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹਰ ਸਾਲ ਇਥੇ ਸਜਾਇਆ ਜਾਂਦਾ 38ਵਾਂ ਨਗਰ ਕੀਰਤਨ ਲੰਘੇ ਐਤਵਾਰ, 5 ਨਵੰਬਰ ਨੂੰ



ਸਜਾਇਆ ਗਿਆ ਜਿਸ ਵਿਚ ਕਰੀਬ ਇਕ ਲੱਖ ਸੰਗਤਾਂ ਨੇ ਹਾਜ਼ਰੀ ਭਰੀ ਜਿਨ੍ਹਾਂ ਵਿਚ ਨਾ ਸਿਰਫ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਹੀ ਸਗੋਂ ਬਾਹਰਲੇ ਮੁਲਕਾਂ ਤੋਂ ਵੀ ਸੰਗਤਾਂ ਸ਼ਾਮਲ ਸਨ। ਗੁਰਦੁਆਰਾ ਟਾਇਰਾ ਬਿਊਨਾ ਦੇ ਬਾਹਰ ਜਿੱਥੋਂ ਤੱਕ ਨਿਗ੍ਹਾ ਜਾਂਦੀ ਸੀ, ਰੰਗ-ਬਰੰਗੀਆਂ ਦਸਤਾਰਾਂ ਤੇ ਚੁੰਨੀਆਂ ਦਾ ਹੜ੍ਹ ਆਇਆ ਜਾਪਦਾ ਸੀ।



ਨਗਰ ਕੀਰਤਨ ਗੁਰਦੁਆਰਾ ਟਾਇਰਾ ਬਿਊਨਾ ਤੋਂ ਅਰਦਾਸ ਉਪਰੰਤ ਇਕ ਸੁੰਦਰ ਸਜਾਈ ਪਾਲਕੀ ਉਪਰ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੀ ਛਤਰਛਾਇਆ ਹੇਠ ਜੈਕਾਰਿਆਂ ਦੀ ਗੂੰਜ ਵਿਚ ਸਵੇਰੇ ਕਰੀਬ 10 ਵਜੇ ਅਰੰਭ ਹੋਇਆ। ਸਭ ਤੋਂ ਅੱਗੇ ਝਾੜੂਬਰਦਾਰ ਸੜਕ ਸਾਫ ਕਰ ਰਹੇ ਸਨ, ਉਪਰੰਤ ਰਵਾਇਤੀ



ਅਸਤਰ-ਬਸਤਰ ਵਿਚ ਸਜੇ ਨਿਸ਼ਾਨਚੀ ਅਤੇ ਪੰਜ ਪਿਆਰੇ ਚੱਲ ਰਹੇ ਸਨ। ਨਿਸ਼ਾਨ ਸਾਹਿਬ ਅਤੇ ਅਮਰੀਕੀ ਝੰਡਾ ਵੀ ਝੂਲਦੇ ਜਾ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਵਾਲੇ ਫਲੋਟ ਤੋਂ ਗੁਰਬਾਣੀ ਦਾ ਇਲਾਹੀ ਕੀਰਤਨ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਿਹਾ ਸੀ। ਸੰਗਤਾਂ ਦੀ ਸ਼ਰਧਾ ਸਾਰੇ ਪਾਸੇ ਡੁੱਲ੍ਹ ਡੁੱਲ੍ਹ ਪੈ ਰਹੀ ਸੀ।

ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਵੱਖ ਵੱਖ ਗੁਰੂ ਘਰਾਂ, ਪੰਥਕ ਅਤੇ ਹੋਰ ਜਥੇਬੰਦੀਆਂ ਦੇ ਫਲੋਟ ਚੱਲ ਰਹੇ ਸਨ। ਕਈ ਫਲੋਟਾਂ ਤੋਂ ਜਥੇਬੰਦੀਆਂ ਆਪਣਾ ਪ੍ਰਚਾਰ ਕਰ ਰਹੀਆਂ ਸਨ। ਗਤਕੇ ਦੇ ਖਿਡਾਰੀ ਗਤਕੇ ਦੇ ਜੌਹਰ ਦਿਖਾ ਰਹੇ ਸਨ। ਜਗ੍ਹਾ ਜਗ੍ਹਾ ਸ਼ਰਧਾਲੂਆਂ ਨੇ ਭਾਂਤ-ਸੁਭਾਂਤੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਹੋਏ ਸਨ। ਸੰਗਤਾਂ ਸਟਾਲਾਂ ਤੋਂ ਪੀਜ਼ੇ, ਆਲੂ-ਟਿੱਕੀਆਂ, ਚਾਹ-ਪਾਣੀ ਅਤੇ ਗੰਨੇ ਦਾ ਰਸ ਛਕ ਰਹੀਆਂ ਸਨ। ਦਿਲਚਸਪ ਗੱਲ ਇਹ ਰਹੀ ਕਿ ਕੁਝ ਅਮਰੀਕੀ ਲੋਕ ਵੀ ਖਾਣੇ ਦੇ ਸਟਾਲ ਲਾ ਕੇ ਬੈਠੇ ਸਨ। ਇਕ ਮੈਕਸੀਕਨ ਪਰਿਵਾਰ ਟਾਇਰਾ ਬਿਊਨਾ ਰੋਡ 'ਤੇ ਹਰ ਕਿਸੇ ਲਈ ਬਰੀਟੋ ਤਿਆਰ ਕਰ ਰਿਹਾ ਸੀ।

ਨਗਰ ਕੀਰਤਨ ਆਪਣੇ ਰਵਾਇਤੀ ਰੂਟ ਤੋਂ ਹੁੰਦਾ ਹੋਇਆ ਸ਼ਾਮੀਂ 4 ਵਜੇ ਗੁਰੂ ਘਰ ਵਾਪਸ ਆ ਕੇ ਅਰਦਾਸ ਉਪਰੰਤ ਸਮਾਪਤ ਹੋਇਆ।



ਨਗਰ ਕੀਰਤਨ ਦੇ ਸਮਾਗਮਾਂ ਦੌਰਾਨ ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਭਾਈ ਦਲਬੀਰ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਹਰਪਾਲ ਸਿੰਘ ਰੀਨੋ ਅਤੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਰਾਗੀ ਜਥੇ ਨੇ ਸੰਗਤ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ। ਗਿਆਨੀ ਲਖਵਿੰਦਰ ਸਿੰਘ ਸੋਹਲ, ਨਾਭੇ ਵਾਲੀਆਂ ਬੀਬੀਆਂ, ਭਾਈ ਬਚਿੱਤਰ ਸਿੰਘ, ਸੈਨ ਹੋਜ਼ੇ ਤੋਂ ਬੀਬੀ ਚੰਚਲਦੀਪ ਕੌਰ ਅਤੇ ਸੁਖਵਿੰਦਰ ਸਿੰਘ ਗਰੇਵਾਲ ਦੇ ਢਾਡੀ ਜਥੇ ਨੇ ਸਿੱਖ ਇਤਿਹਾਸ ਬੀਰ ਰਸੀ ਵਾਰਾਂ ਵਿਚ ਪੇਸ਼ ਕਰਕੇ ਸੰਗਤਾਂ ਵਿਚ ਜੋਸ਼ ਦਾ ਪਰਵਾਹ ਚਲਾਇਆ। ਭਾਈ ਮਹਿਲ ਸਿੰਘ ਅਤੇ ਸਿਆਟਲ ਤੋਂ ਹਰਜੋਤ ਸਿੰਘ ਤੇ ਭਗੀਰਥ ਸਿੰਘ ਦੇ ਕਵੀਸ਼ਰੀ ਜਥਿਆਂ ਨੇ ਸਿੱਖ ਇਤਿਹਾਸ ਕਵੀਸ਼ਰੀ ਵਿਚ ਪੇਸ਼ ਕੀਤਾ। ਬੀਬੀ ਕਰਤਾਰ ਕੌਰ ਤੇ ਬੀਬੀ ਜਸਬੀਰ ਕੌਰ ਨੇ ਕਵਿਤਾ ਪੜ੍ਹੀ। 3 ਨਵੰਬਰ ਨੂੰ ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਰਾਤ 8 ਵਜੇ ਆਤਿਸ਼ਬਾਜ਼ੀ ਹੋਈ। ਸਨਿਚਰਵਾਰ, 4 ਨਵੰਬਰ ਨੂੰ ਅੰਮ੍ਰਿਤ ਸੰਚਾਰ ਹੋਇਆ।

ਸਨਿਚਰਵਾਰ ਰਾਤ ਨੂੰ ਸਜੀ ਪੰਥਕ ਸਟੇਜ ਤੋਂ ਮਾਡੈਸਟੋ ਦੇ ਵਾਈਸ ਮੇਅਰ ਅਤੇ 2019 'ਚ ਸੈਨੇਟ ਲਈ ਚੋਣ ਲੜ ਰਹੇ ਮਨਮੀਤ ਸਿੰਘ ਗਰੇਵਾਲ ਨੇ ਗੁਰਗੱਦੀ ਦਿਵਸ ਦੀ ਵਧਾਈ ਦਿੰਦਿਆਂ ਸੰਗਤਾਂ ਨੂੰ ਅਮਰੀਕੀ ਰਾਜਨੀਤੀ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ। ਵਾਸ਼ਿੰਗਟਨ ਡੀ. ਸੀ. ਤੋਂ ਆਏ ਡਾ. ਅਮਰਜੀਤ ਸਿੰਘ ਨੇ ਖਾਲਿਸਤਾਨ ਦੀ ਗੱਲ ਕਰਦਿਆਂ ਸੰਗਤ ਨੂੰ ਆਪਣਾ ਕੌਮੀ ਘਰ 'ਖਾਲਿਸਤਾਨ' ਬਣਾਉਣ ਵਿਚ ਸਮਰਥਨ ਦੇਣ ਦੀ ਅਪੀਲ ਕੀਤੀ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਸਪੁੱਤਰ ਇਮਾਨ ਸਿੰਘ ਮਾਨ ਨੇ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਦੀ ਗੱਲ ਕਰਦਿਆਂ ਇਕ ਝੰਡੇ ਥੱਲੇ ਇਕੱਠੇ ਹੋਣ ਦੀ ਅਪੀਲ ਕੀਤੀ ਤਾਂ ਕਿ ਕੌਮੀ ਮਸਲੇ ਹੱਲ ਹੋ ਸਕਣ। ਉਨ੍ਹਾਂ ਆਖਿਆ ਕਿ ਤੁਸੀਂ ਤਾਂ ਸਿਲੀਕਾਨ ਵੈਲੀ ਬੈਠੇ ਹੋ ਤੇ ਖੁਸ਼ਹਾਲ ਹੋ। ਕੋਈ ਐਸਾ ਹੱਲ ਲੱਭੋ ਕਿ ਪਿੰਡਾਂ ਵਿਚ ਬੈਠੇ ਲੋੜਵੰਦ ਲੋਕਾਂ ਦੀ ਮਦਦ ਕਰੀਏ ਤੇ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਮਦਦ ਕਰੀਏ।

ਪਾਰਟੀ ਆਗੂ ਬੂਟਾ ਸਿੰਘ ਖੜੌਦ ਨੇ ਸ. ਸਿਮਰਨਜੀਤ ਸਿੰਘ ਮਾਨ ਦੇ ਹੱਥ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਸ. ਮਾਨ ਪੰਜਾਬ 'ਚ ਖਾਲਿਸਤਾਨ ਲਈ ਸੰਘਰਸ਼ ਕਰ ਰਹੇ ਹਨ, ਸਾਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

ਅਕਾਲੀ ਦਲ (ਅੰਮ੍ਰਿਤਸਰ) ਯੂ. ਐਸ. ਏ. ਵੈਸਟ ਇਕਾਈ ਦੇ ਆਗੂ ਰੇਸ਼ਮ ਸਿੰਘ ਨੇ ਦੱਸਿਆ ਕਿ ਉਹ ਪੰਜਾਬ ਵਿਚ ਸਰਬਤ ਖਾਲਸਾ ਵਿਚ ਹਾਜ਼ਰੀ ਭਰਨ ਗਏ ਤਾਂ ਪੁਲਿਸ ਨੇ ਉਨ੍ਹਾਂ ਨੂੰ ਬਿਨਾ ਵਜ੍ਹਾ ਗ੍ਰਿਫਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੋਈ ਅਮਨ-ਕਾਨੂੰਨ ਨਹੀਂ ਹੈ ਤੇ ਪੁਲਿਸ ਰਾਜ ਕਰ ਰਹੀ ਪਾਰਟੀ ਦੀ ਗੁਲਾਮ ਹੈ। ਉਨ੍ਹਾਂ ਸਭ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਰਲ ਕੇ ਰਹਿਣਾ ਚਾਹੀਦਾ ਹੈ, ਤਰੀਕੇ ਵੱਖੋ ਵੱਖ ਹੋ ਸਕਦੇ ਹਨ ਪਰ ਨਿਸ਼ਾਨਾ (ਖਲਿਸਤਾਨ) ਸਭ ਦਾ ਇਕੋ ਹੈ।

ਸਿੱਖਸ ਫਾਰ ਜਸਟਿਸ ਜਥੇਬੰਦੀ ਦੇ ਸੁਖਵਿੰਦਰ ਸਿੰਘ ਥਾਣਾ ਨੇ 2020 ਦੇ ਸਿੱਖ ਰੈਫਰੈਂਡਮ ਬਾਰੇ ਗੱਲ ਕਰਦਿਆਂ ਇਸ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਡਾ. ਪ੍ਰਿਤਪਾਲ ਸਿੰਘ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।

ਨਗਰ ਕੀਰਤਨ ਕਮੇਟੀ ਦੇ ਚੇਅਰਮੈਨ ਗੁਰਨਾਮ ਸਿੰਘ ਪੰਮਾ ਨੇ ਪ੍ਰਬੰਧਕ ਕਮੇਟੀ ਦੀ ਤਰਫੋਂ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਸੁਚੱਜੇ ਪ੍ਰਬੰਧ ਦੀ ਕੋਸ਼ਿਸ਼ ਕੀਤੀ ਹੈ, ਫਿਰ ਵੀ ਜੇ ਕੋਈ ਘਾਟ ਰਹਿ ਗਈ ਹੋਵੇ ਤਾਂ




ਸੰਗਤਾਂ ਤੋਂ ਮੁਆਫੀ ਚਾਹੁੰਦੇ ਹਾਂ।

**ਲੈਕਚਰ ਸੈਸ਼ਨ:** ਇਸ ਮੌਕੇ ਕਰਵਾਏ ਗਏ ਲੈਕਚਰ ਸੈਸ਼ਨ ਵਿਚ ਇੰਗਲੈਂਡ ਤੋਂ ਪਹੁੰਚੇ ਵਿਦਵਾਨ ਡਾ. ਇਕਤਿਦਾਰ ਚੀਮਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਐਸਾ ਸੀ ਕਿ ਹਰ ਬੰਦਾ ਆਪਣੇ ਆਪ ਨੂੰ ਸੁਰਖਿਅਤ ਸਮਝਦਾ ਸੀ ਤੇ ਹਰ ਧਰਮ ਸੁਰਖਿਅਤ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਾਰੀਆਂ ਭਾਸ਼ਾਵਾਂ ਨੇ ਤਰੱਕੀ ਕੀਤੀ। ਉਨ੍ਹਾਂ ਦੇ ਦਰਬਾਰ ਵਿਚ ਸਾਰੀਆਂ ਕੌਮਾਂ, ਧਰਮਾਂ ਦੇ ਲੋਕ ਸ਼ਾਮਲ




ਸਨ। ਹਰ ਇਕ ਨੂੰ ਕਾਬਲੀਅਤ ਅਨੁਸਾਰ ਕੰਮ ਮਿਲਦਾ ਸੀ। ਜੇ ਉਹੋ ਜਿਹਾ ਢਾਂਚਾ ਹੋਵੇ ਤਾਂ ਬੜਾ ਕੁਝ ਬਦਲ ਸਕਦਾ ਹੈ। ਡਾ. ਚੀਮਾ ਨੇ ਕਿਹਾ ਕਿ ਜੇ ਕਿਸੇ ਕੌਮ ਕੋਲ ਆਪਣਾ ਖਿੱਤਾ ਹੋਵੇ ਤਾਂ ਉਹ ਆਪਣਾ ਘਰ ਬਣਾਉਣ ਦੀ ਕੋਸ਼ਿਸ਼ ਕਰੇ। ਉਨ੍ਹਾਂ ਯੂ. ਐਨ. ਓ. ਚਾਰਟਰ ਵਿਚ ਸਿੱਖ ਧਰਮ ਨੂੰ ਸ਼ਾਮਲ ਕੀਤੇ ਜਾਣ ਬਾਰੇ ਵੀ ਚਰਚਾ ਕੀਤੀ।

ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਹਰਸ਼ਿੰਦਰ ਕੌਰ ਨੇ ਸਿੱਖੀ ਵਿਚ ਔਰਤਾਂ ਦੀ ਸਨਮਾਨਯੋਗ ਥਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਤਿਹਾਸ ਦੀ ਖੋਜ ਤੋਂ ਉਨ੍ਹਾਂ ਪਤਾ ਲਾਇਆ ਹੈ ਕਿ ਸਿੱਖ ਧਰਮ ਦੁਨੀਆਂ ਦਾ ਪਹਿਲਾ ਧਰਮ ਹੈ ਜਿਸ ਨੇ ਔਰਤਾਂ ਲਈ ਬਰਾਬਰੀ ਵਾਸਤੇ ਆਵਾਜ਼ ਉਠਾਈ। ਉਨ੍ਹਾਂ ਕਿਹਾ ਕਿ 17ਵੀਂ ਸਦੀ ਵਿਚ ਜਦੋਂ ਮੁਗਲਾਂ ਨੇ ਭਾਰਤ ਉਤੇ ਹਮਲੇ ਸ਼ੁਰੂ ਕੀਤੇ ਤਾਂ ਉਨ੍ਹਾਂ ਔਰਤਾਂ ਨੂੰ ਚੁੱਕ ਕੇ ਲੈ ਜਾਣਾ ਅਤੇ ਉਨ੍ਹਾਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ, ਉਸ ਸਮੇਂ ਸਿੱਖ ਸੂਰਮੇ ਹੀ ਸਨ ਜਿਨ੍ਹਾਂ ਨੇ ਔਰਤਾਂ ਨੂੰ ਜ਼ਾਲਮਾਂ ਦੇ ਹੱਥੋਂ ਛੁਡਾਉਣਾ ਸ਼ੁਰੂ ਕੀਤਾ। ਇਸ ਪਿਛੋਂ ਉਨ੍ਹਾਂ ਔਰਤਾਂ ਨੂੰ ਗਤਕਾ ਸਿਖਾ ਕੇ ਸਵੈ ਰੱਖਿਆ ਦੇ ਕਾਬਲ ਬਣਾਇਆ। ਡਾ. ਹਰਸ਼ਿੰਦਰ ਕੌਰ ਨੇ ਇਸ ਸਮੇਂ ਗੁਰੂ ਨਾਨਕ ਦੇਵ ਜੀ ਵਲੋਂ ਔਰਤਾਂ ਨੂੰ ਬਰਾਬਰੀ ਦੇ ਹੱਕ ਵਿਚ ਉਚਾਰੇ ਬੋਲਾਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਵੀ ਹਵਾਲਾ ਦਿੱਤਾ।

ਡਾ. ਹਰਸ਼ਿੰਦਰ ਕੌਰ ਨੇ ਸਿੱਖ ਇਤਿਹਾਸ ਦੇ ਹਵਾਲੇ ਨਾਲ ਕਿਹਾ ਕਿ ਬੀਬੀਆਂ ਮੋਢੇ ਨਾਲ ਮੋਢਾ ਜੋੜ ਕੇ ਲੜੀਆਂ। ਉਨ੍ਹਾਂ ਇਸ ਸਬੰਧੀ ਮਾਈ ਭਾਗੋ ਦਾ ਜ਼ਿਕਰ ਕੀਤਾ। ਉਨ੍ਹਾਂ ਬੀਬੀਆਂ ਨੂੰ

**(ਬਾਕੀ ਅਗਲੇ ਸਫੇ 'ਤੇ)**




## ਝਲਕੀਆਂ

-ਕਪਾਹ ਦੀਆਂ ਫੁੱਟੀਆਂ ਵਰਗੀ ਖਿੜ੍ਹੀ ਧੁੱਪ ਨੇ ਸਾਰਾ ਦਿਨ ਚੌਗਿਰਦਾ ਲਿਸ਼ਕਾਈ ਰੱਖਿਆ ਅਤੇ ਚਾਅ ਉਲਾਸ ਨਾਲ ਭਰੇ ਸ਼ਰਧਾਲੂਆਂ ਦੇ ਜੋਸ਼ ਨੂੰ ਦੂਣ ਸਵਾਇਆ ਬਣਾਈ ਰੱਖਿਆ। ਪ੍ਰਬੰਧਕਾਂ ਨੇ ਸੰਗਤਾਂ ਨੂੰ ਮੀਂਹ-ਕਣੀ ਦੇ ਅੰਦੇਸ਼ੇ ਨਾਲ ਲੋੜ ਅਨੁਸਾਰ ਵਸਤਰ ਵਗੈਰਾ ਲੈ ਕੇ ਆਉਣ ਦੀ ਬੇਨਤੀ ਕੀਤੀ ਸੀ। ਨਗਰ ਕੀਰਤਨ ਤੋਂ ਪਹਿਲੇ ਦਿਨ ਤਾਂ ਥੋੜ੍ਹੀ-ਬਹੁਤੀ ਕਿਣਮਿਣ ਹੋਈ ਪਰ ਨਗਰ ਕੀਰਤਨ ਵਾਲੇ ਦਿਨ ਇੰਦਰ ਦੇਵਤਾ ਨੇ ਮਿਹਰ ਹੀ ਰੱਖੀ।

-ਇਸ ਵਾਰ ਬਾਦਲ ਦਲ ਦਾ ਨਾ ਕੋਈ ਫਲੋਟ ਦਿਖਾਈ ਦਿੱਤਾ ਅਤੇ ਨਾ ਹੀ ਉਨ੍ਹਾਂ ਦੀ ਕੋਈ ਨਫਰਤੀ ਨੁਕਤੇ ਤੋਂ ਬਣਾਈ ਹੋਈ ਤਸਵੀਰ।

-ਆਮ ਆਦਮੀ ਪਾਰਟੀ ਦੀ ਵੀ ਮੁਕੰਮਲ ਗੈਰ-ਹਾਜ਼ਰੀ ਸੀ।

-ਸਿੱਖਾਂ ਦਾ ਕੋਈ ਸਮਾਗਮ ਹੋਵੇ ਤਾਂ ਖੜਕਾ-ਦੜਕਾ ਨਾ ਹੋਵੇ, ਤਾਂ ਜਾਤ-ਪਾਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰ ਸੇ ਮੰਗਾ, ਅਵਰ ਨਹੀਂ ਤੋ ਅਪਨ ਸੰਗਾ ਦੀ ਉਕਤੀ ਝੂਠੀ ਨਾ ਪੈ ਜਾਊ। ਬੇਸ਼ਕ ਪਿਛਲੇ ਕੁਝ ਸਾਲ ਵਾਂਗ ਕੋਈ ਵੱਡਾ ਝਗੜਾ ਤਾਂ ਨਹੀਂ ਹੋਇਆ ਪਰ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਪੀ. ਟੀ. ਸੀ. ਚੈਨਲ ਵਾਲਿਆਂ ਦੀ ਝਾੜ-ਝੰਬ ਕਰਕੇ ਖੜਕਾ-ਦੜਕਾ ਕਰਨ ਵਾਲੇ ਸੱਜਣਾਂ ਨੇ ਆਪਣੇ ਜੌਹਰ ਦਿਖਾ ਛੱਡੇ। ਪੀ. ਟੀ. ਸੀ. ਦੇ ਬੰਦੇ ਦਾ ਕੈਮਰਾ ਭੰਨ ਦਿੱਤਾ। ਉਂਜ ਪੁਲਿਸ ਸੂਤਰਾਂ ਅਨੁਸਾਰ ਨਗਰ ਕੀਰਤਨ ਦੌਰਾਨ ਅਮਨ ਅਮਾਨ ਰੱਖਣ ਲਈ ਕੋਈ ਚਾਲੀ ਪੁਲਿਸ ਅਫਸਰ ਤੈਨਾਤ ਕੀਤੇ ਗਏ ਸਨ।

-ਸਥਾਨਕ ਗੋਰੇ-ਗੋਰੀਆਂ ਦੇ ਹੱਥਾਂ 'ਚ ਲਿਸ਼ਕਦੀਆਂ ਲਸੂੜੀ ਰੰਗੀਆਂ ਜਲੇਬੀਆਂ ਦੀਆਂ ਪਲੇਟਾਂ ਅਦਭੁੱਤ ਨਜ਼ਾਰਾ ਪੇਸ਼ ਕਰ ਰਹੀਆਂ ਸਨ।

-ਹਮੇਸ਼ਾ ਵਾਂਗ ਭਾਂਤ-ਸੁਭਾਂਤ ਖਰੀਦਦਾਰੀ ਦੇ ਸਟਾਲ ਲੱਗੇ ਹੋਏ ਸਨ। ਕਿਧਰੇ ਕਿਤਾਬਾਂ ਦੇ ਸਟਾਲ 'ਤੇ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਜੁੜੇ ਹੋਏ ਸਨ ਤੇ ਕਿਧਰੇ ਸੂਟਾਂ ਤੇ ਗਹਿਣਿਆਂ ਦੇ ਸਟਾਲਾਂ 'ਤੇ ਬੀਬੀਆਂ ਝੁਰਮਟ ਪਾਈ ਬੈਠੀਆਂ ਸਨ।

-ਨਗਰ ਕੀਰਤਨ ਤੋਂ ਅਗਲੇ ਦਿਨ ਸੇਵਾਦਾਰਾਂ ਨੇ ਗੁਰਦੁਆਰਾ ਟਾਇਰਾ ਬਿਊਨਾ ਦੇ ਆਲੇ-ਦੁਆਲੇ ਅਤੇ ਨਗਰ ਕੀਰਤਨ ਦੇ ਰਾਸਤੇ ਦੀ ਪੂਰੀ ਸਾਫ-ਸਫਾਈ ਕਰ ਦਿੱਤੀ ਤਾਂ ਜੋ ਕਿਸੇ ਨੂੰ ਕੋਈ ਉਲ੍ਹਾਮਾ ਦੇਣ ਦਾ ਮੌਕਾ ਨਾ ਮਿਲ ਸਕੇ।


## 38ਵਾਂ ਨਗਰ ਕੀਰਤਨ

*(ਪਿਛਲੇ ਸਫੇ ਦੀ ਬਾਕੀ)*

ਆਪਣੀ ਜ਼ਿੰਮੇਵਾਰੀ ਸਮਝਣ, ਬੱਚਿਆਂ ਨੂੰ ਪੰਜਾਬੀ ਪੜ੍ਹਾਉਣ, ਭਰੂਣ ਹੱਤਿਆ ਤੇ ਨਸ਼ਿਆਂ ਵਿਰੁਧ ਖੜ੍ਹਨ ਅਤੇ ਦਿੱਲੀ ਦੰਗਿਆਂ ਦੀਆਂ ਪੀੜਤ ਬੀਬੀਆਂ ਦੀ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਯੂਨੈਸਕੋ ਦੇ ਚਾਰਟਰ ਮੁਤਾਬਕ ਸਭਿਅਤਾਵਾਂ ਦੇ ਖਤਮ ਹੋਣ ਦੀ ਗੱਲ ਕਰਦਿਆਂ ਪੰਜਾਬ ਦੇ ਪਾਣੀਆਂ ਦੇ ਥੱਲੇ ਜਾਣ 'ਤੇ ਚਿੰਤਾ ਪ੍ਰਗਟਾਈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੋਹਾਂ ਵਿਦਵਾਨਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਬੀਬੀ ਰਵੀਦੀਪ ਕੌਰ ਨੇ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਬਾਰੇ ਗੱਲ




ਕਰਦਿਆਂ ਕਿਹਾ ਕਿ ਉਨ੍ਹਾਂ ਨੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ ਅਤੇ ਵਿਦਿਆ ਦੇ ਖੇਤਰ ਵਿਚ ਉਸਾਰੂ ਕੰਮ ਕੀਤਾ। ਸੰਤ ਬਾਬਾ ਤੇਜਾ ਸਿੰਘ ਨੇ ਬੜੂ ਸਾਹਿਬ ਅਕੈਡਮੀਆਂ ਬਣਾਈਆਂ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਐਜੂਕੇਸ਼ਨ ਦੇ ਨਾਲ ਨਾਲ ਧਰਮ ਦੀ ਗੱਲ ਕਰਨੀ ਵੀ ਜਰੂਰੀ ਹੈ।

ਐਤਵਾਰ ਨੂੰ ਨਗਰ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਸਿਟੀ ਦੇ ਮੇਅਰ, ਕੌਂਸਲਮੈਨ, ਕਾਊਂਟੀ ਸੁਪਰਵਾਈਜ਼ਰ ਤੇ ਹੋਰਨਾਂ ਦਾ ਗੁਰਨਾਮ ਸਿੰਘ ਪੰਮਾ, ਗੁਰਮੇਜ ਸਿੰਘ ਗਿੱਲ ਅਤੇ ਪ੍ਰਧਾਨ ਬਲਬੀਰ ਸਿੰਘ ਸੋਹਲ ਨੇ ਪਲੇਕਾਂ ਦੇ ਕੇ ਸਨਮਾਨ ਕੀਤਾ। ਪਰਮਿੰਦਰ ਸਿੰਘ ਗਰੇਵਾਲ ਨੇ ਯੂ. ਐਨ. ਓ. ਤੋਂ ਆਇਆ ਪ੍ਰੋਕਲੇਮੇਸ਼ਨ (ਐਲਾਨਨਾਮਾ) ਪੜ੍ਹਿਆ। ਸਟੇਜ ਦੀ ਸੇਵਾ ਗੁਰਮੇਜ ਸਿੰਘ ਗਿੱਲ ਨੇ ਨਿਭਾਈ।

# ਹਰਵਿਨ ਸੰਧੂ ਨੇ ਜਿੱਤਿਆ ਪਾਵਰ ਲਿਫਟਿੰਗ ਮੁਕਾਬਲਾ

**ਕੈਲਮਜ਼ੂ, ਮਿਸ਼ੀਗਨ (ਬਿਊਰੋ):** ਹਾਈ ਸਕੂਲ ਦੇ ਸੀਨੀਅਰ ਵਿਦਿਆਰਥੀ 17 ਸਾਲਾ ਹਰਵਿਨ ਸੰਧੂ ਨੇ ਹਾਲ ਹੀ ਵਿਚ ਓਰਲੈਂਡੋ, ਫਲੋਰਿਡਾ ਵਿਚ ਹੋਏ ਨੈਸ਼ਨਲ ਪਾਵਰ ਲਿਫਟਿੰਗ



ਮੁਕਾਬਲੇ ਵਿਚ 265 ਪੌਂਡ ਵੇਟ ਵਰਗ ਵਿਚ ਜਿੱਤ ਹਾਸਲ ਕਰ ਕੇ ਕੌਮੀ ਮੁਕਾਬਲੇ ਲਈ ਕੁਆਲੀਫਾਈ ਕੀਤਾ ਹੈ। ਇਸ ਵਰਗ ਵਿਚ 17 ਸਾਲ ਦੀ ਉਮਰ ਦਾ ਕੁਆਲੀਫਾਈਡ ਕਰਨ ਵਾਲਾ ਉਹੀ ਇਕ ਨੌਜਵਾਨ ਹੈ।

ਹਰਵਿਨ ਨੇ ਕਿਹਾ ਕਿ ਉਸ ਲਈ ਇਸ ਮੁਕਾਬਲੇ ਦਾ ਮਾਹੌਲ ਬਿਲਕੁਲ ਵੱਖਰਾ ਸੀ। ਲਿਫਟਿੰਗ ਮੁਕਾਬਲੇ ਉਸ ਲਈ ਕੋਈ ਨਵੇਂ ਨਹੀਂ ਹਨ ਪਰ ਇਥੇ ਹਰ ਵੇਟ ਲਿਫਟਰ ਨੇ ਪ੍ਰੋਫੈਸ਼ਨਲ ਕੋਚਾਂ ਤੋਂ ਟਰੇਨਿੰਗ ਲਈ ਹੋਈ ਸੀ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਕੀ ਕਰਨਾ ਹੈ? ਉਂਜ ਮਾਹੌਲ ਬਹੁਤ ਦੋਸਤਾਨਾ ਸੀ।

ਪਾਵਰ ਲਿਫਟਿੰਗ ਵਿਚ ਤਿੰਨ ਲਿਫਟਾਂ ਹੁੰਦੀਆਂ ਹਨ-ਬੈਂਚ ਪ੍ਰੈਸ, ਡੈਡਲਿਫਟ ਅਤੇ ਸਕੁਐਟ। ਹਰਵਿਨ ਨੇ ਬੈਂਚ ਪ੍ਰੈਸ ਵਿਚ 245 ਪੌਂਡ ਦਾ ਭਾਰ ਚੁੱਕਿਆ, ਡੈਡਲਿਫਟ ਵਿਚ 584 ਅਤੇ ਸਕੁਐਟ ਵਿਚ 408 ਪੌਂਡ ਭਾਰ ਚੁੱਕਿਆ। ਇੰਜ ਉਸ ਨੇ ਕੁਲ ਮਿਲਾ ਕੇ 1232 ਪੌਂਡ ਦੇ ਬਾਲੇ ਕੱਢੇ। 17 ਸਾਲ ਦੇ ਉਮਰ ਵਰਗ ਵਿਚ ਦੇਸ਼ ਦੇ ਸਭ ਤੋਂ ਤਾਕਤਵਰ ਮੁੰਡੇ ਦਾ ਖਿਤਾਬ ਜਿੱਤ ਕੇ ਉਸ ਨੇ ਨਾ ਸਿਰਫ ਆਪਣੇ ਮਾਪਿਆਂ (ਭਗਵੰਤ ਸਿੰਘ ਸੰਧੂ ਤੇ ਕਿਰਨ ਸੰਧੂ) ਦਾ ਨਾਂ ਹੀ ਰੌਸ਼ਨ ਕੀਤਾ ਹੈ ਸਗੋਂ ਪੰਜਾਬੀ ਭਾਈਚਾਰੇ ਦਾ ਮਾਣ ਵੀ ਵਧਾਇਆ ਹੈ। ਹਰਵਿਨ ਦੇ ਦਾਦਾ ਅਮਰੀਕ ਸਿੰਘ ਸੰਧੂ ਤੇ ਦਾਦੀ ਲਖਬੀਰ ਕੌਰ ਇਹ ਖਬਰ ਸੁਣ ਕੇ ਪੂਰੇ ਬਾਗੋਬਾਗ ਹਨ। ਉਨ੍ਹਾਂ ਦਾ ਪਿਛਲਾ ਪਿੰਡ ਗੋਪਾਲਨਗਰ, ਜਿਲ੍ਹਾ ਅੰਮ੍ਰਿਤਸਰ ਹੈ। ਜ਼ਿਕਰਯੋਗ ਹੈ ਕਿ ਕੈਲਮਜ਼ੂ, ਮਿਸ਼ੀਗਨ ਜਾ ਵੱਸਣ ਤੋਂ ਪਹਿਲਾਂ ਹਰਵਿਨ ਦੇ ਮਾਪੇ ਸ਼ਿਕਾਗੋ ਰਹਿੰਦੇ ਸਨ ਅਤੇ ਉਸ ਦੇ ਪਿਤਾ ਭਗਵੰਤ ਸਿੰਘ ਸੰਧੂ ਸ਼ਿਕਾਗੋ ਦੀ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਦੇ ਚੇਅਰਮੈਨ ਰਹਿ ਚੁਕੇ ਹਨ।

ਹਰਵਿਨ ਦਾ ਅਗਲਾ ਨਿਸ਼ਾਨਾ ਅਗਲੀਆਂ ਗਰਮੀਆਂ ਵਿਚ ਕੌਮੀ ਮੁਕਾਬਲਿਆਂ ਲਈ ਅਤੇ ਉਸ ਪਿਛੋਂ ਵਿਸ਼ਵ ਮੁਕਾਬਲੇ ਲਈ ਕੁਆਲੀਫਾਈ ਕਰਨਾ ਹੈ। ਉਸ ਦਾ ਕਹਿਣਾ ਹੈ ਕਿ ਮੈਂ ਹੁਣ ਆਪਣੀ ਪ੍ਰੈਕਟਿਸ ਸੁਧਾਰਾਂਗਾ ਅਤੇ ਅਗਲੀਆਂ ਗਰਮੀਆਂ ਲਈ ਤਿਆਰੀ ਵਾਸਤੇ ਬਿਹਤਰ ਕੋਚਾਂ ਤੋਂ ਟਰੇਨਿੰਗ ਲੈਣੀ ਸ਼ੁਰੂ ਕਰਾਂਗਾ।

ਆਮ ਕਰਕੇ ਕਿਸੇ ਵੀ ਭਾਰ ਵਰਗ ਦਾ ਜੇਤੂ ਆਪਣੇ ਆਪ ਹੀ ਵਿਸ਼ਵ ਮੁਕਾਬਲੇ ਲਈ ਕੁਆਲੀਫਾਈ ਕਰ ਜਾਂਦਾ ਹੈ ਪਰ ਇਸ ਖਾਤਿਰ ਉਮਰ ਵਰਗ 19 ਸਾਲ ਤੋਂ ਸ਼ੁਰੂ ਹੁੰਦੇ ਹਨ ਜਦੋਂਕਿ ਹਰਵਿਨ ਅਜੇ ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਉਮਰੋਂ ਛੋਟਾ ਹੈ।

ਪੰਜਾਬ ਟਾਈਮਜ਼

## ਜਿਨਾਹ ਦੀ ਧੀ ਦਾ ਦੇਹਾਂਤ

**ਮੁੰਬਈ:** ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀ ਧੀ ਦੀਨਾ ਵਾਡੀਆ ਦਾ ਨਿਊ ਯਾਰਕ ਵਿਚ ਦੇਹਾਂਤ ਹੋ ਗਿਆ। ਉਹ 98 ਸਾਲਾਂ ਦੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਪਿੱਛੇ ਪੁੱਤਰ ਤੇ ਵਾਡੀਆ ਗਰੁੱਪ ਦੇ ਚੇਅਰਮੈਨ ਨੁਸਲੀ ਐਨ ਵਾਡੀਆ, ਧੀ ਡਿਆਨਾ ਐਨ ਵਾਡੀਆ, ਪੋਤਰੇ ਨੈੱਸ ਅਤੇ ਜੇਹ ਵਾਡੀਆ ਹਨ।









## ਭਗਤ ਪੂਰਨ ਸਿੰਘ ਦੀ 25ਵੀਂ ਬਰਸੀ 'ਤੇ ਸਮਾਗਮ

# ਪਿੰਗਲਵਾੜੇ ਲਈ ਮਦਦ ਦੇ ਉਪਰਾਲੇ ਨੂੰ ਮਿਲਿਆ ਭਰਵਾਂ ਹੁੰਗਾਰਾ

**ਸ਼ਿਕਾਗੋ (ਬਿਊਰੋ):** ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ ਮਹਾਨ ਸ਼ਖਸੀਅਤ ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੀ 25ਵੀਂ ਬਰਸੀ ਵੱਖ ਵੱਖ ਗੁਰੂ ਘਰਾਂ ਵਿਚ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਭਗਤ ਪੂਰਨ ਸਿੰਘ ਦੇ ਜੀਵਨ ਅਤੇ ਪਿੰਗਲਵਾੜੇ ਸਬੰਧੀ ਗੁਰੂ ਘਰਾਂ ਵਿਚ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ ਤੇ ਧਾਰਮਿਕ ਸਾਹਿਤ ਦੇ ਸਟਾਲ ਵੀ ਲਾਏ ਗਏ ਜੋ ਸੰਗਤ ਨੂੰ ਮੁਫਤ ਵੰਡਿਆ ਗਿਆ।

ਸ਼ਿਕਾਗੋ ਦੀ ਸਭ ਤੋਂ ਪੁਰਾਣੀ ਸਭਿਆਚਾਰਕ ਸੰਸਥਾ ਪੰਜਾਬੀ ਵਿਰਾਸਤ ਸੰਸਥਾ (ਪੀ. ਐਚ. ਓ.) ਦੇ ਉਦਮ ਨਾਲ ਵੱਖ ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਨ੍ਹਾਂ ਬਰਸੀ ਸਮਾਗਮਾਂ ਵਿਚ ਸੰਗਤਾਂ ਨੇ ਪਿੰਗਲਵਾੜੇ ਲਈ ਖੁਲ੍ਹ ਕੇ ਮਾਇਆ ਭੇਟ ਕੀਤੀ ਤੇ ਇਸ ਉਪਰਾਲੇ ਸਦਕਾ ਕਰੀਬ 70 ਹਜ਼ਾਰ ਡਾਲਰ ਤੋਂ ਵੱਧ ਰਕਮ ਇਕੱਠੀ ਹੋਈ। ਪਿੰਗਲਵਾੜਾ, ਅੰਮ੍ਰਿਤਸਰ ਦੇ ਟਰੱਸਟੀ ਬੀਬੀ ਪ੍ਰੀਤਇੰਦਰਜੀਤ ਕੌਰ ਅਤੇ ਸ. ਰਾਜਬੀਰ ਸਿੰਘ ਉਚੇਚੇ ਤੌਰ 'ਤੇ ਇਨ੍ਹਾਂ ਸਮਾਗਮਾਂ ਵਿਚ ਸ਼ਾਮਲ ਹੋਏ। ਉਨ੍ਹਾਂ ਭਗਤ ਪੂਰਨ ਸਿੰਘ ਦੀ ਮਨੁੱਖਤਾ ਪ੍ਰਤੀ ਸੇਵਾ ਅਤੇ ਉਨ੍ਹਾਂ ਵਲੋਂ ਪਿੰਗਲਵਾੜਾ ਦੇ ਰੂਪ ਵਿਚ ਲਾਏ ਗਏ ਬੂਟੇ ਦੀਆਂ ਪ੍ਰਾਪਤੀਆਂ ਤੇ ਇਸ ਵਲੋਂ ਮਾਨਵਤਾ ਪ੍ਰਤੀ ਕੀਤੇ ਜਾਂਦੇ ਕਾਰਜਾਂ ਬਾਰੇ ਸੰਗਤ ਨੂੰ ਤਫਸੀਲ ਨਾਲ ਦੱਸਿਆ।

ਇਥੇ ਗੁਰਦੁਆਰਾ ਪੈਲਾਟਾਈਨ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਬੀਬੀ ਪ੍ਰੀਤਇੰਦਰਜੀਤ ਕੌਰ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ ਗੁਰਬਾਣੀ ਦੇ ਅਨੁਸਾਰੀ ਹੋ ਕੇ ਸਤਿਗੁਰੂ ਦੀ ਆਗਿਆ ਨੂੰ ਸਤਿ ਸਤਿ ਕਰਕੇ ਮੰਨਿਆ ਅਤੇ ਆਪਣਾ ਸਾਰਾ ਜੀਵਨ ਮਨੁੱਖਤਾ ਦੀ ਸੇਵਾ ਦੇ ਲੇਖੇ ਲਾਇਆ। ਉਨ੍ਹਾਂ ਕਿਹਾ ਕਿ ਭਗਤ ਜੀ ਨੇ 88 ਸਾਲ ਦੀ ਉਮਰ ਭੋਗੀ ਪਰ ਉਨ੍ਹਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਦਾਗ ਦਾਮਨ 'ਤੇ ਨਹੀਂ ਲੱਗਣ


ਭਗਤ ਪੂਰਨ ਸਿੰਘ

ਦਿੱਤਾ ਬਲਕਿ ਬਾਣੀ ਜਪਦਿਆਂ ਸਰਬਤ ਦਾ ਭਲਾ ਮੰਗਿਆ। ਉਨ੍ਹਾਂ ਗੁਰੂ ਦਾ ਇਕ ਨਿਮਾਣਾ ਸੇਵਕ ਬਣ ਕੇ ਗਰੀਬਾਂ, ਅਪਾਹਜਾਂ ਅਤੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ ਕੀਤੀ। ਬੀਬੀ ਪ੍ਰੀਤਇੰਦਰਜੀਤ ਕੌਰ ਨੇ ਭਗਤ ਪੂਰਨ ਸਿੰਘ ਦੇ ਜੀਵਨ ਦੀਆਂ ਵੱਖ ਵੱਖ ਘਟਨਾਵਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਭਗਤ ਜੀ ਗੁਰਦੁਆਰਾ ਡੇਰਾ ਸਾਹਿਬ ਵਿਖੇ 24 ਸਾਲ ਸੇਵਾ ਕਰਦੇ ਰਹੇ। ਗੁਰੂ ਘਰ ਵਿਚ ਹੱਥੀਂ ਝਾੜੂ ਮਾਰਨ ਤੇ ਜੂਠੇ ਭਾਂਡੇ ਮਾਂਜਣ ਦੇ ਨਾਲ ਨਾਲ ਭਗਤ ਜੀ ਲੋੜਵੰਦ ਮਰੀਜਾਂ ਨੂੰ ਡਿਸਪੈਂਸਰੀ/ਹਸਪਤਾਲ ਲੈ ਕੇ ਜਾਂਦੇ ਅਤੇ ਜ਼ਖਮੀਆਂ ਦੀ ਆਪ ਮੱਲ੍ਹਮ-ਪੱਟੀ ਕਰਦੇ। ਗੁਰੂ ਘਰ ਸੇਵਾ ਕਰਨ ਤੋਂ ਬਾਅਦ ਉਹ ਲਾਇਬਰੇਰੀ ਵਿਚ ਜਾ ਕੇ ਪੜ੍ਹਦੇ।


ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ ਆਫ ਵਿਸਕਾਨਸਿਨ-ਬਰੁਕਫੀਲਡ ਦੀ ਪ੍ਰਬੰਧਕ ਕਮੇਟੀ ਅਤੇ ਹੋਰ ਸੇਵਕ ਸ. ਰਾਜਬੀਰ ਸਿੰਘ (ਖੱਬਿਓਂ ਚੌਥੇ) ਨਾਲ

ਉਨ੍ਹਾਂ ਹੋਰ ਦੱਸਿਆ ਕਿ ਇਕ ਵਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਕੋਈ ਆਪਣੇ ਛੋਟੇ ਜਿਹੇ ਬੱਚੇ ਨੂੰ ਪੌੜੀਆਂ 'ਤੇ ਛੱਡ ਕੇ ਚਲਾ ਗਿਆ। ਪੁੱਛ-ਗਿੱਛ ਕੀਤੀ ਗਈ ਤਾਂ ਬੱਚੇ ਦੇ ਮਾਪਿਆਂ ਦਾ ਕੋਈ ਪਤਾ ਨਾ ਲੱਗਾ। ਭਗਤ ਜੀ ਦੇ ਗੁਰੂ ਘਰ ਸੇਵਾ ਕਰਦੇ ਹੋਣ ਕਾਰਨ ਗੁਰਦੁਆਰਾ ਕਮੇਟੀ ਨੇ ਇਸ ਬੱਚੇ ਦੀ ਸੰਭਾਲ ਦਾ ਜਿੰਮਾ ਭਗਤ ਪੂਰਨ ਸਿੰਘ ਨੂੰ ਸੌਂਪ ਦਿੱਤਾ। ਉਸ ਸਮੇਂ ਬੱਚਾ 4 ਸਾਲ ਦਾ ਸੀ ਤੇ ਭਗਤ ਜੀ ਦੀ ਛਤਰਛਾਇਆ ਹੇਠ ਉਸ ਨੇ 64 ਸਾਲ ਦੀ ਉਮਰ ਭੋਗੀ।

ਬੀਬੀ ਪ੍ਰੀਤਇੰਦਰਜੀਤ ਕੌਰ ਨੇ ਕਿਹਾ ਕਿ ਪਿੰਗਲਵਾੜਾ ਕੋਈ ਦਸ ਸਾਲ ਸੜਕਾਂ 'ਤੇ ਰਿਹਾ, ਨਾ ਸਿਰ 'ਤੇ ਛੱਤ ਸੀ ਤੇ ਨਾ ਭੋਜਨ ਦਾ ਕੋਈ ਪ੍ਰਬੰਧ ਸੀ। ਜਦੋਂ ਕਦੇ ਮੀਂਹ-ਨ੍ਹੇਰੀ ਆਉਣੀ ਤਾਂ ਭਗਤ ਜੀ ਲੂਲੇ-ਲੰਗੜਿਆਂ ਤੇ ਬਿਮਾਰਾਂ ਨੂੰ ਮੋਢੇ ਉਤੇ ਚੁੱਕ ਚੁੱਕ ਕੇ ਕਿਸੇ ਛੱਤ ਜਾਂ ਵਰਾਂਡੇ ਥੱਲੇ ਲੈ ਕੇ ਜਾਂਦੇ। ਭਗਤ ਜੀ ਨੇ ਭੁੱਖੇ ਤੇ ਸੜਕਾਂ ਦੇ ਰੁਲਦੇ ਫਟੇਹਾਲ ਲੋਕਾਂ ਲਈ ਘਰ ਘਰ ਜਾ ਕੇ ਖੈਰ ਮੰਗੀ। ਬੀਬੀ ਪ੍ਰੀਤਇੰਦਰਜੀਤ ਕੌਰ ਨੇ ਵਿਅੰਗ ਵਿਚ ਕਿਹਾ ਕਿ ਅਸੀਂ ਇੰਨੇ ਸੁਆਰਥੀ ਹੋ ਗਏ ਹਾਂ ਕਿ ਗੁਰਦੁਆਰੇ ਆ ਕੇ ਅਰਦਾਸ ਤਾਂ ਨਾਮ ਦਾਨ ਅਤੇ ਸੇਵਾ ਦਾਨ ਦੀ ਕਰਦੇ ਹਾਂ ਪਰ ਗੁਰਬਾਣੀ ਦੇ ਉਪਦੇਸ਼ਾਂ ਨੂੰ ਭੁਲਾ ਕੇ ਲੋੜਵੰਦਾਂ ਦੀ ਮਦਦ ਲਈ ਅੱਗੇ ਨਹੀਂ ਆਉਂਦੇ।

ਪਿੰਗਲਵਾੜੇ ਦੇ ਚੱਲ ਰਹੇ ਪ੍ਰਾਜੈਕਟਾਂ ਬਾਰੇ ਦੱਸਦਿਆਂ ਬੀਬੀ ਪ੍ਰੀਤਇੰਦਰਜੀਤ ਕੌਰ ਨੇ ਕਿਹਾ ਕਿ ਪ੍ਰੋਸਥੈਟਿਕ ਸੈਂਟਰ ਸਥਾਪਤ ਕੀਤਾ ਗਿਆ ਹੈ ਤਾਂ ਜੋ ਗਰੀਬ ਤੇ ਬੇਘਰੇ ਅੰਗਹੀਣਾਂ ਨੂੰ ਨਕਲੀ ਅੰਗ ਲਾ ਕੇ ਉਨ੍ਹਾਂ ਦਾ ਜੀਵਨ ਸੁਖਾਲਾ ਕੀਤਾ ਜਾ ਸਕੇ। ਪਿੰਗਲਵਾੜਾ ਅਧੀਨ ਪਲ ਰਹੇ ਬੇਸਹਾਰਾ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਲਈ ਆਈ ਸੈਂਟਰ ਸਥਾਪਤ ਕੀਤਾ ਗਿਆ ਅਤੇ ਅਲਟਰਾ ਸਾਊਂਡ ਸਿਸਟਮ ਲਾਇਆ ਗਿਆ ਹੈ। ਪਿੰਗਲਵਾੜਾ ਸੰਸਥਾ ਵਲੋਂ ਬੇਸਹਾਰਾ ਤੇ ਗਰੀਬ ਬਜ਼ੁਰਗਾਂ ਲਈ 'ਆਪਣਾ ਘਰ' ਬਣਾਇਆ ਗਿਆ ਹੈ ਅਤੇ ਬੇਘਰ ਹੋਈਆਂ ਔਰਤਾਂ ਨੂੰ ਉਨ੍ਹਾਂ ਦੇ ਬੱਚਿਆਂ ਸਮੇਤ ਰਹਿਣ ਲਈ ਥਾਂ ਦਿੱਤੀ ਜਾਂਦੀ ਹੈ। ਪਿੰਗਲਵਾੜੇ 'ਚ ਰਹਿੰਦੀਆਂ ਲਾਵਾਰਸ ਬੱਚੀਆਂ ਦੇ ਵਿਆਹ ਵੀ ਸੰਸਥਾ ਵਲੋਂ ਕੀਤੇ ਜਾਂਦੇ ਹਨ। ਪਿੰਗਲਵਾੜਾ ਵਿਚ ਰਹਿ ਰਹੇ ਗੂੰਗੇ-ਬੋਲੇ ਬੱਚਿਆਂ ਦੀ ਸਾਂਭ-ਸੰਭਾਲ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸੰਗਤ ਦੇ ਸਹਿਯੋਗ ਨਾਲ ਬੋਲੇ ਬੱਚਿਆਂ ਦੇ ਆਪਰੇਸ਼ਨ ਲਈ ਉਪਰਾਲੇ ਕੀਤੇ ਗਏ ਹਨ, ਮਸ਼ੀਨਾਂ ਖਰੀਦੀਆਂ ਗਈਆਂ ਹਨ ਅਤੇ ਕੰਨਾਂ ਦੇ ਆਪਰੇਸ਼ਨ ਲਈ ਮਾਹਰ ਡਾਕਟਰਾਂ ਨਾਲ ਰਾਬਤਾ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਗੂੰਗੇ-ਬੋਲੇ ਬੱਚਿਆਂ ਲਈ ਸਪੈਸ਼ਲ ਸਕੂਲ ਹੈ ਅਤੇ ਬੱਚਿਆਂ ਨੂੰ ਕਿੱਤਾ ਮੁਖੀ ਸਿਖਿਆ ਮੁਹੱਈਆ



ਗੁਰਦੁਆਰਾ ਪੈਲਾਟਾਈਨ ਵਿਚ ਬੀਬੀ ਪ੍ਰੀਤਇੰਦਰਜੀਤ ਕੌਰ (ਵਿਚਕਾਰ) ਬੱਚਿਆਂ ਵਲੋਂ ਪਿੰਗਲਵਾੜੇ ਲਈ ਜੋੜੀ ਗਈ ਮਾਇਆ ਦੀ ਗੋਲਕ ਪ੍ਰਾਪਤ ਕਰਦੇ ਹੋਏ

ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਟੀ. ਬੀ. ਦੇ ਟੈਸਟ ਲਈ ਸੈਂਟਰ ਬਣਾਇਆ ਗਿਆ ਹੈ। ਭਗਤ ਪੂਰਨ ਸਿੰਘ ਦੇ ਜੀਵਨ ਬਾਰੇ ਅਤੇ ਧਾਰਮਿਕ ਸਾਹਿਤ ਮੁਫਤ ਵੰਡਣ ਲਈ ਇਕ ਪ੍ਰਿੰਟਿੰਗ ਪ੍ਰੈਸ ਵੀ ਲਾਈ ਗਈ ਹੈ।

ਪੰਜਾਬ ਵਿਚ ਫਸਲਾਂ ਉਤੇ ਕੀਤੇ ਜਾਂਦੇ ਜ਼ਹਿਰੀਲੇ ਸਪਰੇਆਂ ਦੇ ਮਾਰੂ ਅਸਰ 'ਤੇ ਚਿੰਤਾ ਜਾਹਰ ਕਰਦਿਆਂ ਬੀਬੀ ਪ੍ਰੀਤਇੰਦਰਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਕਾਰਨ ਖਾਣ ਵਾਲੀਆਂ ਵਸਤਾਂ ਇੰਨੀਆਂ ਜ਼ਹਿਰੀਲੀਆਂ ਹੋ ਚੁਕੀਆਂ ਹਨ ਕਿ ਲੋਕ ਅਨੇਕਾਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ਅਤੇ ਬੱਚੇ ਮੰਦਬੁੱਧੀ ਜਾਂ ਅਪੰਗ ਪੈਦਾ ਹੋ ਰਹੇ ਹਨ। ਲੋਕੀਂ ਅਜਿਹੇ ਬੱਚਿਆਂ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਛੱਡ ਆਉਂਦੇ ਹਨ ਅਤੇ ਪਿੰਗਲਵਾੜਾ ਸੰਸਥਾ ਇਨ੍ਹਾਂ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਹੈ।

ਸੰਗਤ ਨੂੰ ਸੰਬੋਧਨ ਕਰਦਿਆਂ ਪਿੰਗਲਵਾੜਾ ਸੰਸਥਾ ਦੇ ਸ. ਰਾਜਬੀਰ ਸਿੰਘ ਨੇ ਦੱਸਿਆ ਕਿ ਪਿੰਗਲਵਾੜੇ ਦਾ ਰੋਜ਼ਾਨਾ ਖਰਚਾ ਪੌਣੇ ਸੱਤ ਲੱਖ ਰੁਪਏ ਹੈ ਅਤੇ ਇਹ ਖਰਚ ਸੰਗਤਾਂ ਦੇ ਦਿੱਤੇ ਦਾਨ ਨਾਲ ਹੀ ਚਲਦਾ ਹੈ। ਉਨ੍ਹਾਂ ਦੱਸਿਆ ਕਿ ਭਗਤ ਪੂਰਨ ਸਿੰਘ ਲੋਕਾਂ ਨੂੰ ਸੇਵਾ ਕਰਨ ਦਾ ਉਪਦੇਸ਼ ਦਿੰਦੇ ਸਨ ਅਤੇ ਕਹਿੰਦੇ ਸਨ ਕਿ ਕਾਗਜ਼ ਦੀ ਘੱਟ ਤੋਂ ਘੱਟ ਵਰਤੋਂ ਕਰੋ ਤਾਂ ਜੋ ਦਰਖਤ ਘੱਟ ਵੱਢੇ ਜਾਣ। ਭਗਤ ਜੀ ਨੇ ਵਾਤਾਵਰਣ ਦੀ ਸੰਭਾਲ ਲਈ ਲੋਕਾਂ ਨੂੰ ਵੱਧ ਤੋਂ ਵੱਧ ਦਰਖਤ ਲਾਉਣ ਲਈ ਵੀ ਪ੍ਰੇਰਿਆ। ਸ. ਰਾਜਬੀਰ ਸਿੰਘ ਨੇ ਖੇਤੀ ਯੂਨੀਵਰਸਿਟੀ ਦੇ ਇਕ ਸਰਵੇਖਣ ਦੇ ਹਵਾਲੇ ਨਾਲ ਦੱਸਿਆ ਕਿ ਫਸਲਾਂ 'ਤੇ ਜ਼ਹਿਰੀਲੀਆਂ ਦਵਾਈਆਂ ਦੇ ਛਿੜਕਾਅ ਨਾਲ ਸਿਰਫ ਇਨਸਾਨਾਂ ਦਾ ਭੋਜਨ ਹੀ ਜ਼ਹਿਰਲਾ ਨਹੀਂ ਹੋ ਰਿਹਾ ਸਗੋਂ ਪਸੂ-ਪੰਛੀ ਵੀ ਇਸ ਦੇ ਮਾਰੂ ਅਸਰਾਂ ਹੇਠ ਹਨ ਅਤੇ ਮਨੁੱਖ ਦੇ ਮਿੱਤਰ ਜਾਣੇ ਜਾਂਦੇ ਧਰਤੀ 'ਤੇ ਰਹਿੰਦੇ 85% ਕੀੜੇ-ਮਕੌੜੇ ਵੀ ਮਰ ਰਹੇ ਹਨ।

ਡਾ. ਬਲਵੰਤ ਸਿੰਘ ਹੰਸਰਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਪੂਰਨ ਸਿੰਘ ਗੁਰਬਾਣੀ ਦੇ ਅਰਥਾਂ ਨੂੰ ਸਹੀ ਮਾਅਨਿਆਂ ਵਿਚ ਮੰਨਣ ਵਾਲੇ ਉਪਾਸ਼ਕ ਸਨ। ਉਨ੍ਹਾਂ ਬੀਬੀ ਪ੍ਰੀਤਇੰਦਰਜੀਤ ਕੌਰ ਦੀ ਪਿੰਗਲਵਾੜੇ ਪ੍ਰਤੀ ਸੇਵਾ ਦੀ ਤਾਰੀਫ ਕਰਦਿਆਂ ਸੰਗਤਾਂ ਨੂੰ ਪਿੰਗਲਵਾੜੇ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ।

ਪੰਜਾਬੀ ਵਿਰਾਸਤ ਸੰਸਥਾ ਵਲੋਂ ਪਿੰਗਲਵਾੜੇ ਦੀ ਮਦਦ ਲਈ 2005 ਤੋਂ ਅਰੰਭੇ ਗਏ ਕਾਰਜ ਦੀ ਤਾਰੀਫ ਕਰਦਿਆਂ ਗੁਰਦੁਆਰਾ ਪੈਲਾਟਾਈਨ ਦੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਮਾਨ ਨੇ ਸੰਸਥਾ ਵਲੋਂ ਇਨ੍ਹਾਂ ਸਾਲਾਂ ਵਿਚ ਇਕੱਤਰ ਕੀਤੀ ਗਈ ਮਾਇਆ ਦੇ ਵੇਰਵੇ ਦਿੰਦਿਆਂ ਸੰਗਤ ਨੂੰ ਆਪਣੀ ਸਮਰਥਾ ਅਨੁਸਾਰ ਪਿੰਗਲਵਾੜੇ ਦੀ ਮਾਇਕ ਮਦਦ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਗੁਰੂ ਘਰ ਦੀ ਤਰਫੋਂ ਪ੍ਰਬੰਧਕ ਕਮੇਟੀ ਵਲੋਂ ਬੀਬੀ ਪ੍ਰੀਤਇੰਦਰਜੀਤਕੌਰ ਤੇ ਰਾਜਬੀਰ ਸਿੰਘ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ ਅਤੇ

(ਅਗਲੇ ਸਫੇ 'ਤੇ ਜਾਰੀ)



ਗੁਰਦੁਆਰਾ ਪੈਲਾਟਾਈਨ ਵਿਚ ਲਾਈ ਗਈ ਪੁਸਤਕ ਪ੍ਰਦਰਸ਼ਨੀ


ਪਿੰਗਲਵਾੜੇ ਲਈ ਮਦਦ ਇਕੱਠੀ ਕਰਨ ਦੇ ਕੁਝ ਮੋਹਰੀ ਸੇਵਕ ਗੁਰਦੁਆਰਾ ਪੈਲਾਟਾਈਨ ਵਿਚ ਸ. ਰਾਜਬੀਰ ਸਿੰਘ ਨਾਲ



ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ) ਦੇ ਸੇਵਕ



ਪਿੰਗਲਵਾੜੇ ਲਈ ਮਦਦ ਕਰਨ ਦੀ ਮੁਹਿੰਮ 'ਚ ਸ਼ਾਮਲ ਗੁਰਦੁਆਰਾ ਮਿਸ਼ਵਾਕਾ, ਇੰਡੀਆਨਾ ਦੀ ਸੰਗਤ

# ਭਗਤ ਪੂਰਨ ਸਿੰਘ ਦੀ 25ਵੀਂ ਬਰਸੀ 'ਤੇ ਸਮਾਗਮ

(ਪਿਛਲੇ ਸਫੇ ਦੀ ਬਾਕੀ)

ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ।

ਬੀਬੀ ਪ੍ਰੀਤਇੰਦਰਜੀਤ ਕੌਰ ਤੇ ਰਾਜਬੀਰ ਸਿੰਘ ਸਥਾਨਕ ਗੁਰਦੁਆਰਾ ਵ੍ਹੀਟਨ ਅਤੇ ਗੁਰਦੁਆਰਾ ਦੀਵਾਨ ਐਵੇਨਿਊ ਵੀ ਗਏ ਅਤੇ ਸੰਗਤ ਨੂੰ ਭਗਤ ਪੂਰਨ ਸਿੰਘ ਦੇ ਜੀਵਨ ਉਪਦੇਸ਼ ਬਾਰੇ ਦੱਸਿਆ। ਇਨ੍ਹਾਂ ਗੁਰੂ ਘਰਾਂ ਵਿਚ ਵੀ ਫਰੀ ਧਾਰਮਿਕ ਸਾਹਿਤ ਦੇ ਸਟਾਲ ਲਾਏ ਗਏ ਅਤੇ ਸੰਗਤ ਨੂੰ ਪਿੰਗਲਵਾੜਾ ਲਈ ਦਾਨ ਭੇਟਾ ਕਰਨ ਦੀ ਅਪੀਲ ਕੀਤੀ ਗਈ।

ਸਿੱਖ ਰਿਲੀਜੀਅਸ ਸੁਸਾਇਟੀ ਆਫ ਵਿਸਕਾਨਸਿਨ-ਬਰੁਕਫੀਲਡ ਅਤੇ ਸਿੱਖ ਟੈਂਪਲ ਆਫ ਵਿਸਕਾਨਸਿਨ-ਓਕ ਕਰੀਕ ਵੀ ਬੀਬੀ ਪ੍ਰੀਤਇੰਦਰਜੀਤ ਕੌਰ ਅਤੇ ਰਾਜਬੀਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਉਥੇ ਵੀ ਧਾਰਮਿਕ ਸਾਹਿਤ ਦੀ ਨੁਮਾਇਸ਼ ਲਾਈ ਗਈ ਅਤੇ ਸੰਗਤਾਂ ਨੇ ਆਪਣੀ ਸਮਰਥਾ ਅਨੁਸਾਰ ਪਿੰਗਲਵਾੜੇ ਨੂੰ ਮਾਇਆ ਭੇਟਾ ਕੀਤੀ। ਸ. ਰਾਜਬੀਰ ਸਿੰਘ ਮਿਸ਼ੀਗਨ, ਇੰਡੀਆਨਾ ਅਤੇ ਨਿਊ ਯਾਰਕ ਦੇ ਵੱਖ ਵੱਖ ਗੁਰੂ ਘਰਾਂ ਵਿਚ ਵੀ ਗਏ।

ਭਗਤ ਜੀ ਦੇ ਫਲਸਫੇ ਨੂੰ ਕੁਲ ਦੁਨੀਆਂ ਤੱਕ ਪਹੁੰਚਾਉਣ ਲਈ 2005 ਵਿਚ ਸ਼ਿਕਾਗੋ ਤੋਂ ਰਵਾਨਾ ਹੋਇਆ ਇਹ ਕਾਫਲਾ ਸ਼ਿਕਾਗੋ ਤੇ ਮਿਲਵਾਕੀ ਜਾਣ ਉਪਰੰਤ ਇੰਡੀਆਨਾ ਦੇ ਸ਼ਹਿਰਾਂ-ਮਿਸ਼ਵਾਕਾ, ਸਾਊਥ ਬੈਂਡ ਤੇ ਕਰਾਊਨ ਪੁਆਇੰਟ ਤੋਂ ਇਲਾਵਾ ਨਿਊ ਯਾਰਕ ਅਤੇ ਮਿਸ਼ੀਗਨ ਤੱਕ ਪਹੁੰਚ ਗਿਆ ਹੈ। ਇਨ੍ਹਾਂ ਸਥਾਨਾਂ 'ਤੇ ਸੰਗਤ ਨੇ ਇਸ ਕਾਰਜ ਵਿਚ ਦਿਲ ਖੋਲ ਕੇ ਯੋਗਦਾਨ ਪਾਇਆ ਅਤੇ ਕਿਹਾ ਕਿ ਇਹ ਪਰੰਪਰਾ ਨਿਰੰਤਰ ਜਾਰੀ ਰਹੇਗੀ। ਭਗਤ ਜੀ ਅਤੇ ਪਿੰਗਲਵਾੜੇ ਬਾਰੇ ਸੰਗਤ ਦੀ ਸ਼ਰਧਾ ਤੇ ਉਤਸ਼ਾਹ ਵੇਖਿਆਂ ਬਣਦਾ ਸੀ।

ਇਸ ਮੁਹਿੰਮ ਵਿਚ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਔਲਖ, ਬਲਵੰਤ ਸਿੰਘ ਹੰਸਰਾ, ਜੈਰਾਮ ਸਿੰਘ ਕਾਹਲੋਂ, ਲਖਬੀਰ ਸਿੰਘ ਸੰਧੂ, ਬੀਬੀ ਜਸਬੀਰ ਕੌਰ ਮਾਨ, ਪਰਵੇਸ਼ ਕੌਰ ਮਹਿਤਾ, ਅਜੀਤ ਸਿੰਘ ਤੇ ਪਰਿਵਾਰ (ਨਿਊ ਯਾਰਕ), ਕਾਬਲ ਸਿੰਘ ਸੋਹਲ, ਜਸਬੀਰ ਸਿੰਘ ਗਿੱਲ, ਭੁਪਿੰਦਰ ਸਿੰਘ ਅਟਵਾਲ (ਨਿਊ ਯਾਰਕ), ਨਾਜ਼ਰ ਸਿੰਘ, ਡਾ. ਸਪਰਿੰਦਰ ਸਿੰਘ ਸੋਹਲ, ਬੇਅੰਤ ਸਿੰਘ ਬੋਪਾਰਾਏ, ਪਰਮਜੀਤ ਸਿੰਘ ਸੰਘਾ, ਲਾਲੀ ਸਿੱਧੂ, ਹਰਜੀਤ ਸਿੰਘ ਗਿੱਲ, ਅਮਰਜੀਤ ਸਿੰਘ, ਕੁਲਬੀਰ ਸਿੰਘ ਦਿਉਲ, ਤਰਲੋਚਨ ਸਿੰਘ ਗਿੱਲ, ਸ਼ਰਨਾਗਤ ਸਿੰਘ ਛਾਬੜਾ, ਨਰਿੰਦਰਪਾਲ ਸਿੰਘ ਮਰਵਾਹਾ ਤੇ ਪਰਿਵਾਰ ਅਤੇ ਉਂਕਾਰ ਸਿੰਘ ਢਿੱਲੋਂ ਨੇ ਵਧ ਚੜ੍ਹ ਕੇ ਉਪਰਾਲਾ ਕੀਤਾ।



ਸ. ਰਾਜਬੀਰ ਸਿੰਘ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ (ਨਿਊ ਯਾਰਕ) ਵਿਚ



ਸ. ਰਾਜਬੀਰ ਸਿੰਘ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ (ਨਿਊ ਯਾਰਕ) ਵਿਚ ਸੰਗਤ ਨੂੰ ਸੰਬੋਧਨ ਕਰਦੇ ਹੋਏ



ਸ. ਰਾਜਬੀਰ ਸਿੰਘ ਅਤੇ ਸ. ਸਤਨਾਮ ਸਿੰਘ ਔਲਖ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਨਿਊ ਯਾਰਕ ਦੇ ਸੇਵਕਾਂ ਨਾਲ




ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ (ਇੰਡੀਆਨਾ) ਦੀ ਸੰਗਤ




ਬੀਬੀ ਪ੍ਰੀਤਇੰਦਰਜੀਤ ਕੌਰ ਗੁਰਦੁਆਰਾ ਵ੍ਹੀਟਨ ਦੇ ਸੇਵਕਾਂ ਨਾਲ

# ਵਾਸਦੇਵ ਸਿੰਘ ਪਰਹਾਰ ਦੀ ਪੁਸਤਕ 'ਬੱਬਰ ਅਕਾਲੀਆਂ ਦੀਆਂ ਜੀਵਨੀਆਂ' ਲੋਕ ਅਰਪਣ

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਲੰਘੀ 29 ਅਕਤੂਬਰ ਨੂੰ ਵਾਸਦੇਵ ਸਿੰਘ ਪਰਹਾਰ ਦੀ ਖੋਜ ਪੁਸਤਕ 'ਬੱਬਰ ਅਕਾਲੀਆਂ ਦੀਆਂ ਜੀਵਨੀਆਂ' ਕੈਂਟ ਸਿਟੀ ਕੌਂਸਲ ਦੀ ਉਮੀਦਵਾਰ ਬੀਬੀ ਸਤਵਿੰਦਰ ਕੌਰ ਵਲੋਂ ਕੈਂਟ ਕਾਨਫਰੰਸ ਅਤੇ ਈਵੈਂਟ ਸੈਂਟਰ ਵਿਚ ਲੋਕ ਅਰਪਣ ਕੀਤੀ ਗਈ।

ਮਨਜੀਤ ਕੌਰ ਗਿੱਲ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਸ. ਪਰਹਾਰ ਦੇ ਇਸ ਉਦਮ ਦੀ ਜਿੱਥੇ ਵੱਖ ਵੱਖ ਬੁਲਾਰਿਆਂ ਨੇ ਸ਼ਲਾਘਾ ਕੀਤੀ, ਉਥੇ ਕੈਨੇਡਾ ਤੇ ਅਮਰੀਕਾ ਤੋਂ ਵੀ ਬਹੁਤ ਸਾਰੇ ਵਿਦਵਾਨਾਂ ਨੇ ਫੋਨ ਕਰ ਕੇ ਸ. ਪਰਹਾਰ ਨੂੰ ਵਧਾਈਆਂ ਦਿੱਤੀਆਂ। ਸਮਾਗਮ ਵਿਚ ਸ. ਪਰਹਾਰ ਦੇ ਪਰਿਵਾਰ ਦੀਆਂ ਤਿੰਨ ਪੁਸ਼ਤਾਂ ਅਤੇ ਹੋਰ ਵੀ ਬਹੁਤ ਸਾਰੇ ਲੋਕ ਪਰਿਵਾਰ ਸਮੇਤ ਸ਼ਾਮਲ ਹੋਏ।


ਇਸ ਮੌਕੇ ਬੀਬੀ ਸਤਵਿੰਦਰ ਕੌਰ ਤੋਂ ਇਲਾਵਾ ਸਭਾ ਦੇ ਸਾਬਕਾ ਪ੍ਰਧਾਨ ਵਾਸਦੇਵ ਸਿੰਘ ਪਰਹਾਰ, ਸਵਰਾਜ ਕੌਰ, ਹਰਦਿਆਲ ਸਿੰਘ ਚੀਮਾ ਅਤੇ ਅਵਤਾਰ ਸਿੰਘ ਆਦਮਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਕਵੀ ਦਰਬਾਰ ਵਿਚ ਮਨਜੀਤ ਕੌਰ ਗਿੱਲ, ਜੰਗ ਬਹਾਦਰ ਸਿੰਘ, ਅਮਰਜੀਤ ਤਰਸਿੱਕਾ, ਬਲਿਹਾਰ ਲੇਹਲ, ਗੁਰਪ੍ਰੀਤ ਸੋਹਲ, ਵਾਸਦੇਵ ਸਿੰਘ ਪਰਹਾਰ, ਹਰਦਿਆਲ ਸਿੰਘ ਚੀਮਾ, ਦਲਜੀਤ ਕੌਰ ਚੀਮਾ, ਅਵਤਾਰ ਸਿੰਘ ਆਦਮਪੁਰੀ, ਕਰਨੈਲ ਕੈਲ, ਸ਼ਿੰਗਾਰ ਸਿੰਘ ਸਿੱਧੂ, ਜੰਗਪਾਲ ਸਿੰਘ, ਈਸ਼ਰ ਸਿੰਘ ਗਰਚਾ, ਸਵਰਾਜ ਕੌਰ, ਭਗੀਰਥ ਤੇ ਹਰਜੋਤ ਢੀਂਡਸਾ, ਨਾਵਲਕਾਰ ਅਵਤਾਰ ਸਿੰਘ ਬਿਲਿੰਗ ਅਤੇ ਸਾਧੂ ਸਿੰਘ ਝੱਜ ਨੇ ਹਿੱਸਾ ਲਿਆ। ਸ. ਚੀਮਾ ਨੇ ਇਕ ਕਵਿਤਾ ਰਾਹੀਂ ਬੀਬੀ ਸਤਵਿੰਦਰ ਕੌਰ ਦੀ ਹਮਾਇਤ ਕਰਨ ਦੀ ਬੇਨਤੀ ਕੀਤੀ।

ਮੰਚ ਸੰਚਾਲਨ ਅਮਰਜੀਤ ਤਰਸਿੱਕਾ ਤੇ ਬਲਿਹਾਰ ਲੇਹਲ ਨੇ ਰਲ ਕੇ ਕੀਤਾ। ਫੋਟੋਗ੍ਰਾਫੀ ਗੁਰਪ੍ਰੀਤ ਸੋਹਲ ਤੇ ਜਸਵਿੰਦਰ ਕੌਰ ਲੇਹਲ ਨੇ ਕੀਤੀ।



ਸਭਾ ਦੀ ਅਗਲੀ ਮੀਟਿੰਗ ਸ਼ਿੰਗਾਰ ਸਿੰਘ ਸਿੱਧੂ ਨੂੰ ਵਿਦਾਇਗੀ ਦੇਣ ਵਾਸਤੇ 12 ਨਵੰਬਰ, ਐਤਵਾਰ ਨੂੰ ਇੱਕ ਵਜੇ ਬਲਿਹਾਰ ਸਿੰਘ ਲੇਹਲ ਦੇ ਘਰ (11511 ਸਾਊਥ-ਈਸਟ 234ਵੀਂ ਪਲੇਸ, ਕੈਂਟ) ਵਿਖੇ ਹੋਵੇਗੀ।



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

# ਕਿੱਕਲੀ ਕਲੀਰ ਦੀ



## ਕਲਾ ਪਰਿਕਰਮਾ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਕਿੱਕਲੀ ਕੁੜੀਆਂ ਦੀ ਖੇਡ ਵੀ ਹੈ, ਨਾਚ ਵੀ। ਨੱਚਣ-ਖੇਡਣ ਵਾਲੀਆਂ ਕੁੜੀਆਂ ਜਦੋਂ ਕਿੱਕਲੀ ਪਾਉਂਦੀਆਂ ਸਨ ਤਾਂ ਇਸ ਵਿਚੋਂ ਉਹ ਖੇਡ ਅਤੇ ਨਾਚ ਦੋਹਾਂ ਦਾ ਆਨੰਦ ਮਾਣਦੀਆਂ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਇਸ ਨਾਚ ਦੀਆਂ ਨਾਚ-ਮੁਦਰਾਵਾਂ ਬਾਰੇ ਅਤੇ ਇਸ ਦੀ ਰਚਨਾ ਬਾਰੇ ਇੰਜ ਲਿਖਦੇ ਹਨ: "ਇਹ ਨਾਚ ਕੁੜੀਆਂ ਦੋ-ਦੋ ਦੇ ਜੋਟਿਆਂ ਵਿਚ ਨੱਚਦੀਆਂ ਹਨ। ਦੋ ਕੁੜੀਆਂ ਆਹਮੋ-ਸਾਹਮਣੇ ਹੋ ਕੇ ਇੱਕ ਦੂਜੀ ਦਾ ਹੱਥ ਇਉਂ ਫੜਦੀਆਂ ਹਨ ਕਿ ਬਾਹਵਾਂ ਦੀ ਸੰਗਲੀ ਜਿਹੀ ਬੱਝ ਜਾਂਦੀ ਹੈ। ਫਿਰ ਪੈਰਾਂ ਦੀਆਂ ਅਗਲੀਆਂ ਤਲੀਆਂ ਉਤੇ ਭਾਰ ਪਾ ਕੇ ਜ਼ੋਰ ਨਾਲ ਭੰਬੀਰੀ ਵਾਂਗ ਘੁੰਮਦੀਆਂ ਹਨ। ਘੁੰਮਦਿਆਂ ਹੋਇਆਂ ਉਹ ਆਪਣਾ ਸਾਰਾ ਭਾਰ ਪਿੱਛੇ ਵੱਲ ਸੁੱਟ ਦਿੰਦੀਆਂ ਹਨ, ਭਾਵ ਸਰੀਰ ਦੇ ਉਪਰਲੇ ਅੱਧੇ ਧੜ ਨੂੰ ਪਿੱਛੇ ਵੱਲ ਕੱਸ ਕੇ ਰੱਖਦੀਆਂ ਹਨ। ਦੋਵੇਂ ਕੁੜੀਆਂ ਇੱਕ-ਦੂਜੀ ਨਾਲ ਤਾਲ-ਮੇਚ ਕੇ ਉਛਲਦੀਆਂ ਹਨ ਤੇ ਪੈਰਾਂ ਨਾਲ ਧਮਕ ਦਿੰਦੀਆਂ ਹਨ। ਨਾਲੋ-ਨਾਲ ਉਹ ਘੇਰੇ ਵਿਚ ਘੁੰਮਦੀਆਂ ਜਾਂਦੀਆਂ ਹਨ। ਕੁੜੀਆਂ ਉਦੋਂ ਤਕ ਨੱਚਦੀਆ ਰਹਿੰਦੀਆਂ ਹਨ ਜਦੋਂ ਤਕ ਉਹ ਹਫ਼ ਨਾ ਜਾਣ।" (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਪੰਜਵੀਂ, ਪੰਨਾ 1136)।

ਕਿੱਕਲੀ ਪਾਉਣ ਦੌਰਾਨ, ਖਾਸ ਕਰ ਜਦੋਂ ਕਿੱਕਲੀ ਸਿਖਰ 'ਤੇ ਪਹੁੰਚਦੀ ਹੈ ਤਾਂ ਬੜਾ ਮਨਮੋਹਕ ਦ੍ਰਿਸ਼ ਨਜ਼ਰ ਆਉਂਦਾ ਹੈ। ਕਿੱਕਲੀ ਕੁੜੀਆਂ ਵੱਲੋਂ ਨੱਚਿਆ ਜਾਣ ਵਾਲਾ ਮਨੋਰੰਜਨ ਭਰਪੂਰ ਲੋਕ ਨਾਚ ਹੈ। ਇਹ ਨਾਚ ਨੱਚਣ ਵਾਲੀਆਂ ਕੁੜੀਆਂ ਦੀ ਚੁਸਤੀ-ਫੁਰਤੀ ਅਤੇ ਸਰੀਰ ਦੇ ਨਿਰੋਏਪਣ ਦਾ ਪ੍ਰਤੀਕ ਵੀ ਬਣਿਆ ਰਿਹਾ ਹੈ। ਇਹ ਨਾਚ ਕੁੜੀਆਂ ਨੂੰ ਦਿਮਾਗ਼ੀ ਤੌਰ 'ਤੇ ਚੇਤੰਨ ਵੀ ਕਰਦਾ ਸੀ ਅਤੇ ਇਸ ਨਾਲ ਉਨ੍ਹਾਂ ਦੀ ਸਰੀਰਕ ਕਸਰਤ ਵੀ ਹੋ ਜਾਂਦੀ ਸੀ। ਇਸੇ ਕਰ ਕੇ ਕਿੱਕਲੀ ਨੂੰ ਨਾਚ ਦੇ ਨਾਲ-ਨਾਲ ਖੇਡ ਵੀ ਤਸੱਵਰ ਕਰ ਲਿਆ ਜਾਂਦਾ ਹੈ।

ਬਹੁਤ ਤੇਜ਼ ਗਤੀ ਨਾਲ ਨੱਚੇ ਜਾਣ ਵਾਲੇ ਇਸ ਨਾਚ ਦੇ ਨਾਲ ਗੀਤ ਵੀ ਨਾਚ ਦੀ ਗਤੀ ਵਾਂਗ ਤੇਜ਼ ਰਵਾਨੀ ਵਾਲੇ ਗਾਏ ਜਾਂਦੇ ਸਨ। ਔਰਤ ਦੀ ਸਮਾਜਿਕ, ਆਰਥਿਕ, ਸਭਿਆਚਾਰਕ ਸਥਿਤੀ ਦੀ ਥਾਹ ਪਾਉਣ ਵਾਲੇ ਹੁੰਦੇ ਹਨ:

ਕਿੱਕਲੀ ਕਲੱਸ ਦੀ,
ਲੱਤ ਸੱਸ ਦੀ
ਗੋਡਾ ਭੱਜੇ ਜੇਠ ਦਾ,
ਝੀਤਾਂ ਥਾਣੀਂ ਵੇਖਦਾ
ਮੋੜ ਸੂ ਜਠਾਣੀਏ,
ਮੋੜ ਸੱਸੇ ਰਾਣੀਏਂ
ਸੱਸ ਦਾਲ ਚਾ ਬਣਾਈ,
ਛੰਨਾ ਭਰ ਕੇ ਲਿਆਈ
ਸੱਸ ਖੀਰ ਚਾ ਪਕਾਈ,
ਵਿਚ ਆਲੇ ਦੇ ਲੁਕਾਈ
ਅੰਦਰ ਬਾਹਰ ਵੜਦੀ ਖਾਵੇ,
ਭੈੜੀ ਗੱਲ੍ਹ ਗੜੱਪੇ ਲਾਵੇ
ਲੋਕੋ! ਸੱਸਾਂ ਬੁਰੀਆਂ ਵੇ,
ਕਲੇਜੇ ਲਾਵਣ ਛੁਰੀਆਂ ਵੇ,
ਕਿੱਕਲੀ ਕਲੱਸ ਦੀ,
ਲੱਤ ਭੱਜੇ ਸੱਸ ਦੀ
ਲੋਕੋ! ਸੱਸਾਂ ਬੁਰੀਆਂ ਵੇ,
ਕਲੇਜੇ ਲਾਵਣ ਛੁਰੀਆਂ ਵੇ...

ਕਿੱਕਲੀ ਦੀ ਖ਼ੂਬਸੂਰਤੀ ਵਿਚ ਇਹ ਗੱਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੁੰਦੀ ਸੀ ਕਿ ਇਸ ਨਾਲ ਢੁਕਵੇਂ ਲੋਕ ਗੀਤ ਵੀ ਗਾਏ ਜਾਂਦੇ ਸਨ। ਉਨ੍ਹਾਂ ਲੋਕ ਗੀਤਾਂ ਦੇ ਛੋਟੇ-ਛੋਟੇ ਤੁਕਾਂਤ ਤਾਲ ਦੇ ਅਨੁਕੂਲ ਹੁੰਦੇ ਸਨ। ਕਿੱਕਲੀ ਨਾਲ ਗਾਏ ਜਾਣ ਵਾਲੇ ਗੀਤਾਂ ਵਿਚੋਂ ਕਿਸੇ ਇੱਕ ਗੀਤ ਦੀ ਸਮਾਪਤੀ 'ਤੇ ਕਿੱਕਲੀ ਦਾ ਇੱਕ ਹਲੋਰਾ ਸਮਾਪਤ ਹੋ ਗਿਆ ਸਮਝਿਆ ਜਾਂਦਾ ਸੀ। ਇਨ੍ਹਾਂ ਗੀਤਾਂ ਵਿਚ ਰਿਸ਼ਤਿਆਂ, ਪਿਆਰ-ਮੁਹੱਬਤ, ਕੱਪੜਿਆਂ, ਗਹਿਣਿਆਂ, ਪੇਕੇ-ਸਹੁਰੇ ਘਰ, ਸੁੱਖਾਂ-ਸੱਧਰਾਂ, ਖੇਡਾਂ, ਨੱਚਣ-ਗਾਉਣ ਦੀਆਂ ਮਸਤੀਆਂ, ਪਸ਼ੂਆਂ-ਪੰਛੀਆਂ, ਖੇਤਾਂ, ਖਾਣ-ਪੀਣ ਦੇ ਪਦਾਰਥਾਂ, ਘਰਾਂ-ਗਲੀਆਂ, ਕੋਠਿਆਂ, ਧੁੱਪਾਂ-ਛਾਵਾਂ ਆਦਿ ਦੀਆਂ ਗੱਲਾਂ ਹੁੰਦੀਆਂ ਸਨ।



ਕੁੜੀਆਂ ਆਪਣੀਆਂ ਸੱਧਰਾਂ ਦੀ ਤਰਜਮਾਨੀ ਵੀ ਕਿੱਕਲੀ ਦੇ ਗੀਤ ਰਾਹੀਂ ਕਰਦੀਆਂ ਸਨ:

ਵੀਰ ਮੇਰੇ ਨੇ ਚੌਂਕ ਘੜਾਇਆ
ਮਾਹੀ ਘੜਾਈ ਆਰਸੀ।
ਬਾਬਲ ਦੀ ਹਵੇਲੀ ਟੱਪਾਂ
ਤਾਂ ਨਾ ਟੁੱਟੀ ਆਰਸੀ।
ਅੰਮੜੀ ਦਾ ਵਿਹੜਾ ਟੱਪਾਂ
ਤਾਂ ਨਾ ਟੁੱਟੀ ਆਰਸੀ।
ਸੌਂਕਣ ਦੀ ਮੈਂ ਝੁੱਗੀ ਟੱਪਾਂ
ਨੀ ਟੁੱਟ ਗਈ ਆਰਸੀ।

ਔਰਤਾਂ ਅਕਸਰ ਜਦੋਂ ਵੀ ਗਿੱਧਾ ਪਾਉਂਦੀਆਂ ਸਨ, ਉਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਆਮ ਹਾਲਤਾਂ ਵਿਚ ਕਿੱਕਲੀ ਪਾਉਂਦੀਆਂ ਸਨ ਤੇ ਗਿੱਧੇ ਦਾ ਅੰਤ ਵੀ ਕਿੱਕਲੀ ਪਾਉਣ ਨਾਲ ਹੀ ਕੀਤਾ ਜਾਂਦਾ ਸੀ। ਸ਼ੁਰੂਆਤ ਇਸ ਗੀਤ ਨਾਲ ਕਰਦੀਆਂ:

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ,
ਫਿੱਟੇ ਮੂੰਹ ਜਵਾਈ ਦਾ।

ਕੋਈ ਸਮਾਂ ਹੁੰਦਾ ਸੀ ਜਦੋਂ ਕੁੜੀਆਂ ਵਾਸਤੇ ਹੱਸਣ-ਖੇਡਣ, ਇੱਕ-ਦੂਜੀ ਨੂੰ ਕੁਝ ਕਹਿਣ-ਸੁਣਨ ਦਾ ਮੌਕਾ ਉਨ੍ਹਾਂ ਦੇ ਗਲੀ-ਗੁਆਂਢ, ਖੂਹਾਂ, ਤੰਦੂਰ, ਘਰ ਦੇ ਆਸ-ਪਾਸ ਕਿਸੇ ਖੁੱਲ੍ਹੀ ਥਾਂ 'ਤੇ ਹੀ ਹੁੰਦਾ ਸੀ। ਅਜਿਹਾ ਸਬੱਬ ਵੀ ਕਦੇ-ਕਦਾਈਂ ਬਣਦਾ ਸੀ। ਕੁੜੀਆਂ ਇਕੱਠੀਆਂ ਹੁੰਦੀਆਂ ਸਨ, ਹੱਸਦੀਆਂ-ਖੇਡਦੀਆਂ ਸਨ, ਕਿੱਕਲੀ ਪਾਉਂਦੀਆਂ ਸਨ ਤੇ ਕਿੱਕਲੀ ਦੇ ਗੀਤਾਂ ਰਾਹੀਂ ਜ਼ਿੰਦਗੀ ਦੀ ਬਾਤ ਪਾਉਂਦੀਆਂ ਸਨ।

ਕਿੱਕਲੀ ਬਾਰੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ ਕਿ ਇਸ ਨਾਚ ਨੂੰ ਨੱਚਣ ਵਾਸਤੇ ਕਿਸੇ ਪਹਿਰਾਵੇ ਨੂੰ ਪਹਿਨਣ ਦੀ ਪਾਬੰਦੀ ਨਹੀਂ ਹੁੰਦੀ। ਕੁੜੀਆਂ ਰੋਜ਼ਮਰਾ ਦੀ ਜ਼ਿੰਦਗੀ ਵਿਚ ਪਹਿਨਣ ਵਾਲੇ ਕੱਪੜਿਆਂ ਨਾਲ ਵੀ ਇਹ ਨਾਚ ਨੱਚ ਸਕਦੀਆਂ ਸਨ ਅਤੇ ਖ਼ਾਸ ਅਵਸਰਾਂ 'ਤੇ ਪਹਿਨਣ ਲਈ ਬਣਵਾਏ ਸਜ-ਧਜ ਵਾਲੇ ਵਸਤਰ ਪਹਿਨ ਕੇ ਵੀ ਨੱਚ ਸਕਦੀਆਂ ਹਨ:

ਗਈ ਸਾਂ ਮੈਂ ਗੰਗਾ
ਚੜ੍ਹਾ ਲਿਆਈ ਵੰਗਾਂ
'ਸਮਾਨੀ ਮੇਰਾ ਘੱਗਰਾ
ਮੈਂ ਕਿਹੜੀ ਕਿੱਲੀ ਟੰਗਾਂ?
ਨੀ ਮੈਂ ਏਸ ਕਿੱਲੀ ਟੰਗਾਂ?
ਨੀ ਮੈਂ ਓਸ ਕਿੱਲੀ ਟੰਗਾਂ...?

ਗਲੀ-ਮੁਹੱਲਿਆਂ ਵਿਚ ਸਹੇਲੀਆਂ ਸੰਗ ਹੱਸਦੀਆਂ ਖੇਡਦੀਆਂ ਬਾਲੜੀਆਂ, ਵੇਖੋ-ਵੇਖੀ ਕਿੱਕਲੀ ਪਾਉਣਾ ਸਿੱਖ ਜਾਂਦੀਆਂ ਹਨ। ਇੱਕ ਵਾਰ ਜਿਸ ਦੇ ਮਨ ਵਿਚ ਕਿੱਕਲੀ ਪਾਉਣ ਲਈ ਤਾਂਘ ਪੈਦਾ ਹੋ ਜਾਂਦੀ ਹੈ, ਉਹ ਝੂਮ-ਝੂਮ ਕੇ, ਘੁੰਮ-ਘੁੰਮ ਕੇ ਕਿੱਕਲੀ ਪਾਉਣ ਦੇ ਵੱਲ ਸਿੱਖ ਜਾਂਦੀਆਂ ਹਨ। ਨੱਚਣ ਦੇ ਨਾਲ-ਨਾਲ ਲੋਕ ਗੀਤਾਂ ਦੇ ਬੋਲ ਉਨ੍ਹਾਂ ਦੇ ਬੁੱਲ੍ਹਾਂ 'ਤੇ ਮਚਲਣ ਲੱਗੇ ਹਨ ਅਤੇ ਉਨ੍ਹਾਂ ਨੂੰ ਵਿਸ਼ੇਸ਼ ਤਰੰਨਮ ਵਿਚ ਗਾਉਣ ਦੀ ਕਲਾ ਵੀ ਉਹ ਸਿੱਖ ਜਾਂਦੀਆਂ ਹਨ।

ਕਿੱਕਲੀ ਬਾਲੜੀਆਂ ਦਾ ਤਾਂ ਮਨਪਸੰਦ ਨਾਚ ਹੈ। ਇਸ ਨੂੰ ਵੱਡੀਆਂ ਕੁੜੀਆਂ ਵੀ ਬੜੇ ਚਾਅ ਅਤੇ ਉਮਾਹ ਨਾਲ ਨੱਚਦੀਆਂ ਹਨ। ਚਰਖੇ ਕੱਤਦੀਆਂ ਮੁਟਿਆਰਾਂ ਜਾਂ ਕਿਸੇ ਖ਼ੁਸ਼ੀ ਦੇ ਮੌਕੇ ਨੱਚ ਰਹੀਆਂ ਕੁੜੀਆਂ ਕਿੱਕਲੀ ਪਾਉਣ ਦੇ ਮੌਕੇ ਨੂੰ ਨਹੀਂ ਸਨ ਖੁੰਝਦੀਆਂ।

ਪੰਜਾਬ ਦੇ ਕਈ ਹੋਰ ਲੋਕ ਨਾਚਾਂ ਵਾਂਗ ਕਿੱਕਲੀ ਦਾ ਨਾਚ ਵੀ ਪੰਜਾਬ ਦੀ ਔਰਤ ਦੀ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀ ਦੀ ਸਹਿਜ ਤਰਜਮਾਨੀ ਕਰਦਾ ਹੈ। ਕਿੱਕਲੀ ਦਾ ਨਾਚ ਕਿਸੇ ਸਮੇਂ, ਸਥਾਨ, ਅਵਸਰ, ਸਥਿਤੀ ਜਾਂ ਵਿਧੀ-ਬੱਧ ਸਿਖਲਾਈ ਦੀ ਮੁਥਾਜੀ ਨਹੀਂ ਕਬੂਲ ਕਰਦਾ। ਇੰਨਾ ਜ਼ਰੂਰ ਹੈ ਕਿ ਇਸ ਨਾਚ ਦੌਰਾਨ ਸਰੀਰਕ ਮੁਦਰਾਵਾਂ ਨੂੰ ਸੁਨਿਸ਼ਚਿਤ ਬਣਾਉਣ ਦੀ ਲੋੜ ਦੇ ਨੇਮ ਨਾਲ ਜੁੜਨਾ ਪੈਂਦਾ ਹੈ। ਔਰਤਾਂ ਦੇ ਹੋਰ ਲੋਕ ਨਾਚਾਂ ਵਾਂਗ ਕਿੱਕਲੀ ਦਾ ਲੋਕ ਨਾਚ ਨੱਚਣ ਵੇਲੇ ਔਰਤਾਂ ਦੇ ਚੇਤ-ਅਚੇਤ ਮਨ ਵਿਚ ਇੱਕ ਗੱਲ ਜ਼ਰੂਰ ਘਰ ਕਰੀ ਬੈਠੀ ਰਹਿੰਦੀ ਹੈ ਕਿ ਉਨ੍ਹਾਂ ਨੂੰ ਨੱਚਦੀਆਂ ਨੂੰ ਕੋਈ ਪੁਰਸ਼ ਨਾ ਵੇਖੇ। ਸਿਰਫ਼ ਔਰਤਾਂ ਦੀ ਮੌਜੂਦਗੀ ਵਿਚ ਹੀ ਉਹ ਨਾਚ ਨੱਚਣਾ ਪਸੰਦ ਕਰਦੀਆਂ ਹਨ। ਔਰਤਾਂ ਸਾਹਵੇਂ ਜਾਂ ਉਨ੍ਹਾਂ ਦੀ ਮੌਜੂਦਗੀ ਵਿਚ ਨਾਚ ਨੱਚਦਿਆਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਰਹਿੰਦਾ ਹੈ ਕਿ ਅਜਿਹੇ ਮੌਕੇ ਉਹ ਨਾਚ-ਮੁਦਰਾਵਾਂ, ਗੀਤਾਂ ਦੇ ਬੋਲਾਂ, ਚਿਹਰੇ ਦੇ ਹਾਵਾਂ-ਭਾਵਾਂ, ਸੰਕੇਤਾਂ ਆਦਿ ਰਾਹੀਂ ਉਹ ਆਪਣੀਆਂ ਮਨੋਭਾਵਨਾਵਾਂ ਨੂੰ ਬਗੈਰ ਕਿਸੇ ਝਿਜਕ ਤੋਂ ਪ੍ਰਗਟ ਕਰ ਸਕਦੀਆਂ ਸਨ। ਇੰਜ, ਨੱਚਣ ਵਾਲੀਆਂ ਕੁੜੀਆਂ ਨਾਚ ਦੀ ਮੂਲ ਪ੍ਰਕਿਰਤੀ ਨਾਲ ਇਨਸਾਫ਼ ਕਰ ਸਕਣ ਦੇ ਯੋਗ ਵੀ ਹੋ ਜਾਂਦੀਆਂ ਸਨ ਤੇ ਨਾਚ ਦੀ ਆਭਾ ਵਿਚ ਵੀ ਵਾਧਾ ਹੁੰਦਾ ਸੀ। ਅਜਿਹੇ ਲੋਕ ਨਾਚ-ਔਰਤ ਮਨ ਦੀਆਂ ਰੀਝਾਂ, ਸਿੱਕਾਂ, ਹਾਵਾਂ-ਭਾਵਾਂ, ਚਾਵਾਂ-ਮਲ੍ਹਾਰਾਂ, ਘਾਟਾਂ-ਥੁੜ੍ਹਾਂ ਤੇ ਕਈ ਤਰ੍ਹਾਂ ਦੇ ਮਾਨਸਿਕ ਉਲਾਰਾਂ ਨੂੰ ਪੇਸ਼ ਕਰਨ ਦਾ ਮਾਧਿਅਮ ਵੀ ਬਣਦੇ ਹਨ। ਕਿੱਕਲੀ ਦਾ ਮਨੁੱਖੀ ਜੀਵਨ ਨਾਲ ਬਹੁਤ ਨੇੜਲਾ ਸਬੰਧ ਹੋਣ ਕਾਰਨ ਇਹ ਲੋਕਾਂ ਵਿਚ ਵਧੇਰੇ ਮਕਬੂਲੀਅਤ ਹਾਸਲ ਕਰਨ ਦੇ ਸਮਰੱਥ ਬਣਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਨਵੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-299



*ਨਾਲ ਚਾਓ ਦੇ ਪੀਂਘ ਮੈਂ ਝੂਟਾਂ, ਦੇਹ ਨੀ ਸਖੀ ਹੁਲਾਰਾ।
ਰੋਮ ਰੋਮ ਮੇਰਾ ਉਡ ਉਡ ਕਰਦਾ, ਅੰਬਰ ਨੱਚੇ ਸਾਰਾ।
ਮੇਲਾ ਭਰਿਆ ਰੀਝਾਂ ਵਾਲਾ, ਵਕਤ ਨੂੰ ਆਇਆ ਗੇੜਾ,
ਕਦੀ ਕਦਾਈਂ ਜੁੜਦੇ ਇੱਦਾਂ, ਪਿਆਰ ਮੁਹੱਬਤ ਖੇੜਾ।*

## ਕੈਪਸ਼ਨ ਮੁਕਾਬਲਾ-297



ਭੋਰਾ ਚੋਗਾ ਚਿੜੀ ਨੂੰ ਲੱਭਾ
ਬੋਟ ਕੋਲ ਨੂੰ ਭੱਜੀ ਆਈ।
ਭੁੱਖ ਆਪਣੀ ਨੂੰ ਭੁੱਲ ਭੁਲਾ ਕੇ
ਚੁੰਝ ਉਸ ਦੀ ਚੁੰਝ ਨੂੰ ਲਾਈ।
ਮਾਂ ਦੀ ਮਮਤਾ ਦੇਖੋ ਯਾਰੋ
ਥਾਹ ਕਿਸੇ ਨਾ ਇਹਦੀ ਪਾਈ।
***-ਜਗਮੀਤ ਸਿੰਘ ਪੰਧੇਰ***

---

ਦੁਨੀਆਂ ਦੀ ਸਭ ਤੋਂ ਸ਼ੈਅ ਅਮੁੱਲੀ
ਲੈ ਨਹੀਂ ਸਕਦਾ ਕੋਈ ਥਾਂ।
ਪਹਿਲਾਂ ਜਨਮ ਦੇਵੇ ਫਿਰ ਪਾਲੇ
ਉਸ ਦਾ ਨਾਂ ਹੈ ਪਿਆਰੀ ਮਾਂ।
ਚਾਹੇ ਪਸੂ ਹੋਵੇ ਜਾਂ ਪੰਛੀ
ਭਾਵੇਂ ਸ਼ੈਤਾਨ ਜਾਂ ਹੋਵੇ ਮਨੁੱਖ।
ਮਾਤਾ ਦੇ ਚਰਨਾਂ 'ਚ ਹੀ ਮਿਲਦਾ
ਸਵਰਗਾਂ ਤੋਂ ਵੀ ਵਾਧੂ ਸੁੱਖ।
***-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ***

---

ਖੰਭ ਫੜਫੜਾ ਕੇ ਬੋਟ,
ਮੂੰਹ ਖੋਲ੍ਹ ਨੇੜੇ ਨੂੰ ਆਇਆ।
ਚਿੜੀ ਮਾਂ ਮਮਤਾ ਦੀ ਮਾਰੀ,
ਲਿਆਂਦਾ ਚੋਗਾ ਮੂੰਹ ਵਿਚ ਪਾਇਆ।
ਨਾ ਕੋਈ ਆਸ ਬੁਢਾਪੇ ਦੀ ਤਕਾਵੇ,
ਨਾ ਕੋਈ ਮਿਹਣਾ, ਨਾ ਅਹਿਸਾਨ।
ਪੰਛੀ ਮਾਂਵਾਂ ਸੱਚਮੁੱਚ ਮਹਾਨ।
***-ਦਵਿੰਦਰ ਕੌਰ***

---

ਮਮਤਾ ਕੀ ਕਰੂ ਜਦੋਂ ਸ਼ਰੀਫਾਂ ਨੂੰ
ਆਲ੍ਹਣੇ ਦੀ ਮਿਲੀ ਨਾ ਜਗ੍ਹਾ।
ਕਰ'ਤੇ ਬੰਦ ਰੌਸ਼ਨਦਾਨ
ਤੇ ਮਘੋਰੇ, ਹੋਇਆ ਦਗਾ।
ਜੱਟਾਂ ਸਾਡਾ ਘੋਟਿਆ ਦਮ,
ਪਰਾਲੀ-ਕਣਕਾਂ ਦੇ ਨਾੜ ਸਾੜ ਕੇ।
ਖੁਦ ਤੁਰਿਆ ਖੁਦਕੁਸ਼ੀਆਂ ਦੇ ਰਾਹ
ਬੇਸਹਾਰਿਆਂ ਦੇ ਘਰ ਉਜਾੜ ਕੇ।
***-ਅਮਰਜੀਤ ਸਿੰਘ ਤੂਰ***

---

ਕੁਦਰਤ ਐਸੀ ਰਚਨਾ ਰਚਾਈ
ਮਾਂ ਦੀ ਮਮਤਾ ਹਰ ਪਾਸੇ ਛਾਈ।
ਪਸੂ-ਪੰਛੀਆਂ 'ਚ ਸਾਂਝ ਦਾ ਰਿਸ਼ਤਾ
ਇਨ੍ਹਾਂ ਦਾ ਨਾ ਕੋਈ ਤਾਇਆ-ਤਾਈ।
ਚੀਂ ਚੀਂ ਕਰਕੇ ਮਾਂ ਨੂੰ 'ਵਾਜਾਂ ਮਾਰੇ
ਚੋਗਾ ਚੁਗ ਕੇ ਮਾਂ ਵੀ ਝੱਟ ਆਈ।
ਬੋਟ ਦੇ ਮੂੰਹ ਵਿਚ ਚੋਗਾ ਪਾ ਕੇ
ਹੁੰਦੀ ਫਿਰ ਲਾਡ ਲਡਾਈ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਆਪਣੇ ਪਰਾਂ ਦੇ ਹੇਠਾਂ ਪਾਲ ਕੇ,
ਉਡਣ ਜੋਗੇ ਕਰਦੀ ਮਾਂ।
ਦਾਣਾ ਦਾਣਾ ਕਰਕੇ ਇਕੱਠਾ,
ਬੱਚਿਆਂ ਦਾ ਢਿੱਡ ਭਰਦੀ ਮਾਂ।
ਖੇਤਾਂ ਵਿਚੋਂ ਨਾ ਚੁੱਗ ਜਾਣ ਜ਼ਹਿਰਾਂ,
ਹਰ ਵੇਲੇ ਰਹਿੰਦੀ ਡਰਦੀ ਮਾਂ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***

---

ਮਾਂ ਹੈ ਮਾਂ, ਸਤਿਕਾਰ ਦਾ ਲਫਜ਼
ਉਹੀ ਦੁੱਧ ਪਿਆ ਸੰਭਾਲ ਕਰੇ।
ਨੰਨਾ ਬੱਚਾ ਵੀ ਮਾਂ ਮਾਂ ਉਚਾਰੇ
ਕਬੂਤਰ, ਕਾਂ, ਚਿੜੀਆਂ ਹੋਰ ਜਨੌਰ
ਮੂੰਹ ਪਾ ਚੋਗਾ ਮੁਹੱਈਆ ਕਰਦੇ
ਮਾਂ ਨਾ ਹੋਵੇ, ਜੱਗ ਨਾ ਹੋਵੇ।
***-ਦਰਸ਼ਨਪਾਲ ਦੋਸਾਂਝ***

---

ਮਾਂ ਤਾਂ ਮਾਂ ਹੁੰਦੀ ਏ,
ਭਾਵੇਂ ਹੋਵੇ ਮਨੁੱਖ, ਪਸੂ, ਜਨੌਰ
ਬੱਚਿਆਂ ਦੇ ਮੂੰਹ ਰੋਟੀ ਪਾਉਂਦੀ ਭੋਰ ਭੋਰ।
ਆਪ ਭੁੱਖੀ ਰਹਿ ਬੱਚਿਆਂ ਦਾ ਢਿੱਡ ਭਰਦੀ।
ਤੱਤੀਆਂ ਹਵਾਵਾਂ ਸਹਿੰਦੀ
ਪਰ ਸੀ ਨਹੀਂ ਕਰਦੀ।
ਮਾਂ ਨੂੰ ਰੱਬ ਦਾ ਰੂਪ ਨੇ ਸਾਰੇ ਕਹਿੰਦੇ।
ਬੱਚੇ, ਪਸੂ, ਜਨੌਰ ਸਭ ਮਾਂ ਦੀ ਬੁੱਕਲ ਬਹਿੰਦੇ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

# ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਯੂਬਾ ਸਿਟੀ 'ਚ ਵਿਸ਼ਾਲ ਕਾਨਫਰੰਸ

**ਯੂਬਾ ਸਿਟੀ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਸ. ਤਰਸੇਮ ਸਿੰਘ ਖਾਲਸਾ ਦੀ ਅਗਵਾਈ ਵਿਚ ਲੰਘੀ 4 ਨਵੰਬਰ ਨੂੰ ਇਥੇ ਇਕ ਵਿਸ਼ਾਲ




ਕਾਨਫਰੰਸ ਕੀਤੀ ਗਈ ਜਿਸ ਵਿਚ ਪਾਰਟੀ ਦੇ ਸਰਪ੍ਰਸਤ ਇਮਾਨ ਸਿੰਘ ਮਾਨ ਨੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਕਾਨਫਰੰਸ ਨੂੰ ਇਮਾਨ ਸਿੰਘ ਮਾਨ ਤੋਂ ਇਲਾਵਾ ਪਾਰਟੀ ਦੀ ਕੈਨੇਡਾ ਈਸਟ ਇਕਾਈ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ, ਅਮਰੀਕਾ ਇਕਾਈ ਦੇ ਸੀਨੀਅਰ ਆਗੂ ਬੂਟਾ ਸਿੰਘ ਖੜੌਦ, ਕਨਵੀਨਰ ਸੁਰਜੀਤ ਸਿੰਘ ਕੁਲਾਰ, ਮੁੱਖ ਬੁਲਾਰੇ ਜੀਤ ਸਿੰਘ ਆਲੋਅਰਖ, ਬੀਬੀ ਗੁਰਦੀਪ ਕੌਰ, ਯੂਬਾ ਸਿਟੀ ਦੇ ਸਿਟੀ ਕੌਂਸਲਰ ਤੇਜ ਸਿੰਘ ਮਾਨ, ਬਾਬਾ ਮੁਖਤਿਆਰ ਸਿੰਘ, ਸੁਖਵਿੰਦਰ ਸਿੰਘ, ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਪ੍ਰਧਾਨ ਜਤਿੰਦਰ ਸਿੰਘ, ਸੀਨੀਅਰ ਸਿੱਖ ਆਗੂ ਜਸਵਿੰਦਰ ਸਿੰਘ ਜੰਡੀ ਤੋਂ ਇਲਾਵਾ ਹੋਰ ਸਥਾਨਕ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਖਾਲਿਸਤਾਨ ਦੀ ਲੋੜ 'ਤੇ ਖੁੱਲ੍ਹ ਕੇ ਵਿਚਾਰ ਰੱਖੇ। ਬੁਲਾਰਿਆਂ ਨੇ ਸਿੱਖ ਸ਼ਹੀਦਾਂ ਦੀ ਅਹਿਮੀਅਤ ਬਾਰੇ ਵੀ ਵਿਚਾਰ ਰੱਖੇ।

ਇਸ ਤੋਂ ਪਹਿਲਾਂ ਸ. ਜੌਹਨ ਸਿੰਘ ਗਿੱਲ ਨੇ ਆਏ ਬੁਲਾਰਿਆਂ ਅਤੇ ਸੰਗਤਾਂ ਨੂੰ ਜੀ ਆਇਆਂ ਆਖੀ।

ਇਸ ਮੌਕੇ ਸ਼ਹੀਦ ਮਨਵੀਰ ਸਿੰਘ ਚਹੇੜੂ ਦੇ ਮਾਤਾ ਜੀ ਬੀਬੀ ਸਰਬਜੀਤ ਕੌਰ (ਸਪੁੱਤਰੀ



ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ), ਸ. ਇਮਾਨ ਸਿੰਘ ਮਾਨ, ਸੁਖਵਿੰਦਰ ਸਿੰਘ ਹੰਸਰਾ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਪਰਿਵਾਰ ਦਾ ਸੋਨੇ ਦੇ ਤਮਗਿਆਂ ਨਾਲ ਸਨਮਾਨ ਕੀਤਾ ਗਿਆ।

ਬੀਬੀ ਭਗਵਾਨ ਕੌਰ (ਭੈਣ ਸ਼ਹੀਦ ਰਾਮ ਸਿੰਘ), ਤਰਲੋਚਨ ਸਿੰਘ (ਭਾਈ ਸਤਵੰਤ ਸਿੰਘ ਦੇ ਭਰਾ) ਅਤੇ ਹੋਰ ਸ਼ਹੀਦ ਪਰਿਵਾਰਾਂ ਦੇ ਵਾਰਸਾਂ ਤੋਂ ਇਲਾਵਾ ਵੱਖ ਵੱਖ ਗੁਰਦੁਆਰਾ ਪ੍ਰਬੰਧਕਾਂ-ਗੁਲਬਿੰਦਰ ਸਿੰਘ ਭਿੰਦਾ, ਮਾਈਕ ਬੋਪਾਰਾਏ, ਜੌਹਨ ਸਿੰਘ ਗਿੱਲ, ਰਵਿੰਦਰ ਸਿੰਘ ਧਾਲੀਵਾਲ, ਮਨਜੀਤ ਸਿੰਘ ਉਪਲ, ਮਿੰਟੂ ਸੰਧੂ, ਗੁਰਜੀਤ ਸਿੰਘ ਧਾਮੀ, ਜਸਵਿੰਦਰ ਸਿੰਘ ਜੰਡੀ, ਕੌਂਸਲਰ ਤੇਜ ਸਿੰਘ ਮਾਨ, ਜਤਿੰਦਰ ਸਿੰਘ, ਜਗਰੂਪ ਸਿੰਘ ਬਰਾੜ, ਸੈਂਟਾ ਰੋਜਾ ਤੋਂ ਪਹੁੰਚੇ ਬੂਟਾ ਸਿੰਘ, ਧਰਮਪਾਲ ਸਿੰਘ ਤੇ ਸਾਥੀਆਂ, ਪਾਲ ਸਿੰਘ ਟੁਲੈਰੀ, ਕਮਲਜੀਤ ਸਿੰਘ ਅਟਵਾਲ, ਲਖਵੀਰ ਸਿੰਘ (ਰੇਡੀਓ ਚੜ੍ਹਦੀ ਕਲਾ) ਅਤੇ ਪਾਰਟੀ ਤੇ ਕੌਮ ਲਈ ਕੰਮ ਕਰਨ ਵਾਲੇ ਅਨੇਕਾਂ ਵਰਕਰਾਂ ਦਾ ਵੀ ਸ. ਇਮਾਨ ਸਿੰਘ ਮਾਨ ਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਮੈਡਲਾਂ ਨਾਲ ਸਨਮਾਨ ਕੀਤਾ ਗਿਆ।

ਪਾਰਟੀ ਵੱਲੋਂ ਯੂਬਾ ਸਿਟੀ ਦੇ 38ਵੇਂ ਨਗਰ ਕੀਰਤਨ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਵਾਲਾ ਫਲੋਟ ਵੀ ਲਾਇਆ ਗਿਆ। ਸਮਾਪਤੀ ਸਮੇਂ ਸੁਖਦੇਵ ਸਿੰਘ ਬੈਨੀਵਾਲ, ਵਾਲੰਟੀਅਰਾਂ ਤੇ ਸੀਨੀਅਰ ਲੀਡਰਸ਼ਿਪ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਸ. ਬੂਟਾ ਸਿੰਘ ਖੜੌਦ, ਪ੍ਰਧਾਨ ਸਰਬਜੀਤ ਸਿੰਘ, ਯੂਥ ਵਿੰਗ ਦੇ ਪ੍ਰਧਾਨ ਅਮਨਦੀਪ ਸਿੰਘ, ਭਾਈ ਜੋਗਾ ਸਿੰਘ ਨਿਊ ਜਰਸੀ ਅਤੇ ਅਮਰਜੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਹਾਜ਼ਰ ਸੀ। ਅਵਤਾਰ ਸਿੰਘ ਪੂਨੀਆ, ਕਿਊਬਕ ਸਟੇਟ ਇਕਾਈ ਦੇ ਪ੍ਰਧਾਨ ਮਨਵੀਰ ਸਿੰਘ ਵੀ ਵਿਸ਼ੇਸ਼ ਸੱਦੇ 'ਤੇ ਪਹੁੰਚੇ।

ਸ. ਜੀਤ ਸਿੰਘ ਆਲੋਅਰਖ, ਮਿੰਟੂ ਸੰਧੂ ਤੇ ਜੋਗਾਨੰਗਲ ਨੇ ਪਾਰਟੀ ਦੀ ਕਾਨਫਰੰਸ ਨੂੰ ਸਫਲ ਕਰਨ ਲਈ ਪ੍ਰਧਾਨ ਤਰਸੇਮ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਸਟੇਜ ਦੀ ਸੇਵਾ ਸੀਨੀਅਰ ਆਗੂ ਪ੍ਰੀਤਮ ਸਿੰਘ ਜੋਗਾ ਨੰਗਲ ਨੇ ਨਿਭਾਈ। ਤਰਸੇਮ ਸਿੰਘ ਖਾਲਸਾ ਤੇ ਜੀਤ ਸਿੰਘ ਆਲੋਅਰਖ ਨੇ ਪਹੁੰਚੀ ਸੰਗਤ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ।















## 'ਪਰਵਾਸੀ ਪੰਜਾਬੀਆਂ ਦੇ ਮਸਲੇ ਪਹਿਲ ਦੇ ਆਧਾਰ ਤੇ ਹੱਲ ਕਰਾਂਗਾ'

**ਬੇਕਰਜ਼ਫੀਲਡ (ਬਿਊਰੋ):** ਤਿੰਨ ਜ਼ਿਲ੍ਹਿਆਂ-ਮੋਗਾ, ਫਰੀਦਕੋਟ ਅਤੇ ਲੁਧਿਆਣਾ ਵਿਚ ਐਨ. ਆਰ. ਆਈ. ਥਾਣਿਆਂ ਦੇ ਇੰਚਾਰਜ ਅਤੇ ਇਨ੍ਹਾਂ ਜ਼ਿਲ੍ਹਿਆਂ ਵਿਚ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਨਜਿੱਠਣ ਲਈ ਨਿਯੁਕਤ ਡੀ. ਐਸ. ਪੀ. ਧਰਮਪਾਲ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ।

ਸ. ਸੁਖਰਾਜ ਸਿੰਘ ਧਾਲੀਵਾਲ ਦੇ ਸੱਦੇ 'ਤੇ ਇੱਥੇ ਹਵੇਲੀ ਰੈਸਟੋਰੈਂਟ ਵਿਚ ਇੱਕ ਰਾਤਰੀ ਭੋਜ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ



ਜ਼ਿਲ੍ਹਿਆਂ ਨਾਲ ਸਬੰਧਤ ਕੋਈ ਵੀ ਪਰਵਾਸੀ ਪੰਜਾਬੀ ਦੀ ਸਮੱਸਿਆ ਹੋਵੇ ਤਾਂ ਉਹ ਮੇਰੇ ਦਫਤਰ ਕਿਸੇ ਵਕਤ ਵੀ ਸਿੱਧੇ ਰੂਪ 'ਚ ਆ ਕੇ ਮਿਲ ਸਕਦੇ ਹਨ। ਯਾਦ ਰਹੇ, ਸ੍ਰੀ ਧਰਮਪਾਲ ਆਪਣੇ ਮਿਲਾਪੜੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਕਾਫੀ ਹਰਮਨ ਪਿਆਰੇ ਅਫਸਰ ਹਨ।

ਇਸ ਮੌਕੇ ਸੁਖਰਾਜ ਸਿੰਘ ਧਾਲੀਵਾਲ ਨੇ ਕਿਹਾ ਕਿ ਸ੍ਰੀ ਧਰਮਪਾਲ ਵਧੀਆ ਅਫਸਰ ਵੀ ਹਨ ਤੇ ਵਧੀਆ ਇਨਸਾਨ ਵੀ ਹਨ। ਉਹ ਉਨ੍ਹਾਂ ਦੇ ਨਜ਼ਦੀਕੀਆਂ ਵਿਚੋਂ ਇਕ ਹਨ।

## ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' ਦੀ ਪੇਸ਼ਕਾਰੀ 18 ਨੂੰ

**ਸੈਨ ਹੋਜ਼ੇ (ਬਿਊਰੋ):** ਰੇਡੀਓ ਮਿਰਚੀ ਵਲੋਂ ਐਸ. ਪੀ. ਸਿੰਘ ਦੇ ਯਤਨਾਂ ਨਾਲ ਨਿਰਦੇਸ਼ਕ ਅਸ਼ੋਕ ਟਾਂਗਰੀ ਅਤੇ ਨਿਰਮਾਤਾ ਤਾਰਾ ਸਿੰਘ ਸਾਗਰ ਦੀ ਪੇਸ਼ਕਸ਼ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ 'ਤੇ' 18 ਨਵੰਬਰ, ਸਨਿਚਰਵਾਰ ਨੂੰ ਐਵਰਗਰੀਨ ਸਕੂਲ (1300 ਕੁੰਭੀ ਰੋਡ) ਸੈਨ ਹੋਜ਼ੇ ਵਿਚ ਖੇਡਿਆ ਜਾਵੇਗਾ।

ਸ. ਐਸ. ਪੀ. ਸਿੰਘ ਅਨੁਸਾਰ ਕਿਉਂਕਿ ਹਰ ਪਰਵਾਸੀ ਪੰਜਾਬੀ ਆਪਣੀ ਮਿੱਟੀ ਨਾਲ ਜੁੜਿਆ ਹੋਇਆ ਹੈ ਤੇ ਮਿੱਟੀ ਦਾ ਪੁੱਤ ਕਿਸਾਨ ਇਸ ਵੇਲੇ ਕਰਜ਼ੇ ਦੇ ਭਾਰ ਹੇਠ ਆਪਣੀ ਜ਼ਿੰਦਗੀ ਦੀ ਗੱਡੀ ਖਿੱਚਣ ਤੋਂ ਵੀ ਅਸਮਰਥ ਹੁੰਦਾ ਜਾ ਰਿਹਾ ਹੈ। ਕੁਲਦੀਪ ਦੀਪ ਦੇ ਲਿਖੇ ਇਸ ਨਾਟਕ ਵਿਚ ਮੁੱਖ ਕਿਰਦਾਰ ਜਸਵੰਤ ਸ਼ਾਦ, ਡਿੰਪਲ ਅਤੇ ਅਸ਼ੋਕ ਟਾਂਗਰੀ ਦਾ ਹੈ। ਹੋਰ ਜਾਣਕਾਰੀ ਫੋਨ: 408-543-9200 ਰਾਹੀਂ ਲਈ ਜਾ ਸਕਦੀ ਹੈ।

# ਹਾਕੀ ਵਿਚ ਭਾਰਤੀ ਕੁੜੀਆਂ ਬਣੀਆਂ ਏਸ਼ੀਆਈ ਚੈਂਪੀਅਨ

**ਕਾਕਾਮਿਗਹਾਰਾ (ਜਾਪਾਨ):** ਭਾਰਤੀ ਮਹਿਲਾ ਹਾਕੀ ਟੀਮ ਨੇ ਏਸ਼ੀਆ ਕੱਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਈਨਲ ਵਿਚ ਚੀਨ ਨੂੰ ਹਰਾ ਕੇ ਖਿਤਾਬ ਆਪਣੇ ਨਾਂ ਕਰ ਲਿਆ। ਭਾਰਤੀ ਮਹਿਲਾ ਟੀਮ ਦਾ ਇਹ 13 ਸਾਲਾਂ ਬਾਅਦ ਦੂਸਰਾ ਏਸ਼ੀਆ ਕੱਪ ਖਿਤਾਬ ਹੈ। ਇਸ ਤੋਂ ਪਹਿਲਾਂ ਭਾਰਤ ਨੇ 2004 ਵਿਚ ਇਸ ਪ੍ਰਮੁੱਖ ਖਿਤਾਬ ਨੂੰ ਆਪਣੇ ਨਾਂ ਕੀਤਾ ਸੀ, ਜਦੋਂ ਉਸ ਨੇ ਜਾਪਾਨ ਨੂੰ 1-0 ਨਾਲ ਹਰਾਇਆ ਸੀ। ਭਾਰਤੀ ਟੀਮ ਚੌਥੀ ਵਾਰੀ ਇਸ ਟੂਰਨਾਮੈਂਟ ਦੇ ਫਾਈਨਲ 'ਚ ਪਹੁੰਚੀ ਸੀ।

1999 ਵਿਚ ਉਸ ਨੂੰ ਆਪਣੀ ਮੇਜ਼ਬਾਨੀ 'ਚ ਫਾਈਨਲ ਵਿਚ ਦੱਖਣੀ ਕੋਰੀਆ ਹੱਥੋਂ 2-3 ਦੀ ਹਾਰ ਮਿਲੀ ਸੀ। ਹਾਲਾਂਕਿ, 2004 ਵਿਚ ਇਸ ਖਿਤਾਬ ਨੂੰ ਜਿੱਤਣ 'ਚ ਕਾਮਯਾਬ ਰਹੀ। ਸਾਲ 2009 ਵਿਚ ਬੈਂਕਾਕ 'ਚ ਹੋਏ ਟੂਰਨਾਮੈਂਟ ਦੌਰਾਨ ਭਾਰਤੀ ਟੀਮ ਨੇ ਫਾਈਨਲ ਤੱਕ ਦਾ ਸਫਰ ਤੈਅ ਕੀਤਾ ਸੀ ਪਰ ਚੀਨ ਨੇ 5-3 ਨਾਲ ਹਰਾ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ ਸੀ ਪਰ ਹੁਣ ਉਸ ਨੇ ਚੀਨ ਨੂੰ ਹਰਾ ਕੇ ਆਪਣੀ ਉਸ ਹਾਰ ਦਾ ਬਦਲਾ ਲੈ ਲਿਆ। ਭਾਰਤ ਨੇ ਇਸ ਟੂਰਨਾਮੈਂਟ ਦੇ ਆਪਣੇ ਗਰੁੱਪ ਦੇ ਸਾਰੇ ਮੈਚ ਜਿੱਤੇ, ਜਿਸ 'ਚ ਉਸ ਨੇ ਮਲੇਸ਼ੀਆ, ਸਿੰਗਾਪੁਰ ਤੇ ਚੀਨ ਨੂੰ ਹਰਾਇਆ। ਭਾਰਤੀ ਟੀਮ ਨੇ ਇਸ ਟੂਰਨਾਮੈਂਟ ਵਿਚ ਆਪਣਾ ਕੋਈ ਵੀ ਮੈਚ ਨਹੀਂ ਹਾਰਿਆ। ਫਾਈਨਲ ਮੁਕਾਬਲੇ ਵਿਚ ਭਾਰਤ ਤੇ ਚੀਨ ਵਿਚਕਾਰ ਜ਼ਬਰਦਸਤ ਟੱਕਰ ਦੇਖਣ ਨੂੰ ਮਿਲੀ। ਫਾਈਨਲ ਸਮੇਂ ਤੱਕ ਸਕੋਰ 1-1 ਨਾਲ ਬਰਾਬਰ ਰਿਹਾ। ਨਤੀਜੇ ਲਈ ਮੈਚ ਸ਼ੂਟਆਊਟ ਤੱਕ ਪਹੁੰਚਿਆ। ਭਾਰਤੀ ਮਹਿਲਾਵਾਂ ਨੇ ਇਥੇ ਵਧੀਆ ਤਾਲਮੇਲ ਤੇ ਸਹੀ ਰਣਨੀਤੀ ਦੇ ਨਾਲ ਖੇਡਦਿਆਂ ਹੋਇਆ 5-4 ਨਾਲ ਜਿੱਤ ਦਰਜ ਕਰਕੇ ਖਿਤਾਬ ਆਪਣੇ ਨਾਂ ਕੀਤਾ। ਇਸ ਤੋਂ ਪਹਿਲਾਂ ਨਵਜੋਤ ਕੌਰ ਨੇ ਪਹਿਲੇ ਹਾਫ ਵਿਚ ਮੈਦਾਨੀ ਗੋਲ ਕਰ ਕੇ ਭਾਰਤੀ ਟੀਮ ਨੂੰ 1-0 ਤੋਂ ਅੱਗੇ ਕੀਤਾ। ਨਵਜੋਤ ਨੇ 25ਵੇਂ ਮਿੰਟ 'ਚ ਸ਼ਾਨਦਾਰ ਗੋਲ ਕੀਤਾ। ਹਾਫ ਟਾਈਮ ਤੱਕ ਸਕੋਰ ਭਾਰਤੀ ਟੀਮ ਦੇ ਪੱਖ 'ਚ ਸੀ ਪਰ 47ਵੇਂ ਮਿੰਟ ਵਿਚ ਤਿਆਨਤੀਆਨ ਲੂਓ ਨੇ ਗੋਲ ਕਰ ਕੇ ਸਕੋਰ 1-1 ਉਤੇ ਬਰਾਬਰ ਕਰ ਦਿੱਤਾ। ਫਿਰ ਨਤੀਜੇ ਲਈ ਸ਼ੂਟਆਊਟ ਤੱਕ ਮੈਚ ਪਹੁੰਚਿਆ। ਇਕ ਸਮੇਂ ਤੱਕ ਦੋਵਾਂ ਟੀਮਾਂ ਸ਼ੂਟਆਊਟ 'ਚ 4-4 ਨਾਲ ਬਰਾਬਰੀ ਉਤੇ ਸਨ ਪਰ ਅਖੀਰ ਵਿਚ ਰਾਣੀ ਨੇ ਗੋਲ ਕਰ ਦਿੱਤਾ ਤੇ ਸਕੋਰ 5-4 ਹੋ ਗਿਆ।

ਇਸ ਤੋਂ ਪਹਿਲਾਂ ਸੈਮੀਫਾਈਨਲ 'ਚ ਗੁਰਜੀਤ ਕੌਰ ਦੀ ਹੈਟ੍ਰਿਕ ਨਾਲ ਕਜ਼ਾਕਿਸਤਾਨ ਨੂੰ ਹਰਾ ਕੇ ਭਾਰਤੀ ਮਹਿਲਾ ਹਾਕੀ ਟੀਮ ਨੇ ਏਸ਼ੀਆ ਕੱਪ ਟੂਰਨਾਮੈਂਟ-2017 ਦੇ ਫਾਈਨਲ 'ਚ ਜਗ੍ਹਾ ਬਣਾਈ ਸੀ। ਇਸ ਤੋਂ ਇਲਾਵਾ ਦੱਖਣੀ ਕੋਰੀਆ ਨੇ ਦਿਨ ਦੇ ਪਹਿਲੇ ਮੈਚ 'ਚ ਜਾਪਾਨ ਨੂੰ 1-0 ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ।

### 13 ਸਾਲਾਂ ਬਾਅਦ ਮਿਲਿਆ ਦੂਜਾ ਏਸ਼ੀਆ ਕੱਪ ਖਿਤਾਬ



### ਵਿਸ਼ਵ ਕੱਪ ਵਿਚ ਖੇਡਣ ਲਈ ਮਿਲੀ ਟਿਕਟ

ਇਸ ਦੇ ਨਾਲ ਹੀ ਭਾਰਤੀ ਟੀਮ ਨੇ 2018 ਵਿਚ ਹੋਣ ਵਾਲੇ ਵਿਸ਼ਵ ਕੱਪ 'ਚ ਖੇਡਣ ਦੀ ਯੋਗਤਾ ਹਾਸਲ ਕਰ ਲਈ ਹੈ। ਭਾਰਤੀ ਮਹਿਲਾ ਹਾਕੀ ਟੀਮ ਨੇ ਮਹਿਲਾ ਏਸ਼ੀਆ ਕੱਪ ਫਾਈਨਲ 'ਚ ਚੀਨ ਨੂੰ ਹਰਾ ਕੇ ਇਹ ਖਿਤਾਬ ਪੂਰੇ 13 ਸਾਲ ਬਾਅਦ ਆਪਣੇ ਨਾਂ ਕੀਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ 2004 'ਚ ਇਸ ਪ੍ਰਮੁੱਖ ਖਿਤਾਬ ਨੂੰ ਆਪਣੇ ਨਾਂ ਕੀਤਾ ਸੀ, ਜਦੋਂ ਉਸ ਨੇ ਜਾਪਾਨ ਨੂੰ 1-0 ਨਾਲ ਹਰਾਇਆ ਸੀ। ਭਾਰਤੀ ਟੀਮ ਚੌਥੀ ਵਾਰੀ ਇਸ ਟੂਰਨਾਮੈਂਟ ਦੇ ਫਾਈਨਲ 'ਚ ਪਹੁੰਚੀ ਸੀ ਪਰ ਖਿਤਾਬ ਸਿਰਫ ਇਕ ਵਾਰ ਹੀ ਜਿੱਤ ਸਕੀ ਸੀ ਪਰ ਇਸ ਸਾਲ ਚੀਨ ਨੂੰ 5-3 ਨਾਲ ਹਰਾ ਕੇ ਭਾਰਤ ਨੇ ਖਿਤਾਬ ਆਪਣੇ ਨਾਂ ਕਰ ਲਿਆ।

# ਏਸ਼ੀਆ ਵਿਚ 48 ਫੀਸਦੀ ਬੱਚੇ ਮੋਟਾਪੇ ਦੇ ਸ਼ਿਕਾਰ ਹੋਏ

**ਚੰਡੀਗੜ੍ਹ:** ਖਾਣ-ਪੀਣ ਦੀਆਂ ਗਲਤ ਆਦਤਾਂ ਤੇ ਕਸਰਤ ਦੀ ਘਾਟ ਕਾਰਨ ਏਸ਼ੀਆ ਵਿਚ 48 ਫੀਸਦੀ ਬੱਚੇ ਮੋਟਾਪੇ ਦਾ ਸ਼ਿਕਾਰ ਹਨ, ਜਦੋਂ ਕਿ ਅਫਰੀਕਾ ਵਿਚ 25 ਫੀਸਦੀ ਬੱਚਿਆਂ ਦਾ ਲੋੜ ਨਾਲੋਂ ਵੱਧ ਵਜ਼ਨ ਹੈ। ਇਸ ਦੇ ਹੋਰ ਮੁੱਖ ਕਾਰਨ ਬੱਚਿਆਂ ਤੇ ਨੌਜਵਾਨਾਂ 'ਚ ਡੱਬਾ ਬੰਦ ਭੋਜਨ ਤੇ ਮਿੱਠੇ ਪਦਾਰਥਾਂ ਦੀ ਲੋੜ ਨਾਲੋਂ ਵੱਧ ਵਰਤੋਂ ਕਰਨਾ ਹੈ।



ਇਹ ਜਾਣਕਾਰੀ ਪੀ.ਜੀ.ਆਈ. ਵੱਲੋਂ ਗੈਰ ਸੰਚਾਰੀ ਰੋਗਾਂ ਬਾਰੇ ਕਰਵਾਈ ਜਾ ਰਹੀ ਐਨ.ਸੀ.ਡੀ. ਕਾਂਗਰਸ 2017 ਵਿਚ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ) ਦੇ ਨੁਮਾਇੰਦੇ ਡਾ.ਅਰਵਿੰਦ ਮਾਥੁਰ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਦੱਖਣੀ ਏਸ਼ੀਆ ਖਿੱਤੇ 'ਚ ਲੋਕ ਚਾਹ, ਬਿਸਕੁਟ ਤੇ ਐਨਰਜੀ ਡਰਿੰਕ ਦੀ ਵਰਤੋਂ ਜ਼ਿਆਦਾ ਕਰਦੇ ਹਨ, ਜਿਸ ਕਾਰਨ ਬੱਚਿਆਂ ਦਾ ਲੋੜ ਨਾਲੋਂ ਵੱਧ ਭਾਰ ਹੋਣਾ ਆਮ ਹੋ ਗਿਆ ਹੈ। ਕੁੱਲ 68 ਫੀਸਦੀ ਮੌਤਾਂ ਵਿਚੋਂ 38 ਮਿਲੀਅਨ ਮੌਤਾਂ ਗੈਰ ਸੰਚਾਰੀ ਰੋਗਾਂ ਕਾਰਨ ਹੋ ਰਹੀਆਂ ਹਨ। 30 ਤੋਂ 69 ਸਾਲ ਉਮਰ ਦੇ ਪੁਰਸ਼ ਤੇ ਮਹਿਲਾਵਾਂ ਗੈਰ ਸੰਚਾਰੀ ਰੋਗਾਂ ਦੇ ਸ਼ਿਕਾਰ ਜ਼ਿਆਦਾ ਹੋ ਰਹੇ ਹਨ।

# ਸਿਆਸਤੀ ਅਪਰਾਧੀਆਂ ਤੋਂ ਸੁਪਰੀਮ ਕੋਰਟ ਚਿੰਤਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿਰਫ ਸਿਆਸਤਦਾਨਾਂ ਖਿਲਾਫ਼ ਦਰਜ ਫੌਜਦਾਰੀ ਕੇਸਾਂ ਨਾਲ ਸਿੱਝਣ ਤੇ ਇਨ੍ਹਾਂ ਦੇ ਛੇਤੀ ਨਿਬੇੜੇ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਦੀ ਵਕਾਲਤ ਕਰਦਿਆਂ ਕਿਹਾ ਕਿ ਇਹ ਕਦਮ 'ਦੇਸ਼ ਦੇ ਹਿੱਤ' ਵਿਚ ਹੋਵੇਗਾ।

ਕੇਂਦਰ ਸਰਕਾਰ ਨੂੰ ਇਸ ਸਬੰਧੀ ਸਕੀਮ ਪੇਸ਼ ਕਰਨ ਦਾ ਆਦੇਸ਼ ਦਿੰਦਿਆਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਸੰਸਦ ਮੈਂਬਰਾਂ ਤੇ ਵਿਧਾਇਕਾਂ ਖਿਲਾਫ ਦਰਜ ਉਨ੍ਹਾਂ 1581 ਕੇਸਾਂ ਬਾਰੇ ਪੁੱਛਿਆ, ਜਿਨ੍ਹਾਂ ਦਾ ਵੇਰਵਾ ਸਿਆਸਤਦਾਨਾਂ ਨੇ 2014 ਦੀਆਂ ਆਮ ਚੋਣਾਂ ਦੌਰਾਨ ਆਪਣੀਆਂ ਨਾਮਜ਼ਦਗੀਆਂ ਦਾਖਲ ਕਰਨ ਵੇਲੇ ਦਿੱਤਾ ਸੀ। ਅਦਾਲਤ ਨੇ ਇਹ ਵੇਰਵਾ ਵੀ ਮੰਗਿਆ ਕਿ 2014 ਵਿਚ ਉਸ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਇਕ ਸਾਲ ਵਿਚ ਕਿੰਨੇ ਕੇਸਾਂ ਦਾ ਨਿਬੇੜਾ ਕੀਤਾ ਗਿਆ।

ਅਦਾਲਤ ਨੇ ਇਹ ਬਿਊਰਾ ਵੀ ਮੰਗਿਆ ਕਿ ਇਨ੍ਹਾਂ 1581 ਵਿਚੋਂ ਕਿੰਨੇ ਕੇਸਾਂ ਵਿਚ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਜਾਂ ਬਰੀ ਕੀਤਾ ਗਿਆ। ਇਸ ਦੇ ਨਾਲ ਹੀ 2014 ਤੋਂ ਬਾਅਦ ਹੁਣ ਤੱਕ ਸਿਆਸਤਦਾਨਾਂ ਖਿਲਾਫ ਦਰਜ ਕੇਸਾਂ ਤੇ ਇਨ੍ਹਾਂ ਦੇ ਨਿਬੇੜੇ ਦੇ ਅੰਕੜੇ ਵੀ ਮੰਗੇ ਗਏ।



ਕੇਂਦਰ ਸਰਕਾਰ ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ (ਏਐਸਜੀ) ਆਤਮਾ ਰਾਮ ਨਦਕਰਨੀ ਨੇ ਕਿਹਾ ਕਿ ਫੌਜਦਾਰੀ ਕੇਸਾਂ ਵਿਚ ਦੋਸ਼ੀ ਠਹਿਰਾਏ ਸਿਆਸਤਦਾਨਾਂ ਨੂੰ ਜੀਵਨ ਭਰ ਲਈ ਅਯੋਗ ਠਹਿਰਾਉਣ ਬਾਰੇ ਚੋਣ ਕਮਿਸ਼ਨ ਅਤੇ ਕਾਨੂੰਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉਤੇ ਕੇਂਦਰ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ।

ਅਦਾਲਤ ਨੇ ਇਕ ਧਿਰ ਵੱਲੋਂ ਪੇਸ਼ ਰਿਪੋਰਟ ਦਾ ਜ਼ਿਕਰ ਕੀਤਾ ਅਤੇ ਕੇਂਦਰ ਸਰਕਾਰ ਨੂੰ ਕਿਹਾ ਕਿ ਸਿਆਸਤਦਾਨਾਂ ਵੱਲੋਂ 2014 ਚੋਣਾਂ ਵਿਚ ਨਾਮਜ਼ਦਗੀਆਂ ਦਾਖਲ ਕਰਨ ਵੇਲੇ ਦਿੱਤੇ ਵੇਰਵਿਆਂ ਮੁਤਾਬਕ ਉਨ੍ਹਾਂ ਖਿਲਾਫ 1581 ਕੇਸ ਚੱਲ ਰਹੇ ਹਨ। ਕੇਂਦਰ ਸਰਕਾਰ ਨੇ ਕਿਹਾ ਕਿ ਉਹ ਅਦਾਲਤ ਵੱਲੋਂ ਮੰਗੇ ਵੇਰਵੇ ਪੇਸ਼ ਕਰੇਗੀ। ਜਦੋਂ ਬੈਂਚ ਨੇ ਸਿਰਫ ਸਿਆਸਤਦਾਨਾਂ ਦੇ ਫੌਜਦਾਰੀ ਕੇਸਾਂ ਨਾਲ ਸਿੱਝਣ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਲਈ ਕਿਹਾ ਤਾਂ ਕੇਂਦਰ ਸਰਕਾਰ ਨੇ ਪੁੱਛਿਆ ਕਿ ਕੀ ਇਨ੍ਹਾਂ ਅਦਾਲਤਾਂ ਨੂੰ ਦੇਸ਼ ਭਰ ਵਿਚ ਪਹਿਲਾਂ ਹੀ ਮੌਜੂਦ ਵਿਸ਼ੇਸ਼ ਸੀ.ਬੀ.ਆਈ. ਅਦਾਲਤਾਂ ਨਾਲ ਜੋੜਿਆ ਜਾ ਸਕਦਾ ਹੈ। ਇਸ ਉਤੇ ਸੁਪਰੀਮ ਕੋਰਟ ਨੇ ਕਿਹਾ ਕਿ ਨਹੀਂ, ਇਸ ਨੂੰ ਕਿਸੇ ਨਾਲ ਰਲਗੱਡ ਨਾ ਕੀਤਾ ਜਾਵੇ। ਇਹ ਦੇਸ਼ ਦੇ ਹਿੱਤ ਵਿਚ ਨਹੀਂ ਹੋਵੇਗਾ।

# ਡੇਂਗੂ ਦੇ ਕਹਿਰ ਅੱਗੇ ਸਰਕਾਰ ਬੇਵੱਸ

**ਚੰਡੀਗੜ੍ਹ:** ਡੇਂਗੂ ਦੇ ਪ੍ਰਕੋਪ ਨੂੰ ਰੋਕਣ ਲਈ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾਫੀ ਸਾਬਤ ਹੋ ਰਹੀਆਂ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਵਿਚ ਡੇਂਗੂ ਦੇ ਤਕਰੀਬਨ 9000 ਤਸਦੀਕਸ਼ੁਦਾ ਅਤੇ 14000 ਹੋਰ ਸ਼ੱਕੀ ਕੇਸ ਸਾਹਮਣੇ ਆਏ ਹਨ। ਗੈਰ-ਸਰਕਾਰੀ ਹਲਕੇ ਮਰੀਜ਼ਾਂ ਦੀ ਅਸਲ ਗਿਣਤੀ ਨੂੰ ਇਨ੍ਹਾਂ ਦੋਵਾਂ ਅੰਕੜਿਆਂ ਤੋਂ ਦੁੱਗਣਾ ਦੱਸਦੇ ਹਨ। ਇਸ ਸਾਲ ਡੇਂਗੂ ਦੇ ਮਰੀਜ਼ਾਂ ਵਿਚ ਸਭ ਤੋਂ ਵੱਧ ਕੇਸ ਜ਼ਿਲ੍ਹਾ ਐਸ.ਏ.ਐਸ. ਨਗਰ 1633 ਸਾਹਮਣੇ ਆਏ ਹਨ, ਜਦਕਿ ਪਟਿਆਲਾ ਅੰਦਰ 1213 ਅਤੇ ਹੁਸ਼ਿਆਰਪੁਰ ਦੇ 1109 ਕੇਸ ਸਾਹਮਣੇ ਆਏ ਹਨ।

ਇਸ ਸਾਲ ਸੂਬੇ ਭਰ ਵਿਚ 28 ਮਰੀਜ਼ਾਂ ਦੇ ਮਰਨ ਦਾ ਖਦਸ਼ਾ ਹੈ। ਇਸ ਬਿਮਾਰੀ ਨਾਲ ਮੌਤ ਦੇ ਮਾਮਲਿਆਂ ਦਾ ਰਿਵਿਊ ਜ਼ਿਲ੍ਹਾ ਅਤੇ ਸੂਬਾ ਪੱਧਰੀ ਕਮੇਟੀਆਂ ਵਲੋਂ ਕੀਤਾ ਜਾਂਦਾ ਹੈ, ਤਾਂ ਕਿ ਮੌਤ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਇਸ ਸਾਲ ਨਿੱਜੀ ਅਤੇ ਸਰਕਾਰੀ ਸਿਹਤ ਕੇਂਦਰਾਂ ਵਿਚ ਡੇਂਗੂ ਦੇ 19 ਹਜ਼ਾਰ ਤੋਂ ਵੱਧ ਸ਼ੱਕੀ ਮਾਮਲੇ ਸਾਹਮਣੇ ਆਏ ਹਨ ਅਤੇ ਸਿਹਤ ਵਿਭਾਗ ਵੱਲੋਂ ਹਾਲਾਤ ਨਾਲ ਨਿਪਟਣ ਲਈ ਲੋੜੀਂਦੇ ਟੈਸਟ ਤੇ ਦਵਾਈਆਂ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ, ਜਦਕਿ ਮੱਛਰਾਂ ਦੇ ਵਧਣ ਕਾਰਨ ਇਸ ਬਿਮਾਰੀ ਦੀ ਲਪੇਟ ਵਿਚ ਆਉਣ ਵਾਲੇ ਮਰੀਜ਼ਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਮਾਹਿਰ ਮੰਨਦੇ ਹਨ ਕਿ ਡੇਂਗੂ ਦੀ ਪੂਰੀ ਤਰ੍ਹਾਂ ਰੋਕਥਾਮ ਸੰਭਵ ਨਹੀਂ ਹੋ ਸਕਦੀ, ਫਿਰ ਵੀ ਇਸ ਵਾਇਰਸ ਦਾ ਪਸਾਰ ਘਟਾਇਆ ਜ਼ਰੂਰ ਜਾ ਸਕਦਾ ਹੈ। ਹਰਿਆਣੇ ਦੇ ਮੁਕਾਬਲੇ ਪੰਜਾਬ ਇਸ ਪੱਖੋਂ ਬਹੁਤ ਪਛੜਿਆ ਹੋਇਆ ਹੈ। ਨਾ ਤਾਂ ਲੋਕਾਂ ਨੂੰ ਕਿਸੇ ਮਰਜ਼ ਦੇ ਉਭਾਰ, ਉਸ ਦੀ ਗੰਭੀਰਤਾ ਤੇ ਉਸ ਨਾਲ ਜੁੜੀਆਂ ਜਿਸਮਾਨੀ ਤੇ ਜ਼ਿਹਨੀ ਔਕੜਾਂ ਬਾਰੇ ਸਮੇਂ ਸਿਰ ਜਾਗ੍ਰਿਤ ਕੀਤਾ ਜਾਂਦਾ ਹੈ, ਅਤੇ ਨਾ ਹੀ ਇਲਾਜ ਲਈ ਸਰਕਾਰੀ ਪੱਧਰ 'ਤੇ ਢੁਕਵੇਂ ਪ੍ਰਬੰਧ ਕੀਤੇ ਜਾਂਦੇ ਹਨ।



# ਬਦਲਵੀਂ ਖੇਤੀ ਨਾਅਰਾ ਸਿਰਫ ਲਾਰਾ ਰਹਿ ਗਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਇਕ ਪਾਸੇ ਬਦਲਵੀਂ ਖੇਤੀ ਦਾ ਨਾਅਰਾ ਦੇ ਰਹੀ ਹੈ ਤੇ ਦੂਜੇ ਪਾਸੇ ਇਸ ਮਿਸ਼ਨ ਨੂੰ ਸਫਲ ਬਣਾਉਣ ਲਈ ਕਿਸਾਨਾਂ ਦੀ ਬਾਂਹ ਫੜਨ ਤੋਂ ਭੱਜ ਰਹੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੀ ਖਿਚਾਈ ਤੋਂ ਬਾਅਦ ਭਾਵੇਂ ਸਰਕਾਰ, ਹਰਿਆਣਾ ਦੀ ਤਰਜ਼ ਉਤੇ ਮੱਕੀ ਅਤੇ ਸੂਰਜਮੁਖੀ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦਣ ਲਈ ਰਾਜ਼ੀ ਹੋ ਗਈ ਹੈ ਪਰ ਇਸ ਤੋਂ ਸਰਕਾਰ ਦੀ ਨੀਅਤ 'ਤੇ ਕਾਫੀ ਸਵਾਲ ਖੜ੍ਹੇ ਹੋਏ ਹਨ। ਸਰਕਾਰ ਇਕ ਪਾਸੇ ਫਸਲੀ ਵੰਨ ਸੁਵੰਨਤਾ ਦੇ ਨਾਮ ਉਤੇ ਮੱਕੀ ਦੀ ਕਾਸ਼ਤ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰ ਰਹੀ ਹੈ, ਪਰ ਦੂਸਰੇ ਪਾਸੇ ਇਸ ਦੀ ਵਰਤੋਂ ਨਾ ਹੋਣ ਦੀ ਦਲੀਲ ਦੇ ਕੇ ਖਰੀਦ ਤੋਂ ਮੂੰਹ ਮੋੜ ਰਹੀ ਹੈ।

ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਚਲੇ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਮੱਕੀ ਨੂੰ ਝੋਨੇ ਦੀ ਬਦਲਵੀਂ ਫਸਲ ਵਜੋਂ ਪ੍ਰਚਾਰਿਆ ਜਾਂਦਾ ਹੈ। ਸਾਲ 2017-18 ਲਈ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ 1425 ਰੁਪਏ ਕੁਇੰਟਲ ਹੈ। ਸੂਬੇ ਵਿਚ ਤਕਰੀਬਨ 1.5 ਲੱਖ ਹੈਕਟੇਅਰ ਰਕਬੇ ਵਿਚ ਮੱਕੀ ਦੀ ਕਾਸ਼ਤ ਹੋ ਰਹੀ ਹੈ ਅਤੇ ਪੰਜ ਲੱਖ ਟਨ ਦੇ ਲਗਭਗ ਮੱਕੀ ਮੰਡੀਆਂ ਵਿਚ ਆਉਂਦੀ ਹੈ। ਬਹੁਤ ਵਾਰ ਕਿਸਾਨਾਂ ਨੂੰ ਸਮਰਥਨ ਮੁੱਲ ਤੋਂ ਵੀ ਘੱਟ ਭਾਅ ਉਤੇ ਮੱਕੀ ਵੇਚਣੀ ਪੈਂਦੀ ਹੈ। ਦੱਸ ਦਈਏ ਕਿ ਸੂਰਜਮੁਖੀ ਦੀ ਖਰੀਦ ਲਈ ਕੇਂਦਰ ਸਰਕਾਰ ਨੇ ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ ਲਿਮਟਿਡ (ਨੈਫੈੱਡ) ਨੂੰ ਨੋਡਲ ਏਜੰਸੀ ਬਣਾਇਆ ਹੋਇਆ ਹੈ। ਪੰਜਾਬ ਤੇ ਹਰਿਆਣਾ ਸਰਕਾਰਾਂ ਸੂਰਜਮੁਖੀ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦਣਗੀਆਂ ਅਤੇ ਨੈਫੈੱਡ ਇਨ੍ਹਾਂ ਨੂੰ ਦਸ ਦਿਨਾਂ ਦੇ ਅੰਦਰ ਪੂਰੇ ਲਾਗਤ ਖਰਚ ਅਤੇ ਦਸ ਦਿਨ ਦੇ ਵਿਆਜ ਸਮੇਤ ਸਾਰੀ ਰਾਸ਼ੀ ਵਾਪਸ ਕਰੇਗੀ। ਹਰਿਆਣਾ ਸਰਕਾਰ ਆਪਣੇ ਪੱਧਰ ਉਤੇ ਹੀ ਦੋ ਸਾਲਾਂ ਤੋਂ ਸੂਰਜਮੁਖੀ ਦੀ ਖਰੀਦ ਕਰ ਰਹੀ ਹੈ। ਇਸੇ ਕਰ ਕੇ ਲੰਘੇ ਸੀਜ਼ਨ ਦੌਰਾਨ ਹਰਿਆਣਾ ਦੇ ਕਿਸਾਨਾਂ ਨੂੰ ਸੂਰਜਮੁਖੀ ਦੇ 3900 ਰੁਪਏ ਪ੍ਰਤੀ ਕੁਇੰਟਲ ਮਿਲੇ ਜਦਕਿ ਪੰਜਾਬ ਦੇ ਕਿਸਾਨਾਂ ਨੂੰ 2600 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਹੀ ਸਬਰ ਕਰਨਾ ਪਿਆ ਸੀ। ਪੰਜਾਬ ਵਿਚ ਸੂਰਜਮੁਖੀ ਦੀ ਕਾਸ਼ਤ ਤਕਰੀਬਨ 25 ਹਜ਼ਾਰ ਹੈਕਟੇਅਰ ਰਕਬੇ ਵਿਚ ਹੀ ਹੁੰਦੀ ਹੈ। ਹਰਿਆਣਾ ਸਰਕਾਰ ਨੇ ਆਪਣੇ ਵੱਲੋਂ ਦਸ ਕਰੋੜ ਰੁਪਏ ਖਰਚ ਕਰ ਕੇ ਖਰੀਦ ਸ਼ੁਰੂ ਕੀਤੀ ਅਤੇ ਉਸੇ ਖਰੀਦ ਉਤੇ ਬੈਂਕਾਂ ਤੋਂ ਕਰਜ਼ ਲੈ ਕੇ ਲਗਾਤਾਰ ਖਰੀਦ ਜਾਰੀ ਰੱਖੀ।

### ਹੁਣ ਹਾਈ ਕੋਰਟ ਨੇ ਖੜ੍ਹੇ ਕੀਤੇ ਸਵਾਲ



# ਹਵਾ ਪ੍ਰਦੂਸ਼ਣ ਕਾਰਨ ਉਮਰ 6 ਸਾਲ ਘਟੀ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਵਿਚ ਰਹਿਣ ਵਾਲੇ ਲੋਕਾਂ ਦੀ ਉਮਰ ਹਵਾ 'ਚ ਪ੍ਰਦੂਸ਼ਣ ਦਾ ਪੱਧਰ ਖਤਰਨਾਕ ਹੱਦ ਤੱਕ ਵਧ ਜਾਣ ਕਾਰਨ ਲਗਭਗ 6 ਸਾਲ ਘਟ ਗਈ ਹੈ।

ਜੇਕਰ ਐਨ.ਸੀ.ਆਰ. ਵਿਚ ਡਬਲਿਊ.ਐਚ.ਓ. ਦੇ ਮਾਪਦੰਡਾਂ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਲੋਕਾਂ ਦੀ ਉਮਰ 9 ਸਾਲ ਤੱਕ ਵਧ ਸਕਦੀ ਹੈ। ਕੌਮੀ ਰਾਜਧਾਨੀ 'ਚ ਹਵਾ ਦਾ ਪ੍ਰਦੂਸ਼ਣ ਹੁਣ ਤੱਕ ਸਭ ਤੋਂ ਵੱਧ ਦਰਜ ਕੀਤਾ ਗਿਆ ਹੈ ਤੇ ਮੌਸਮ ਦੀ ਸਥਿਤੀ ਤੇਜ਼ੀ ਨਾਲ ਵਿਗੜਦੀ ਜਾ ਰਹੀ ਹੈ। ਯਾਦ ਰਹੇ ਕਿ ਪ੍ਰਦੂਸ਼ਣ ਕਾਰਨ ਹੀ ਸੋਕਤਾਂ ਅਦਾਲਤ ਨੇ ਦੀਵਾਲੀ ਮੌਕੇ ਪਟਾਕਿਆਂ ਦੀ ਵਿਕਰੀ ਉਤੇ ਰੋਕ ਲਾ ਦਿੱਤੀ ਸੀ।


# ਮੋਦੀ ਦੇ ਬੁਲੇਟ ਟਰੇਨ ਦੇ ਸੁਪਨੇ ਨੂੰ ਧੱਕਾ

**ਮੁੰਬਈ:** ਤਿੰਨ ਮਹੀਨਿਆਂ ਵਿਚ ਮੁੰਬਈ ਤੋਂ ਅਹਿਮਦਾਬਾਦ ਰੂਟ ਉਤੇ ਚੱਲਣ ਵਾਲੀਆਂ ਰੇਲ ਗੱਡੀਆਂ ਵਿਚ 40 ਫੀਸਦੀ ਸੀਟਾਂ ਖਾਲੀ ਰਹੀਆਂ ਹਨ। ਇਹ ਉਹੀ ਮੁੰਬਈ-ਅਹਿਮਦਾਬਾਦ ਰੂਟ ਹੈ ਜਿਸ ਉਤੇ ਇਕ ਲੱਖ ਕਰੋੜ ਤੋਂ ਜ਼ਿਆਦਾ ਪੈਸੇ ਖਰਚ ਕੇ ਬੁਲੇਟ ਟ੍ਰੇਨ ਚਲਾਈ ਜਾਣੀ ਹੈ। ਪਤਾ ਲੱਗਦਾ ਹੈ ਕਿ ਇਥੇ ਜ਼ਿਆਦਾਤਰ ਸਵਾਰੀਆਂ ਸਲੀਪਰ ਕਲਾਸ 'ਚ ਸਫਰ ਕਰਦੀਆਂ ਹਨ ਤੇ ਮਹਿੰਗੀਆਂ ਸੀਟਾਂ ਖਾਲੀ ਜਾ ਰਹੀਆਂ ਹਨ। ਇਸੇ ਰੂਟ 'ਤੇ ਕੇਂਦਰ ਸਰਕਾਰ ਨੇ ਬੁਲੇਟ ਟਰੇਨ ਚਲਾਉਣ ਦੀ ਨੀਂਹ ਰੱਖੀ।

ਬੁਲੇਟ ਟਰੇਨ ਦੀਆਂ ਟਿਕਟਾਂ ਮੌਜੂਦਾ ਰੇਟਾਂ ਤੋਂ ਕਈ ਗੁਣਾ ਜ਼ਿਆਦਾ ਹੋਣਗੀਆਂ। ਇਸ ਮੁਤਾਬਕ ਤਾਂ ਬੁਲੇਟ ਟ੍ਰੇਨ ਫਾਇਦੇ ਵਾਲਾ ਸੌਦਾ ਨਹੀਂ ਲੱਗ ਰਿਹਾ। ਪਿਛਲੇ ਮਹੀਨੇ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੂਬੇ ਗੁਜਰਾਤ 'ਚ ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਦੀ ਮੇਜ਼ਬਾਨੀ ਕੀਤੀ ਸੀ। ਇਥੇ ਦੋਵਾਂ ਨੇ 1.10 ਲੱਖ ਕਰੋੜ ਰੁਪਏ ਨਾਲ ਬੁਲੇਟ ਟ੍ਰੇਨ ਦੀ ਨੀਂਹ ਰੱਖੀ ਸੀ। 2023 'ਚ ਇਹ ਪੂਰੀ ਹੋਣੀ ਹੈ। 250 ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ ਨਾਲ ਇਹ ਟਰੇਨ ਚੱਲਣ ਦੀ ਉਮੀਦ ਹੈ। ਇਹ ਭਾਰਤ 'ਚ ਚੱਲਣ ਵਾਲੀ ਸਭ ਤੋਂ ਤੇਜ਼ ਟਰੇਨ ਤੋਂ ਵੀ ਦੁੱਗਣੀ ਸਪੀਡ ਉਤੇ ਚੱਲੇਗੀ।

ਮਹਾਰਾਸ਼ਟਰ ਦੇ ਆਰ.ਟੀ.ਆਈ. ਕਾਰਕੁਨ ਅਨਿਲ ਗਾਡਗਿਲ ਨੇ ਸੂਚਨਾ ਦੇ ਅਧਿਕਾਰ ਰਾਹੀਂ ਪੱਛਮੀ ਰੇਲਵੇ ਤੋਂ ਮੁੰਬਈ-ਅਹਿਮਦਾਬਾਦ ਰੂਟ ਉਤੇ ਚੱਲਣ ਵਾਲੀਆਂ ਟਰੇਨਾਂ ਤੋਂ ਸਬੰਧਤ ਕਈ ਜਾਣਕਾਰੀਆਂ ਹਾਸਲ ਕੀਤੀਆਂ ਹਨ। ਪਤਾ ਲੱਗਾ ਹੈ ਕਿ ਪਹਿਲੀ ਜੁਲਾਈ ਤੋਂ 30 ਸਤੰਬਰ 2017 ਵਿਚਾਲੇ ਇਸ ਰੂਟ 'ਤੇ ਚੱਲਣ ਵਾਲੀ 32 ਮੇਲ ਤੇ ਐਕਸਪ੍ਰੈਸ ਟਰੇਨਾਂ ਦੀਆਂ 40 ਫੀਸਦੀ ਸੀਟਾਂ ਖਾਲੀ ਰਹੀਆਂ। ਕੁੱਲ 32 ਟਰੇਨਾਂ ਦੀ 7,35,630 ਸੀਟਾਂ ਵਿਚੋਂ ਸਿਰਫ 4,41,795 ਸੀਟਾਂ ਹੀ ਬੁੱਕ ਹੋ ਸਕੀਆਂ। ਇਸ ਕਾਰਨ ਰੇਲਵੇ ਨੂੰ 14 ਕਰੋੜ ਤੋਂ ਜ਼ਿਆਦਾ ਦਾ ਘਾਟਾ ਪਿਆ ਹੈ।

ਇਸੇ ਤਰ੍ਹਾਂ ਅਹਿਮਦਾਬਾਦ ਤੋਂ ਮੁੰਬਈ ਰੂਟ ਉਤੇ ਚੱਲਣ ਵਾਲੀ 31 ਮੇਲ ਤੇ ਐਕਸਪ੍ਰੈਸ ਟ੍ਰੇਨਾਂ ਦੀਆਂ 7,06,446 ਸੀਟਾਂ ਵਿਚੋਂ ਸਿਰਫ 3,98,002 ਸਵਾਰੀਆਂ ਨੇ ਸਫਰ ਕੀਤਾ। ਇਸ ਕਾਰਨ ਰੇਲਵੇ ਨੂੰ 15 ਕਰੋੜ ਤੋਂ ਜ਼ਿਆਦਾ ਦਾ ਘਾਟਾ ਪਿਆ ਹੈ। ਇਸ ਹਿਸਾਬ ਨਾਲ ਅਹਿਮਦਾਬਾਦ ਤੋਂ ਮੁੰਬਈ ਤੇ ਮੁੰਬਈ ਤੋਂ ਅਹਿਮਦਾਬਾਦ ਵਿਚਾਲੇ ਚੱਲਣ ਵਾਲੀਆਂ ਟਰੇਨਾਂ 'ਚ 40 ਫੀਸਦੀ ਸੀਟਾਂ ਖਾਲੀ ਰਹਿਣ ਕਾਰਨ ਰੇਲਵੇ ਨੂੰ ਪਿਛਲੇ ਤਿੰਨ ਮਹੀਨਿਆਂ ਵਿਚ 29.92 ਕਰੋੜ ਦਾ ਘਾਟਾ ਪੈ ਚੁੱਕਿਆ ਹੈ। ਇਸ ਰੂਟ ਉਤੇ ਦੂਰੰਤੋ, ਸ਼ਤਾਬਦੀ, ਗੁਜਰਾਤ ਮੇਲ ਵਰਗੀਆਂ ਕਈ ਸੁਪਰਫਾਸਟ ਟਰੇਨਾਂ ਚਲਦੀਆਂ ਹਨ।



## ਮਹਿੰਗਾਈ ਨੇ ਕੱਢੇ ਲੋਕਾਂ ਦੇ ਵੱਟ

**ਨਵੀਂ ਦਿੱਲੀ:** ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਨੂੰ ਸਾਢੇ ਤਿੰਨ ਸਾਲ ਹੋ ਚੁੱਕੇ ਹਨ। ਦੇਸ਼ ਦੀ ਜਨਤਾ ਅੱਜ ਵੀ 'ਅੱਛੇ ਦਿਨਾਂ' ਦਾ ਇੰਤਜ਼ਾਰ ਕਰ ਰਹੀ ਹੈ। 2014 ਦੀ ਚੋਣ ਸਮੇਂ ਭਾਜਪਾ ਨੇ ਦੇਸ਼ ਦੀ ਜਨਤਾ ਨੂੰ 'ਬਹੁਤ ਮਹਿੰਗਾਈ ਦੀ ਮਾਰ ਇਸ ਵਾਰ ਮੋਦੀ ਸਰਕਾਰ' ਦਾ ਨਾਅਰਾ ਦਿੱਤਾ ਸੀ। ਪਰ ਸਾਢੇ ਤਿੰਨ ਸਾਲ ਹਕੂਮਤ ਦਾ ਸੁੱਖ ਭੋਗਣ ਤੋਂ ਬਾਅਦ ਵੀ ਸਰਕਾਰ ਹੁਣ ਤੱਕ ਮਹਿੰਗਾਈ ਉਤੇ ਕਾਬੂ ਨਹੀਂ ਪਾ ਸਕੀ। ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਘਟਣ ਦੇ ਬਾਵਜੂਦ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਸਸਤਾ ਨਹੀਂ ਕੀਤਾ ਗਿਆ। ਸਬਜ਼ੀਆਂ ਅਤੇ ਹੋਰ ਖਾਧ ਸਮੱਗਰੀਆਂ ਦਾ ਸਸਤਾ ਹੋਣ ਦੀ ਬਜਾਏ ਹੋਰ ਜ਼ਿਆਦਾ ਮਹਿੰਗਾ ਹੁੰਦੇ ਜਾਣ ਦਾ ਸਭ ਤੋਂ ਵੱਡਾ ਕਾਰਨ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਹੈ। ਸੱਤਾਧਾਰੀ ਭਾਜਪਾ 2014 ਤੋਂ ਪਹਿਲਾਂ ਟਮਾਟਰ, ਪਿਆਜ਼, ਪੈਟਰੋਲ ਤੇ ਰਸੋਈ ਗੈਸ ਆਦਿ ਦੀਆਂ ਮਾਮੂਲੀ ਕੀਮਤਾਂ ਵਧਣ ਉਤੇ ਸੜਕਾਂ 'ਤੇ ਉਤਰ ਆਉਂਦੀ ਸੀ। ਇਸ ਸਮੇਂ ਦੇਸ਼ ਵਿਚ ਪੈਟਰੋਲ 74 ਰੁਪਏ ਲੀਟਰ ਵਿਕ ਰਿਹਾ ਹੈ। ਲਗਭਗ 28 ਰੁਪਏ ਪ੍ਰਤੀ ਲੀਟਰ ਪ੍ਰਾਪਤ ਹੋਣ ਵਾਲਾ ਡੀਜ਼ਲ 59 ਤੋਂ 60 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ।

# ਹੁਣ ਬਾਬਰੀ ਮਸਜਿਦ ਦਾ ਮਾਲਕ ਆਇਆ ਸਾਹਮਣੇ



**ਲਖਨਊ:** ਆਪਣੇ ਆਪ ਨੂੰ ਭਾਰਤ ਦੇ ਆਖਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਨ ਵਾਲੇ ਪ੍ਰਿੰਸ ਯਾਕੂਬ ਹਬੀਬੁਦੀਨ 'ਤੂਸੀ' ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਉਤੇ ਆਪਣਾ ਮਾਲਕੀ ਹੱਕ ਦੱਸਦਿਆਂ ਖੁਦ ਨੂੰ ਵਿਵਾਦ ਪੂਰਨ ਸਥਾਨ ਦਾ ਮੁਤਵੱਲੀ ਬਣਾਏ ਜਾਣ ਦੀ ਮੰਗ ਕੀਤੀ ਹੈ। ਯਾਕੂਬ ਦਾ ਕਹਿਣਾ ਹੈ ਕਿ ਬਾਬਰੀ ਮਸਜਿਦ ਮੁਗ਼ਲ ਬਾਦਸ਼ਾਹ ਬਾਬਰ ਨੇ ਬਣਾਈ ਸੀ। ਕਿਉਂਕਿ ਉਹ ਮੁਗ਼ਲਾਂ ਦੇ ਖਾਨਦਾਨ ਵਿਚੋਂ ਹੈ, ਇਸ ਲਈ ਬਾਬਰੀ ਮਸਜਿਦ ਦਾ ਮਾਲਕ ਹੈ।

ਉਸ ਨੇ ਆਪਣੇ ਦਾਅਵੇ ਦੇ ਸਮਰਥਨ ਵਿਚ ਆਪਣੀ ਡੀ.ਐਨ.ਏ. ਰਿਪੋਰਟ ਵੀ ਵਿਖਾਈ। ਇਸ ਰਿਪੋਰਟ ਦਾ ਮਿਲਾਨ ਕਿਸ ਨਾਲ ਹੋਇਆ ਤੇ ਇਹ ਸਹੀ ਹੈ ਜਾਂ ਨਹੀਂ, ਇਸ ਦੀ ਕੋਈ ਪੁਸ਼ਟੀ ਨਹੀਂ ਹੋ ਸਕੀ।

ਯਾਕੂਬ ਨੇ ਉਤਰ ਪ੍ਰਦੇਸ਼ ਸੁੰਨੀ ਵਕਫ ਬੋਰਡ ਵੱਲੋਂ ਖੁਦ ਨੂੰ ਮੁਤਵੱਲੀ ਬਣਾਏ ਜਾਣ ਦੀ ਮੰਗ ਕਰਦੇ ਹੋਏ ਸ਼ੀਆ ਵਕਫ ਬੋਰਡ ਦੇ ਕਿਸੇ ਵੀ ਤਰ੍ਹਾਂ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਨੇ ਉਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਚੌਧਰੀ ਲਕਸ਼ਮੀ ਨਰਾਇਣ ਨਾਲ ਮੁਲਾਕਾਤ ਕਰ ਕੇ ਆਪਣੀ ਦਾਅਵੇਦਾਰੀ ਪੇਸ਼ ਕੀਤੀ ਸੀ। ਇਸ ਉਤੇ ਮੰਤਰੀ ਨੇ ਉਨ੍ਹਾਂ ਨੂੰ ਸੁੰਨੀ ਵਕਫ ਬੋਰਡ ਨੂੰ ਬੇਨਤੀ ਪੱਤਰ ਦੇਣ ਦੀ ਸਲਾਹ ਦਿੱਤੀ। ਯਾਕੂਬ ਨੇ ਕਿਹਾ ਕਿ ਜੇ ਸੁੰਨੀ ਵਕਫ ਬੋਰਡ ਉਨ੍ਹਾਂ ਨੂੰ ਮੁਤਵੱਲੀ ਨਹੀਂ ਬਣਾਉਂਦਾ ਤਾਂ ਉਹ ਕੋਰਟ ਜਾਣਗੇ ਅਤੇ ਉਥੋਂ ਆਪਣਾ ਇਹ ਦਾਅਵਾ ਜਿੱਤਣ ਦੇ ਬਾਅਦ ਅਯੁੱਧਿਆ ਵਿਵਾਦ ਦਾ ਗੱਲਬਾਤ ਜ਼ਰੀਏ ਹੱਲ ਕੱਢਣ ਲਈ ਜ਼ੋਰ ਦੇਣਗੇ।

## ਨਵਵਿਆਹੁਤਾ ਨੇ ਜ਼ਹਿਰ ਦੇ ਕੇ ਮਾਰਿਆ ਸਹੁਰਾ ਪਰਿਵਾਰ

ਇਸਲਾਮਾਬਾਦ: ਪਾਕਿਸਤਾਨੀ ਪੰਜਾਬ ਵਿਚ ਨਵ-ਵਿਆਹੀ ਨੇ ਆਪਣੇ ਪਤੀ ਨੂੰ ਮਾਰਨ ਦੇ ਮਕਸਦ ਨਾਲ ਉਸ ਨੂੰ ਦੁੱਧ 'ਚ ਜ਼ਹਿਰ ਦੇ ਦਿੱਤਾ। ਪਤੀ ਨੇ ਉਹ ਦੁੱਧ ਪੀਤਾ ਨਹੀਂ ਪਰ ਉਸ ਨਾਲ ਬਣੀ ਲੱਸੀ ਪੀ ਕੇ ਸਹੁਰਾ ਪਰਿਵਾਰ ਵਿਚ 13 ਲੋਕਾਂ ਦੀ ਮੌਤ ਹੋ ਗਈ। ਕਿਹਾ ਜਾ ਰਿਹਾ ਹੈ ਕਿ ਮਹਿਲਾ ਜਬਰਨ ਵਿਆਹ ਤੋਂ ਨਾਰਾਜ਼ ਸੀ। ਰਿਪੋਰਟ ਮੁਤਾਬਕ ਮੁਜ਼ੱਫਰਨਗਰ ਇਲਾਕੇ ਦੇ ਦੌਲਤਪੁਰ ਵਿਚ ਜ਼ਹਿਰ ਕਰ ਕੇ ਕਈ ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਆਸੀਆ ਨਾਂ ਦੀ ਮਹਿਲਾ ਨੇ ਦੁੱਧ 'ਚ ਜ਼ਹਿਰ ਮਿਲਾਉਣ ਦਾ ਗੁਨਾਹ ਕਬੂਲ ਲਿਆ ਹੈ। ਦਰਅਸਲ, ਉਹ ਆਪਣੇ ਪਤੀ ਅਮਜਦ ਨੂੰ ਦੁੱਧ ਪਿਆ ਕੇ ਮਾਰਨਾ ਚਾਹੁੰਦੀ ਸੀ।

# ਕਸ਼ਮੀਰ ਬਾਰੇ ਪਲ-ਪਲ ਦੀ ਖਬਰ ਰੱਖਦਾ ਸੀ ਉਸਾਮਾ ਬਿਨ ਲਾਦਿਨ

**ਵਾਸ਼ਿੰਗਟਨ:** ਅਲ ਕਾਇਦਾ ਮੁਖੀ ਉਸਾਮਾ ਬਿਨ ਲਾਦਿਨ ਕਸ਼ਮੀਰ ਬਾਰੇ ਪਲ-ਪਲ ਦੀ ਖਬਰ ਰੱਖਦਾ ਸੀ। ਇਹ ਖੁਲਾਸਾ ਅਮਰੀਕੀ ਇੰਟੈਲੀਜੈਂਸ ਏਜੰਸੀ ਸੀ.ਆਈ.ਏ. ਵੱਲੋਂ ਜਾਰੀ ਫਾਈਲਾਂ ਰਾਹੀਂ ਹੋਇਆ ਹੈ।

ਸੀ.ਆਈ.ਏ. ਨੇ ਲਾਦਿਨ ਨੂੰ ਮਾਰ ਸੁੱਟਣ ਵਾਲੇ ਉਪਰੇਸ਼ਨ ਨਾਲ ਜੁੜੀਆਂ 47,0,000 ਫਾਈਲਾਂ ਜਾਰੀ ਕੀਤੀਆਂ ਹਨ। ਸਾਲ 2011 ਵਿਚ ਅਮਰੀਕਾ ਨੇ ਲਾਦਿਨ ਨੂੰ ਮਾਰ ਦਿੱਤਾ ਸੀ। ਇਹ ਚੌਥਾ ਮੌਕਾ ਹੈ ਜਦ ਸੀ.ਆਈ.ਏ. ਨੇ ਲਾਦਿਨ ਨਾਲ ਜੁੜੇ ਕਾਗਜ਼, ਤਸਵੀਰਾਂ ਤੇ ਕੰਪਿਊਟਰ ਫਾਈਲਾਂ ਨੂੰ ਜਾਰੀ ਕੀਤਾ ਹੈ। ਸਾਰੇ ਦਸਤਾਵੇਜ਼ ਸੀ.ਆਈ.ਏ. ਨੇ ਉਸ ਵੇਲੇ ਜ਼ਬਤ ਕੀਤੇ ਸਨ ਜਦੋਂ ਉਪਰੇਸ਼ਨ ਦੌਰਾਨ ਲਾਦਿਨ ਨੂੰ ਮਾਰਿਆ ਗਿਆ ਸੀ। ਇਸ ਤੋਂ ਪਹਿਲਾਂ ਸੀ.ਆਈ.ਏ. ਨੇ ਮਈ 2015 'ਚ ਤੇ ਮਾਰਚ 2016 ਵਿਚ ਲਾਦਿਨ ਦੀਆਂ ਕੁਝ ਜਾਣਕਾਰੀਆਂ ਲੋਕਾਂ ਨੂੰ ਦੱਸੀਆਂ ਸਨ।

ਇਨ੍ਹਾਂ ਫਾਈਲਾਂ ਤੋਂ ਪਤਾ ਲੱਗਿਆ ਹੈ ਕਿ ਲਾਦਿਨ ਕਸ਼ਮੀਰ ਵਿਚ ਚੱਲ ਰਹੀਆਂ ਸਰਗਰਮੀਆਂ ਤੇ 2008 ਮੁੰਬਈ ਹਮਲਿਆਂ ਦੇ ਮਾਮਲੇ ਵਿਚ ਪਾਕਿਸਤਾਨ-ਅਮਰੀਕੀ ਅਤਿਵਾਦੀ ਡੇਵਿਡ ਕੋਲਮੈਨ ਹੈਡਲੀ ਖਿਲਾਫ ਚੱਲ ਰਹੇ ਮੁਕੱਦਮੇ ਉਤੇ ਪੂਰੀ ਨਜ਼ਰ ਰੱਖਦਾ ਸੀ। ਇਨ੍ਹਾਂ ਫਾਈਲਾਂ 'ਚ ਹੀ ਉਸਾਮਾ ਦੇ ਮੁੰਡੇ ਦੇ ਵਿਆਹ ਦੀ ਵੀਡੀਓ ਤੇ ਸਾਊਦੀ 'ਚ ਪੈਦਾ ਹੋਏ ਅਤਿਵਾਦ ਦੀਆਂ ਡਾਇਰੀਆਂ ਸ਼ਾਮਲ ਹਨ। ਫਾਈਲਾਂ ਤੋਂ ਪਤਾ ਲੱਗਦਾ ਹੈ ਕਿ ਲਾਦਿਨ ਭਾਰਤ ਦੇ ਕੁਝ ਵੱਡੇ ਅਖਬਾਰਾਂ ਦਾ ਪੱਕਾ ਪਾਠਕ ਵੀ ਸੀ।

# ਦਹਿਸ਼ਤਗਰਦੀ ਨੂੰ ਹਮਾਇਤ ਦੇਣੀ ਬੰਦ ਕਰੇ ਪਾਕਿਸਤਾਨ: ਨਿੱਕੀ ਹੇਲੀ

**ਵਾਸ਼ਿੰਗਟਨ:** ਅਮਰੀਕਾ ਦੀ ਸੰਯੁਕਤ ਰਾਸ਼ਟਰ ਲਈ ਸਫੀਰ ਨਿੱਕੀ ਹੇਲੀ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਅਤਿਵਾਦੀਆਂ ਨੂੰ ਸੁਰੱਖਿਅਤ ਸ਼ਰਨ ਮੁਹੱਈਆ ਕਰਾਏ ਜਾਣ ਨੂੰ ਅਮਰੀਕਾ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਇੰਡੋ-ਪੈਸੀਫਿਕ ਖਿੱਤੇ ਵਿਚ ਸ਼ਾਂਤੀ ਤੇ ਸਥਿਰਤਾ ਬਰਕਰਾਰ ਰੱਖਣ ਅਤੇ ਅਤਿਵਾਦ ਖਿਲਾਫ਼ ਲੜਾਈ ਲਈ ਭਾਰਤ ਨਾਲ ਰਣਨੀਤਕ ਗੱਠਜੋੜ ਦਾ ਸਮਰਥਨ ਕੀਤਾ। ਇੰਡੀਅਨ ਅਮੈਰਿਕਨ ਫਰੈਂਡਸ਼ਿਪ ਕੌਂਸਲ ਦੀ 20ਵੀਂ ਸਾਲਾਨਾ ਵਿਧਾਨਕ ਕਾਨਫਰੰਸ ਦੌਰਾਨ ਨਿੱਕੀ ਹੇਲੀ ਨੇ ਨਿਊ ਯਾਰਕ ਵਿਚ ਅਤਿਵਾਦੀ ਹਮਲੇ, ਜਿਸ 'ਚ ਅੱਠ ਜਣੇ ਮਾਰੇ ਗਏ ਸਨ, ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ।

ਉਨ੍ਹਾਂ ਕਿਹਾ ਕਿ ਅਮਰੀਕਾ ਨੇ ਹਾਲ ਹੀ ਵਿਚ ਅਫ਼ਗਾਨਿਸਤਾਨ ਅਤੇ ਦੱਖਣੀ ਏਸ਼ੀਆ ਵਿਚ ਅਤਿਵਾਦ ਖਿਲਾਫ ਜੰਗ ਲਈ ਨਵੀਂ ਰਣਨੀਤੀ ਬਣਾਈ ਹੈ। ਇਸ ਰਣਨੀਤੀ ਦੇ ਥੰਮ੍ਹਾਂ ਵਿਚੋਂ ਇਕ ਭਾਰਤ ਨਾਲ ਅਮਰੀਕਾ ਦੀ ਰਣਨੀਤਕ ਭਾਈਵਾਲੀ ਦਾ ਵਿਕਾਸ ਕਰਨਾ ਹੈ। ਪਾਕਿਸਤਾਨ ਕਈ ਮੌਕਿਆਂ ਉਤੇ ਅਮਰੀਕਾ ਦਾ ਭਾਈਵਾਲ ਰਿਹਾ ਹੈ ਪਰ ਅਸੀਂ ਪਾਕਿ ਸਰਕਾਰ ਜਾਂ ਕਿਸੇ ਹੋਰ ਸਰਕਾਰ ਵੱਲੋਂ ਅਤਿਵਾਦੀਆਂ, ਜੋ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ, ਨੂੰ ਸ਼ਰਨ ਦਿੱਤੇ ਜਾਣ ਨੂੰ ਬਰਦਾਸ਼ਤ ਨਹੀਂ ਕਰਾਂਗੇ।



**ਦਹਿਸ਼ਤੀ ਗੁੱਟਾਂ ਦੀ ਸੂਚੀ ਪਾਕਿ ਨਾਲ ਸਾਂਝੀ ਕੀਤੀ :** ਅਮਰੀਕਾ ਨੇ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਦੀਨ ਵਰਗੇ 20 ਦਹਿਸ਼ਤੀ ਗੁੱਟਾਂ ਦੀ ਸੂਚੀ ਪਾਕਿਸਤਾਨ ਨਾਲ ਸਾਂਝੀ ਕੀਤੀ ਹੈ। 'ਡਾਅਨ' ਦੀ ਰਿਪੋਰਟ ਮੁਤਾਬਕ ਇਹ ਜਥੇਬੰਦੀਆਂ ਪਾਕਿਸਤਾਨ ਦੀ ਸਰਜ਼ਮੀਨ ਤੋਂ ਭਾਰਤ ਅਤੇ ਅਫਗਾਨਿਸਤਾਨ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਸੂਚੀ 'ਚ ਸਿਖਰਲਾ ਨਾਮ ਹੱਕਾਨੀ ਨੈੱਟਵਰਕ ਦਾ ਹੈ ਜਿਸ ਬਾਰੇ ਅਮਰੀਕਾ ਦਾ ਕਹਿਣਾ ਹੈ ਕਿ ਉਹ ਉਤਰ-ਪੱਛਮ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ 'ਚ ਆਪਣੀਆਂ ਸੁਰੱਖਿਅਤ ਪਨਾਹਗਾਹਾਂ ਨੂੰ ਅਫਗਾਨਿਸਤਾਨ 'ਚ ਹਮਲੇ ਕਰਨ ਲਈ ਵਰਤ ਰਿਹਾ ਹੈ।

# ਸਾਹਿਤਕਾਰ ਕ੍ਰਿਸ਼ਨਾ ਸੋਬਤੀ ਨੂੰ ਗਿਆਨਪੀਠ ਪੁਰਸਕਾਰ

**ਨਵੀਂ ਦਿੱਲੀ:** ਗਿਆਨਪੀਠ ਚੋਣ ਬੋਰਡ ਮੁਤਾਬਕ ਮਸ਼ਹੂਰ ਹਿੰਦੀ ਸਾਹਿਤਕਾਰ ਕ੍ਰਿਸ਼ਨਾ ਸੋਬਤੀ ਨੂੰ ਇਸ ਸਾਲ ਦੇ ਗਿਆਨਪੀਠ ਐਵਾਰਡ ਲਈ ਚੁਣਿਆ ਗਿਆ ਹੈ।

ਬੋਰਡ ਨੇ ਇਕ ਬਿਆਨ ਵਿਚ ਕਿਹਾ, 'ਗਿਆਨਪੀਠ ਚੋਣ ਬੋਰਡ ਨੇ ਸਾਲ 2017 ਲਈ 53ਵੇਂ ਗਿਆਨਪੀਠ ਐਵਾਰਡ ਦਾ ਐਲਾਨ ਕੀਤਾ ਤੇ ਇਹ ਐਵਾਰਡ ਮਸ਼ਹੂਰ ਹਿੰਦੀ ਸਾਹਿਤਕਾਰ ਕ੍ਰਿਸ਼ਨਾ ਸੋਬਤੀ ਨੂੰ ਦੇਣ ਦਾ ਫੈਸਲਾ ਕੀਤਾ ਗਿਆ।' ਸਾਲ 1925 ਵਿਚ ਗੁਜਰਾਤ (ਹੁਣ ਪਾਕਿਸਤਾਨ 'ਚ) ਵਿਚ ਜੰਮੀ ਸੋਬਤੀ (92 ਸਾਲ) ਨੂੰ ਨਵੀਂ ਲੇਖਣ ਸ਼ੈਲੀ ਦੇ ਕੀਤੇ ਗਏ ਤਜਰਬਿਆਂ ਤੇ ਆਪਣੀਆਂ ਕਹਾਣੀਆਂ 'ਚ ਬੇਬਾਕ ਤੇ ਬਹਾਦਰ ਪਾਤਰਾਂ ਦੀ ਸਿਰਜਣਾ ਲਈ ਜਾਣਿਆ ਜਾਂਦਾ ਹੈ, ਜੋ ਕਿਸੇ ਵੀ ਹਾਲਾਤ ਦਾ ਸਾਹਮਣਾ ਕਰਨ ਨੂੰ ਤਿਆਰ ਰਹਿੰਦੇ ਹਨ। ਉਨ੍ਹਾਂ ਦੀ ਭਾਸ਼ਾ ਉਤੇ ਹਿੰਦੀ, ਉਰਦੂ ਤੇ ਪੰਜਾਬੀ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਵਿਦਵਾਨ, ਲੇਖਕ ਤੇ ਆਲੋਚਕ ਨਾਮਵਰ ਸਿੰਘ ਦੀ ਪ੍ਰਧਾਨਗੀ ਵਾਲੇ ਚੋਣ ਬੈਂਚ ਨੇ ਕਿਹਾ ਕਿ ਸੋਬਤੀ ਲੀਹ ਤੋਂ ਹਟਵੀਂ ਨਾਵਲਕਾਰ ਹੈ। ਉਨ੍ਹਾਂ ਹਿੰਦੀ ਸਾਹਿਤ ਨੂੰ ਹੋਰ ਅਮੀਰ ਕੀਤਾ ਹੈ। ਲੇਖਿਕਾ ਦੀਆਂ ਕਿਤਾਬਾਂ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ।

# ਤੰਬਾਕੂਨੋਸ਼ੀ ਛੱਡਣ ਵਾਲਿਆਂ ਨੂੰ ਵਾਧੂ ਛੁੱਟੀਆਂ

**ਟੋਕੀਓ:** ਜਾਪਾਨ ਦੀ ਇਕ ਕੰਪਨੀ ਨੇ ਤੰਬਾਕੂਨੋਸ਼ੀ ਛੱਡਣ ਵਾਲੇ ਆਪਣੇ ਮੁਲਾਜ਼ਮਾਂ ਨੂੰ ਉਤਸ਼ਾਹਿਤ ਕਰਨ ਲਈ ਛੁੱਟੀਆਂ ਦਾ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਕੰਪਨੀ ਅਜਿਹੇ ਲੋਕਾਂ ਨੂੰ ਸਾਲ 'ਚ ਛੇ ਦਿਨਾਂ ਦੀ ਹੋਰ ਛੁੱਟੀ ਦੇਵੇਗੀ ਜੋ ਸਿਗਰਟ ਤੋਂ ਤੌਬਾ ਕਰ ਰਹੇ ਹਨ। ਟੋਕੀਓ ਦੀ ਆਨਲਾਈਨ ਕਾਮਰਸ ਕੌਂਸਲਿੰਗ ਅਤੇ ਮਾਰਕੀਟਿੰਗ ਕੰਪਨੀ ਪਿਆਲਾ ਨੇ ਇਸ ਦਾ ਐਲਾਨ ਕੀਤਾ।

ਇਸ ਕੰਪਨੀ ਦੇ ਕੁਝ ਮੁਲਾਜ਼ਮਾਂ ਨੇ ਉਨ੍ਹਾਂ ਸਾਥੀਆਂ ਦੀ ਸ਼ਿਕਾਇਤ ਕੀਤੀ ਸੀ ਜਿਹੜੇ ਧੂੰਆਂਨੋਸ਼ੀ ਕਰਨ ਲਈ ਅਕਸਰ ਗਾਇਬ ਹੋ ਜਾਂਦੇ ਹਨ। ਕੰਪਨੀ ਦੇ ਬੁਲਾਰੇ ਹਿਰੋਤਾਕਾ ਮਾਤਸੁਸ਼ਿਮਾ ਨੇ ਕਿਹਾ ਕਿ ਸਾਡਾ ਦਫਤਰ 29ਵੀਂ ਮੰਜ਼ਿਲ 'ਤੇ ਹੈ। ਇਸ ਤਰ੍ਹਾਂ ਧੂੰਆਂਨੋਸ਼ੀ ਕਰਨ ਵਾਲਿਆਂ ਨੂੰ ਬੇਸਮੈਂਟ 'ਚ ਬਣੇ ਸਮੋਕਿੰਗ ਰੂਮ ਵਿਚ ਜਾਣ ਅਤੇ ਆਉਣ 'ਚ ਘੱਟੋ ਘੱਟ ਦਸ ਮਿੰਟ ਦਾ ਸਮਾਂ ਲੱਗਦਾ ਹੈ। ਇਸ ਲਈ ਫੈਸਲਾ ਕੀਤਾ ਕਿ ਧੂੰਆਂਨੋਸ਼ੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਥਾਂ ਇਹ ਆਦਤ ਛੱਡਣ ਵਾਲੇ ਨੂੰ ਇਨਾਮ ਦੇਣਾ ਬਿਹਤਰ ਹੋਵੇਗਾ।

# ਚੰਦਾ ਕੋਛੜ ਤੇ ਪ੍ਰਿਅੰਕਾ ਚੋਪੜਾ ਦੀ ਬੱਲੇ ਬੱਲੇ

**ਨਿਊ ਯਾਰਕ:** ਫੋਰਬਸ ਮੈਗਜ਼ੀਨ ਵੱਲੋਂ ਤਿਆਰ ਵਿਸ਼ਵ ਦੀਆਂ ਸੌ ਤਾਕਤਵਰ ਮਹਿਲਾਵਾਂ ਦੀ ਸੂਚੀ ਵਿਚ ਆਈ.ਸੀ.ਆਈ.ਸੀ.ਆਈ. ਬੈਂਕ ਦੀ ਸੀ.ਈ.ਓ. ਤੇ ਐਮ.ਡੀ. ਚੰਦਾ ਕੋਛੜ ਅਤੇ ਬੌਲੀਵੁੱਡ ਸਟਾਰ ਪ੍ਰਿਅੰਕਾ ਚੋਪੜਾ ਸਮੇਤ ਭਾਰਤ ਦੀਆਂ ਪੰਜ ਮਹਿਲਾਵਾਂ ਸ਼ਾਮਲ ਹਨ। ਜਰਮਨ ਚਾਂਸਲਰ ਏਂਜਲਾ ਮਰਕਲ ਇਸ ਸੂਚੀ ਵਿਚ ਲਗਾਤਾਰ ਸੱਤਵੀਂ ਵਾਰ ਸਿਖਰ ਉਤੇ ਹੈ।

ਸੌ ਤਾਕਤਵਰ ਮਹਿਲਾਵਾਂ ਦੀ ਇਸ ਸੂਚੀ 'ਚ ਕੋਛੜ ਨੂੰ 32ਵੇਂ ਸਥਾਨ ਉਤੇ ਰੱਖਿਆ ਗਿਆ ਹੈ ਜਦਕਿ ਐਚ.ਸੀ.ਐਲ. ਕਾਰਪੋਰੇਸ਼ਨ ਦੀ ਸੀ.ਈ.ਓ. ਰੋਸ਼ਨੀ ਨਾਦਰ ਮਲਹੋਤਰਾ ਨੂੰ 57ਵੇਂ ਅਤੇ ਬਾਇਓਕੋਨ ਦੀ ਬਾਨੀ ਤੇ ਚੇਅਰ ਕਿਰਨ ਮਜ਼ੂਮਦਾਰ ਸ਼ਾਅ ਨੂੰ 71ਵੀਂ ਪਾਇਦਾਨ ਉਤੇ ਰੱਖਿਆ ਗਿਆ ਹੈ। ਸੂਚੀ ਵਿਚ ਸ਼ਾਮਲ ਹੋਰਨਾਂ ਭਾਰਤੀਆਂ ਵਿਚ ਐਚ.ਟੀ. ਮੀਡੀਆ ਦੀ ਚੇਅਰਪਰਸਨ ਤੇ ਸੰਪਾਦਕੀ ਨਿਰਦੇਸ਼ਕ ਸ਼ੋਭਨਾ ਭਾਰਤੀ ਤੇ ਬੌਲੀਵੁੱਡ ਦੀ ਸਭ ਤੋਂ ਸਫਲ ਅਭਿਨੇਤਰੀ ਤੇ ਹੌਲੀਵੁੱਡ 'ਚ ਪੈਰ ਧਰਨ ਵਾਲੀ ਪ੍ਰਿਅੰਕਾ ਚੋਪੜਾ ਨੂੰ ਕ੍ਰਮਵਾਰ 92ਵਾਂ ਤੇ 97ਵਾਂ ਸਥਾਨ ਮਿਲਿਆ ਹੈ। ਭਾਰਤੀ ਮੂਲ ਦੀਆਂ ਮਹਿਲਾਵਾਂ 'ਚੋਂ ਪੈਪਸਿਕੋ ਦੀ ਸੀ.ਈ.ਓ. ਇੰਦਰਾ ਨੂਈ 11ਵੇਂ ਜਦਕਿ ਭਾਰਤੀ ਅਮਰੀਕੀ ਨਿੱਕੀ ਹੇਲੀ 43ਵੇਂ ਥਾਵੇਂ ਰਹੀ। ਉਂਜ, ਓਵਰਆਲ ਸੂਚੀ ਵਿਚ ਮਰਕਲ ਲਗਾਤਾਰ ਸੱਤਵੀਂ ਵਾਰ ਅੱਵਲ ਨੰਬਰ ਰਹੀ ਜਦਕਿ ਕੁਲ ਮਿਲਾ ਕੇ ਇਹ ਬਾਰ੍ਹਵੀਂ ਵਾਰ ਹੈ ਜਦੋਂ ਜਰਮਨ ਚਾਂਸਲਰ ਸਿਖਰ ਉਤੇ ਕਾਬਜ਼ ਰਹੀ। ਮਰਕਲ ਤੋਂ ਬਾਅਦ ਦੂਜੇ ਨੰਬਰ ਉਤੇ ਯੂਕੇ ਦੀ ਪ੍ਰਧਾਨ ਮੰਤਰੀ ਟੈਰੇਸਾ ਮੇਅ ਜਦਕਿ ਤੀਜਾ ਸਥਾਨ ਬਿੱਲ ਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਦੀ ਕੋ-ਚੇਅਰ ਮੈਲਿੰਡਾ ਗੇਟਸ ਦੇ ਹਿੱਸੇ ਆਇਆ।





# ਕਾਰੋਬਾਰੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਖੁੱਲ੍ਹਾ ਸੱਦਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੰਬਈ ਵਿਚ 'ਨਵੀਂ ਸਨਅਤੀ ਅਤੇ ਬਿਜ਼ਨਸ ਵਿਕਾਸ ਨੀਤੀ 2017' ਤੋਂ ਪਰਦਾ ਹਟਾਇਆ ਅਤੇ ਸੂਬੇ ਨੂੰ ਗਤੀਸ਼ੀਲ ਉਦਯੋਗਿਕ ਧੁਰਾ ਬਣਾਉਣ ਲਈ ਉਦਯੋਗਪਤੀਆਂ ਨੂੰ ਸੂਬਾ ਸਰਕਾਰ ਨਾਲ ਭਾਈਵਾਲੀ ਦਾ ਸੱਦਾ ਦਿੱਤਾ।

ਉਹ ਸੀ.ਆਈ.ਆਈ. ਦੇ 'ਇਨਵੈਸਟ ਨਾਰਥ' ਸੰਮੇਲਨ ਵਿਚ ਇਕ ਉਚ ਪੱਧਰੀ ਵਫਦ ਨਾਲ ਪਹੁੰਚੇ ਸਨ। ਉਨ੍ਹਾਂ ਸਨਅਤੀ ਨੀਤੀ ਬਾਰੇ ਫੀਡਬੈਕ ਜਾਂ ਸੁਝਾਅ ਜਾਂ ਇਸ ਵਿਚ ਕਿਸੇ ਵੀ ਤਬਦੀਲੀ ਸਬੰਧੀ ਉਦਯੋਗਪਤੀਆਂ ਨੂੰ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਨੂੰ ਖੁਸ਼ੀਆਂ ਖੇੜਿਆਂ ਵਾਲਾ ਖੇਤਰ ਬਣਾਉਣਾ ਚਾਹੁੰਦੀ ਹੈ ਜਿਸ ਲਈ ਉਹ ਪੰਜਾਬ ਆਉਣ ਅਤੇ ਕੰਮ ਕਰਨ। ਢੁਕਵੇਂ ਮਾਹੌਲ ਅਤੇ ਇਕਸਾਰ ਮੌਕੇ ਮੁਹੱਈਆ ਕਰਾਉਣ ਦਾ ਵਾਅਦਾ ਕਰਦਿਆਂ ਮੁੱਖ ਮੰਤਰੀ ਨੇ ਉਦਯੋਗਪਤੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ।


ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਨਵੇਂ ਉਦਯੋਗ ਸਥਾਪਤ ਹੋਣ ਨਾਲ ਮੌਜੂਦਾ ਉਦਯੋਗ ਹੋਰ ਮੁਕਾਬਲੇਬਾਜ਼ੀ ਵਾਲਾ ਬਣੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲ ਦੇ ਆਧਾਰ ਉਤੇ ਸਨਅਤੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਾਰੇ ਸੰਭਵ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ



ਵਿਚ ਚੰਗੀ ਕਿਰਤ ਸ਼ਕਤੀ ਹੈ ਜਿਸ ਨਾਲ ਉਦਯੋਗ ਨੂੰ ਲਾਭ ਮਿਲ ਸਕਦਾ ਹੈ।

ਖੇਤੀਬਾੜੀ ਦੇ ਮੋਰਚੇ 'ਤੇ ਵੀ ਪੰਜਾਬ ਤਬਦੀਲੀਆਂ ਲਿਆਉਣਾ ਚਾਹੁੰਦਾ ਹੈ। ਤੁਪਕਾ ਸਿੰਚਾਈ ਤੇ ਫਸਲੀ ਵਿਭਿੰਨਤਾ ਵਰਗੇ ਕੁਝ ਖੇਤਰ ਹਨ ਜਿਥੇ ਸਰਕਾਰ ਆਪਣਾ ਧਿਆਨ ਕੇਂਦਰਤ ਕਰ ਰਹੀ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਅਗਲੇ ਸਾਢੇ ਚਾਰ ਸਾਲਾਂ ਵਿਚ ਖੇਤੀਬਾੜੀ ਤੋਂ ਉਦਯੋਗ ਵਿਚ ਸੂਬੇ ਦੀ ਕਾਇਆ ਕਲਪ ਕਰਨਾ ਚਾਹੁੰਦੀ ਹੈ।

## ਮੁਕੇਸ਼ ਅੰਬਾਨੀ ਨੇ ਨਿਵੇਸ਼ ਲਈ ਹਾਮੀ ਭਰੀ



**ਮੁੰਬਈ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਆਰ.ਆਈ.ਐੱਲ. ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਟੈਲੀਕਾਮ ਅਤੇ ਡੈਟਾ ਨੈਟਵਰਕ ਤੋਂ ਇਲਾਵਾ ਖੇਤੀਬਾੜੀ ਉਤਪਾਦਕਤਾ, ਫੂਡ ਪ੍ਰੋਸੈਸਿੰਗ ਉਦਯੋਗ, ਉਤਪਾਦਨ ਸੁਵਿਧਾਵਾਂ ਅਤੇ ਪਰਚੂਨ ਸਮੇਤ ਵੱਖ-ਵੱਖ ਖੇਤਰਾਂ ਵਿਚ ਸਹਿਯੋਗ ਕਰਨ ਲਈ ਸਹਿਮਤੀ ਜਤਾਈ ਹੈ। ਮੁੰਬਈ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਸ੍ਰੀ ਅੰਬਾਨੀ ਨੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨਾਲ ਸਹਿਮਤੀ ਜਤਾਉਂਦਿਆਂ ਸ੍ਰੀ ਅੰਬਾਨੀ ਨੇ ਰੁਜ਼ਗਾਰ ਪੈਦਾ ਕਰਨ ਲਈ ਤਕਨਾਲੋਜੀ ਦੀ ਤਾਇਨਾਤੀ ਵਾਸਤੇ ਚੰਡੀਗੜ੍ਹ 'ਚ ਆਪਣੀ ਸਮਰਪਤ ਟੀਮ ਦੀ ਸਥਾਪਤੀ ਦਾ ਸੁਝਾਅ ਦਿੱਤਾ।

## ਕੇਬਲ ਕਾਰੋਬਾਰੀਆਂ ਨੂੰ ਕੈਪਟਨ ਵੱਲੋਂ ਹੌਸਲਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਿੰਦੂਜਾ ਗਰੁੱਪ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਸਰਕਾਰ ਸੂਬੇ ਵਿਚ ਕੇਬਲ ਕਾਰੋਬਾਰ ਵਿਚ ਕਿਸੇ ਦੀ ਅਜਾਰੇਦਾਰੀ ਜਾਂ 'ਗੁੰਡਾਗਰਦੀ' ਨਹੀਂ ਚੱਲਣ ਦੇਵੇਗੀ ਅਤੇ ਸਭ ਨੂੰ ਬਰਾਬਰ ਮੌਕੇ ਮੁਹੱਈਆ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਇਹ ਭਰੋਸਾ ਹਿੰਦੂਜਾ ਗਰੁੱਪ ਦੇ ਚੇਅਰਮੈਨ ਅਸ਼ੋਕ ਪੀ. ਹਿੰਦੂਜਾ ਦੀ ਅਗਵਾਈ ਵਿਚ ਕੰਪਨੀ ਦੀ ਸਿਖਰਲੀ ਮੈਨੇਜਮੈਂਟ ਨਾਲ ਉਚ ਪੱਧਰੀ ਮੀਟਿੰਗ ਦੌਰਾਨ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਹਿੰਦੂਜਾ ਵੱਲੋਂ ਦੋ ਸਾਲ ਪਹਿਲਾਂ ਸ਼ੁਰੂ ਕੀਤੀ 'ਹਿਟਸ' ਦੀ ਡਿਜੀਟਲ ਸੇਵਾ ਐਨ.ਐਕਸ.ਟੀ. ਡਿਜੀਟਲ ਨੂੰ ਚੁਣਨ ਵਾਲੇ ਕੇਬਲ ਅਪਰੇਟਰਾਂ ਨੂੰ ਡਰਾਉਣ-ਧਮਕਾਉਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਦੇਵੇਗੀ। 'ਹਿਟਸ' ਸੈਟੇਲਾਈਟ ਆਧਾਰਿਤ ਡਿਜੀਟਲ ਕੇਬਲ ਵੰਡ ਪਲੇਟਫਾਰਮ ਸੇਵਾ ਹੈ, ਜਿਸ ਵਿਚ ਸੈਟੇਲਾਈਟ ਉਪਕਰਨਾਂ ਦੀ ਵਰਤੋਂ ਕਰ ਰਹੇ ਕੇਬਲ ਅਪਰੇਟਰਾਂ ਨੂੰ ਟੀ.ਵੀ. ਸਿਗਨਲ ਦਿੱਤਾ ਜਾਂਦਾ ਹੈ। ਇਸ ਮਗਰੋਂ ਅਪਰੇਟਰ ਡਾਇਰੈਕਟ-ਟੂ-ਹੋਮ ਦੀ ਬਜਾਏ ਇਸ ਤਕਨਾਲੋਜੀ ਦੇ ਹਿੱਸੇ ਵਜੋਂ ਕੇਬਲ ਰਾਹੀਂ ਟੀ.ਵੀ. ਸਿਗਨਲ ਘਰਾਂ ਨੂੰ ਭੇਜਦੇ ਹਨ।

# ਸ਼੍ਰੋਮਣੀ ਕਮੇਟੀ ਮੈਂਬਰ ਦੇ ਪੁੱਤ ਨੂੰ ਕੈਦ

**ਫਰੀਦਕੋਟ:** ਚੈੱਕ ਬਾਊਂਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦੇ ਪੁੱਤਰ ਨੂੰ ਜੇਲ੍ਹ ਹੋ ਗਈ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੇ ਸਾਬਕਾ ਚੇਅਰਮੈਨ ਹਰਜੀਤ ਸਿੰਘ ਭੋਲੂਵਾਲਾ ਤੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਕੌਰ ਭੋਲੂਵਾਲਾ ਦੇ ਪੁੱਤਰ ਰਮਨਦੀਪ ਸਿੰਘ ਭੋਲੂਵਾਲਾ ਨੂੰ ਹੇਠਲੀ ਅਦਾਲਤ ਤੋਂ ਸਾਰੇ ਕੇਸਾਂ 'ਚ ਮਿਲੀ 1-1 ਸਾਲ ਦੀ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਖਿਲਾਫ਼ ਪਾਈ ਅਪੀਲ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ।

ਰਮਨਦੀਪ ਨੂੰ ਇਸੇ ਸਾਲ 10 ਜਨਵਰੀ ਨੂੰ ਇਹ ਸਜ਼ਾ ਸੁਣਾਈ ਗਈ ਸੀ ਜਿਸ ਖਿਲਾਫ ਜ਼ਿਲ੍ਹਾ ਅਦਾਲਤ 'ਚ ਅਪੀਲ ਦਾਇਰ ਕੀਤੀ ਸੀ। ਪਨਸਪ ਏਜੰਸੀ ਨੇ ਅਕਤੂਬਰ 2011 'ਚ ਹਰਜੀਤ ਸਿੰਘ ਭੋਲੂਵਾਲਾ ਦੀ ਪਤਨੀ ਤੇ ਪੁੱਤਰ ਦੇ ਨਾਮ 'ਤੇ ਫਰੀਦਕੋਟ ਸਥਿਤ ਰਾਈਸ ਮਿਲ 'ਚ ਮਿਲਿੰਗ ਲਈ 1.11 ਲੱਖ ਝੋਨੇ ਦੇ ਗੱਟੇ ਲਵਾਏ ਸੀ ਜਿਸ ਨੂੰ ਉਸ ਨੇ ਵਿਭਾਗ ਨੂੰ ਮਿਲਿੰਗ ਕਰ ਕੇ ਵਾਪਸ ਕਰਨ ਦੀ ਥਾਂ ਉਸ ਨੂੰ ਖੁਰਦ-ਬੁਰਦ ਕਰ ਦਿੱਤਾ। ਝੋਨੇ ਦੀ ਰਕਮ ਦੀ ਵਸੂਲੀ ਲਈ ਵਿਭਾਗ ਵੱਲੋਂ ਦਬਾਅ ਬਣਾਏ ਜਾਣ 'ਤੇ ਮਿਲ ਦੇ ਮਾਲਕਾਂ ਨੇ ਰਮਨਦੀਪ ਸਿੰਘ ਤੇ ਗੁਰਿੰਦਰ ਕੌਰ ਨੇ ਪਨਸਪ ਨੂੰ 50-50 ਲੱਖ ਦੇ ਤਿੰਨ ਤੇ 28-28 ਲੱਖ ਰੁਪਏ ਦੇ ਦੋ ਚੈੱਕ ਸੌਂਪੇ ਜੋ ਬਾਊਂਸ ਹੋ ਗਏ।

# ਸੂਬਿਆਂ ਦਰਮਿਆਨ ਗਿਲੇ ਮੁਕਾਉਣ ਲਈ ਕੌਂਸਲ ਮੁੜ ਕਾਇਮ

**ਨਵੀਂ ਦਿੱਲੀ:** ਅੰਤਰ-ਰਾਜ ਪ੍ਰੀਸ਼ਦ, ਜਿਸ ਨੂੰ ਸੂਬਿਆਂ ਦਰਮਿਆਨ ਵਿਵਾਦਾਂ ਦੀ ਪੜਤਾਲ ਤੇ ਸਲਾਹ ਦੇਣ ਦਾ ਅਧਿਕਾਰ ਹੈ, ਦਾ ਮੁੜ ਗਠਨ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਦੇ ਚੇਅਰਮੈਨ ਹਨ ਜਦੋਂ ਕਿ ਛੇ ਕੇਂਦਰੀ ਮੰਤਰੀ ਅਤੇ ਸਾਰੇ ਮੁੱਖ ਮੰਤਰੀ ਇਸ ਦੇ ਮੈਂਬਰ ਹਨ। ਗਜ਼ਟ ਨੋਟੀਫਿਕੇਸ਼ਨ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਵਿੱਤ ਮੰਤਰੀ ਅਰੁਣ ਜੇਤਲੀ, ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ, ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰੀ ਥਾਵਰ ਚੰਦ ਗਹਿਲੋਤ ਅਤੇ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਇਸ ਦੇ ਮੈਂਬਰ ਹਨ।

ਸਾਰੇ ਸੂਬਿਆਂ ਤੇ ਵਿਧਾਨ ਸਭਾ ਵਾਲੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਮੰਤਰੀ ਵੀ ਇਸ ਕੌਂਸਲ ਦੇ ਮੈਂਬਰ ਹੋਣਗੇ। ਅੱਠ ਹੋਰ ਕੇਂਦਰੀ ਮੰਤਰੀ ਇਸ ਦੇ ਪਰਮਾਨੈਂਟ ਇਨਵਾਇਟੀ ਬਣਾਏ ਜਾ ਰਹੇ ਹਨ, ਜਿਨ੍ਹਾਂ 'ਚ ਸੁਰੇਸ਼ ਪ੍ਰਭੂ (ਵਣਜ), ਰਾਮ ਵਿਲਾਸ ਪਾਸਵਾਨ (ਖਾਧ), ਹਰਸਿਮਰਤ ਕੌਰ ਬਾਦਲ (ਫੂਡ ਪ੍ਰੋਸੈਸਿੰਗ ਇੰਡਸਟਰੀਜ਼), ਜੁਆਲ ਓਰਮ (ਕਬਾਇਲੀ ਮਾਮਲੇ), ਪ੍ਰਕਾਸ਼ ਜਾਵਡੇਕਰ (ਮਨੁੱਖੀ ਵਸੀਲੇ ਵਿਕਾਸ), ਧਰਮੇਂਦਰ ਪ੍ਰਧਾਨ (ਪੈਟਰੋਲੀਅਮ) ਅਤੇ ਪਿਊਸ਼ ਗੋਇਲ (ਰੇਲਵੇ) ਸ਼ਾਮਲ ਹਨ। ਸੰਵਿਧਾਨ ਦੀ ਧਾਰਾ 263 ਤਹਿਤ ਕਾਇਮ ਕੀਤੀ ਜਾਣ ਵਾਲੀ ਅੰਤਰ-ਰਾਜ ਕੌਂਸਲ ਨੂੰ ਸੂਬਿਆਂ ਦਰਮਿਆਨ ਪੈਦਾ ਹੋਣ ਵਾਲੇ ਵਿਵਾਦਾਂ ਦੀ ਜਾਂਚ ਕਰਨ ਅਤੇ ਇਨ੍ਹਾਂ ਬਾਰੇ ਮਸ਼ਵਰਾ ਦੇਣ ਦਾ ਅਧਿਕਾਰ ਹੈ। ਇਸ ਨੂੰ ਨੀਤੀ ਤੇ ਕਾਰਵਾਈ ਵਿਚ ਬਿਹਤਰ ਤਾਲਮੇਲ ਅਤੇ ਕਿਸੇ ਵਿਵਾਦ ਵਿੱਚ ਸਿਫਾਰਸ਼ਾਂ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਦੂਜੇ ਨੋਟੀਫਿਕੇਸ਼ਨ 'ਚ ਸਰਕਾਰ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਅੰਤਰ-ਰਾਜ ਕੌਂਸਲ ਦੀ ਸਥਾਈ ਕਮੇਟੀ ਦਾ ਮੁੜ ਗਠਨ ਕੀਤਾ ਹੈ।

## ਐਕਸਿਸ ਬੈਂਕ ਵਿਚ ਦਿਨ ਦਿਹਾੜੇ ਡਾਕਾ

**ਤਰਨ ਤਾਰਨ:** ਤਿੰਨ ਹਥਿਆਰਬੰਦ ਨਕਾਬਪੋਸ਼ ਲੁਟੇਰੇ ਖਿੱਖੀਵਿੰਡ ਖੇਤਰ ਅਧੀਨ ਆਉਂਦੇ ਪਿੰਡ ਘੁਰਕਵਿੰਡ ਸਥਿਤ ਐਕਸਿਸ ਬੈਂਕ ਦੀ ਸ਼ਾਖਾ ਵਿਚੋਂ 6.1 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਤਕਰੀਬਨ ਡੇਢ ਵਜੇ ਤਿੰਨ ਹਥਿਆਰਬੰਦ ਲੁਟੇਰੇ ਅਚਾਨਕ ਬੈਂਕ ਅੰਦਰ ਦਾਖਲ ਹੋਏ। ਲੁਟੇਰਿਆਂ ਨੇ ਬੈਂਕ ਵਿਚ ਵੜਦਿਆਂ ਹੀ ਸੁਰੱਖਿਆ ਕਰਮਚਾਰੀ ਉਤੇ ਗੋਲੀ ਚਲਾ ਦਿੱਤੀ ਤੇ ਮੈਨੇਜਰ ਕੋਲੋਂ ਬੰਦੂਕ ਦੀ ਨੋਕ 'ਤੇ 6.1 ਲੱਖ ਰੁਪਏ ਨਗਦੀ ਲੁੱਟ ਲਈ। ਘਟਨਾ ਮੌਕੇ ਬੈਂਕ ਦੇ ਸੁਰੱਖਿਆ ਮੁਲਾਜ਼ਮ ਕੋਲ ਬੰਦੂਕ ਨਹੀਂ ਸੀ।

# ਖਰਚੇ ਦੇ ਜੁਗਾੜ ਲਈ ਹੱਥ ਪੈਰ ਮਾਰਨ ਲੱਗੀ ਸਰਕਾਰ

**ਬਠਿੰਡਾ:** ਪੰਜਾਬ ਸਰਕਾਰ ਹੁਣ ਕਰਜ਼ਾਈ ਕਿਸਾਨਾਂ ਨੂੰ ਰਾਹਤ ਦੇਣ ਲਈ ਮਾਰਕਿਟ ਫੀਸ ਤੇ ਦਿਹਾਤੀ ਵਿਕਾਸ ਫੰਡ ਵਰਤੇਗੀ। ਕਾਨੂੰਨੀ ਤੇ ਵਿਧਾਨਕ ਮਾਮਲਿਆਂ ਬਾਰੇ ਵਿਭਾਗ ਨੇ 30 ਅਕਤੂਬਰ ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਕੱਤਰ ਵਿਵੇਕਪੁਰੀ ਵੱਲੋਂ ਜਾਰੀ ਪੰਜਾਬ ਆਰਡੀਨੈਂਸ ਨੰਬਰ 8 ਅਤੇ 9 ਆਫ 2017 ਨਾਲ ਮਾਰਕਿਟ ਫੀਸ ਤੇ ਪੇਂਡੂ ਵਿਕਾਸ ਫੰਡ ਦਾ ਪੈਸਾ ਕਰਜ਼ਾਈ ਕਿਸਾਨਾਂ ਨੂੰ ਰਾਹਤ ਦੇਣ ਦਾ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਪਹਿਲਾਂ ਆਰਡੀਨੈਂਸ 6 ਅਤੇ 7 ਆਫ 2017 ਜਾਰੀ ਕਰ ਕੇ ਮਾਰਕਿਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਦੋ-ਦੋ ਤੋਂ ਵਧਾ ਕੇ ਤਿੰਨ-ਤਿੰਨ ਫੀਸਦੀ ਕੀਤਾ ਸੀ।

ਵੇਰਵਿਆਂ ਅਨੁਸਾਰ ਮਾਰਕਿਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਤੋਂ ਪਹਿਲਾਂ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਦੀ ਆਮਦਨ ਹੋ ਰਹੀ ਸੀ। ਦੋ ਫੀਸਦੀ ਦੇ ਵਾਧੇ ਨਾਲ ਹੁਣ ਖਜ਼ਾਨੇ ਨੂੰ ਤਕਰੀਬਨ 900 ਕਰੋੜ ਰੁਪਏ ਸਾਲਾਨਾ ਹੋਰ ਮਿਲਣਗੇ। ਰੌਲਾ ਇਹ ਵੀ ਪਿਆ ਹੈ ਕਿ ਜੇ ਮਾਰਕਿਟ ਫੀਸ ਤੇ ਦਿਹਾਤੀ ਵਿਕਾਸ ਫੰਡ ਦਾ ਸਾਰਾ ਪੈਸਾ ਕਰਜ਼ਾਈ ਕਿਸਾਨਾਂ ਦੀ ਮਦਦ ਉਤੇ ਖਰਚ ਕਰ ਦਿੱਤਾ ਤਾਂ ਲਿੰਕ ਸੜਕਾਂ ਅਤੇ ਪੇਂਡੂ ਢਾਂਚੇ ਦੇ ਵਿਕਾਸ ਨੂੰ ਸੱਟ ਵੱਜੇਗੀ ਪਰ ਸਰਕਾਰ ਨੇ ਸਿਰਫ ਦੋ ਫੀਸਦੀ ਵਾਧੇ ਵਾਲੀ ਆਮਦਨ ਕਰਜ਼ਾਈ ਕਿਸਾਨਾਂ 'ਤੇ ਖਰਚਣ ਦਾ ਫੈਸਲਾ ਕੀਤਾ ਹੈ। ਭਾਵੇਂ ਇਸ ਫੀਸ ਵਿਚ ਵਾਧੇ ਦਾ ਕਿਸਾਨਾਂ ਉਤੇ ਕੋਈ ਬੋਝ ਨਹੀਂ ਪਵੇਗਾ ਪਰ ਰਾਜ ਸਰਕਾਰ ਨੇ ਜੁਗਾੜਬੰਦੀ ਕਰ ਕੇ ਕੇਂਦਰ ਤੋਂ ਪੈਸਾ ਲਿਆਉਣ ਦਾ ਟੇਢਾ ਰਾਹ ਕੱਢ ਲਿਆ ਹੈ। ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਕੇਂਦਰ ਤੋਂ ਟੇਢੇ ਢੰਗ ਨਾਲ ਪੈਸਾ ਖਿੱਚਣ ਦਾ ਤਰੀਕਾ ਵਰਤਿਆ ਹੈ। ਹੁਣ ਜੋ ਮਾਰਕਿਟ ਫੀਸ ਤੇ ਦਿਹਾਤੀ ਵਿਕਾਸ ਫੰਡ ਵਿਚ ਦੋ ਫੀਸਦੀ ਵਾਧੇ ਵਾਲਾ ਪੈਸਾ ਪ੍ਰਾਪਤ ਹੋਵੇਗਾ, ਉਹ ਅਸਲ ਵਿਚ ਕੇਂਦਰ ਸਰਕਾਰ ਤੋਂ ਵਾਇਆ ਖਰੀਦ ਏਜੰਸੀਆਂ ਪ੍ਰਾਪਤ ਹੋਵੇਗਾ। ਇਸ ਵਾਧੇ ਮਗਰੋਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਮਾਰਕਿਟ ਫੀਸ ਲੈਣ ਵਾਲਾ ਸੂਬਾ ਬਣ ਗਿਆ ਹੈ।

## ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਬਾਜਵਾ ਨਾਖੁਸ਼

**ਚੰਡੀਗੜ੍ਹ:** ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਸੂਬੇ ਵਿਚ ਆਪਣੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਹਨ ਅਤੇ ਉਨ੍ਹਾਂ ਨੇ ਆਪਣੀ ਸਰਕਾਰ ਖਿਲਾਫ਼ ਭੜਾਸ ਕੱਢਦਿਆਂ ਬੇਵਸੀ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਤਿੰਨ ਮਹੀਨੇ ਪਹਿਲਾਂ ਅਸਤੀਫਾ ਭੇਜ ਕੇ ਇਕ ਖਤ ਲਿਖਿਆ ਸੀ ਕਿ ਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸਾਬਕਾ ਮੰਤਰੀਆਂ ਬਿਕਰਮ ਸਿੰਘ ਮਜੀਠੀਆ, ਤੋਤਾ ਸਿੰਘ ਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਖਿਲਾਫ਼ ਪੰਜਾਬ ਸਰਕਾਰ ਕਾਰਵਾਈ ਨਹੀਂ ਕਰਦੀ ਤਾਂ ਮੈਂ ਕੀ ਕਰਾਂ? ਮੈਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨ 'ਤੇ ਮਹੀਨੇ ਅੰਦਰ ਇਨ੍ਹਾਂ ਆਗੂਆਂ ਨੂੰ ਜੇਲ੍ਹ ਵਿਚ ਸੁੱਟਣ ਲਈ ਕਿਹਾ ਸੀ ਅਤੇ ਹੁਣ ਵੀ ਆਪਣੇ ਸਟੈਂਡ 'ਤੇ ਕਾਇਮ ਹਾਂ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਲਾਫ਼ ਅਜੇ ਤੱਕ ਕਾਰਵਾਈ ਕਿਉਂ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਾਰਵਾਈ ਨਾ ਕੀਤੀ ਤਾਂ ਇਸ ਨਾਲ ਕਾਂਗਰਸ ਸਰਕਾਰ ਤੇ ਪਾਰਟੀ ਦੋਵਾਂ ਦਾ ਅਕਸ ਖਰਾਬ ਹੋਵੇਗਾ। ਦੱਸਣਯੋਗ ਹੈ ਕਿ ਨਸ਼ਿਆਂ ਦੇ ਮੁੱਦੇ 'ਤੇ ਕੈਪਟਨ ਸਰਕਾਰ ਤੇ ਕਾਂਗਰਸੀ ਵਿਧਾਇਕਾਂ ਵਿਚਾਲੇ ਤਿੱਖੇ ਮਤਭੇਦ ਹਨ। ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਦੇ 40 ਵਿਧਾਇਕਾਂ ਨੇ ਬਿਕਰਮ ਸਿੰਘ ਮਜੀਠੀਆ ਵਿਰੁੱਧ ਕਾਰਵਾਈ ਲਈ ਮੁੱਖ ਮੰਤਰੀ ਨੂੰ ਇਕ ਪੱਤਰ ਵੀ ਦਿੱਤਾ ਸੀ। ਇਨ੍ਹਾਂ ਵਿਧਾਇਕਾਂ ਦੇ ਆਗੂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਜ਼ਿਮਨੀ ਚੋਣ ਬਾਅਦ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਨੇ ਕੈਪਟਨ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਜੇਕਰ ਕਾਰਵਾਈ ਨਾ ਕੀਤੀ ਤਾਂ ਉਹ ਇਸ ਮਾਮਲੇ ਨੂੰ ਜਨਤਕ ਕਰ ਦੇਣਗੇ।



# ਗਦਰੀ ਬਾਬਿਆਂ ਦੇ ਮੇਲੇ 'ਚ ਫਿਰਕੂਵਾਦ ਵਿਰੁਧ ਆਵਾਜ਼ ਬੁਲੰਦ ਕਰਨ ਦਾ ਸੱਦਾ

**ਜਲੰਧਰ:** ਦੇਸ਼ ਵਿਚ ਫਿਰਕੂਵਾਦ ਤੇ ਕਾਰਪੋਰੇਟਾਂ ਦੇ ਹੱਲੇ ਵਿਰੁੱਧ ਆਵਾਜ਼ ਬੁਲੰਦ ਕਰਨ ਦੇ ਸੱਦੇ ਨਾਲ ਗਦਰੀ ਬਾਬਿਆਂ ਦਾ ਮੇਲਾ ਸਮਾਪਤ ਹੋ ਗਿਆ। ਮੇਲੇ ਦੇ ਆਖਰੀ ਦਿਨ ਦੇਸ਼ ਭਗਤ ਯਾਦਗਾਰ ਹਾਲ ਵਿਚ ਵਿਆਹ ਵਰਗਾ ਮਾਹੌਲ ਸੀ। ਸਾਰਾ ਦਿਨ ਚਰਚਾ ਚੱਲੀ ਕਿ ਪੰਜਾਬ ਵਿਚ ਅੰਨਦਾਤੇ ਅਤੇ ਖੇਤ ਮਜ਼ਦੂਰਾਂ ਦੀ ਅਣਦੇਖੀ ਹੋ ਰਹੀ ਹੈ ਤੇ ਉਨ੍ਹਾਂ ਨੂੰ ਖੁਦਕੁਸ਼ੀਆਂ ਵੱਲ ਧੱਕਿਆ ਜਾ ਰਿਹਾ ਹੈ। ਬੁਲਾਰਿਆਂ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਸੰਘਰਸ਼ ਦਾ ਰਾਹ ਅਪਨਾਉਣ ਦਾ ਸੱਦਾ ਦਿੱਤਾ। ਗਦਰੀ ਬਾਬਿਆਂ ਦੇ ਮੇਲੇ ਦੇ ਆਖਰੀ ਦਿਨ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ ਨੇ ਅਦਾ ਕੀਤੀ। ਐਸ. ਆਰ. ਟੀ. ਡੀ.ਏ.ਵੀ. ਸਕੂਲ ਬਿਲਗਾ ਦੇ ਵਿਦਿਆਰਥੀਆਂ ਦੀ ਬੈਂਡ ਟੀਮ ਨੇ ਸੰਗੀਤਕ ਧੁੰਨਾਂ ਨਾਲ ਆਜ਼ਾਦੀ ਸੰਗਰਾਮੀਆਂ ਨੂੰ ਸਲਾਮ ਕੀਤੀ।

ਗੰਧਰਵ ਸੇਨ ਕੋਛੜ ਨੇ ਕੁੰਜੀਵਤ ਭਾਸ਼ਣ ਵਿਚ ਕਾਰਪੋਰੇਟ ਜਗਤ ਵੱਲੋਂ ਲੋਕਾਂ ਉਤੇ ਬੋਲੇ ਹੱਲੇ ਦਾ ਜ਼ਿਕਰ ਕਰਦਿਆਂ ਇਸ ਖਿਲਾਫ਼ ਬੇਖੌਫ਼




ਹੋ ਕੇ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਇਤਿਹਾਸ ਦੀਆਂ ਅਮੁੱਲੀਆਂ ਕਦਰਾਂ-ਕੀਮਤਾਂ ਨੂੰ ਅੱਗੇ ਤੋਰਨ ਲਈ ਇਕਜੁੱਟ ਅਤੇ ਚੇਤਨ ਹੋ ਕੇ ਜਨਤਕ ਸੰਘਰਸ਼ ਕਰਨ ਲਈ ਅਪੀਲ ਕੀਤੀ। ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਵੱਲੋਂ ਲਿਖਿਆ ਕਾਵਿ-ਨਾਟ ਰੂਪ ਵਿਚ ਝੰਡੇ ਦਾ ਗੀਤ 100 ਤੋਂ ਵੱਧ ਲੜਕੇ-ਲੜਕੀਆਂ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਜਿਥੇ ਰੂਸੀ ਕ੍ਰਾਂਤੀ, ਗਦਰ ਲਹਿਰ ਤੇ ਇਨਕਲਾਬੀ ਲਹਿਰਾਂ ਨੂੰ ਆਪਣੇ ਕਲਾਵੇ ਵਿਚ ਲਿਆ, ਉਥੇ ਅਜੋਕੇ ਸਮੇਂ ਦੇ ਭਖਦੇ ਮਸਲਿਆਂ ਉਪਰ ਵਿਗਿਆਨਕ ਚੇਤਨਾ ਦੀ ਰੌਸ਼ਨੀ ਪਾਈ ਅਤੇ ਨਵਾਂ-ਨਰੋਆ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ। ਮੇਲੇ ਦੀ ਮੁੱਖ ਵਕਤਾ ਲੇਖਕਾ ਰਾਣਾ ਅਯੂਬ ਨੇ ਜ਼ੋਰ ਦਿੱਤਾ ਕਿ ਅਜੋਕੇ ਫਿਰਕੂ ਫਾਸ਼ੀਵਾਦੀ ਦੌਰ ਵਿਚ ਵਿਚਾਰਾਂ ਦੀ ਆਜ਼ਾਦੀ ਅਤੇ ਮਾਣਮੱਤੀ ਜ਼ਿੰਦਗੀ ਜਿਉਣ ਲਈ ਚੁੱਪ ਤੋੜ ਕੇ ਬੁਲੰਦ ਆਵਾਜ਼ ਵਿਚ ਬੋਲਣਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਲੋਕਾਂ ਦੀ ਗੱਲ ਕਰਨ ਵਾਲੇ ਪੱਤਰਕਾਰਾਂ ਤੇ ਲੇਖਕਾਂ ਉਪਰ ਹੁੰਦੇ ਜਾਨਲੇਵਾ ਹਮਲਿਆਂ ਦਾ ਜ਼ਿਕਰ ਕਰਦਿਆਂ ਇਸ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਵਿਰਸਾ, ਸੋਵੀਨਰ ਤੇ 'ਗਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਨਾਮਧਾਰੀ ਜਥਾ ਭੈਣੀ ਸਾਹਿਬ ਵੱਲੋਂ ਕਲਾਸੀਕਲ ਸੰਗੀਤ, ਅਮਰਜੀਤ ਸਿੰਘ ਸਭਰਾਵਾਂ ਦੇ ਜਥੇ ਵੱਲੋਂ ਢਾਡੀ ਰੰਗ, ਵਿਨੈ ਅਹਿਮਦਾਬਾਦ ਅਤੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਵੱਲੋਂ ਭਾਵਪੂਰਤ ਗੀਤ ਅਤੇ ਕਵੀਸ਼ਰੀਆਂ ਪੇਸ਼ ਕੀਤੀਆਂ ਗਈਆਂ। ਡਾ. ਜਸਮੀਤ ਅੰਮ੍ਰਿਤਸਰ ਵੱਲੋਂ 'ਬਦਲ ਦਿਓ' ਅਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ 'ਕੰਮੀਆਂ ਦਾ ਵਿਹੜਾ' ਨਾਟਕ ਪੇਸ਼ ਕੀਤੇ ਗਏ। 'ਰੂਸੀ ਸਮਾਜਵਾਦੀ ਇਨਕਲਾਬ ਅਤੇ ਅਜੋਕੇ ਸਮੇਂ ਵਿਚ ਇਸ ਦੀ ਪ੍ਰਸੰਗਕਤਾ' ਵਿਸ਼ੇ ਉਤੇ ਹੋਈ ਵਿਚਾਰ-ਚਰਚਾ ਵਿਚ ਡਾ. ਪਰਮਿੰਦਰ ਤੇ ਜਗਰੂਪ ਵੱਲੋਂ ਵਿਚਾਰ ਪੇਸ਼ ਕੀਤੇ ਗਏ।

'ਗੁਜਰਾਤ ਫਾਈਲਜ਼' ਦੀ ਲੇਖਕਾ ਤੇ ਪੱਤਰਕਾਰ ਰਾਣਾ ਅਯੂਬ ਨੇ ਕਿਹਾ ਕਿ 2002 ਦੇ ਗੁਜਰਾਤ ਦੰਗਿਆਂ ਜਾਂ ਫਿਰ 1992 ਦੌਰਾਨ ਬਾਬਰੀ ਮਸਜਿਦ ਢਾਹੁਣ ਸਮੇਂ ਜੋ ਹਾਲਾਤ ਬਣੇ ਸਨ, ਉਨ੍ਹਾਂ ਨੂੰ ਦੋਹਰਾਏ ਜਾਣ ਦਾ ਡਰ ਬਣਿਆ ਹੋਇਆ ਹੈ। 'ਗੁਜਰਾਤ ਮਾਡਲ' ਨੂੰ ਦੇਸ਼ ਵਿਚ ਸਫਲਤਾਪੂਰਵਕ ਲਾਗੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 1984 ਵਿਚ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲ ਅਤੇ 2002 ਵਿਚ ਗੁਜਰਾਤ ਦੰਗਿਆਂ ਨੂੰ ਦੇਖਦਿਆਂ ਸਪੱਸ਼ਟ ਹੁੰਦਾ ਹੈ ਕਿ ਰਾਜੀਵ ਗਾਂਧੀ ਤੇ ਨਰੇਂਦਰ ਮੋਦੀ ਦੀਆਂ ਨੀਤੀਆਂ ਵਿਚ ਬਹੁਤਾ ਫਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਹੁੰਦਿਆਂ ਰਾਜੀਵ ਗਾਂਧੀ ਨੇ ਜੋ ਕੁਝ ਨਵੰਬਰ 1984 ਵਿਚ ਕੀਤਾ ਸੀ, ਉਹ ਹੀ 2002 ਵਿਚ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਕੀਤਾ ਸੀ।

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਡੋਲੀ ਘਰ ਢੁੱਕਣ ਤੋਂ ਬਾਅਦ ਦੀਆਂ ਰਸਮਾਂ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਡੋਲੀ ਘਰੇ ਢੁੱਕਣ ਤੋਂ ਬਾਅਦ ਵਾਲੀਆਂ ਰਸਮਾਂ ਅਤੇ ਗੀਤਾਂ ਬਾਰੇ ਚਾਨਣਾ ਪਾਇਆ ਹੈ। -ਸੰਪਾਦਕ*

### ਡੋਲੀ ਦੇ ਸਵਾਗਤ ਦੀ ਰਸਮ ਅਤੇ ਗੀਤ

ਇਸ ਰਸਮ ਮੁਤਾਬਕ ਕੁਝ ਬਰਾਤੀ ਮਰਦ ਤੇ ਔਰਤਾਂ ਡੋਲੀ ਤੋਂ ਪਹਿਲਾਂ ਘਰ ਪੁੱਜ ਜਾਂਦੇ ਸਨ। ਸਹੁਰੇ ਪਿੰਡ 'ਚ ਰਾਹਾਂ 'ਚ ਅੱਖਾਂ ਵਿਛਾਈ ਮਾਂ, ਭੈਣਾਂ-ਭਰਜਾਈਆਂ, ਚਾਚੀਆਂ-ਤਾਈਆਂ ਤੇ ਆਂਢ-ਗੁਆਂਢ ਡੋਲੀ ਦੀ ਉਡੀਕ ਕਰ ਰਿਹਾ ਹੁੰਦਾ ਸੀ। ਨਵੀਂ ਵਿਆਹੀ ਭਾਬੀ ਦੇ ਮਹਿਤਾਬੀ ਮੁੱਖ ਤੋਂ ਘੁੰਡ ਚੁੱਕ ਕੇ ਦੇਖਣ ਦੀ ਉਤਸੁਕਤਾ ਵਿਚ ਨਣਦਾਂ ਦੇ ਪੱਬ ਧਰਤੀ 'ਤੇ ਨਹੀਂ ਲੱਗਦੇ ਸਨ। ਮਾਂ ਦਾ ਦਿਲ ਨੂੰਹ-ਪੁੱਤ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਲਈ ਬੇਤਾਬ ਹੁੰਦਾ ਸੀ। ਭਾਬੀਆਂ ਲਾਡਲੇ ਦਿਓਰ ਅਤੇ ਦਰਾਣੀ ਨਾਲ ਨੋਕ-ਝੋਕ ਕਰਨ ਲਈ ਬੇਚੈਨ ਹੁੰਦੀਆਂ ਸਨ। ਭੂਆ ਭਤੀਜੇ ਤੇ ਭਤੀਜ-ਨੂੰਹ ਕੋਲੋਂ ਮੱਥਾ ਟਿਕਾਉਣ ਲਈ ਉਤਾਵਲੀਆਂ ਹੁੰਦੀਆਂ ਸਨ।

ਚਾਚੀਆਂ-ਤਾਈਆਂ, ਮਾਮੀਆਂ-ਮਾਸੀਆਂ ਦੇ ਚਿਹਰੇ ਤੇ ਡੋਲੀ ਦੇ ਇੰਤਜ਼ਾਰ ਵਿਚ ਖ਼ੁਸ਼ੀ



*ਘਰ ਦੀ ਦਹਿਲੀਜ਼ 'ਤੇ ਮਾਤਾ ਪਾਣੀ ਵਾਰੇ...*

ਡਲ੍ਹਕਾਂ ਮਾਰਦੀ ਹੁੰਦੀ ਸੀ। ਅਜੋਕੇ ਸਮੇਂ ਵਿਚ ਅਜਿਹੀ ਇੰਤਜ਼ਾਰ ਨਹੀਂ ਰਹੀ, ਕਿਉਂਕਿ ਹੁਣ ਜੰਞ ਵਿਚ ਔਰਤਾਂ ਦੀ ਸ਼ਮੂਲੀਅਤ ਮਰਦਾਂ ਦੇ ਬਰਾਬਰ ਹੁੰਦੀ ਹੈ। ਹਾਂ! ਕਿਤੇ ਕਿਤੇ ਅਜੇ ਵੀ ਲਾੜੇ ਦੀ ਮਾਂ ਘਰ ਰਹਿਣਾ ਪਸੰਦ ਕਰਦੀ ਹੈ। ਪਹਿਲਾਂ ਪਹਿਲ ਨਣਦਾਂ ਦੇ ਦਿਲ ਭਾਬੀ ਦੇ ਮੁੱਖ ਤੋਂ ਘੁੰਡ ਚੁੱਕ ਕੇ ਦੇਖਣ ਲਈ ਉਤਾਵਲੇ ਹੁੰਦੇ ਸਨ। ਅੱਜ ਅਜਿਹੀ ਕੋਈ ਗੱਲ ਨਹੀਂ ਹੈ। ਇਹ ਰਸਮ ਨਵੀਂ ਬੰਨੋ ਦੇ ਸਵਾਗਤ ਲਈ ਕੀਤੀ ਜਾਂਦੀ ਹੈ। ਸਹੁਰੇ ਪਿੰਡ ਪੁੱਜਦੇ ਹੀ ਵਿਆਹ ਵਾਲੀ ਕੁੜੀ ਨੂੰ ਵਹੁਟੀ ਜਾਂ ਲਾੜੀ ਕਿਹਾ ਜਾਂਦਾ ਸੀ ਅਤੇ ਇਹ ਪ੍ਰਥਾ ਪ੍ਰਚਲਿਤ ਹੈ। ਡੋ.ਲੀ ਦੇ ਘਰ ਪੁੱਜਦੇ ਹੀ ਇਹ ਗੀਤ ਗਾਇਆ ਜਾਂਦਾ ਸੀ। ਕਈ ਥਾਵਾਂ 'ਤੇ ਅੱਜ ਵੀ ਗਾਇਆ ਜਾ ਰਿਹਾ ਹੈ:

ਸਾਡੇ ਨਵੇਂ ਸਾਜਨ ਘਰ ਆਏ,
ਸਲੋਨੀ ਦੇ ਨੈਣ ਭਲੇ।
ਕੀ ਕੀ ਵਸਤ ਲਿਆਏ,
ਸਲੋਨੀ ਦੇ ਨੈਣ ਭਲੇ।
ਕੁੜਮੇ ਦੀ ਜ਼ੋਰੋ ਲਿਆਏ,
ਸਲੋਨੀ ਦੇ ਨੈਣ ਭਲੇ।

ਪਹਿਲਾਂ ਡੋਲੀ ਅਤੇ ਹੁਣ ਕਾਰ ਜਾਂ ਲਿਮੋਜੀਨ ਜਦੋਂ ਘਰ ਦੇ ਕੋਲ ਜਾ ਕੇ ਖੜ੍ਹਦੀ ਹੈ ਤਾਂ ਨਣਦਾਂ ਭਾਬੀ ਨੂੰ ਮਿਲਣ ਡੋਲੀ ਕੋਲ ਪੁੱਜਦੀਆਂ ਹਨ। ਉਹ ਨਵੀਂ ਨਵੇਲੀ ਭਾਬੀ ਦੇ ਆਗਮਨ ਵਿਚ ਸ਼ਗਨਾਂ ਦੇ ਗੀਤ ਗਾਉਂਦੀਆਂ ਹੋਈਆਂ ਉਸ ਦੀ ਸਹੁਰੇ ਪਰਿਵਾਰ ਨਾਲ ਜਾਣ-ਪਛਾਣ ਕਰਵਾਉਂਦੀਆਂ ਹਨ:

ਉਤਰ ਭਾਬੋ ਡੋਲਿਓਂ,
ਕੋਈ ਦੇਖ ਸਹੁਰੇ ਦਾ ਨੀ ਬਾਰ।
ਕੰਧਾਂ ਚਿਤਮ ਚਿਤੀਆਂ,
ਕਲੀ ਚਮਕਦਾ ਨੀ ਭਾਬੋ ਮੇਰੀਏ ਬਾਰ।

ਚੰਨਣ ਚੌਂਕੀ ਮੈਂ ਡਾਹੀ,
ਭਾਬੋ ਆਣ ਖਲੋਤੀ ਤੂੰ,
ਮੁੱਖ ਤੋਂ ਪੱਲਾ ਚੁੱਕ ਦੇ,
ਤੇਰਾ ਸੋਨੇ ਵਰਗਾ ਮੂੰਹ।

ਭਾਬੋ ਆਈ ਮਨ ਵਧਿਆ।
ਵਿਹੜਾ ਵਧਿਆ ਗਜ ਚਾਰ,
ਗਜ ਗਜ ਵਧਿਆ ਚੌਂਤਰਾ,
ਕੋਈ ਗਿੱਠ ਗਿੱਠ ਵਧਿਆ ਬਾਰ।

ਡੋਲੇ ਦਾ ਮੂੰਹ ਉਚੜਾ,
ਵੇ ਮਹਾਰਾਜ ਕਹਾਰੋ।
ਵਿਚ ਹੈ ਮੋਤੀ ਸੁਚੜਾ, ਵੇ ਮਹਾਰਾਜ ਕਹਾਰੋ।
ਡੋਲੇ ਦਾ ਮੂੰਹ ਭੀੜਾ, ਵੇ ਮਹਾਰਾਜ ਕਹਾਰੋ।
ਵਿਚ ਹੈ ਸਾਡਾ ਹੀਰਾ, ਵੇ ਮਹਾਰਾਜ ਕਹਾਰੋ।
ਲੈ ਲਓ ਆਪਣਾ ਲਾਗ,
ਵੇ ਮਹਾਰਾਜ ਕਹਾਰੋ।
ਵੇ ਦੇ ਦਿਓ ਸਾਡਾ ਲਾਲ,
ਵੇ ਮਹਾਰਾਜ ਕਹਾਰੋ।

ਬੁੱਕਲ ਮਾਰੀ ਕੱਸ ਕੇ,
ਵਹੁਟੀ ਆਈ ਲਾੜੇ ਨਾਲ ਹੱਸ ਕੇ।
ਬੁੱਕਲ ਮਾਰੀ ਖ਼ੇਸ ਦੀ,
ਵਹੁਟੀ ਆਈ ਲਾੜੇ ਦੇ ਮੇਚ ਦੀ।
ਵਹੁਟੀ ਦੀ ਕੱਛ ਵਿਚ ਪਿੰਨੀਆਂ,
ਵਹੁਟੀ ਪੁੱਛੇ ਨਣਾਨਾਂ ਕਿੰਨੀਆਂ?
ਵਹੁਟੀ ਦੀ ਕੱਛ ਵਿਚ ਜੌਂ ਆਂ,
ਵੀਰਾ ਦੱਸੇ ਨਣਾਨਾਂ ਨੌਂ ਆਂ।
ਵਹੁਟੀ ਦੇ ਕੰਨੀਂ ਵਾਲੀਆਂ,
ਵੀਰਾ ਹੋਰ ਲਿਅਉਂਦਾ ਸਾਲੀਆਂ।
ਵੀਰਾ ਤੇਰੀਆਂ ਸਾਲੀਆਂ,
ਵੇ ਉਹ ਸਭੇ ਬਾਰ੍ਹਾਂ ਤਾਲੀਆਂ।

ਜਿਥੇ ਵੀ ਤੂੰ ਜੰਮਿਆਂ ਵੀਰਾ,
ਤੇਰੀ ਮਾਂ ਨੇ ਖਾਧੀ ਜਵੈਣ।
ਵਹੁਟੀ ਲਿਆਇਆ ਵਿਆਹ ਕੇ,
ਕੋਈ ਨਫ਼ੇ 'ਚ ਲਿਆਇਆ ਨੈਣ।

ਕੋਠੀ ਹੇਠ ਦਸੇਰਾ,
ਨਿਕਲ ਸੱਸੜੀਏ ਘਰ ਮੇਰਾ।
ਤੂੰ ਖਾ ਲਿਆ ਬਥੇਰਾ,
ਹੁਣ ਵਾਰਾ ਆਇਆ ਮੇਰਾ।

ਇਨ੍ਹਾਂ ਲੋਕ ਗੀਤਾਂ ਦੀ ਛਹਿਬਰ ਨਾਲ ਹੀ 'ਵਿਆਂਦੜ ਜੋੜਾ' ਘਰ ਦੀਆਂ ਬਰੂਹਾਂ 'ਤੇ ਢੁੱਕਦਾ ਸੀ। ਅਜੋਕੇ ਸਮੇਂ ਵਿਚ ਵੀ ਇਹ ਗੀਤ ਘੱਟ ਮਾਤਰਾ ਵਿਚ ਕਿਤੇ-ਕਿਤੇ ਗਾਏ ਜਾ ਰਹੇ ਹਨ।

### ਪਾਣੀ ਵਾਰਨ ਦੀ ਰਸਮ ਅਤੇ ਗੀਤ

ਘਰ ਦੀ ਦਹਿਲੀਜ਼ ਤੇ ਮਾਤਾ ਪਾਣੀ ਵਾਰੇ, ਭਾਬੋ ਤੇਲ ਚੋਵੇ ਭੈਣਾਂ-ਭੈਣਾਂ ਖੜ੍ਹੀਓ ਵਧਾਈਆਂ ਮੰਨਦੀ ਸੀ, ਵਾਲੀ ਰੀਤ ਮੁਤਾਬਿਕ ਨਵ ਵਿਆਹੀ ਜੋੜੀ ਦਾ ਸਵਾਗਤ ਹੁੰਦਾ ਸੀ। ਭਾਬੀ ਬਰੂਹਾਂ ਵਿਚ ਤੇਲ ਚੋਂਦੀ ਸੀ। ਮਾਂ ਪਾਣੀ ਦੀ ਗੜਵੀ ਸਿਰ ਤੋਂ ਸੱਤ ਵਾਰੀ ਵਾਰਦੀ ਸੀ ਅਤੇ ਹਰ ਵਾਰ ਉਸ ਨੇ ਇਹ ਗੜਵੀ ਮੂੰਹ ਨਾਲ ਲਾ ਕੇ ਪਾਣੀ ਪੀਣਾ ਹੁੰਦਾ ਸੀ, ਪਰ ਮੌਕੇ 'ਤੇ ਹਾਜ਼ਰ ਔਰਤਾਂ ਵੱਲੋਂ ਮੁੰਡੇ ਨੂੰ 6 ਵਾਰੀ ਮਾਂ ਦਾ ਹੱਥ ਫੜ ਕੇ ਰੋਕਣ ਲਈ ਕਿਹਾ ਜਾਂਦਾ ਸੀ ਅਤੇ ਸੱਤਵੀਂ ਵਾਰੀ ਪੀ ਲੈਣ ਦਿੱਤਾ ਜਾਂਦਾ ਸੀ। ਇਸ ਰੀਤ ਮੁਤਾਬਿਕ ਮਾਂ ਦਾ ਨੂੰਹ-ਪੁੱਤ ਦੇ ਸਿਰ ਉਤੋਂ ਪਾਣੀ ਵਾਰ ਕੇ ਪੀਣਾ ਉਨ੍ਹਾਂ ਦੀਆਂ ਬਲਾਵਾਂ (ਮੁਸੀਬਤਾਂ) ਨੂੰ ਆਪਣੇ ਸਿਰ ਲੈਣਾ ਹੁੰਦਾ ਹੈ। ਇਹ ਰਸਮ ਅਜੇ ਤੱਕ ਇਸ ਤਰ੍ਹਾਂ ਹੀ ਬਰਕਰਾਰ ਹੈ।

ਅੰਦਰੋ ਨਿਕਲ ਬੰਨੇ ਦੀਏ ਮਾਏਂ,
ਬੰਨਾ ਤੇਰਾ ਬਾਹਰ ਖੜ੍ਹਾ।
ਪਾਣੀ ਵਾਰ ਬੰਨੇ ਦੀਏ ਮਾਏਂ,
ਬੰਨਾ ਤੇਰਾ ਬਾਹਰ ਖੜ੍ਹਾ।
ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ,
ਬੰਨਾ ਤੇਰਾ ਬਾਹਰ ਖੜ੍ਹਾ।

ਜੇ ਤੁੱਧ ਆਂਦੜੀ ਵੇ ਮੱਲਾ!
ਪਾਰੇ ਦੀ ਪਰਵਾਰ,
ਮਾਊਂ ਪਾਣੀ ਪੀਤਾ ਵਾਰ।
ਭਾਬੀ ਇਕ ਨਨਾਣਾਂ ਚਾਰ,
ਬੁਰਕੀ ਦੇਂਦੀਆਂ ਵਾਰੋ-ਵਾਰ।

ਵਿਚੋਲਿਆ ਵੇ ਤੇਰਾ ਪੁੱਤ ਜੀਵੇ!
ਸਾਡਾ ਵਧਿਆ ਪਰਿਵਾਰ,
ਐਸਾ ਬੂਟਾ ਲਾ ਦਿੱਤਾ।
ਵੇ ਜਿਹੜਾ ਸੱਜੇ ਬਾਬਲ ਦੇ,
ਗੁਣੀ ਗਿਆਨੀਆਂ ਦੇ ਬਾਰ।

### ਦੁੱਧ ਪਿਲਾਉਣ ਦੀ ਰਸਮ ਅਤੇ ਗੀਤ

ਪਾਣੀ ਵਾਰ ਕੇ ਵਿਆਂਦੜ ਜੋੜੇ ਨੂੰ ਘਰ ਦੇ ਕਿਸੇ ਕਮਰੇ ਵਿਚ ਵਿਛਾਈ ਚਾਦਰ 'ਤੇ ਬਿਠਾ ਕੇ ਦੁੱਧ ਪਿਲਾਇਆ ਜਾਂਦਾ ਸੀ। ਪਹਿਲਾਂ ਲਾੜਾ ਪੀਂਦਾ ਸੀ ਅਤੇ ਬਾਅਦ ਵਿਚ ਜੂਠਾ ਦੁੱਧ ਵਹੁਟੀ ਪੀਂਦੀ ਸੀ। ਇਹ ਇਸ ਲਈ ਕਿ ਵਿਆਹ ਵਾਲੇ ਘਰ ਮੁੰਡੇ ਦਾ ਉਸ ਘਰ ਨਾਲ ਪਹਿਲਾਂ ਹੀ ਨਾਤਾ ਹੁੰਦਾ ਹੈ ਤੇ ਦੂਜਾ ਸਾਡਾ ਸਮਾਜ ਮਰਦ-ਪ੍ਰਧਾਨ ਹੈ। ਅਸੀਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋ ਸਕਦੇ, ਕਿ ਜੇ ਮਾਂ ਦੇ ਸਾਹਮਣੇ ਧੀ ਅਤੇ ਪੁੱਤ ਦੋਵੇਂ ਇਕੱਠੇ ਬੈਠੇ ਹੋਣ ਖਾਣ ਵਾਲੀ ਚੀਜ਼ ਥੋੜ੍ਹੀ ਹੋਵੇ ਤਾਂ ਮਾਂ ਧੀ ਨੂੰ ਅਣਗੌਲੇ ਕਰ ਕੇ ਪੁੱਤਰ ਨੂੰ ਹੀ ਪਹਿਲਾਂ ਖਾਣ ਨੂੰ ਦਿੰਦੀ ਹੈ। ਫਿਰ ਪੁਰਾਣੇ ਸਮੇਂ ਵਿਚ ਸਿਰਫ਼ ਪੁੱਤਰ ਦਾ ਕਮਾਊ ਹੋਣਾ ਵੀ ਇਸ ਤਰਜੀਹ ਦਾ ਮੁੱਖ ਕਾਰਨ ਸੀ। ਵਿਆਹ ਵਾਲੇ ਘਰ ਪਰਵੇਸ਼ ਕਰਦੇ ਹੀ ਨੂੰਹ ਬੇਗਾਨੀ ਸਮਝੀ ਜਾਂਦੀ ਸੀ। ਇਸ ਲਈ ਵੀ ਸੁਭਾਵਿਕ ਹੀ ਸੱਸ ਵਲੋਂ ਦੁੱਧ ਦਾ ਗਿਲਾਸ ਪਹਿਲਾਂ ਪੁੱਤਰ ਦੇ ਮੂੰਹ ਨੂੰ ਲਗਾਇਆ ਜਾਂਦਾ ਸੀ। ਇਸ ਤੋਂ ਬਾਅਦ ਦੋਵਾਂ ਦਾ ਮੂੰਹ ਮਿੱਠਾ ਕਰਵਾਇਆ ਜਾਂਦਾ ਸੀ। ਇਸ ਰਸਮ ਵੇਲੇ ਇਹ ਵਿਤਕਰਾ ਬੇਸ਼ਕ ਹੋ ਜਾਂਦਾ ਸੀ, ਪਰ ਇਸ ਦਾ ਮੰਤਵ ਦੋਵਾਂ ਨੂੰ 'ਦੋ ਜਿਸਮ, ਇਕ ਜਾਨ' ਹੋਣ ਲਈ ਮਾਨਸਿਕ ਰੂਪ ਵਿਚ ਤਿਆਰ ਕਰਨਾ ਸੀ। ਇਹ ਰਸਮ ਅੱਜ ਤੱਕ ਪ੍ਰਚੱਲਿਤ ਹੈ ਅਤੇ ਪਰਦੇਸਾਂ ਵਿਚ ਵੀ ਇਸ ਰੂਪ ਵਿਚ ਹੀ ਨਿਭਾਈ ਜਾ ਰਹੀ ਹੈ। ਇਸ ਰਸਮ ਦੇ ਨਾਲ ਹੀ ਵਿਆਂਦੜ ਜੋੜੇ ਦਾ ਪੱਲਾ ਛੁਡਵਾ ਦਿੱਤਾ ਜਾਂਦਾ ਹੈ।

ਵਿਆਹ ਤੋਂ ਦੂਜੇ ਦਿਨ ਗੁਰਦੁਆਰੇ ਜਾਂ ਮੰਦਿਰ ਆਦਿ ਮੱਥਾ ਟੇਕਿਆ ਜਾਂਦਾ ਸੀ। ਧਰਮ ਸਥਾਨ ਨੂੰ ਜਾਂਦੇ ਵਕਤ ਰਾਹ ਵਿਚ ਗਾਏ ਜਾਣ ਵਾਲੇ ਗੀਤਾਂ ਨੂੰ 'ਵਧਾਵੇ' ਕਿਹਾ ਜਾਂਦਾ ਸੀ। ਵਧਾਵੇ ਪਰਿਵਾਰ ਵਿਚ ਹੋਏ ਵਾਧੇ ਦੀ ਖ਼ੁਸ਼ੀ ਵਿਚ ਗਾਏ ਜਾਣ ਵਾਲੇ ਗੀਤ ਹਨ। ਪਰਦੇਸਾਂ ਵਿਚ ਵੀ ਦੂਜੇ ਦਿਨ ਧਾਰਮਿਕ ਸਥਾਨ 'ਤੇ ਮੱਥਾ ਟਕਵਾਇਆ ਜਾਂਦਾ ਹੈ।

ਕਿੱਕਰੇ ਨੀ ਕੰਡਿਆਲੜੀਏ,
ਕਿਨ ਤੇਰੇ ਮੋੜੇ ਸੀ ਡਾਲ੍ਹੇ।
ਡਾਲੇ ਪੱਤਾਂ ਵਾਲੇ,
ਵਧਾਵੇ ਨੂੰ ਰਮ ਰਹਿੰਨੀ ਆਂ।
ਮੇਰੇ ਰਾਮ ਜੀ ਨੇ ਮੋੜੇ ਸੀ ਡਾਲ੍ਹੇ,
ਡਾਲੇ ਪੱਤਾਂ ਵਾਲੇ,
ਵਧਾਵੇ ਨੂੰ ਰਮ ਰਹਿੰਨੀ ਆਂ।

ਕੌਣ ਸੁੱਤਾ ਚੜ੍ਹ ਮੰਜੜੀਏ, ਵਧਾਵੜਿਆ!
ਕੌਣ ਝੁਲਾਵੇ ਠੰਢੀ ਵਾ, ਵੇ ਵਧਾਵੜਿਆ!
ਕੌਣ ਝੁਲਾਵੇ ਠੰਢੀ ਵਾ...
ਰਾਮ ਸੁੱਤਾ ਚੜ੍ਹ ਮੰਜੜੀਏ, ਵਧਾਵੜਿਆ!
ਸੀਤਾ ਝੁਲਾਵੇ ਠੰਢੀ ਵਾ, ਵੇ ਵਧਾਵੜਿਆ!
ਸੀਤਾ ਝੁਲਾਵੇ ਠੰਢੀ ਵਾ...
ਪੱਖੀ ਝਲੇਂਦੀ ਦੀ ਬਾਂਹ ਥੱਕੀ, ਵਧਾਵੜਿਆ!
ਨੈਣਾਂ ਨੂੰ ਆ ਗਈ ਨੀਂਦ, ਵੇ ਵਧਾਵੜਿਆ!
ਨੈਣਾਂ ਨੂੰ ਆ ਗਈ ਨੀਂਦ...
ਬਾਹਾਂ ਤੇਰੀਆਂ ਨੂੰ ਲਾਲ ਚੂੜਾ, ਨਾਜੋ ਗੋਰੀਏ!
ਨੈਣਾਂ ਨੂੰ ਸੁਰਮੇ ਸਿਲਾਈ, ਨਾਜੋ ਗੋਰੀਏ!
ਨੈਣਾਂ ਨੂੰ ਸੁਰਮੇ ਸਿਲਾਈ...
ਕੌਣ ਸੁੱਤਾ ਚੜ੍ਹ ਮੰਜੜੀਏ, ਵਧਾਵੜਿਆ!
ਕੌਣ ਝੁਲਾਵੇ ਠੰਢੀ ਵਾ, ਵੇ ਵਧਾਵੜਿਆ!
ਕੌਣ ਝੁਲਾਵੇ ਠੰਢੀ ਵਾ...
ਰਤਿੰਦਰ ਸੁੱਤਾ ਚੜ੍ਹ ਮੰਜੜੀਏ, ਵਧਾਵੜਿਆ!
ਪਿੰਕੀ ਝੁਲਾਵੇ ਠੰਢੀ ਵਾ, ਵੇ ਵਧਾਵੜਿਆ!
ਪਿੰਕੀ ਝਲਾਵੇ ਠੰਢੀ ਵਾ...

### ਗਾਨਾ ਖੋਲ੍ਹਣ/ਕੰਙਣਾ ਖੇਲ੍ਹਣ ਦੀ ਰਸਮ ਅਤੇ ਗੀਤ

ਧਾਰਮਿਕ ਸਥਾਨ 'ਤੇ ਮੱਥਾ ਟੇਕਣ ਤੋਂ ਬਾਅਦ ਗਾਨਾ ਖੋਲ੍ਹਣ ਦੀ ਰਸਮ ਕੀਤੀ ਜਾਂਦੀ ਸੀ। ਇਸ ਰਸਮ ਦੌਰਾਨ ਸਭ ਤੋਂ ਪਹਿਲਾਂ ਵਹੁਟੀ, ਲਾੜੇ ਦੇ ਹੱਥ 'ਤੇ ਬੱਝਿਆ ਗਾਨਾ ਖੋਲ੍ਹਦੀ ਸੀ ਅਤੇ ਫਿਰ ਲਾੜੇ ਦੀ ਵਾਰੀ ਆਉਂਦੀ ਸੀ। ਮੈਂ ਅੱਜ ਤੱਕ ਜੋ ਦੇਖਿਆ ਕਿ ਹਮੇਸ਼ਾਂ ਹੀ ਵਹੁਟੀ ਦੇ ਗਾਨੇ ਨੂੰ ਪੀਚਵੀਆਂ ਗੱਠਾਂ ਦਿੱਤੀਆਂ ਹੁੰਦੀਆਂ ਸਨ। ਲਾੜੇ ਨੂੰ ਗਾਨਾ ਖੋਲ੍ਹਦੇ ਵਕਤ ਸਿਰਫ਼ ਸੰਘਰਸ਼ ਹੀ ਨਹੀਂ ਕਰਨਾ ਪੈਂਦਾ ਸੀ, ਸਗੋਂ ਭਾਬੀਆਂ ਦੇ ਵਿਅੰਗ ਬਾਣ ਵੀ ਸੁਣਨ ਨੂੰ ਮਿਲਦੇ ਸਨ। ਜਿੱਤ-ਹਾਰ ਦਾ ਸਵਾਲ ਬਣ ਜਾਂਦਾ ਸੀ। ਇਸ ਖੇਲ੍ਹ ਦੌਰਾਨ ਮਜ਼ਾਕ-ਮਜ਼ਾਕ ਵਿਚ ਜੀਵਨ ਪੰਧ ਦੇ ਸਾਥੀ ਨਾ ਚਾਹੁੰਦੇ ਹੋਏ ਵੀ ਵਿਰੋਧੀ ਧਿਰ ਵਾਂਗ ਵਿਚਰਦੇ ਸਨ। ਜਦੋਂ ਗਾਨੇ ਖੁੱਲ੍ਹ ਜਾਂਦੇ ਸਨ ਤਾਂ ਨੈਣ ਦੋਵੇਂ ਗਾਨੇ ਹੱਥ ਵਿਚ ਫੜ ਕੇ ਨਾਲ ਕੁਝ ਪੈਸੇ (ਸਿੱਕੇ) ਇਕ ਚਾਂਦੀ ਦਾ ਰੁਪਈਆ ਲਾ ਕੇ ਕੱਚੀ ਲੱਸੀ ਨਾਲ ਭਰੀ ਪਰਾਤ ਵਿਚ ਸੱਤ ਵਾਰੀ ਸੁੱਟਦੀ ਸੀ। ਲਾੜੇ ਅਤੇ ਵਹੁਟੀ ਵਲੋਂ ਪਰਾਤ ਵਿਚ ਹੱਥ ਪਾ ਕੇ ਉਹ ਰੁਪਈਆ ਲੱਭ ਕੇ ਚੁੱਕਿਆ ਜਾਂਦਾ ਸੀ। ਜਿਹੜੀ ਧਿਰ ਪਹਿਲਾਂ ਲੱਭ ਕੇ ਰੁਪਈਆ ਨੈਣ ਦੇ ਹੱਥ 'ਤੇ ਧਰ ਦੇਵੇ, ਉਸ ਨੂੰ ਜੇਤੂ ਮੰਨਿਆਂ ਜਾਂਦਾ ਸੀ। ਇਸ ਰਸਮ ਨੂੰ ਕੰਙਣਾ ਖੇਲ੍ਹਣਾ ਵੀ ਕਿਹਾ ਜਾਂਦਾ ਹੈ। ਇਸ ਰਸਮ ਦਾ ਮਹੱਤਵ ਇਹ ਸੀ ਕਿ ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਤੋਂ ਪਹਿਲਾਂ, ਪਹਿਲੀ ਵਾਰੀ ਦੋਵਾਂ ਦੇ ਹੱਥ ਪਵਿਤਰ ਪਾਣੀ ਵਿਚ ਸਪਰਸ਼ ਕਰਦੇ ਸਨ। ਅੱਜ ਵੀ ਕਈ ਥਾਵਾਂ 'ਤੇ ਇਹ ਰਸਮ ਹੋ ਰਹੀ ਹੈ, ਪਰ ਹੱਥਾਂ ਦਾ ਸਪਰਸ਼ ਵਿਆਹ ਤੋਂ ਬਹੁਤ ਪਹਿਲਾਂ ਹੀ ਹੋ ਚੁੱਕਾ ਹੁੰਦਾ ਹੈ।

ਕੰਙਣਾਂ ਖੋਲ੍ਹ ਪਿਆਰੀਏ ਨੀ,
ਤੇਰਿਆਂ ਦੇਵਰਾਂ ਬੱਧਾ।
ਕੰਙਣਾਂ ਖੋਲ੍ਹ ਨਾ ਸਕਦੀ ਨੀ,
ਤੇਰਿਆਂ ਦੇਵਰਾਂ ਬੱਧਾ।
ਕੰਙਣਾਂ ਖੋਲ੍ਹ ਪਿਆਰਿਆ ਵੇ,
ਤੇਰੀਆਂ ਸਾਲੀਆਂ ਬੱਧਾ।
ਸਾਲੀਆਂ ਬਾਰ੍ਹਾਂ ਤਾਲੀਆਂ ਵੇ,
ਸਾਡੇ ਆਉਣੀਆਂ ਬੱਧਾ।
ਕੰਙਣਾਂ ਖੋਲ੍ਹ ਪਿਆਰਿਆ ਵੇ,
ਰਾਣੀ ਬੇਗ਼ਮ ਦੇ ਜਾਇਆ।
ਕੰਙਣਾਂ ਖੋਲ੍ਹ ਪਿਆਰੀਏ ਨੀ,
ਬੁੱਢੀ ਮਾਈ ਦੀਏ ਜਾਈਏ।

ਭਾਬੀਆਂ ਵਲੋਂ ਮੁੰਡੇ ਨੂੰ ਰੁਪਈਆ ਚੁੱਕ ਕੇ ਜਿੱਤਣ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਜੇ ਮੁੰਡਾ ਰੁਪਈਆ ਚੁੱਕ ਲੈਂਦਾ ਹੈ ਤਾਂ ਗਾਇਆ ਜਾਂਦਾ ਹੈ:

ਹੂੰ ਹਾਂ ਨੀ ਅਸੀਂ ਜਿੱਤੇ ਅਸੀਂ ਜਿਤਾਏ,
ਹੂੰ ਹਾਂ ਨੀ ਲਾਡਪੁਰ ਦੀਆਂ ਦੇ ਮੂੰਹ ਟੀਟ ਧਵਾਏ।

ਕੰਙਣਾਂ ਖੇਲ੍ਹਣ ਤੋਂ ਬਾਅਦ ਰੁਪਈਆ ਲਾੜੇ ਦੇ ਹੱਥ ਵਿਚ ਦੇ ਕੇ ਉਸ ਨੂੰ ਮੁੱਠੀ ਘੁੱਟ ਕੇ ਬੰਦ ਕਰਨ ਨੂੰ ਕਿਹਾ ਜਾਂਦਾ ਸੀ ਅਤੇ ਵਹੁਟੀ ਨੂੰ ਮੁੱਠੀ ਖੋਲ੍ਹਣ ਲਈ ਕਿਹਾ ਜਾਂਦਾ ਸੀ। ਅਜਿਹਾ ਕਰਦੇ ਵਕਤ ਦੋਵਾਂ ਦੀ ਜ਼ੋਰ ਅਜ਼ਮਾਈ ਹੁੰਦੀ ਸੀ। ਇਸ ਦਾ ਕਾਰਨ ਇਕ ਦੂਜੇ ਦੇ ਹੱਥ ਦਾ ਸਪਰਸ਼ ਦੇਰ ਤੱਕ ਬਣਾਈ ਰੱਖਣਾ ਹੁੰਦਾ ਸੀ। ਇਸ ਖੇਲ੍ਹ ਵਿਚ ਅਕਸਰ ਲਾੜਾ ਹੀ ਜੇਤੂ ਹੁੰਦਾ ਸੀ। ਵਹੁਟੀ ਬਹੁਤੀ ਵਾਰੀ ਘੁੰਡ ਕੱਢਿਆ ਹੋਣ ਕਾਰਨ ਅਤੇ ਸੰਗ-ਸ਼ਰਮ ਕਾਰਨ ਹਾਰ ਜਾਂਦੀ ਸੀ। ਇਸ ਤੋਂ ਬਾਅਦ ਨੈਣ ਰੁਪਈਆ ਲਾੜੇ ਦੇ ਹੱਥ ਵਿਚ ਰੱਖਦੇ ਹੋਏ ਕਹਿੰਦੀ ਸੀ ਕਿ ਇਸ ਨੂੰ ਆਪਣੀ ਵਹੁਟੀ ਦੀ ਝੋਲੀ ਵਿਚ ਰੱਖ ਤੇ ਖੜਕਣ ਨਾ ਦੇਵੀਂ, ਨਹੀਂ ਤਾਂ ਸਾਰੀ ਉਮਰ ਲੜਾਈ ਹੁੰਦੀ ਰਹੇਗੀ। ਲਾੜਾ ਪੂਰੀ ਸਾਵਧਾਨੀ ਵਰਤ ਕੇ ਅਜਿਹਾ ਕਰਦਾ ਸੀ ਤਾਂ ਨਾਲ ਹੀ ਅਗਲੀ ਹਦਾਇਤ ਦਿੰਦੀ ਸੀ, "ਹੁਣ ਆਪਣੇ ਮੂੰਹ ਵਿਚ ਕਹਿ 'ਖੱਟਿਆ ਕਮਾਇਆ, (ਆਪਣੇ ਸਹੁਰੇ ਦਾ ਨਾਂ ਲੈ ਕੇ ਆਖ) ਉਸ ਦੀ ਧੀ ਦੀ ਝੋਲੀ ਵਿਚ ਪਾਇਆ।" ਉਸ ਤੋਂ ਬਾਅਦ ਵਹੁਟੀ ਦੀ ਝੋਲੀ ਸ਼ਗਨ ਪਾਇਆ ਜਾਂਦਾ ਸੀ। ਨੈਣ ਨੂੰ ਵਾਰਨੇ ਦਿੱਤੇ ਜਾਂਦੇ ਸਨ।

ਜੇ ਦੇਵਰ ਉਮਰ ਵਿਚ ਬਹੁਤ ਛੋਟਾ ਹੋਵੇ ਤਾਂ ਉਸ ਨੂੰ ਭਾਬੀ ਦੀ ਗੋਦੀ ਵਿਚ ਬਿਠਾਇਆ ਜਾਂਦਾ ਸੀ ਅਤੇ ਉਹ ਉਸ ਨੂੰ ਸ਼ਗਨ ਵਜੋਂ ਕੁਝ ਰੁਪਈਏ ਦਿੰਦੀ ਸੀ। ਨਨਾਣ ਭਾਬੀ ਦੇ ਕਲੀਰੇ ਵਧਾਉਂਦੀ ਅਤੇ ਦਾਜ ਵਾਲੀ ਪੇਟੀ ਖੋਲ੍ਹਦੀ ਆਪਣਾ ਸ਼ਗਨ ਲੈਂਦੀ ਸੀ। ਇਹ ਰਸਮਾਂ ਇਨ੍ਹਾਂ ਦੋਵਾਂ ਨਜ਼ਦੀਕੀ ਰਿਸ਼ਤਿਆਂ ਵਿਚ ਪਿਆਰ ਅਤੇ ਸਤਿਕਾਰ ਦਾ ਮੁੱਢ ਬੰਨਣ ਲਈ ਹੀ ਕੀਤੀਆਂ ਜਾਂਦੀਆਂ ਸਨ। ਇਹ ਰਸਮ ਅਜੋਕੇ ਸਮੇਂ ਵਿਚ ਵੀ ਪ੍ਰਚਲਿਤ ਹੈ।

ਨਾਨਕਿਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਮਾਲ੍ਹੇ/ਨਿਸ਼ਾਨੀ (ਮਠਿਆਈ) ਅਤੇ ਵਧਾਈ ਦੇ ਸੂਟ ਦੇ ਕੇ ਤੋਰਿਆ ਜਾਂਦਾ ਸੀ। ਨਾਨਕੀਆਂ ਆਪਣੇ ਪਿੰਡ ਨੂੰ ਇਹ ਗੀਤ ਗਾਉਂਦੀਆਂ ਵਾਪਸ ਜਾਂਦੀਆਂ ਸਨ। ਅੱਜ ਨਾਨਕੇ ਅਤੇ ਸਾਰੇ ਰਿਸ਼ਤੇਦਾਰ ਮੈਰਿਜ ਪੈਲਿਸ ਤੋਂ ਹੀ ਰਵਾਨਾ ਹੋ ਜਾਂਦੇ ਹਨ। ਇਹ ਰਸਮ ਵੀ ਲੋਪ ਹੁੰਦੀ ਜਾ ਰਹੀ ਹੈ।

ਦੇਖੋ ਸਈਓ ਨੀ ਮੇਰਾ ਤਾਰਾਮੀਰਾ ਵੱਢੀਦਾ
ਭਾਜ੍ਹੀਆਂ ਦੇ-ਦੇ ਸੱਦੀਦਾ
ਤੇ ਧੱਕੇ ਦੇ-ਦੇ ਕੱਢੀਦਾ।

ਇਸ ਦਾਦੀ ਦੀ ਦੁਖ਼ਦੀ ਆ ਅੱਖੀ,
ਹੱਥੀਂ ਕਰ ਚੱਲੇ ਆਂ ਇਹਦੀ ਪੱਟੀ।
ਇਸ ਤਾਈ ਦੀ ਦੁਖ਼ਦੀ ਆ ਅੱਖੀ,
ਹੱਥੀਂ ਕਰ ਚੱਲੇ ਆਂ ਇਹਦੀ ਪੱਟੀ।
ਇਸ ਚਾਚੀ ਦੀ ਦੁਖ਼ਦੀ ਆ ਅੱਖੀ,
ਹੱਥੀਂ ਕਰ ਚੱਲੇ ਆਂ ਇਹਦੀ ਪੱਟੀ।

*ਨੀ ਅਸੀਂ ਜਿੱਤੇ ਅਸੀਂ ਜਿਤਾਏ...*



# ਦੀਵਾਲੀ ਜਾਂ ਭਾਈ ਗੁਰਦਾਸ ਦੀ ਨਾਫੁਰਮਾਨੀ

**ਵਿਚਾਰ-ਚਰਚਾ**

***ਸਿੱਖ ਭਾਈਚਾਰੇ ਵਿਚ ਚੱਲ ਰਹੀਆਂ ਕਈ ਰੀਤਾਂ ਬਾਰੇ ਅਕਸਰ ਕਿੰਤੂ-ਪ੍ਰੰਤੂ ਉਠਦੇ ਰਹਿੰਦੇ ਹਨ। ਇਨ੍ਹਾਂ ਵਿਚ ਰੱਖੜੀ ਵੀ ਸ਼ਾਮਲ ਹੈ ਤੇ ਦੀਵਾਲੀ ਵੀ। ਇਸ ਲੇਖ ਵਿਚ ਲੇਖਿਕਾ ਗੁਰਜੀਤ ਕੌਰ ਨੇ ਸਿੱਖਾਂ ਵਿਚ ਦੀਵਾਲੀ ਮਨਾਉਣ ਦੀ ਰੀਤ ਉਤੇ ਗੁਰਮਤਿ ਦੀ ਰੋਸ਼ਨੀ ਵਿਚ ਕੁਝ ਸਵਾਲ ਉਠਾਏ ਹਨ ਜਿਨ੍ਹਾਂ ਨਾਲ ਕੁਝ ਪਾਠਕ ਸਹਿਮਤ ਹੋ ਸਕਦੇ ਹਨ ਤੇ ਕੁਝ ਅਸਹਿਮਤ। ਅਸੀਂ ਇਹ ਲੇਖ ਵਿਚਾਰ-ਚਰਚਾ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਸਬੰਧੀ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬਸ, ਤਰਕ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ***

ਭਾਰਤੀ ਕੈਲੰਡਰ ਵਿਚ ਕੋਈ ਅਜਿਹਾ ਮਹੀਨਾ ਨਹੀਂ ਲੱਭਦਾ ਜਿਹਦੇ ਵਿਚ ਕਿਸੇ ਭਾਰਤੀ ਮੂਲ ਦੇ ਸ਼ਖਸ ਦਾ ਸੌਖਾ ਸਾਹ ਨਿਕਲਣ ਦੀ ਗੁੰਜਾਇਸ਼ ਹੋਵੇ। ਅਜੇ ਇਕ ਸਿਆਪਾ ਮੁਕਦਾ ਨਹੀਂ ਵਟਸਐਪ 'ਤੇ ਮੈਮਰੀ ਬਚਾਉਣ ਦਾ, ਦੂਜਾ ਵੱਟ 'ਤੇ ਪਿਆ ਹੁੰਦਾ ਹੈ। ਮਸਲਨ, ਦੀਵਾਲੀ ਦੀ ਰਾਤ ਅਜੇ ਲੰਘੀ ਹੀ ਸੀ ਕਿ ਚੜ੍ਹਦੀ ਸਵੇਰ ਨਵੇਂ ਸਾਲ ਦੇ ਆਗਮਨ ਬਾਰੇ ਸੁਨੇਹੇ ਆਉਣੇ ਸ਼ੁਰੂ ਹੋ ਗਏ, ਜਿਦਾਂ ਲੋਕੀਂ ਫੋਨ ਹੱਥ ਵਿਚ ਫੜੀ ਘੜੀ ਵੱਲ ਨਿਗ੍ਹਾ ਟਿਕਾ ਕੇ ਸੋਚਦੇ ਹੋਣ ਕਿ ਸੁਨੇਹਾ ਤਾਂ ਟਾਈਪ ਕਰ ਹੀ ਲਿਆ ਹੈ, ਕਦੋਂ ਸਵੇਰ ਚੜ੍ਹੇ ਤੇ 'ਸੈਂਡ' ਬਟਣ ਨਪੀਏ। ਏਨਾ ਉਦਮ! ਸਦਕੇ ਜਾਈਏ ਵਡਭਾਗੀਆਂ ਦੇ!!

ਇਹੀ ਨਹੀਂ, ਸੰਚਾਰ ਮਾਧਿਅਮ 'ਤੇ ਜੰਗ

**ਗੁਰਜੀਤ ਕੌਰ**
ਫੋਨ: 713-469-2774

ਵੇਖਣ ਨੂੰ ਮਿਲਦੀ ਹੈ। ਇਕ ਵਰਗ ਹੈ ਜਿਹੜਾ ਤਿਉਹਾਰ ਦੇ ਖਿਲਾਫ ਬੋਲਦਾ ਹੈ। ਇਸ ਨੂੰ ਡਰ ਹੁੰਦਾ ਹੈ ਕਿ ਅਸੀਂ ਗੁਰੂਆਂ ਦੀਆਂ ਸਿੱਖਿਆਵਾਂ ਦੀ ਨਾ-ਫੁਰਮਾਨੀ ਕਰ ਰਹੇ ਹਾਂ, ਪਤਿਤਪੁਣੇ ਵੱਲ ਜਾ ਰਹੇ ਹਾਂ। ਦੂਜਾ ਵਰਗ ਬਗੈਰ ਸੋਚੇ-ਸਮਝੇ ਇਹੋ ਜਿਹਿਆਂ ਨੂੰ ਨਿੰਦਦਾ ਹੈ, ਭਾਵੇਂ ਉਨ੍ਹਾਂ ਕੋਲ ਕੋਈ ਠੋਸ ਦਲੀਲ ਵੀ ਨਹੀਂ ਹੁੰਦੀ। ਬੱਸ ਐਵੇਂ ਹੀ ਪਾਣੀ ਵਿਚ ਮਧਾਣੀ ਫੇਰੀ ਜਾਂਦੇ ਨੇ। ਕੋਈ ਕਹਿੰਦਾ ਹੈ ਕਿ ਇਹ ਦਿਹਾੜਾ ਬੰਦੀ ਛੋੜ ਦਿਵਸ ਹੈ, ਤੇ ਕੋਈ ਦਲੀਲ ਦਿੰਦਾ ਹੈ ਕਿ ਗੁਰੂ ਸਾਹਿਬ ਤਾਂ ਪੋਹ/ਮਾਘ ਦੇ ਮਹੀਨੇ ਗਵਾਲੀਅਰ ਤੋਂ ਪਰਤੇ ਸਨ।

ਕਈ ਵਾਰ ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਪਤਿਤਪੁਣੇ ਵੱਲ ਕਿਵੇਂ ਜਾ ਸਕਦੇ ਹਾਂ? ਪਤਿਤ ਤਾਂ ਉਹ ਹੋਵੇ ਜਿਹੜਾ ਸਿੱਖ ਹੋਵੇ; ਤੇ ਸਿੱਖ ਅਖਵਾਉਣ ਵਾਲੀ ਅਸੀਂ ਕਿਹੜੀ ਕਰਤੂਤ ਕਰ ਰਹੇ ਹਾਂ? ਇਕ ਅਸੀਂ ਹੀ ਕਰਮਾਂਵਾਲੇ ਹਾਂ ਜਿਨ੍ਹਾਂ ਦਾ ਗੁਰੂ ਗਿਆਨ ਹੈ, ਨਾ ਕਿ ਕੋਈ ਮੂਰਤ। ਜਿਸ ਦਾ ਗੁਰੂ ਸ਼ਬਦ ਹੋਵੇ, ਉਹ ਕਿਸੇ ਭੰਬਲਭੂਸੇ ਵਿਚ ਕਿੱਦਾਂ ਫਸ ਸਕਦਾ ਹੈ? ਸਿੱਖਾਂ ਕੋਲ ਤਾਂ ਇਹੋ ਜਿਹੀਆਂ ਤਕਰੀਰਾਂ ਜਾਂ ਬਹਿਸਾਂ ਲਈ ਵਕਤ ਹੀ ਨਹੀਂ ਹੋਣਾ ਚਾਹੀਦਾ। ਇਸ ਬਹਿਸ ਵਿਚ ਸਮਾਂ ਬਰਬਾਦ ਕਿਉਂ ਕਰੀਏ ਕਿ ਬੰਦੀ ਛੋੜ ਦਿਹਾੜੇ 'ਤੇ ਦੀਪਮਾਲਾ ਜ਼ਰੂਰੀ ਹੈ ਕਿ ਨਹੀਂ? ਕਿਉਂ ਨਾ ਕਰਮ ਨੂੰ ਗੁਰੂ ਦੇ ਹੁਕਮ ਦੀ ਕਸਵੱਟੀ 'ਤੇ ਪਰਖੀਏ! ਦੀਵੇ ਬਾਲਣ ਦੀ ਮਹੱਤਤਾ ਗੁਰੂ ਤੋਂ ਹੀ ਪੁੱਛੀਏ।

ਦੀਵਾਲੀ ਵੇਲੇ ਜਦੋਂ ਕਿਸੇ ਗੈਰ ਸਿੱਖ ਦਾ ਸੁਨੇਹਾ ਆਉਂਦਾ ਹੈ ਤਾਂ ਰਾਜਾ ਰਾਮ ਦੇ ਪਰਿਵਾਰ ਦੀ ਤਸਵੀਰ ਲਾਈ ਹੁੰਦੀ ਹੈ। ਹੁਣ ਸਿੱਖ ਇਹ ਕਿੱਦਾਂ ਕਰਨ, ਕਿਉਂਕਿ ਉਹ ਤਾਂ ਬੁੱਤਪ੍ਰਸਤ ਨਹੀਂ। ਸੋ, ਹੁਣ ਦਰਬਾਰ ਸਾਹਿਬ ਦੀ ਤਸਵੀਰ ਭੇਜੀ ਜਾਂਦੀ ਹੈ ਤੇ ਪਿਛੇ ਭਾਈ ਗੁਰਦਾਸ ਦੀ ਬਾਣੀ ਚਲਦੀ ਹੈ। ਇਹ ਦਿੱਤਾ ਗਿਆ ਹੈ, ਸਿੱਖ ਹੋਣ ਦਾ ਪ੍ਰਮਾਣ। ਚਾਰ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਗੁਰਦੁਆਰੇ ਗਈ ਤਾਂ ਪਤਾ ਲੱਗਾ ਕਿ ਉਸ ਦਿਨ ਦੀਵਾਲੀ ਸੀ। ਮੈਂ ਭਾਈ ਸਾਹਿਬ ਨੂੰ ਪੁੱਛਿਆ ਕਿ 'ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ' ਕਿਸ ਦੀ ਬਾਣੀ ਹੈ, ਤਾਂ ਉਨ੍ਹਾਂ ਦੱਸਿਆ ਕਿ ਭਾਈ ਗੁਰਦਾਸ ਦੀ। ਇਸ ਤੋਂ ਪਹਿਲਾਂ ਮੈਂ ਇਕ-ਦੋ ਵਾਰ ਦੇਖਿਆ ਸੀ ਕਿ ਗੁਰਦੁਆਰੇ ਜਿਹੜੀ ਚੰਗੀ ਭਲੀ ਸੰਗਤ ਖਾਮੋਸ਼ੀ ਨਾਲ ਬੈਠੀ ਹੁੰਦੀ ਹੈ, ਇਹ ਸ਼ਬਦ ਚੱਲਦਿਆਂ ਸਾਰ ਭੱਜਦੀ ਹੈ, ਪਾਲਕੀ ਦੁਆਲੇ ਦੀਵੇ ਬਾਲਣ। ਅਜਿਹਾ ਕਿਉਂ ਹੁੰਦਾ ਹੈ? ਮੈਂ ਭਾਈ ਸਾਹਿਬ ਨੂੰ ਕਿਹਾ ਕਿ ਗੁਰੂ ਨਾਨਕ ਦੇ ਘਰ ਦਾ ਸੇਵਕ ਹੋਵੇ, ਤੇ ਉਸ ਦੀ ਬਾਣੀ ਸੁਣ ਕੇ ਲੋਕ ਦੀਵੇ ਬਾਲਣ, ਮੈਨੂੰ ਇਸ ਗੱਲ ਦੀ ਕੋਈ ਤੁਕ ਬਣਦੀ ਨਹੀਂ ਜਾਪਦੀ। ਉਨ੍ਹਾਂ ਆਪਣੇ ਫੋਨ ਵਿਚੋਂ ਭਾਈ ਗੁਰਦਾਸ ਦਾ ਫੁਰਮਾਨ ਕੱਢ ਦਿੱਤਾ ਅਤੇ ਕਿਹਾ ਕਿ ਤਰਜਮਾ ਅੰਗਰੇਜ਼ੀ ਵਿਚ ਹੈ, ਇਸ ਕਰ ਕੇ ਮੈਂ ਉਨ੍ਹਾਂ ਨੂੰ ਵੀ ਦੱਸ ਦਿਆਂ। ਮੈਂ ਸ਼ੁਕਰਗੁਜ਼ਾਰ ਹੋਈ ਗੁਰੂ ਦੀ, ਜਿਹਨੇ ਮੇਰਾ ਉਸ 'ਤੇ ਭਰੋਸਾ ਨਾ ਕੇਵਲ ਕਾਇਮ ਰੱਖਿਆ, ਸਗੋਂ ਉਸ ਨੂੰ ਯਕੀਨ ਵਿਚ ਬਦਲ ਦਿੱਤਾ।

ਬਚਪਨ ਵਿਚ ਦੀਵਾਲੀ ਦਾ ਚਾਅ ਹੁੰਦਾ ਸੀ, ਮਠਿਆਈਆਂ ਕਰ ਕੇ, ਪਰ ਛੇਤੀ ਹੀ ਇਹ ਚਾਅ ਅਕਲ ਨੂੰ ਹੱਥ ਮਾਰਨ ਲੱਗ ਪਿਆ। ਮੈਨੂੰ ਕਿਸੇ ਇਤਿਹਾਸਕਾਰ ਨੂੰ ਨਹੀਂ ਪੁੱਛਣਾ ਪਿਆ, ਨਾ ਕਿਸੇ ਪ੍ਰਚਾਰਕ ਨੂੰ ਸੁਣਨਾ ਪਿਆ, ਨਾ ਕੰਪਿਊਟਰ ਵੱਲ ਝਾਤੀ ਮਾਰਨੀ ਪਈ। ਬੱਸ ਗੁਰੂ ਦਾ ਹੁਕਮ ਹੈ ਕਿ ਬਿਬੇਕ ਦੀ ਵਰਤੋਂ ਕਰੋ, ਸੋ ਕੀਤੀ। ਜਦੋਂ ਇਹ ਦੇਖਿਆ ਕਿ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਆਰਤੀ ਦਾ ਖੰਡਨ ਕੀਤਾ ਹੈ, ਤੇ ਆਰਤੀ ਦਾ ਸਬੰਧ ਤਾਂ ਹੁੰਦਾ ਹੀ ਦੀਵਿਆਂ ਨਾਲ ਹੈ ਤਾਂ ਉਸੇ ਗੁਰੂ ਦੇ ਸੇਵਕ ਭਾਈ ਗੁਰਦਾਸ ਉਨ੍ਹਾਂ ਦੀਵਿਆਂ ਦੀ ਵਰਤੋਂ ਦੀ ਪ੍ਰੋੜ੍ਹਤਾ ਕਿੱਦਾਂ ਕਰ ਸਕਦੇ ਸੀ? ਬੱਸ ਇਹੀ ਮੇਰੀ ਜਗਿਆਸਾ ਦਾ ਕਾਰਨ ਬਣ ਗਿਆ। ਅਸੀਂ ਕਿਉਂਕਿ ਇਹ ਸ਼ਬਦ ਸੁਣਦੇ ਆ ਰਹੇ ਹਾਂ, ਤੇ ਭੇਡ ਚਾਲ ਸਾਡੀ ਕਾਰਗੁਜ਼ਾਰੀ ਤੋਂ ਰਵਾਇਤ ਵਿਚ ਕਦੋਂ ਤਬਦੀਲ ਹੋ ਗਈ, ਸਾਨੂੰ ਪਤਾ ਹੀ ਨਾ ਲੱਗਾ।

ਇਹ ਤਾਂ ਪਤਾ ਲੱਗ ਗਿਆ ਕਿ ਅਸੀਂ ਆਰਤੀ ਨਹੀਂ ਕਰਨੀ, ਕਿਉਂਕਿ ਗੁਰੂ ਨੇ ਆਰਤੀ ਕਰਨ ਤੋਂ ਮਨ੍ਹਾ ਕੀਤਾ ਹੈ, ਪਰ ਇਹਦੇ ਵਿਚ ਸਾਡੀ ਕੋਈ ਸਿਆਣਪ ਤੇ ਉਦਮ ਨਹੀਂ। ਉਹ ਤਾਂ ਬਲਿਹਾਰੇ ਜਾਈਏ ਗੁਰੂ ਦੇ, ਜਿਨ੍ਹਾਂ ਇਸ ਤੁਕ ਦੀ ਰਚਨਾ ਕੀਤੀ, "ਕੈਸੀ ਆਰਤੀ ਹੋਏ ਭਵਖੰਡਨਾ ਤੇਰੀ ਆਰਤੀ॥" ਜੇ ਕਿਤੇ ਗੁਰੂ ਨੇ 'ਕੈਸੀ' ਸ਼ਬਦ ਨਾ ਲਿਖਿਆ ਹੁੰਦਾ ਤਾਂ ਅੱਜ ਹਰ ਥਾਂ ਆਰਤੀਆਂ ਵੀ ਹੋ ਰਹੀਆਂ ਹੁੰਦੀਆਂ।



ਸਾਡੇ ਸਾਹਮਣੇ ਹੈ ਕਿ ਲੋਕਾਂ ਨੇ ਭਾਈ ਗੁਰਦਾਸ ਦੇ ਲਿਖੇ ਫੁਰਮਾਨ ਦੀ ਪਹਿਲੀ ਪੰਕਤੀ ਸੁਣ ਕੇ ਉਸ ਦਾ ਮਨਚਾਹਿਆ ਮਤਲਬ ਕੱਢਿਆ ਤੇ ਦੀਵੇ ਬਾਲਣ ਬਹਿ ਗਏ। ਬਾਣੀ ਦੇ ਭਾਵ ਅਰਥਾਂ ਵੱਲ ਧਿਆਨ ਨਹੀਂ ਕੀਤਾ। ਜੇ ਕਿਤੇ ਉਨ੍ਹਾਂ ਸਪਸ਼ਟ ਲਿਖਿਆ ਹੁੰਦਾ, "ਦੀਵਾਲੀ ਦੀ ਰਾਤਿ ਨਾ ਦੀਵੇ ਬਾਲੀਅਨਿ", ਤਾਂ ਸ਼ਾਇਦ ਗੱਲ ਲੋਕਾਂ ਦੇ ਖਾਨੇ ਸੌਖਿਆਂ ਪੈ ਜਾਂਦੀ।

ਹੁਣ ਗੱਲ ਕਰੀਏ, ਅੰਮ੍ਰਿਤਸਰ ਦੀ ਦੀਵਾਲੀ ਦੀ। ਜੇ ਕਿਤੇ ਗੁਰੂ ਸਾਹਿਬ ਉਸ ਦਿਨ ਵਾਪਸ ਅੰਮ੍ਰਿਤਸਰ ਪਰਤੇ ਤਾਂ ਬਾਬਾ ਬੁੱਢਾ ਜੀ ਨੇ ਦੀਵੇ ਬਾਲੇ, ਤੇ ਇਹ ਕਿਥੇ ਲਿਖਿਆ ਗਿਆ ਕਿ ਅਸੀਂ ਉਜਾੜੇ ਵੱਲ ਤੁਰ ਪੈਣਾ ਹੈ। ਅਸੀਂ ਕਿਸੇ ਵੀ ਕਰਮ ਨੂੰ ਗੁਰੂ ਜਾਂ ਗੁਰੂਆਂ ਦੇ ਸਿੱਖਾਂ ਨਾਲ ਜੋੜਨ ਲੱਗੇ ਆਪਣੇ ਗੁਰੂ ਦਾ ਕਿਰਦਾਰ ਏਡਾ ਹੌਲਾ ਕਿਉਂ ਕਰ ਜਾਂਦੇ ਹਾਂ? ਬਾਬਾ ਬੁੱਢਾ ਜੀ ਦੀਪਮਾਲਾ ਕਰ ਰਹੇ ਨੇ, ਉਨ੍ਹਾਂ ਨੂੰ ਗੁਰੂ ਘਰ ਵਿਚ ਵਿਸ਼ੇਸ਼ ਸਥਾਨ ਹਾਸਲ ਹੈ ਤੇ ਉਨ੍ਹਾਂ ਦਾ ਪੁੱਤਰ ਹੀ ਇਸ ਕਰਮ ਦੀ ਨਿਖੇਧੀ ਕਰ ਰਿਹਾ ਹੈ। ਇਸ ਦਾ ਆਪਸ ਵਿਚ ਜੋੜ-ਮੇਲ ਕੀ ਬਣਿਆ, ਸਮਝ ਨਹੀਂ ਆਉਂਦੀ। ਜੇ ਆਪਣੇ ਬਿਬੇਕ ਬੁੱਧੀ ਦੀ ਵਰਤੋਂ ਕਰ ਲਈ ਜਾਵੇ ਤਾਂ ਇੰਨੀ ਕੁ ਸਮਝ ਜ਼ਰੂਰ ਆ ਜਾਂਦੀ ਹੈ ਕਿ ਸਾਡੇ ਗੁਰਦੁਆਰੇ ਕਿੰਨੇ ਸਾਲ ਮਹੰਤਾਂ ਦੇ ਕਬਜ਼ੇ ਵਿਚ ਰਹੇ ਅਤੇ ਮਹੰਤ ਅੱਗ ਦੇ ਪੁਜਾਰੀ ਸਨ। ਜ਼ਾਹਰ ਹੈ ਕਿ ਜਿਸ ਦਾ ਕਬਜ਼ਾ, ਉਸੇ ਦੀ ਹਕੂਮਤ। ਗੁਰੂ ਦਾ ਹੁਕਮ ਕਿਵੇਂ ਟਿਕੇ? ਗੱਲ ਸਿਰਫ ਦੀਵੇ ਬਾਲਣ ਤੱਕ ਹੀ ਸੀਮਿਤ ਨਹੀਂ। ਗੁਰੂਆਂ ਨੇ ਸਿੱਖਾਂ ਲਈ ਅਨੰਦ ਕਾਰਜ ਦੀ ਪ੍ਰਥਾ ਚਲਾਈ, ਪਰ ਉਹ ਅਨੰਦ ਕਾਰਜ ਕਦੋਂ ਵਿਆਹ ਵਿਚ ਤਬਦੀਲ ਹੋ ਗਿਆ, ਪਤਾ ਲੱਗਾ? ਮਹੰਤਾਂ ਨੂੰ ਗਰਦੁਆਰਿਆਂ ਵਿਚੋਂ ਕੱਢ ਕੇ ਆਪਣੀ ਮਾਨਸਿਕਤਾ ਵਿਚ ਜਗ੍ਹਾ ਦੇ ਦਿੱਤੀ ਅਤੇ ਅਕਲ ਦੇ ਦੀਵੇ ਨੂੰ ਫੂਕ ਮਾਰ ਦਿੱਤੀ।

ਨਤੀਜਾ ਕੀ ਨਿਕਲਿਆ? ਮਨਾਓ ਦੀਵਾਲੀਆਂ ਤੇ ਕੱਢੋ ਦਿਵਾਲਾ ਆਪਣੀ ਕਿਰਤ ਕਮਾਈ ਦਾ। ਕਰੋ ਵਿਆਹ ਤੇ ਵਧਾਓ ਤਲਾਕਾਂ ਦੀ ਗਿਣਤੀ, ਕਿਉਂਕਿ ਅਨੰਦ ਕਾਰਜ ਦਾ ਨਤੀਜਾ ਗੁਰੂ ਦੇ ਹੁਕਮ ਦੀ ਗੁਲਾਮੀ ਹੋਣੀ ਸੀ ਤੇ ਗੁਰੂ ਦੀ ਬਾਣੀ ਵਿਚ ਤਲਾਕ ਲਫਜ਼ ਹੀ ਨਹੀਂ। ਵਿਆਹ ਦਾ ਪੁੱਠਾ ਅਰਥ ਤਲਾਕ ਹੋ ਸਕਦਾ ਹੈ ਤੇ ਅਨੰਦ ਦਾ ਪੁੱਠਾ ਅਰਥ ਕੋਈ ਬਣਿਆ ਹੀ ਨਹੀਂ। ਫਰਜ਼ ਕਰੋ ਕਿ ਬਾਬਾ ਬੁੱਢਾ ਜੀ ਨੇ ਦੀਪਮਾਲਾ ਕੀਤੀ, ਪਰ ਕੀ ਇਹ ਵੀ ਉਨ੍ਹਾਂ ਐਲਾਨ ਕਰ ਦਿੱਤਾ ਕਿ ਅੱਜ ਤੋਂ ਬਾਅਦ ਇਸ ਦਿਨ ਸੁਗਾਤਾਂ ਵੀ ਵੰਡਿਓ, ਖਾਸ ਕਰ ਧੀ ਦੇ ਸਹੁਰੇ ਜ਼ਰੂਰ ਪਹੁੰਚਿਓ, ਨਹੀਂ ਤਾਂ ਧੀ ਦਾ ਮੱਕੂ ਉਸ ਦੀ ਸੱਸ ਨੇ ਠੱਪ ਦੇਣਾ ਹੈ। ਗੁਰੂ ਨੇ ਤਾਂ ਬੰਦੀ ਛੁਡਵਾਏ, ਤੇ ਉਸ ਦਿਨ ਦੀਪਮਾਲਾ ਹੋਈ। ਜਦੋਂ ਗੁਰੂ ਨੇ ਬਾਣੀ ਦਾ ਚਾਨਣ ਮੁਨਾਰਾ ਸਥਾਪਤ ਕਰ ਕੇ ਸਾਡੀ ਮਾਨਸਿਕਤਾ ਨੂੰ ਆਜ਼ਾਦ ਕਰਵਾਇਆ, ਅਸੀਂ ਕੀ ਬਾਲਿਆ? ਗੁਰੂ ਕੋਲੋਂ ਤਾਂ ਅਸੀਂ ਬੰਦੀਆਂ ਨੂੰ ਛੁਡਾਉਣ ਦੀ ਉਮੀਦ ਹੀ ਕਰ ਸਕਦੇ ਹਾਂ। ਇਹ ਸਿਰਫ ਗੁਰੂ ਹੀ ਕਰ ਸਕਦਾ ਹੈ ਤੇ ਉਸ ਦੀ ਉਸਤਤ ਵਿਚ ਸਾਡੇ ਕੋਲ ਅਲਫਾਜ਼ ਨਹੀਂ ਤੇ ਉਸ ਦੀ ਇੱਜਤ ਅਫਜ਼ਾਈ ਲਈ ਸਿਰਫ ਦੀਪਮਾਲਾ, ਬਸ? ਰਵਾਇਤ ਤਾਂ ਫਿਰ ਇਕ ਹੋਰ ਪਈ ਸਰਬੰਸ ਵਾਰਨ ਦੀ, ਤੇ ਬਾਣੀ ਅਨੁਸਾਰ ਜੀਵਨ ਢਾਲਣ ਦੀ। ਇਸ ਉਤੇ ਕਿੰਨਾ ਕੁ ਕੋਈ ਚਲਿਆ?

ਬਾਣੀ ਨਾ ਵੀ ਪੜ੍ਹੀਏ, ਫਿਰ ਵੀ 'ਬਲਿਹਾਰੀ ਕੁਦਰਤਿ ਵਸਿਆ' ਲੰਘਦਿਆਂ ਵੜਦਿਆਂ ਕੰਨਾਂ ਵਿਚ ਪੈ ਹੀ ਜਾਂਦੀ ਹੈ। ਕੀ ਇਸ ਵਿਚਲਾ ਅਰਥ ਸਮਝਣ ਦੀ ਕੋਈ ਲੋੜ ਨਹੀਂ? ਵਿਗਿਆਨ ਅੱਜ ਪ੍ਰਦੂਸ਼ਣ ਦੀ ਗੱਲ ਕਰ ਰਿਹਾ ਹੈ। ਪਹਿਲੇ ਜ਼ਮਾਨਿਆਂ ਵਿਚ ਤਾਂ ਰੋਸ਼ਨੀ ਦੀਵਿਆਂ ਨਾਲ ਹੁੰਦੀ ਸੀ, ਪਰ ਹੁਣ ਤਾਂ ਬਿਜਲੀ ਦੀ ਵਰਤੋਂ ਹੁੰਦੀ ਹੈ। ਕੀ ਰੋਸ਼ਨੀ ਪ੍ਰਦੂਸ਼ਣ ਨਵਾਂ ਪ੍ਰਦੂਸ਼ਣ ਨਹੀਂ? ਕੀ ਬੰਦੀਆਂ ਨੂੰ ਛੁਡਾਉਣ ਵਾਲਾ ਗੁਰੂ, ਬਾਬੇ ਨਾਨਕ ਦਾ ਸਰੂਪ ਨਹੀਂ ਸੀ? ਜੇ ਉਹ ਅੱਜ ਆਪਣੇ ਅੱਖੀਂ ਇਹ ਬਰਬਾਦੀ ਦੇਖੇ ਤਾਂ ਸਾਡੀ ਪਿੱਠ ਠੋਕੇ? ਪਟਾਕਿਆਂ ਨਾਲ ਪੌਣ ਪਾਣੀ ਬਰਬਾਦ ਕਰ ਕੇ ਅਸੀਂ ਕਿਹੜਾ ਗੁਰੂ ਧਿਆਇਆ?

ਦੀਵਾਲੀ ਵਾਲੇ ਦਿਨ ਲੋਕੀਂ ਆਮ ਹੀ ਇਹ ਕਹਿੰਦੇ ਹਨ ਕਿ ਗੁਰੂ ਘਰ ਦੀਵਾ ਬੱਤੀ ਕਰ ਆਈਏ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਇਸ ਕੰਮ ਲਈ ਤਾਂ ਅਸੀਂ ਨਕਦੀ ਵੀ ਖਰਚਾਂਗੇ, ਪਰ ਬਾਣੀ ਜਿਹੜੀ ਗੁਰੂਆਂ ਨੇ ਬਗੈਰ ਸਾਥੋਂ ਕੁਝ ਮੰਗਿਆਂ, ਫੜਾਈ, ਉਸ ਲਈ ਅਸੀਂ ਕਿਹੜਾ ਦਿਹਾੜਾ ਨਿਸ਼ਚਿਤ ਕਰਦੇ ਹਾਂ ਕਿ ਉਸ ਵਿਚ ਦਰਜ ਸਿਰਫ ਇਕ ਤੁਕ ਵੱਲ ਹੀ ਗੌਰ ਕਰ ਲਈਏ ਤਾਂ ਜੁ ਅਸੀਂ ਇਨ੍ਹਾਂ ਭੰਬਲਭੂਸਿਆਂ ਵਿਚੋਂ ਨਿਕਲ ਸਕੀਏ?

---

# ਬੱਬਰ ਸ਼ਿਵ ਸਿੰਘ ਦਿਉਲ, ਹਰੀਪੁਰ

ਬੱਬਰ ਸ਼ਿਵ ਸਿੰਘ ਦਿਉਲ ਦਾ ਜਨਮ ਸੰਨ 1896 ਵਿਚ ਸ. ਗੁਰਦਿੱਤ ਸਿੰਘ ਦੇ ਘਰ ਪਿੰਡ ਹਰੀਪੁਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਇਸ ਪਿੰਡ ਦੀ ਹੱਦਬਸਤ ਨੰਬਰ 63 ਅਤੇ ਰਕਬਾ ਜ਼ਮੀਨ 1034 ਹੈਕਟੇਅਰ ਹੈ। ਇਹ ਕਸਬਾ ਆਦਮਪੁਰ ਦੁਆਬਾ ਤੋਂ ਤਿੰਨ ਕੁ ਮੀਲ ਦੱਖਣ ਵੱਲ ਪੈਂਦਾ ਹੈ।



ਜਲੰਧਰ ਡਿਸਟ੍ਰਿਕਟ ਗਜ਼ਟੀਅਰ ਦੇ ਪੰਨਾ 473 'ਤੇ ਲਿਖਿਆ ਹੈ ਕਿ ਸੰਨ 1877-

**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

78 ਦੇ ਚੋਅ ਦੇ ਹੜ੍ਹ ਨੇ ਪੁਰਾਣਾ ਪਿੰਡ ਹੜ੍ਹਾ ਦਿੱਤਾ, ਜਿਸ ਕਰ ਕੇ ਪਿੰਡ ਵਾਲੇ, ਪਿੰਡ ਨਵੀਂ ਥਾਂ ਉਤੇ ਵਸਾਉਣ ਲਈ ਮਜਬੂਰ ਹੋ ਗਏ। ਉਸ ਵੇਲੇ ਸਮਝਦਾਰ ਬਜ਼ੁਰਗਾਂ ਨੇ ਚੰਗੀ ਵਿਉਂਤਬੰਦੀ ਕਰ ਕੇ ਪਿੰਡ ਅੰਦਰ ਪੂਰਬ ਤੇ ਪੱਛਮ, ਉਤਰ ਤੇ ਦੱਖਣ ਦਿਸ਼ਾਵਾਂ ਨੂੰ 4 ਕਰਮ ਚੌੜੀਆਂ (ਭਾਵ ਸਾਢੇ 22 ਫੁੱਟ) ਗਲੀਆਂ ਛੱਡੀਆਂ। ਪੁਰਾਣੇ ਪਿੰਡਾਂ ਵਿਚ ਭੀੜੀਆਂ ਅਤੇ ਵਿੰਗੀਆਂ ਟੇਢੀਆਂ ਗਲੀਆਂ ਮਿਲਦੀਆਂ ਹਨ।

ਪਿੰਡ ਦੇ ਨਾਲ ਹੀ ਪੁਰਾਣਾ ਥੇਹ ਹੈ ਜਿਥੇ ਕਿਲ੍ਹਾ ਹੁੰਦਾ ਸੀ ਜੋ ਅੰਗਰੇਜ਼ ਸਰਕਾਰ ਦੇ ਹੁਕਮ 'ਤੇ ਬਾਕੀ ਪੰਜਾਬ ਦੇ ਸਾਰੇ ਕਿਲ੍ਹਿਆਂ ਵਾਂਗ ਢਾਹ ਦਿੱਤਾ ਗਿਆ ਸੀ। ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਪੰਜਾਬੀ ਮੁੜ ਉਨ੍ਹਾਂ ਵਿਰੁਧ ਸਿਰ ਚੁੱਕ ਸਕਣ। ਸਾਰੇ ਪਿੰਡ ਦੀ ਮਾਲਕੀ ਜੱਟਾਂ ਦੀ ਹੈ, ਜਿਸ ਵਿਚ ਮੁੱਖ ਦਿਉਲ ਹਨ, ਕੁਝ ਘਰ ਧਾਲੀਵਾਲ ਤੇ ਗੋਰਾਇਆ ਗੋਤਾਂ ਦੇ ਵੀ ਹਨ। ਦਿਉਲ ਗੋਤ ਬਾਰੇ ਸ. ਹੁਸ਼ਿਆਰ ਸਿੰਘ ਦੁਲੇਰ ਦੀ ਪੁਸਤਕ 'ਜੱਟਾਂ ਦਾ ਇਤਿਹਾਸ' ਦੇ ਪੰਨਾ 114 'ਤੇ ਲਿਖਿਆ ਹੈ, "ਇਹ ਜੱਟਾਂ ਦਾ ਛੋਟਾ ਗੋਤ ਹੈ। ਇਹ ਜਗਦੇਓ ਪਰਮਾਰ ਦੀ ਬੰਸ ਵਿਚੋਂ ਹਨ। ਇਨ੍ਹਾਂ ਦਾ ਮੁੱਢ ਲੁਧਿਆਣਾ ਜ਼ਿਲ੍ਹਾ ਹੀ ਹੈ। ਲੁਧਿਆਣੇ ਵਿਚ ਸਾਹਨੇਵਾਲ ਡਾਂਗੋ, ਫਰੀਦਕੋਟ ਵਿਚ ਢੀਮਾਂ ਵਾਲੀ, ਬਠਿੰਡੇ ਵਿਚ ਕੇਸਰ ਸਿੰਘ ਵਾਲਾ ਅਤੇ ਸੰਗਰੂਰ ਵਿਚ ਵਜ਼ੀਦਗੜ੍ਹ, ਬਾਲੀਆਂ ਵਿਚ ਇਹ ਕਾਫੀ ਵਸਦੇ ਹਨ। ਦੁਆਬੇ ਵਿਚ ਦਿਉਲ ਜੱਟ ਬਹੁਤ ਘੱਟ ਹਨ।"

ਦੂਜੇ ਬੱਬਰ ਸਾਜ਼ਿਸ਼ ਕੇਸ ਵਿਚ 90 ਬੱਬਰਾਂ ਵਿਰੁਧ ਕੇਸ ਦਰਜ ਹੋਇਆ। ਇਸ ਸੂਚੀ ਵਿਚ ਸ਼ਿਵ ਸਿੰਘ ਦਾ ਨਾਂ 19 ਨੰਬਰ 'ਤੇ ਹੈ। ਇਹ ਮੁਕੱਦਮਾ ਐਡੀਸ਼ਨਲ ਸੈਸ਼ਨ ਜੱਜ ਮਿਸਟਰ ਜੇ. ਕੇ. ਟੱਪ ਦੀ ਅਦਾਲਤ ਵਿਚ ਚੱਲਿਆ। ਸਰਕਾਰੀ ਵਕੀਲ ਦੀਵਾਨ ਬਹਾਦਰ ਦੀਵਾਨ ਪਿੰਡੀ ਦਾਸ ਸਭਰਵਾਲ ਤੇ ਮੁਲਜ਼ਮਾਂ ਦੇ ਵਕੀਲ ਰਾਏ ਬਹਾਦਰ ਲਾਲ ਭਗਤ ਰਾਮ, ਸੱਯਦ ਨਵਾਜ਼ਿਸ਼ ਅਲੀ, ਲਾਲਾ ਸੁਰਜਨ ਲਾਲ ਅਤੇ ਸ. ਚੰਦਾ ਸਿੰਘ ਸਨ।

ਬੱਬਰ ਸ਼ਿਵ ਸਿੰਘ ਉਤੇ ਦੋਸ਼ ਸੀ ਕਿ ਉਸ ਨੇ ਲਾਭ ਸਿੰਘ ਢੱਡਾ ਫਤਿਹ ਸਿੰਘ ਨੂੰ ਕਤਲ ਕਰਨ ਦੀ ਪਹਿਲੀ ਅਤੇ ਦੂਜੀ ਕੋਸ਼ਿਸ਼ ਵਿਚ ਭਾਗ ਲਿਆ ਸੀ। ਗੱਦਾਰ ਲਾਭ ਸਿੰਘ ਨੇ ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਆਪਣੇ ਘਰ ਬੁਲਾ ਕੇ ਧੋਖੇ ਨਾਲ ਪੁਲਿਸ ਤੋਂ ਗ੍ਰਿਫਤਾਰ ਕਰਵਾਇਆ ਸੀ। ਬੱਬਰਾਂ ਨੇ ਉਸ ਨੂੰ ਮਾਰਨ ਲਈ ਤਿੰਨ ਵਾਰ ਕੋਸ਼ਿਸ਼ ਕੀਤੀ, ਪਰ ਉਹ ਹਰ ਵਾਰ ਬਚ ਜਾਂਦਾ ਰਿਹਾ। ਬੱਬਰ ਸ਼ਿਵ ਸਿੰਘ ਵਿਰੁਧ ਮੁੱਖ ਗਵਾਹੀ ਵਾਅਦਾ ਮੁਆਫ ਗਵਾਹ ਬਤਨ ਸਿੰਘ ਦੀ ਸੀ, ਜੋ ਖੁਦ

***ਦੂਜੇ ਬੱਬਰ ਸਾਜ਼ਿਸ਼ ਕੇਸ ਵਿਚ 90 ਬੱਬਰਾਂ ਵਿਰੁਧ ਕੇਸ ਦਰਜ ਹੋਇਆ। ਇਸ ਸੂਚੀ ਵਿਚ ਸ਼ਿਵ ਸਿੰਘ ਦਾ ਨਾਂ 19 ਨੰਬਰ 'ਤੇ ਹੈ। ਇਹ ਮੁਕੱਦਮਾ ਐਡੀਸ਼ਨਲ ਸੈਸ਼ਨ ਜੱਜ ਮਿਸਟਰ ਜੇ. ਕੇ. ਟੱਪ ਦੀ ਅਦਾਲਤ ਵਿਚ ਚੱਲਿਆ। ਸਰਕਾਰੀ ਵਕੀਲ ਦੀਵਾਨ ਬਹਾਦਰ ਦੀਵਾਨ ਪਿੰਡੀ ਦਾਸ ਸਭਰਵਾਲ ਅਤੇ ਮੁਲਜ਼ਮਾਂ ਦੇ ਵਕੀਲ ਰਾਏ ਬਹਾਦਰ ਲਾਲ ਭਗਤ ਰਾਮ, ਸੱਯਦ ਨਵਾਜ਼ਿਸ਼ ਅਲੀ, ਲਾਲਾ ਸੁਰਜਨ ਲਾਲ ਅਤੇ ਸ. ਚੰਦਾ ਸਿੰਘ ਸਨ।***

ਇਨ੍ਹਾਂ ਕੋਸ਼ਿਸ਼ਾਂ ਵਿਚ ਸ਼ਾਮਲ ਸੀ। ਹੋਰ ਗਵਾਹ ਸਾਧੂ ਸਿੰਘ ਪਰਾਗਪੁਰ ਅਤੇ ਧੰਨਾ ਸਿੰਘ ਬੈਂਸ ਪੰਡੋਰੀ ਬਾਵਾ ਦਾਸ ਸਨ। ਕੋਰਟ ਵਿਚ ਬੱਬਰ ਸ਼ਿਵ ਸਿੰਘ ਨੇ ਬਿਆਨ ਦਿੱਤਾ ਕਿ ਤਫਤੀਸ਼ ਦੌਰਾਨ ਪੁਲਿਸ ਨੇ ਉਸ 'ਤੇ ਬਹੁਤ ਤਸ਼ੱਦਦ ਕੀਤਾ ਕਿ ਉਹ ਬੱਬਰਾਂ ਵਿਰੁਧ ਬਿਆਨ ਦੇਣਾ ਮੰਨ ਜਾਵੇ। ਉਸ ਦੇ ਜੂੜੇ ਨਾਲ ਪੱਥਰ ਬੰਨ੍ਹ ਕੇ ਪੈਰਾਂ ਨੂੰ ਰੱਸੀ ਪਾ ਕੇ ਟੰਗ ਦਿੱਤਾ ਗਿਆ, ਪਰ ਜੱਜ ਨੇ ਇਕ ਨਾ ਸੁਣੀ ਅਤੇ ਉਸ ਨੂੰ ਸੱਤ ਸਾਲ ਦੀ ਸਜ਼ਾ ਹੋਈ ਤੇ ਨਾਲ ਸੌ ਰੁਪਏ ਜੁਰਮਾਨਾ।

ਇਸ ਬੱਬਰ ਬਾਰੇ ਕੁਝ ਖਾਸ ਦਿਲਚਸਪ ਗੱਲਾਂ ਮੈਨੂੰ ਉਸ ਦੇ ਪੋਤੇ, ਜੋ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸਕ ਗੁਰਦੁਆਰੇ ਦੇ ਗ੍ਰੰਥੀ ਹਨ, ਨੇ 2003 ਵਿਚ ਦੱਸੀਆਂ। ਇਹ ਗੁਰਦੁਆਰਾ ਪਿੰਡ ਪਤਾਰਾ, ਜੋ ਬੱਬਰ ਅਕਾਲੀ ਲਹਿਰ ਦੇ ਮੋਢੀ ਮਾਸਟਰ ਮੋਤਾ ਸਿੰਘ ਦਾ ਪਿੰਡ ਹੈ, ਤੋਂ ਦੋ ਮੀਲ ਦੱਖਣ ਵੱਲ ਹੈ। ਇਸ ਗੁਰਦੁਆਰੇ ਦੀ ਖੋਜ ਵੀ ਮਾਸਟਰ ਮੋਤਾ ਸਿੰਘ ਨੇ ਕੀਤੀ ਸੀ ਕਿ ਜਲੰਧਰ ਫਤਿਹ ਕਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਡੇਰੇ ਵਾਲੀ ਥਾਂ 'ਤੇ ਕਈ ਦਿਨ ਪੜਾਅ ਕੀਤਾ ਸੀ, ਕਿਉਂਕਿ ਨਾਲ ਹੀ ਪਾਣੀ ਦਾ ਸਰੋਵਰ ਸੀ ਜਿਸ ਵਿਚ ਨਾਲ ਵਗਦੇ ਚੋਅ ਦਾ ਪਾਣੀ ਸਦਾ ਚਲਦਾ ਰਹਿੰਦਾ ਸੀ ਅਤੇ ਫੌਜ ਤੇ ਘੋੜਿਆਂ ਲਈ ਠੀਕ ਸੀ। ਮਾਸਟਰ ਮੋਤਾ ਸਿੰਘ ਨੇ ਖੋਜ ਕਰ ਕੇ ਇਹ ਥਾਂ ਲਭਿਆ ਅਤੇ ਉਦੋਂ ਸਿੰਘਾਂ ਦੇ ਦੱਬੇ ਹੋਏ ਹਥਿਆਰ ਆਦਿ ਵੀ ਲੱਭੇ ਸਨ ਜੋ ਉਸ ਗੁਰਦੁਆਰੇ ਵਿਚ ਅੱਜ ਵੀ ਮੌਜੂਦ ਹਨ।

ਮੈਂ ਤਾਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲੇਖ ਲਿਖਣਾ ਸੀ ਤਾਂ ਸ. ਸ਼ਿਵ ਸਿੰਘ ਦੇ ਪੋਤਰੇ ਨੇ ਆਪਣੇ ਬਾਬਾ ਜੀ ਬਾਰੇ ਖਾਸ ਦਿਲਚਸਪ ਗੱਲਾਂ ਦੱਸੀਆਂ ਕਿ ਬੱਬਰ ਸ਼ਿਵ ਸਿੰਘ ਸਿੱਖੀ ਅਸੂਲਾਂ ਦੇ ਪੂਰੇ ਧਾਰਨੀ ਸਨ। ਉਨ੍ਹਾਂ ਨੇ ਐਸੀ ਸਾਦਗੀ ਨਾਲ ਆਪਣੇ ਦੋਹਾਂ ਪੁੱਤਰਾਂ ਦੇ ਵਿਆਹ ਕੀਤੇ ਕਿ ਸਾਰੇ ਦੁਆਬੇ ਵਿਚ ਇਸ ਸਾਦਗੀ ਦੀਆਂ ਧੁੰਮਾਂ ਪੈ ਗਈਆਂ। ਹਰੀਪੁਰ ਤੋਂ ਚਾਰ ਕੁ ਮੀਲ ਦੱਖਣ ਵੱਲ ਰਿਆਸਤ ਕਪੂਰਥਲਾ ਦੇ ਪਿੰਡ ਰਾਣੀ ਥੂਹਾਂ ਦੇ ਇਕ ਗੁਰਸਿੱਖ ਦੀਆਂ ਦੋ ਬੇਟੀਆਂ ਨਾਲ ਰਿਸ਼ਤੇਦਾਰੀ ਤੈਅ ਕਰ ਕੇ ਉਹ ਆਪਣੇ ਦੋਨੋਂ ਬੇਟਿਆਂ ਨੂੰ ਲੈ ਕੇ ਦੋ ਘੋੜੀਆਂ 'ਤੇ ਗਏ। ਕੋਈ ਬੈਂਡ ਵਾਜਾ ਨਹੀਂ; ਨਾ ਹਰੀਪੁਰ ਅਤੇ ਨਾ ਹੀ ਰਾਣੀ ਥੂਹੇ। ਉਸ ਪਿੰਡ ਦੇ ਗੁਰਦੁਆਰੇ ਵਿਚ ਲਾਵਾਂ ਕਰ ਕੇ ਦੋਹਾਂ ਨੂੰਹਾਂ ਨੂੰ ਘੋੜੀਆਂ 'ਤੇ ਬਿਠਾ ਕੇ ਆਪਣੇ ਪਿੰਡ ਆ ਗਏ। ਵਧਾਈਆਂ ਦੇਣ ਵਾਲਿਆਂ ਨੂੰ ਗੁੜ ਦੀ ਇਕ ਇਕ ਪੇਸੀ ਬੱਬਰ ਦੀ ਮਾਤਾ ਦੇਈ ਗਈ। ਉਦੋਂ ਇਹ ਵਿਆਹ ਇਕ ਮਿਸਾਲ ਸੀ।

ਫਿਰ ਇਕ ਵਾਰੀ ਪਿੰਡ ਹਰੀਪੁਰ ਦਾ ਇਤਿਹਾਸ ਲਿਖਣ ਲਈ ਮੈਂ ਅਤੇ ਮੇਰੇ ਦੋਸਤ ਚਰੰਜੀ ਲਾਲ (ਸੈਕਟਰੀ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ) ਇਸ ਬੱਬਰ ਦੇ ਘਰ ਗਏ, ਪਰ ਉਹ ਤਾਂ ਸੁਰਗਵਾਸ ਹੋ ਚੁਕੇ ਸਨ, ਉਂਜ ਸਭ ਲੋਕ ਉਨ੍ਹਾਂ ਦੀ ਕੁਰਬਾਨੀ ਦੀ ਬਹੁਤ ਪ੍ਰਸ਼ੰਸਾ ਕਰਦੇ ਹਨ।

# ਹਿੰਦੋਸਤਾਨੀ ਸੰਗੀਤ ਨਾਲ ਨਾਤਾ ਪਾਲਣ ਵਾਲਾ ਵਨਰਾਜ

*ਵਨਰਾਜ ਭਾਟੀਆ (31 ਮਈ 1927) ਵਰਗਾ ਸੰਗੀਤਕਾਰ ਹੋਰ ਕੋਈ ਨਹੀਂ। ਪੰਜਾਬੀ ਪਿਛੋਕੜ ਵਾਲੇ ਵਨਰਾਜ ਫਿਲਮੀ ਦੁਨੀਆਂ ਦਾ ਹਿੱਸਾ ਬਣਨਾ ਲੋਚਦੇ ਸਨ, ਪਰ ਉਨ੍ਹਾਂ ਸੰਗੀਤ ਨਾਲ ਕੋਈ ਸਮਝੌਤਾ ਕਰ ਕੇ ਕਦੀ ਕੋਈ ਫਿਲਮ ਹਾਸਲ ਕਰਨ ਦਾ ਯਤਨ ਨਹੀਂ ਕੀਤਾ। ਉਨ੍ਹਾਂ ਕਈ ਸਾਰਥਕ ਫਿਲਮਾਂ ਲਈ ਸੰਗੀਤ ਦਿੱਤਾ। ਉਘੇ ਫਿਲਮਸਾਜ਼ ਸ਼ਿਆਮ ਬੈਨੇਗਲ ਦੀ 1972 ਵਿਚ ਆਈ ਫਿਲਮ 'ਅੰਕੁਰ' ਤੋਂ ਲੈ ਕੇ 2006 ਵਿਚ ਰਿਲੀਜ਼ ਹੋਈ ਫਿਲਮ 'ਸਰਦਾਰੀ ਬੇਗਮ' ਤੱਕ, ਸਾਰੀਆਂ ਫਿਲਮਾਂ ਲਈ ਸੰਗੀਤ ਉਨ੍ਹਾਂ ਹੀ ਦਿੱਤਾ ਹੈ। ਇਸ ਅਜ਼ੀਮ ਸ਼ਖਸੀਅਤ ਨਾਲ ਕੀਤੀ ਦਿਲਚਸਪ ਮੁਲਾਕਾਤ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ*



**ਸੁਰਿੰਦਰ ਸਿੰਘ ਤੇਜ**

ਮਹਾਰਾਸ਼ਟਰ ਵਿਚ ਤਿੰਨ ਤਰ੍ਹਾਂ ਦੇ ਭਾਟੀਏ ਰਹਿੰਦੇ ਹਨ। ਇੱਕ ਉਹ ਹਨ ਜੋ ਉਨੀਵੀਂ ਸਦੀ ਵਿਚ ਪਹਿਲਾਂ ਮੁੰਬਈ ਆਏ ਅਤੇ ਫਿਰ ਆਸ-ਪਾਸ ਦੇ ਹੋਰ ਇਲਾਕਿਆਂ ਵਿਚ ਫੈਲ ਗਏ। ਦੂਜੇ ਸਿੰਧੀ ਤੇ ਕੱਛੀ ਭਾਟੀਏ ਅਤੇ ਤੀਜੇ ਪੰਜਾਬੀ। ਮੁੱਢ ਸਾਰਿਆਂ ਦਾ ਮੁਲਤਾਨ ਤੋਂ ਹੈ। ਵਨਰਾਜ ਭਾਟੀਆ ਪੰਜਾਬੀ ਭਾਟੀਆ ਹੈ, ਭਾਵੇਂ ਉਸ ਦਾ ਜਨਮ 1927 ਵਿਚ ਮੁੰਬਈ ਵਿਚ ਹੋਇਆ। ਉਸ ਦੇ ਪਿਤਾ ਮੂਲ ਰਾਜ ਭਾਟੀਆ 1910 ਵਿਚ ਕਾਰੋਬਾਰ ਕਰਨ ਲਈ ਮੁਲਤਾਨ ਤੋਂ ਮੁੰਬਈ (ਉਦੋਂ ਬੰਬਈ) ਚਲੇ ਗਏ ਸਨ। ਉਹ ਕੱਪੜੇ ਦੇ ਥੋਕ ਵਪਾਰੀ ਸਨ। ਗੀਤ-ਸੰਗੀਤ ਦਾ ਮੂਲ ਰਾਜ ਭਾਟੀਆ ਨੂੰ ਉੱਕਾ ਹੀ ਸ਼ੌਕ ਨਹੀਂ ਸੀ, ਪਰ ਪੁੱਤਰ ਨੂੰ ਬਚਪਨ ਵਿਚ ਹੀ ਪੱਛਮੀ ਸੰਗੀਤ ਦੀ ਚੇਟਕ ਲੱਗ ਗਈ। ਜਦੋਂ ਪਿਤਾ ਤੇ ਵੱਡੇ ਭਰਾ ਇਹ ਸੋਚਦੇ ਸਨ ਕਿ ਪੜ੍ਹਾਈ ਵਿਚ ਹੋਣਹਾਰ ਵਨਰਾਜ, ਬਿਜ਼ਨਸ ਮੈਨੇਜਮੈਂਟ ਜਾਂ ਕਾਨੂੰਨ ਦੀ ਕੋਈ ਅਹਿਮ ਡਿਗਰੀ ਹਾਸਲ ਕਰਨ ਲਈ ਲੰਡਨ ਜਾਵੇਗਾ ਤਾਂ ਉਸ ਨੇ ਐਲਾਨ ਕਰ ਦਿੱਤਾ ਕਿ ਲੰਡਨ ਜ਼ਰੂਰ ਜਾਵੇਗਾ, ਪਰ ਰਾਇਲ ਮਿਊਜ਼ਿਕ ਕਾਲਜ ਵਿਚ ਪੱਛਮੀ ਸ਼ਾਸਤਰੀ ਸੰਗੀਤ ਦਾ ਅਧਿਐਨ ਕਰਨ ਲਈ। ਰੋਹ ਵਿਚ ਆਏ ਪਿਤਾ ਦੀ ਤਲਖ਼ ਟਿੱਪਣੀ ਸੀ: "ਮੈਂ ਜਾਇਦਾਦ 'ਚੋਂ ਧੇਲਾ ਨਹੀਂ ਦੇਣਾ ਇਹਨੂੰ। ਇਹ ਚੌਪਾਟੀ 'ਚ ਵਾਜਾ ਵਜਾ ਕੇ ਛੋਲੇ ਵੇਚਿਆ ਕਰੇਗਾ।"

ਪਿਤਾ ਦੇ ਗੁੱਸੇ ਦੇ ਬਾਵਜੂਦ ਵੱਡੇ ਭਰਾਵਾਂ ਨੇ ਵਨਰਾਜ ਦੀ ਮਦਦ ਕੀਤੀ। ਉਸ ਨੇ ਤਿੰਨ ਸਾਲ ਰਾਇਲ ਮਿਊਜ਼ਿਕ ਕਾਲਜ ਵਿਚ ਸੰਗੀਤ ਦਾ ਅਧਿਐਨ ਕੀਤਾ। ਫਿਰ ਪੈਰਿਸ ਕੰਸਰਵੇਟਰੀ ਕੋਲ ਦੋ ਸਾਲ ਟ੍ਰੇਨੀ ਰਿਹਾ। ਵੈਗਨਰ, ਬਾਖ਼, ਮੋਤਸਾਰਟ, ਬ੍ਰੈਹਮਜ, ਸ਼ਿਊਬਰਟ, ਚੌਪਿਨ, ਬੀਥੋਵਨ ਤੇ ਹੋਰ ਪੱਛਮੀ ਸ਼ਾਸਤਰੀ ਸੰਗੀਤਕਾਰਾਂ ਦੀਆਂ ਸਿੰਫਨੀਆਂ ਉਸ ਦੀ ਰੂਹ ਤੇ ਦਿਮਾਗ਼ ਵਿਚ ਸਥਾਈ ਤੌਰ 'ਤੇ ਵਸ ਗਈਆਂ। ਵਾਪਸ ਆਉਣ 'ਤੇ ਵਾਜਾ ਵਜਾ ਕੇ ਛੋਲੇ ਵੇਚਣ ਦੀ ਨੌਬਤ ਨਹੀਂ ਆਈ। ਦਿੱਲੀ ਯੂਨੀਵਰਸਿਟੀ ਵਿਚ ਵੈਸਟਰਨ ਮਿਊਜ਼ਿਕਾਲੋਜੀ ਦੇ ਰੀਡਰ ਦੀ ਨੌਕਰੀ ਮਿਲ ਗਈ।

ਦੇਸ਼ ਆਜ਼ਾਦ ਹੋਇਆਂ ਅਜੇ ਕੁਝ ਵਰ੍ਹੇ ਹੋਏ ਸਨ। ਦਿੱਲੀ ਵਿਚ ਸ਼ਰਨਾਰਥੀਆਂ ਦੇ ਪੁਨਰਵਾਸ ਦਾ ਸਿਲਸਿਲਾ ਜ਼ੋਰਾਂ 'ਤੇ ਸੀ। ਪੱਛਮੀ ਸੰਗੀਤ ਦੇ ਸ਼ੈਦਾਈਆਂ ਦੀ ਗਿਣਤੀ ਘੱਟ ਸੀ। ਵਨਰਾਜ ਨੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿਚ ਨਿਪੁੰਨਤਾ ਹਾਸਲ ਕਰਨ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਨੇ ਫ਼ਿਲਮ ਸੰਗੀਤਕਾਰ ਬਣਨ ਦਾ ਸੁਫ਼ਨਾ ਦੇਖਿਆ ਸੀ ਅਤੇ ਇਸ ਸੁਫ਼ਨੇ ਨੂੰ ਪੂਰਾ ਕਰਨ ਲਈ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦਾ ਗਿਆਨ ਹੋਣਾ ਜ਼ਰੂਰੀ ਸੀ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿਚ ਪ੍ਰਬੀਨਤਾ ਹਾਸਲ ਹੋਣ ਤੋਂ ਪਹਿਲਾਂ ਹੀ ਵਨਰਾਜ ਨੂੰ ਫ਼ਿਲਮੀ ਸੰਗੀਤ ਦਾ ਕੀੜਾ ਸਤਾਉਣ ਲੱਗਾ। ਦਿੱਲੀ ਵਾਲੀ ਨੌਕਰੀ ਛੱਡੀ, ਮੁੰਬਈ ਪਰਤ ਗਿਆ; ਪਰ ਕੋਈ ਫ਼ਿਲਮਸਾਜ਼ ਉਸ ਨੂੰ ਮੌਕਾ ਦੇਣ ਲਈ ਤਿਆਰ ਨਹੀਂ ਸੀ। ਵਨਰਾਜ ਵਾਲੇ ਸੰਗੀਤ ਵਿਚ ਉਨ੍ਹਾਂ ਨੂੰ ਪ੍ਰਚਲਤ ਫ਼ਿਲਮ ਸੰਗੀਤ ਵਾਲੇ ਤੱਤ ਨਜ਼ਰ ਨਹੀਂ ਸੀ ਆ ਰਹੇ। "ਪਾਪੂਲਰ ਫੀਲ ਲਾਓ", ਉਸ ਜ਼ਮਾਨੇ ਦੇ ਇੱਕ ਮਸ਼ਹੂਰ ਨਿਰਦੇਸ਼ਕ ਨੇ ਉਸ ਦੀ ਧੁਨ ਸੁਣ ਕੇ ਕਿਹਾ। ਵਨਰਾਜ ਆਪਣੀਆਂ ਸ਼ਰਤਾਂ 'ਤੇ ਕੰਮ ਕਰਨ ਲਈ ਦ੍ਰਿੜ ਸੀ। ਉਹ ਫ਼ਿਲਮ ਦੀ ਵਿਸ਼ਾ-ਵਸਤੂ ਮੁਤਾਬਿਕ ਹੀ ਗੀਤ-ਸੰਗੀਤ ਸਿਰਜਣਾ ਚਾਹੁੰਦਾ ਸੀ। ਉਸ ਨੂੰ ਕੋਈ ਫ਼ਿਲਮ ਨਹੀਂ ਮਿਲੀ। ਇਸ 'ਤੇ ਉਸ ਨੇ ਇਸ਼ਤਿਹਾਰੀ ਫ਼ਿਲਮਾਂ ਦਾ ਸੰਗੀਤ ਦੇਣ ਦਾ ਰਾਹ ਚੁਣ ਲਿਆ। ਇਸ ਫ਼ੈਸਲੇ ਨੇ ਘਰ ਵਿਚ ਰੋਟੀ ਪੱਕਣੀ ਤੇ ਦੋ ਬੱਚਿਆਂ ਦੀ ਸਕੂਲੀ ਫੀਸ ਸਮੇਂ ਸਿਰ ਅਦਾ ਹੋਣੀ ਯਕੀਨੀ ਬਣਾ ਦਿੱਤੀ, ਘਰ ਤਾਂ ਪਿਤਾ ਤੇ ਭਰਾਵਾਂ ਵਾਲਾ ਹੈ ਹੀ ਸੀ।



ਦਸ ਸਾਲ ਜਿੰਗਲਜ਼ ਤੇ ਇਸ਼ਤਿਹਾਰੀ ਫ਼ਿਲਮਾਂ ਦਾ ਸੰਗੀਤ ਦੇਣ ਮਗਰੋਂ ਵਨਰਾਜ ਨੂੰ ਸੰਗੀਤਕਾਰ ਵਜੋਂ ਪਹਿਲੀ ਫ਼ਿਲਮ ਮਿਲੀ: ਸ਼ਿਆਮ ਬੈਨੇਗਲ ਦੀ 'ਅੰਕੁਰ'। ਸਾਲ 1972 ਵਿਚ ਰਿਲੀਜ਼ ਹੋਈ ਇਸ ਫ਼ਿਲਮ ਤੋਂ ਲੈ ਕੇ 1996 ਵਿਚ ਰਿਲੀਜ਼ ਹੋਈ 'ਸਰਦਾਰੀ ਬੇਗ਼ਮ' ਤਕ ਸ਼ਿਆਮ ਬੈਨੇਗਲ ਦੀਆਂ ਸਾਰੀਆਂ ਫ਼ਿਲਮਾਂ ਵਿਚ ਸੰਗੀਤ ਵਨਰਾਜ ਦਾ ਰਿਹਾ। ਉਸ ਨੂੰ ਇਸ ਦੌਰ ਦੌਰਾਨ ਫ਼ਿਲਮ ਸੰਗੀਤ ਲਈ ਦੋ ਕੌਮੀ ਪੁਰਸਕਾਰ ਮਿਲੇ, ਪਦਮਸ੍ਰੀ ਨਾਲ ਨਿਵਾਜਿਆ ਗਿਆ, ਸੁਰ ਸ਼ਿੰਗਾਰ ਸੰਸਦ (ਪੁਣੇ) ਵੱਲੋਂ ਬਿਹਤਰੀਨ ਸ਼ਾਸਤਰੀ ਸੰਗੀਤਕਾਰ ਦੇ ਪੁਰਸਕਾਰ ਤੋਂ ਇਲਾਵਾ ਕਈ ਹੋਰ ਕੌਮੀ ਤੇ ਕੌਮਾਂਤਰੀ ਮਾਣ-ਸਨਮਾਨ ਮਿਲੇ। ਨੱਬੇ ਵਰ੍ਹਿਆਂ ਦਾ ਹੋਣ ਦੇ ਬਾਵਜੂਦ ਵਨਰਾਜ ਭਾਟੀਆ ਹੁਣ ਵੀ ਇਸ਼ਤਿਹਾਰੀ ਫ਼ਿਲਮਾਂ ਦਾ ਸੰਗੀਤ ਦਿੰਦਾ ਹੈ ਅਤੇ ਜਿੰਗਲਜ਼ ਦੀਆਂ ਧੁਨਾਂ ਬਣਾਉਂਦਾ ਹੈ। ਉਹ ਸੱਤ ਹਜ਼ਾਰ ਤੋਂ ਵੱਧ ਜਿੰਗਲਜ਼ ਕੰਪੋਜ਼ ਕਰ ਚੁੱਕਾ ਹੈ।

ਫ਼ਿਲਮ ਸੰਗੀਤਕਾਰ ਵਜੋਂ ਉਸ ਨੇ 40 ਫ਼ਿਲਮਾਂ ਤੇ ਅੱਠ ਟੀ.ਵੀ. ਸੀਰੀਅਲਾਂ ਦਾ ਸੰਗੀਤ ਦਿੱਤਾ। ਕਮਾਲ ਇਹ ਰਿਹਾ ਕਿ ਆਪਣੀਆਂ ਧੁਨਾਂ ਲਈ ਉਸ ਨੇ ਮਕਬੂਲ ਗਾਇਕਾਂ ਦੀ ਵਰਤੋਂ ਬਹੁਤ ਘੱਟ ਕੀਤੀ। ਨਵੇਂ ਜਾਂ ਗ਼ੈਰ-ਰਵਾਇਤੀ ਗਾਇਕਾਂ ਨੂੰ ਗਾਉਣ ਦਾ ਵੱਧ ਤੋਂ ਵੱਧ ਮੌਕਾ ਦਿੱਤਾ। ਲਤਾ ਮੰਗੇਸ਼ਕਰ ਤੋਂ ਉਸ ਨੇ ਸਿਰਫ਼ ਦੋ ਗੀਤ ਗਵਾਏ। ਇਨ੍ਹਾਂ ਵਿਚੋਂ ਇੱਕ 'ਬਰਸੇ ਘਨ ਸਾਰੀ ਰਾਤ' (ਤਰੰਗ) ਤਿੰਨ ਰਾਗਾਂ ਦਾ ਮਿਸ਼ਰਣ ਹੈ ਜਿਸ ਨੂੰ ਏਕ ਤਾਲ 'ਤੇ ਸੈੱਟ ਕੀਤਾ ਗਿਆ ਹੈ। ਫ਼ਿਲਮ ਸੰਗੀਤ ਵਿਚ ਇਹ ਅਨੂਠੀ ਰਚਨਾ ਹੈ। ਸ਼ਾਸਤਰੀ ਗੀਤ ਹੋਣ ਦੇ ਬਾਵਜੂਦ ਇਸ ਵਿਚ ਤਾਨਪੂਰਾ ਨਹੀਂ ਵਰਤਿਆ ਗਿਆ। ਮੁੱਖ ਵਾਦ ਸੈਲੋ ਹੈ ਅਤੇ ਉਸ ਨੂੰ ਬੰਸਰੀ ਤੇ ਸਾਰੰਗੀ ਦੀ ਸੰਗਤ ਦਾ ਠੁੰਮ੍ਹਣਾ ਦਿੱਤਾ ਗਿਆ ਹੈ। ਭਾਰਤੀ ਤੇ ਪੱਛਮੀ ਸੰਗੀਤ ਦਾ ਅਜਿਹਾ ਸੁਮੇਲ ਇਸ ਗੀਤ ਦੀ ਜਿੰਦ-ਜਾਨ ਹੈ।

ਮੁੰਬਈ ਦਾ ਜੰਮਪਲ ਹੋਣ ਅਤੇ ਅੰਗਰੇਜ਼ੀ ਮੀਡੀਆ ਸਕੂਲਾਂ ਤੇ ਐਲਫਿਨਸਟੋਨ ਕਾਲਜ ਵਿਚ ਪੜ੍ਹੇ ਹੋਣ ਦੇ ਬਾਵਜੂਦ ਵਨਰਾਜ ਭਾਟੀਆ ਦੀ ਹਿੰਦੀ ਜਾਂ ਅੰਗਰੇਜ਼ੀ 'ਤੇ ਮੁਲਤਾਨੀ ਪੁੱਠ ਮੌਜੂਦ ਹੈ। ਪੇਸ਼ ਹਨ ਉਸ ਨਾਲ ਲੰਮੀ ਗੱਲਬਾਤ ਦੇ ਕੁਝ ਅੰਸ਼:

-ਸੰਗੀਤ, ਖਾਸ ਕਰ ਪੱਛਮੀ ਸ਼ਾਸਤਰੀ ਸੰਗੀਤ ਦਾ ਸ਼ੌਕ ਕਿਵੇਂ ਪਿਆ?

-ਮੈਂ ਬੰਬੇ ਦੇ ਨਿਊ ਇਰਾ ਸਕੂਲ ਵਿਚ ਪੜ੍ਹਦਾ ਸੀ। ਉਥੇ ਭਾਰਤੀ ਸ਼ਾਸਤਰੀ ਸੰਗੀਤ ਪੜ੍ਹਾਈ ਦਾ ਵਿਸ਼ਾ ਸੀ। ਮੈਂ ਪੰਜਵੀਂ ਵਿਚ ਆਪਣੇ ਪਿਤਾ ਤੋਂ ਪੁੱਛੇ ਬਿਨਾਂ ਉਹ ਵਿਸ਼ਾ ਲੈ ਲਿਆ। ਤਿੰਨ ਸਾਲਾਂ ਦੇ ਅੰਦਰ ਮੈਂ ਭਾਰਤੀ ਰਾਗਾਂ ਬਾਰੇ ਮੁੱਢਲੀ ਜਾਣਕਾਰੀ ਗ੍ਰਹਿਣ ਕਰ ਲਈ। ਪੱਛਮੀ ਸੰਗੀਤ ਦਾ ਸ਼ੌਕ ਸਾਡੇ ਸਕੂਲ ਵਿਚ ਤਿੰਨ ਮਹੀਨੇ ਲਈ ਆਈ ਸਿੰਗਾਪੁਰੀ ਅਧਿਆਪਕਾ ਮਿਸ ਯਿਓਹ ਨੇ ਮੇਰੇ ਅੰਦਰ ਉਪਜਾਇਆ। ਉਹ 1942 ਵਿਚ ਸਿੰਗਾਪੁਰ ਉਤੇ ਜਾਪਾਨੀ ਹਮਲੇ ਸਮੇਂ ਉਥੋਂ ਭੱਜ ਕੇ ਭਾਰਤ ਆਈ ਸੀ। ਹਾਲਾਤ ਸੁਧਰਨ 'ਤੇ ਉਹ ਵਤਨ ਪਰਤ ਗਈ, ਪਰ ਮੇਰੇ ਅੰਦਰ ਯੂਰਪੀ ਸ਼ਾਸਤਰੀ ਸੰਗੀਤ ਪ੍ਰਤੀ ਜਨੂੰਨ ਪੈਦਾ ਕਰ ਗਈ। ਪਿਆਨੋ ਵਜਾਉਣੀ ਮੈਂ ਉਸ ਤੋਂ ਸਿੱਖੀ। ਬੰਬਈ ਵਿਚ ਰਹਿਣ ਦਾ ਫਾਇਦਾ ਇਹ ਸੀ ਕਿ ਇਥੇ ਸੰਗੀਤ ਦੇ ਤਰ੍ਹਾਂ-ਤਰ੍ਹਾਂ ਦੇ ਪ੍ਰੋਗਰਾਮ ਚਲਦੇ ਰਹਿੰਦੇ ਸਨ। ਮੈਂ ਉਨ੍ਹਾਂ ਵਿਚ ਨਿਯਮਿਤ ਤੌਰ 'ਤੇ ਹਾਜ਼ਰੀ ਭਰਨ ਲੱਗਿਆ। ਇਨ੍ਹਾਂ ਤੋਂ ਕਈ ਕੁਝ ਸਿੱਖਿਆ।

-ਤੁਹਾਡੇ ਪਰਿਵਾਰ ਦਾ ਸੰਗੀਤ ਪ੍ਰਤੀ ਕੀ ਰੁਖ਼ ਸੀ?

-ਬਹੁਤ ਮਾੜਾ। ਇੱਕ ਚਾਚਾ ਤਾਂ ਮੇਰਾ ਪਿਆਨੋ ਹੀ ਸਾੜ ਦੇਣਾ ਚਾਹੁੰਦਾ ਸੀ। ਪਿਤਾ ਜੀ ਵੀ ਬਹੁਤ ਖ਼ਿਲਾਫ਼ ਸਨ, ਪਰ ਜਦੋਂ ਉਨ੍ਹਾਂ ਮੇਰੀ ਲਗਨ ਦੇਖੀ ਤਾਂ ਮੈਨੂੰ ਉਤਸ਼ਾਹਿਤ ਕਰਨ ਲੱਗ ਪਏ।

-ਜਿੰਗਲਜ਼ ਕੰਪੋਜ਼ ਕਰਨ ਦਾ ਧੰਦਾ ਕਿਵੇਂ ਸ਼ੁਰੂ ਕੀਤਾ?

-ਦਿੱਲੀ ਵਾਲੀ ਨੌਕਰੀ ਛੱਡਣ ਤੇ ਕੁਝ ਮਹੀਨੇ ਯੂਰਪ ਵਿਚ ਘੁੰਮਣ ਤੋਂ ਬਾਅਦ ਮੇਰੇ ਕੋਲ ਪੈਸੇ ਮੁੱਕ ਗਏ। ਪਰਿਵਾਰ ਤੋਂ ਮੰਗ ਨਹੀਂ ਸੀ ਸਕਦਾ। ਜਦੋਂ ਮੁੰਬਈ ਪਰਤਿਆ ਤਾਂ ਸਮਝ ਨਾ ਆਵੇ ਕਿ ਕੀ ਕਰਾਂ। ਅਭਿਨੇਤਰੀ ਦੁਰਗਾ ਖੋਟੇ ਇਸ ਮੌਕੇ ਮੇਰੀ ਮਦਦ 'ਤੇ ਆਈ। ਉਸ ਨੇ ਮੈਨੂੰ ਇੱਕ ਸਿਲਕ ਮਿੱਲ ਦੀਆਂ ਸਾੜ੍ਹੀਆਂ ਦੇ ਜਿੰਗਲਜ਼ ਕੰਪੋਜ਼ ਕਰਨ ਦਾ ਕੰਮ ਦਿਵਾਇਆ। ਉਦੋਂ ਜਿੰਗਲਜ਼ ਹੁਣ ਵਾਂਗ 10 ਸਕਿੰਟਾਂ ਦੇ ਨਹੀਂ, ਤਿੰਨ ਤਿੰਨ ਮਿੰਟ ਤਕ ਲੰਮੇ ਹੁੰਦੇ ਸਨ। ਸ਼ਿਆਮ (ਬੈਨੇਗਲ) 1970 ਵਿਚ ਫ਼ਿਲਮ ਬਣਾਉਣ ਬਾਰੇ ਸੋਚ ਰਿਹਾ ਸੀ। ਉਸ ਵਾਲੀ ਇਸ਼ਤਿਹਾਰਬਾਜ਼ੀ ਏਜੰਸੀ 'ਬਲੇਜ਼ ਐਡਵਰਟਾਈਜ਼ਿੰਗ' ਉਸ ਦੀ ਫ਼ਿਲਮ ਦਾ ਖ਼ਰਚ ਚੁੱਕਣ ਲਈ ਤਿਆਰ ਸੀ। ਉਸ ਨੇ ਮੇਰੇ ਕੁਝ ਜਿੰਗਲਜ਼ ਸੁਣੇ ਤੇ ਮੈਨੂੰ ਫ਼ਿਲਮ 'ਅੰਕੁਰ' ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਮੈਨੂੰ ਸ਼ਿਆਮ ਦੀ ਪ੍ਰਤੀਬੱਧਤਾ ਬਾਰੇ ਪਤਾ ਸੀ। ਮੈਨੂੰ ਫ਼ਿਲਮ ਨਾਲ ਜੁੜਨ ਵਿਚ ਕੋਈ ਦਿੱਕਤ ਮਹਿਸੂਸ ਨਹੀਂ ਹੋਈ।

-ਫ਼ਿਲਮੀ ਗੀਤ ਦੀ ਧੁਨ ਤਿਆਰ ਕਰਦੇ ਸਮੇਂ ਤੁਹਾਡੇ ਮਨ ਵਿਚ ਕਦੇ ਇਹ ਖਿਆਲ ਆਇਆ ਕਿ ਤੁਹਾਡੀ ਧੁਨ ਵੀ ਕਿਸੇ ਨਾਮਵਰ ਫ਼ਿਲਮ ਸੰਗੀਤਕਾਰ ਦੀ ਧੁਨ ਦੇ ਮਿਆਰ ਦੀ ਜਾਂ ਉਸ ਤੋਂ ਬਿਹਤਰ ਹੋਣੀ ਚਾਹੀਦੀ ਹੈ? ਕੀ ਕਿਸੇ ਫ਼ਿਲਮ ਸੰਗੀਤਕਾਰ ਨੇ ਤੁਹਾਨੂੰ ਸੱਚਮੁਚ ਹੀ ਪ੍ਰਭਾਵਿਤ ਕੀਤਾ?

-ਕਿਸੇ ਨੇ ਵੀ ਪ੍ਰਭਾਵਿਤ ਨਹੀਂ ਕੀਤਾ। ਵਜ੍ਹਾ ਇਹ ਹੈ ਕਿ ਜੋ ਗੀਤ ਅਸੀਂ ਬਹੁਤ ਮਕਬੂਲ ਮੰਨਦੇ ਹਾਂ, ਉਸ ਵਿਚ ਅਰੇਂਜਰ ਦਾ ਓਨਾ ਹੀ ਯੋਗਦਾਨ ਹੁੰਦਾ ਹੈ, ਜਿੰਨਾ ਧੁਨ ਰਚਣ ਵਾਲੇ ਦਾ। ਗੀਤ ਨਾਲ ਸੰਗੀਤ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਕਿਹੜੇ-ਕਿਹੜੇ ਸਾਜ਼ ਕਿਥੇ ਵੱਜਣੇ ਚਾਹੀਦੇ ਹਨ, ਇਹ ਅਰੇਂਜਰ ਤੈਅ ਕਰਦੇ ਹਨ। ਅਰੇਂਜਰ ਬੁਨਿਆਦੀ ਤੌਰ 'ਤੇ ਕੋਈ ਸਾਜ਼-ਵਾਦਕ ਰਿਹਾ ਹੁੰਦਾ ਹੈ। ਉਸ ਦਾ ਜ਼ੋਰ ਗਾਇਕ ਦੀ ਆਵਾਜ਼ ਨਾਲੋਂ ਸਾਜ਼ਾਂ ਦੇ ਲੈਅ-ਪ੍ਰਬੰਧ 'ਤੇ ਵੱਧ ਕੇਂਦ੍ਰਿਤ ਹੁੰਦਾ ਹੈ। ਇਹੀ ਕਾਰਨ ਹੈ ਕਿ ਗਾਇਕ ਤੇ ਸਾਜ਼ਾਂ ਦੀਆਂ ਆਵਾਜ਼ਾਂ ਰਲ-ਗੱਡ ਹੁੰਦੀਆਂ ਰਹਿੰਦੀਆਂ ਹਨ। ਮੇਰੀ ਸੰਗੀਤ ਸ਼ੈਲੀ ਅਜਿਹੀ ਨਹੀਂ। ਮੈਂ ਫ਼ਿਲਮ ਦੇ ਵਿਸ਼ਾ-ਵਸਤੂ ਮੁਤਾਬਿਕ ਸੰਗੀਤ ਰਚਦਾ ਰਿਹਾ ਹਾਂ। ਮੇਰੇ ਸੱਤਰ ਫ਼ੀਸਦੀ ਗੀਤਾਂ ਵਿਚ ਮਹਿਜ਼ ਪੰਜ ਸਾਜ਼ਿੰਦਿਆਂ ਦੀ ਵਰਤੋਂ ਕੀਤੀ ਗਈ ਹੈ। ਫ਼ਿਲਮ 'ਜਨੂੰਨ' ਵਿਚ ਆਸ਼ਾ ਭੌਂਸਲੇ ਵੱਲੋਂ ਗਾਏ ਗੀਤ 'ਸਾਵਨ ਕੀ ਆਈ ਬਹਾਰ ਰੇ' ਵਿਚ ਮਹਿਜ਼ ਦੋ ਸਾਜ਼ਿੰਦਿਆਂ ਨੇ ਗਾਇਕਾ ਦੀ ਸੰਗਤ ਕੀਤੀ।

-ਫ਼ਿਲਮ 'ਮੰਡੀ' ਵਿਚ ਤੁਸੀਂ ਸ਼ਬਾਨਾ ਆਜ਼ਮੀ ਤੋਂ ਗੀਤ ਗਵਾਇਆ...?

-ਉਹ ਗੀਤ ਫ਼ਿਲਮ ਦੀ ਕਹਾਣੀ ਦਾ ਹੀ ਹਿੱਸਾ ਸੀ। ਉਹ ਚਕਲਾ ਮਾਲਕਣ ਵਰਗੀ ਆਵਾਜ਼ ਵਿਚ ਹੀ ਚਾਹੀਦਾ ਸੀ। ਇਸੇ ਲਈ ਸ਼ਬਾਨਾ, ਜੋ ਚਕਲਾ ਮਾਲਕਣ ਦਾ ਰੋਲ ਨਿਭਾਅ ਰਹੀ ਸੀ, ਤੋਂ ਹੀ ਗਵਾਇਆ ਗਿਆ। ਉਸ ਨੇ ਹੈਦਰਾਬਾਦੀ ਲਿੰਗੋ (ਉਚਾਰਣ) ਵੀ ਖ਼ੂਬ ਫੜੀ।

-ਖੱਯਾਮ ਸਾਹਬ ਨੇ ਫਿਰ ਮੁਜ਼ੱਫਰ ਅਲੀ ਦੀ ਫ਼ਿਲਮ 'ਅੰਜੂਮਨ' ਵਿਚ ਉਸ ਤੋਂ ਕਈ ਗੀਤ ਗਵਾਏ...।

-ਹਾਂ, ਉਹ ਚੰਗਾ ਤਜਰਬਾ ਸੀ।

-ਪ੍ਰੀਤੀ ਸਾਗਰ ਨੇ ਤੁਹਾਡੇ ਲਈ ਬਹੁਤ ਗੀਤ ਗਾਏ ਹਨ...।

-ਮੈਨੂੰ ਉਸ ਦੀ ਆਵਾਜ਼ ਵਿਚ ਤਾਜ਼ਗੀ ਲੱਗੀ। ਉਸ ਦਾ ਪਿਤਾ ਮੋਤੀ ਸਾਗਰ ਮੇਰਾ ਮਿੱਤਰ ਸੀ, ਸ਼ਾਇਦ ਇਸ ਕਰ ਕੇ ਮੈਂ ਪ੍ਰੀਤੀ ਦੀ ਕੁਝ ਰਿਆਇਤ ਵੀ ਕੀਤੀ...। ਮੇਰੇ ਲਈ ਜਿੰਗਲਜ਼ ਮੌਜੂਦਾ ਸਮੇਂ ਦੀਆਂ ਸਾਰੀਆਂ ਮਸ਼ਹੂਰ ਗਾਇਕਾਵਾਂ ਨੇ ਗਾਏ ਹੋਏ ਹਨ।

-ਤੁਸੀਂ ਹਿੰਦੀ ਮੁੱਖ ਧਾਰਾਈ ਫ਼ਿਲਮਾਂ ਲਈ ਸੰਗੀਤ ਕਿਉਂ ਨਹੀਂ ਦਿੱਤਾ?




-ਮੈਂ ਆਈਟਮ ਗੀਤ ਕੰਪੋਜ਼ ਨਹੀਂ ਕਰਦਾ। ਮੈਨੂੰ ਨਹੀਂ ਪਤਾ, ਹਿੱਟ ਗੀਤ ਕੀ ਹੁੰਦਾ ਹੈ ਅਤੇ ਕਿਵੇਂ ਸਿਰਜਣਾ ਹੁੰਦਾ ਹੈ। ਮੈਂ ਤਾਂ ਕਹਾਣੀ ਦੇ ਵਿਸ਼ਾ-ਵਸਤੂ ਤੇ ਫ਼ਿਲਮ ਦੇ ਮੂਡ ਮੁਤਾਬਿਕ ਧੁਨ ਤਿਆਰ ਕਰਦਾ ਹਾਂ। ਹਿੱਟ ਹੋ ਜਾਏ ਤਾਂ ਉਹ ਵੱਖਰੀ ਗੱਲ ਹੈ। ਫ਼ਿਲਮ ਇੰਡਸਟਰੀ ਮੈਨੂੰ ਪੁਰਸਕਾਰ ਦੇ ਸਕਦੀ ਹੈ, ਇਸ ਨੇ ਸਵੀਕਾਰ ਕਦੇ ਨਹੀਂ ਕੀਤਾ, ਨਾ ਹੀ ਕਰੇਗੀ।

---

## ਕਾਵਿ-ਜਗਤ

### ਨੈਣਾਂ ਦਾ ਸੱਚ

ਨੈਣਾਂ ਨੇ ਨੈਣਾਂ ਨਾਲ ਸ਼ੁਰੂ ਕੀਤੀ ਕਹਾਣੀ ਸੀ,
ਥੰਮਿਆ ਸੀ ਵੇਲਾ ਗੱਲ ਇੱਕ-ਦੂਜੇ ਤੱਕ ਪਹੁੰਚਾਣੀ ਸੀ।
ਧੜਕਦਾ, ਲੋਚਦਾ, ਸਹਿਮਦਾ ਸੀ ਦਿਲ ਪਰ ਲਗਦਾ ਸੀ,
ਦਿਲ ਦੀ ਨਜ਼ਮ ਅਣਕਹੀ ਹੀ ਰਹਿ ਜਾਣੀ ਸੀ।

ਮੰਨਦਾ ਨਹੀਂ ਸੀ ਮਨ, ਸਮਝੋ ਖੁਦਾ ਹੋ ਗਿਆ,
ਦੁਨੀਆਂ ਦੇ ਰਸ-ਬੰਧਨ ਤੋਂ ਜੁਦਾ ਹੋ ਗਿਆ।
ਲਾਲਸਾ ਸੀ ਬੱਸ ਇੱਕ ਰਿਸ਼ਤੇ ਦੀ ਪਹਿਚਾਣ ਦੀ,
ਲੋਚ ਸੀ ਬੱਸ ਇੱਕ ਨਿੱਕੇ ਜਿਹੇ ਅਹਿਸਾਨ ਦੀ।

ਆਖਰ ਮਿਲਿਆ ਮੌਕਾ ਰੂਹ ਨੂੰ ਰੂਹ ਦੀ ਸਾਂਝ ਦਾ,
ਜ਼ਿੰਦਗੀ ਸੀ ਮਹਿਕਦੀ ਸਰੂਰ ਚੜ੍ਹ ਚੜ੍ਹ ਜਾਂਵਦਾ।
ਸਿਉਂਤੀ ਗਈ ਡੋਰ, ਵਿਚ ਇਸ਼ਕ ਦੇ ਮਿਆਨ 'ਚ,
ਵਿਉਂਤੇ ਗਏ ਫਿਰ ਔਖੇ ਸਫਰ ਦੇ ਰੁਝਾਨ 'ਚ।

ਹੁਣ ਚਾਹੁੰਦਾ ਠਹਿਰਨਾ ਤੇ ਕੁਝ ਲਮਹੇ ਸਮੇਟਣਾ,
ਨਹੀਂ ਇਜਾਜ਼ਤ, ਚਾਹੁੰਦਾ ਸੀ ਕਾਇਦਿਆਂ 'ਚ ਲਪੇਟਣਾ।
ਛਟਪਟਾਉਂਦਾ ਕੁਰਲਾਉਂਦਾ ਹੌਲੀ ਹੌਲੀ ਮਿਟ ਗਿਆ,
ਜ਼ਿੰਦਗੀ ਦਾ ਮਿਆਨ ਸਮੇਂ ਦੇ ਥਪੇੜੇ 'ਚ ਫਿਟ ਗਿਆ।

ਸਾਂਝ ਸੀ ਜੋ ਪਹਿਲਾਂ ਹੁਣ ਉਹ ਬੋਝ ਬਣ ਲੱਦ ਗਈ,
ਰਿਸ਼ਤਿਆਂ ਦੀ ਦੌੜ ਵਿਚ ਸਾਹਾਂ ਦੀ ਹੱਦ ਗਈ।
ਮਨ ਦੇ ਆਜ਼ਾਦ ਪੰਛੀ ਨੂੰ ਉਡਣ ਦੀ ਚਾਹ ਨਹੀਂ ਸੀ,
ਉਠਦੇ ਸੀ ਪੈਰ ਪਰ ਪੈਰਾਂ ਨੂੰ ਕੋਈ ਰਾਹ ਨਹੀਂ ਸੀ।

ਆਜ਼ਾਦ ਪੰਛੀ ਦੱਬ ਗਿਆ ਨਵੇਂ ਜਹਾਨ ਵਿਚ,
ਇੱਕ ਹੋਰ ਬੁੱਤ ਜੁੜ ਗਿਆ ਬੁੱਤਾਂ ਦੀ ਦੁਕਾਨ ਵਿਚ।
ਬੋਲਦਾ ਸੀ, ਲਿਖਦਾ ਸੀ ਪਰ ਦਿਲੋਂ ਹੱਸਦਾ ਨਹੀਂ ਸੀ,
ਪਰ ਨੈਣਾਂ ਨਾਲ ਨੈਣਾਂ ਨੂੰ ਕੁਝ ਉਹ ਦੱਸਦਾ ਨਹੀਂ ਸੀ।

ਖੁਸ਼ ਸੀ ਨੁਮਾਇੰਦੇ ਕਿ ਪੰਛੀ ਦੇ ਪਰ ਕੱਟ ਦਿੱਤੇ,
ਉਸ ਦੇ ਨੈਣਾਂ ਦੀ ਚਮਕ ਦੇ ਸਾਰੇ ਵੱਟ ਕੱਢ ਦਿੱਤੇ।
ਰੌਸ਼ਨੀ ਦੀ ਇੱਕ ਕਿਰਨ ਜੋ ਸਭ ਦੇ ਨਾਲ ਹੈ,
ਪਰ ਉਸ ਨੇ ਆਪਣੇ ਅੰਸ਼ ਨੂੰ ਲਿਆ ਸੰਭਾਲ ਹੈ।

ਪਾਉਂਦਾ ਹੈ ਜਾਨ ਤੁਫਾਨਾਂ ਨਾਲ ਜੂਝਣ ਦੀ,
ਜਾਚ ਆ ਗਈ ਭਟਕੇ ਹੋਏ ਨੂੰ ਬੁੱਝਣ ਦੀ।
ਜੋੜ ਲਿਆ ਉਸ ਨੂੰ ਕਾਇਨਾਤ ਦੇ ਕਰਮ ਵਿਚ,
ਉਡਾ ਲਿਆ ਹੈ ਉਸ ਨੂੰ ਆਪਣੀ ਸ਼ਰਣ ਵਿਚ।

ਚਹਿਕਦਾ ਹੈ, ਮਹਿਕਦਾ ਹੈ, ਹੱਸਦਾ ਹੈ ਉਹ,
ਨੈਣਾਂ ਨਾਲ ਨੈਣਾਂ ਨੂੰ ਕੁਝ ਦੱਸਦਾ ਹੈ ਉਹ।
ਪਰ ਹੁਣ ਨੈਣ ਉਹਦੇ ਜੁੜਦੇ ਆਪਣੇ ਮਾਲਕ ਨਾਲ,
ਗੱਲ ਸਿੱਧੀ ਕਰਦਾ ਏ ਦਿਲਾਂ ਦੇ ਸਾਹਿਲ ਨਾਲ।

ਦੁਨੀਆਂ ਪਿਛੇ ਛੁੱਟ ਗਈ, ਕਾਇਦੇ ਪਿਛੇ ਛੁੱਟ ਗਏ,
ਅਰਮਾਨਾਂ ਦੀਆਂ ਬੋਰੀਆਂ, ਰਿਸ਼ਤਿਆਂ ਦੀਆਂ ਗਠਰੀਆਂ,
ਸਭ ਹੀ ਪਿਛੇ ਛੁੱਟ ਗਏ, ਕਿਤੇ ਦੂਰ ਪਿਛੇ ਛੁੱਟ ਗਏ।
ਜੁੜ ਗਿਆ ਹੈ ਹੁਣ ਉਹ ਸੱਚ ਦੀ ਮਸ਼ਾਲ ਨਾਲ,
ਹੁਣ ਨੈਣਾਂ ਦੀ ਗੱਲ ਸਿੱਧੀ ਸਾਹਿਬ-ਏ-ਕਮਾਲ ਨਾਲ।

*-ਗੁਰਪ੍ਰੀਤ ਕੌਰ ਪਨੇਸਰ*

### ਗਜ਼ਲ

ਲਾ ਕੇ ਤੀਲੀ ਵੇਖੇ ਹਰ ਕੋਈ ਰੰਗ ਤਮਾਸ਼ਾ,
ਚਿੜੀਆਂ ਦਾ ਮਰਨਾ ਹੁੰਦਾ ਹੈ ਗਵਾਰਾਂ ਦਾ ਹਾਸਾ।
ਮੰਗਤਿਆਂ ਨੂੰ ਲੋਕੀ ਤਾਂ ਬੜਾ ਹੀ ਕੁਝ ਕਹਿੰਦੇ ਨੇ,
ਸੌਖਾ ਨਹੀਂ ਉਂਜ ਯਾਰੋ ਹੱਥਾਂ 'ਚ ਫੜ੍ਹਨਾ ਕਾਸਾ।

ਇੱਟਾਂ, ਪੱਥਰਾਂ ਨਾਲ ਨਹੀਂ ਇਹ ਘਰ ਬਣਦੇ ਯਾਰੋ,
ਘਰ 'ਚ ਹੋਵੇ ਪਿਆਰ, ਮੁਹੱਬਤ ਤੇ ਮੋਹ ਦਾ ਵਾਸਾ।
ਲੱਖਾਂ ਹੀ ਹੋਵਣ ਭਾਵੇਂ ਹੱਥ ਮਿਲਾਉਂਦੇ ਦੋਸਤ,
ਆਪਣਿਆਂ ਬਿਨ ਨਾ ਦੇਵੇ ਯਾਰੋ ਕੋਈ ਦਿਲਾਸਾ।

ਜਿੱਤੀ ਹੋਈ ਬਾਜ਼ੀ ਵੀ ਮੈਂ ਕਈ ਹਰਦੇ ਵੇਖੇ,
ਜਦ ਪੈਂਦਾ ਹੈ ਕਿਸਮਤ ਦਾ ਯਾਰੋ ਪੁੱਠਾ ਪਾਸਾ।

ਪੈਸੇ ਨਾਲ ਨੇ ਬਣਦੇ ਗਿੱਲ ਇਹ ਸਭ ਰਿਸ਼ਤੇ ਨਾਤੇ,
ਜਿਉਂ ਪਾਣੀ ਵੀ ਬਣੇ ਸ਼ਰਬਤ ਜੇ ਘੁਲੇ ਵਿਚ ਪਤਾਸਾ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

# ਕਬਰਾਂ ਉਡੀਕਦੀਆਂ...

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਕਬਰਾਂ ਦੀ ਗਾਥਾ ਸੁਣਾਈ ਹੈ, ਜਿਥੇ ਹਰ ਸ਼ਖਸ ਨੂੰ ਜਾ ਕੇ ਅਖੀਰ ਵੱਸਣਾ ਪੈਂਦਾ ਹੈ। ਉਹ ਕਹਿੰਦੇ ਹਨ, "ਕਬਰਾਂ ਜੀਵਨ ਦਾ ਸੁੱਚਮ। ਉਨ੍ਹਾਂ ਦੇ ਮੱਥੇ 'ਤੇ ਕਦੇ ਸ਼ਿਕਨ ਜਾਂ ਰੋਸਾ ਨਹੀਂ। ਉਹ ਬਾਹਵਾਂ ਫੈਲਾਈ ਹਰ ਸ਼ਖਸ ਨੂੰ ਆਪਣੇ ਵਿਚ ਸਮਾਉਣ ਲਈ ਤਿਆਰ। ਅਮੀਰ-ਗਰੀਬ, ਜਾਤ-ਕੁਜਾਤ, ਧਰਮੀ-ਅਧਰਮੀ ਜਾਂ ਜਾਤ-ਵਰਣ ਦੇ ਕੋਈ ਨਹੀਂ ਅਰਥ।...ਕਬਰ ਮਨੁੱਖ ਦੇ ਅੰਤਮ ਸੱਚ ਦਾ ਡੇਰਾ। ਇਥੇ ਆ ਕੇ ਕੋਈ ਨਹੀਂ ਰਹਿੰਦਾ ਤੇਰਾ ਜਾਂ ਮੇਰਾ। ਮਿੱਟੀ ਵਿਚ ਮਿੱਟੀ ਹੋ ਕੇ ਮਿੱਟੀ ਦੀ ਹਸਤੀ ਮਿੱਟ ਜਾਂਦੀ। ਇਹ ਸਿਰਫ ਕਬਰ ਦੀ ਤਾਸੀਰ ਨੂੰ ਹੀ ਸ਼ਰਫ ਹਾਸਲ ਹੈ ਕਿ ਉਸ ਦੇ ਆਗੋਸ਼ ਵਿਚ ਆਪਣੇ ਆਪ ਨੂੰ ਸਮਾ ਦੇਣ ਵਾਲੇ ਮਿੱਟੀ ਦਾ ਰੁਤਬਾ ਪਾ ਲੈਂਦੇ।" ਮਹਾਨ ਸ਼ਾਇਰ ਮਰਹੂਮ ਸ਼ਿਵ ਕੁਮਾਰ ਦੇ ਸ਼ਬਦਾਂ ਵਿਚ 'ਕਬਰਾਂ ਉਡੀਕਦੀਆਂ ਮੈਨੂੰ ਜਿਉਂ ਪੁੱਤਰਾਂ ਨੂੰ ਮਾਂਵਾਂ।' -ਸੰਪਾਦਕ*

ਕਬਰ ਜੀਵਨ ਦੇ ਸਫਰ ਦਾ ਆਖਰੀ ਪੜਾਅ। ਜ਼ਿੰਦਗੀ ਦਾ ਉਘੜਵਾਂ ਸੱਚ। ਰਾਜਾ, ਪੀਰ, ਪੈਗੰਬਰ ਜਾਂ ਔਲੀਆ ਕੋਈ ਨਹੀਂ ਹੋਇਆ ਇਸ ਦੀ ਹੋਂਦ ਤੋਂ ਮੁਨਕਰ। ਕੋਈ ਨਹੀਂ ਮਿਟਾ ਸਕਿਆ ਇਸ ਦੀ ਹਸਤੀ।

ਕਬਰ ਸਕੂਨ ਸਥਲ। ਚੁੱਪ ਦੀ ਘੁੱਗ ਵੱਸਦੀ ਨਗਰੀ। ਚੁਫੇਰੇ ਪਸਰੀ ਖਾਮੋਸ਼ੀ ਨਾਲ ਹੋ ਰਿਹਾ ਆਤਮਕ-ਸੰਵਾਦ। ਡੂੰਘੀ ਚੁੱਪ ਬਹੁਤ ਕੁਝ ਸਾਡੇ ਸਨਮੁਖ ਕਰਦੀ। ਅਮਿੱਟ ਸੱਚ ਹਰ ਰੋਜ ਸਾਡੇ ਸਾਹਮਣੇ ਵਾਪਰਦਾ ਪਰ ਅਸੀਂ ਜਾਣ-ਬੁਝ ਕੇ ਇਸ ਤੋਂ ਮੁਨਕਰ ਹੋਣ ਦਾ ਢੋਂਗ ਰਚਾਉਂਦੇ। ਇਸ ਦੀ ਚੁੱਪ ਵਿਚ ਲੁਕਿਆ ਏ ਜਨਮ-ਜਨਮਾਂਤਰਾਂ ਦਾ ਸੁੱਖ। ਕਬਰ ਆਪਣੇ ਆਪ ਨਾਲ ਸੰਵਾਦ ਰਚਾਉਣ ਲਈ ਉਚਤਮ ਸਥਾਨ। ਆਪਣੇ ਆਪ 'ਤੇ ਅਭਿਮਾਨ, ਪ੍ਰਤੱਖ-ਪ੍ਰਮਾਣ ਪਰ ਕਦੇ ਕਦੇ ਅਪਮਾਨ। ਦੂਰ ਉਜਾੜ ਵਿਚ ਕਬਰ ਦਾ ਬਸੇਰਾ। ਜਨ ਜੀਵਨ ਵਿਚ ਫੈਲੀ ਹਫੜਾ-ਦਫੜੀ ਤੋਂ ਬੇਖਬਰ ਹੁੰਦੀਆਂ ਨੇ ਇਹ ਕਬਰਾਂ।

ਕਬਰ ਨੂੰ ਚੰਗਾ ਨਹੀਂ ਲੱਗਦਾ ਕੋਈ ਉਨ੍ਹਾਂ ਦੀ ਅੰਤਰੀਵੀ ਖਾਮੋਸ਼ੀ ਨੂੰ ਤੋੜੇ, ਕੋਈ ਉਸ ਦੇ ਆਗੋਸ਼ ਵਿਚ ਆਏ ਹੋਇਆਂ ਦੀ ਡੂੰਘੀ ਨੀਂਦਰ ਵਿਚ ਖਲਲ ਪਾਵੇ। ਉਨ੍ਹਾਂ ਦੀ ਕੱਚੀ ਨੀਂਦਰ ਨੂੰ ਤੋੜੇ ਅਤੇ ਉਨ੍ਹਾਂ ਦੀ ਸੁਪਨ ਉਡਾਣ ਨੂੰ ਝੰਜੋੜੇ।

ਕਬਰਾਂ ਜੀਵਨ ਦਾ ਸੁੱਚਮ। ਉਨ੍ਹਾਂ ਦੇ ਮੱਥੇ 'ਤੇ ਕਦੇ ਸ਼ਿਕਨ ਜਾਂ ਰੋਸਾ ਨਹੀਂ। ਉਹ ਬਾਹਵਾਂ ਫੈਲਾਈ ਹਰ ਸ਼ਖਸ ਨੂੰ ਆਪਣੇ ਵਿਚ ਸਮਾਉਣ ਲਈ ਤਿਆਰ। ਅਮੀਰ-ਗਰੀਬ, ਜਾਤ-ਕੁਜਾਤ, ਧਰਮੀ-ਅਧਰਮੀ ਜਾਂ ਜਾਤ-ਵਰਣ ਦੇ ਕੋਈ ਨਹੀਂ ਅਰਥ। ਆਪਣੇ ਗਲ ਲਾਉਣਾ, ਕਬਰ ਦਾ ਧਰਮ। ਸ਼ਰਣ ਆਇਆਂ ਦੀ ਸਦੀਵੀ ਆਤਮਿਕ ਸ਼ਾਂਤੀ ਲਈ ਅਰਦਾਸ ਬਣਨਾ, ਉਸ ਦਾ ਕਰਮ ਅਤੇ ਉਨ੍ਹਾਂ ਲਈ ਦੁਆਵਾਂ ਦੇਣਾ, ਉਨ੍ਹਾਂ ਦੀ ਰਹਿਤਲ ਵਿਚ ਸਮੋਇਆ ਸੁ-ਕਰਮ।

ਕਬਰ ਆਪਣੇ ਖਲਾਅ ਨੂੰ ਭਰਦੀ ਊਣੀ ਦੀ ਊਣੀ। ਉਸ ਦੀ ਫਿਜ਼ਾ ਵਿਚ ਬਲਦੀ ਏ ਕਿਸੇ ਦੇ ਹਾਸਿਆਂ ਅਤੇ ਸੁਪਨਿਆਂ ਦੀ ਧੂਣੀ ਪਰ ਉਹ ਸਦਾ ਕੱਤਦੀ ਰਹਿੰਦੀ ਏ ਆਪਣੀ ਕਰਮ-ਸਾਧਨਾ ਦੀ ਪੂਣੀ। ਕਬਰ ਸੁੱਚੀ ਸੋਚ ਦਾ ਜਾਗ ਸਾਡੀ ਸੋਚ ਵਿਚ ਲਾਉਂਦੀ, ਸਾਨੂੰ ਸਾਡੇ ਆਪੇ ਦੇ ਰੂਬਰੂ ਖੜਾਉਂਦੀ, ਸਮਝੌਤੀਆਂ ਨਾਲ ਬਹੁਤ ਕੁਝ ਚੁਪਕੇ ਚੁਪਕੇ ਸਮਝਾਉਂਦੀ ਪਰ ਸਾਨੂੰ ਬੇਸਮਝਾਂ ਨੂੰ ਉਸ ਦੀਆਂ ਰਮਜਾਂ ਦੀ ਸਮਝ ਹੀ ਨਾ ਆਉਂਦੀ।

ਕਬਰ ਨੂੰ ਜਾਂਦੇ ਰਾਹ 'ਤੇ ਸੋਗਵਰਾਂ ਵਲੋਂ ਕੀਤਾ ਜਾਂਦਾ ਏ, ਤੁਰ ਗਿਆ ਦਾ ਲੇਖਾ-ਜੋਖਾ। ਕਿਸ ਨੇ ਕਿਹੜੇ ਕਰਮ ਕਮਾਏ, ਕਿੰਨਿਆਂ ਦੇ ਦਿਲ ਦੁਖਾਏ ਅਤੇ ਪਾਪਾਂ ਦੇ ਭਾਰ ਚੜ੍ਹਾਏ? ਕਿੰਨੀਆਂ ਰੂਹਾਂ ਦੀ ਤਲੀ 'ਤੇ ਦਰਦ ਦੀ ਪਿਉਂਦ ਲਾਈ ਅਤੇ ਕਿੰਨੀਆਂ ਆਤਮਾਵਾਂ ਦੀ ਰਗ ਦੁਖਾਈ? ਕਿੰਨਿਆਂ ਰਾਹਾਂ 'ਤੇ ਕੰਡਿਆਂ ਦੀ ਵਾੜ ਕੀਤੀ ਅਤੇ ਕਿੰਨੇ ਪਾਕ-ਸ਼ਬਦਾਂ ਦੀ ਨੀਂਦ ਹਰਨ ਕੀਤੀ? ਕਿੰਨੇ ਅਰਥਾਂ ਵਿਚ ਜ਼ਹਿਰ ਘੋਲਿਆ ਅਤੇ ਅਪ-ਸ਼ਬਦ ਬੋਲਿਆ? ਕਿਹੜੇ ਰਾਹਾਂ ਨੇ ਉਸ ਨੂੰ ਸਿਜਦਾ ਕੀਤਾ ਅਤੇ ਕਿਹੜੇ ਰਸਤੇ ਉਸ ਦੀਆਂ ਪੈੜਾਂ ਤੋਂ ਤ੍ਰਹਿੰਦੇ ਰਹੇ? ਕਿੰਨੇ ਸੋਚ-ਖੇਤਾਂ ਵਿਚ ਕੁੜਿਤਣਾਂ ਬੀਜੀਆਂ ਅਤੇ ਕਿੰਨੇ ਮਸਤਕ-ਦੀਵਾਰ 'ਤੇ ਕੌੜ-ਵੇਲਾਂ ਚੜ੍ਹਾਈਆਂ? ਕਿਹੜੀਆਂ ਵੱਟਾਂ ਨੂੰ ਕੰਧਾਂ ਬਣਾਇਆ ਅਤੇ ਕਿੰਨੀਆਂ ਦੀਵਾਰਾਂ ਨੂੰ ਆਪਣੀ ਸੋਚ ਦੀ ਸੂਖਮ-ਸੂਹਜ ਨਾਲ ਢਾਹਿਆ।

ਕਬਰ ਇਕ ਸੂਖਮ ਸਥਲ। ਆਪਣੇ ਅੰਦਰੋਂ ਤਲਾਸ਼ਣਾ ਇਕ ਆਤਮਿਕ ਹੱਲ। ਆਪਣੇ ਆਪ ਦੀ ਆਪਣੇ ਆਪ ਨਾਲ ਗੱਲ ਅਤੇ ਇਸ ਗੱਲ 'ਚੋਂ ਨਿਕਲਦਾ ਏ ਜੀਵਨ ਦੇ ਸੁੱਚਮ ਦਾ ਉਹ ਪਲ ਕਿ ਸਾਡੇ ਸਾਹਵੇਂ ਨਾਜ਼ਲ ਹੋ ਜਾਂਦਾ ਏ ਬੀਤਿਆ ਪਲ।

ਕਬਰ ਦੀ ਸ਼ਾਂਤੀ 'ਚ ਰੂਹ ਨਸ਼ਿਆਵੇ, ਮਨੁੱਖ ਦੇ ਅੰਤਰੀਵ 'ਚ ਇਕ ਜੋਤ ਜਗਾਵੇ ਅਤੇ ਇਸ ਦੇ ਚਾਨਣ ਨਾਲ ਮਰਗ ਰਾਹਾਂ ਰੁਸ਼ਨਾਵੇ।

ਕਬਰ ਦੀ ਜ਼ਹਿਨੀਅਤ ਨੂੰ ਸਮਝ ਕੁਝ ਲੋਕ ਇਸ ਦੇ ਸਮੁੱਚ ਨੂੰ ਆਪਣੇ ਅੰਦਰ ਸਮਾਉਂਦੇ ਅਤੇ ਉਚ ਮਰਤਬੇ ਦਾ ਮਾਣ ਪਾਉਂਦੇ। ਕਈ ਵਾਰ ਕਲਾ-ਬਿਰਤੀਆਂ ਦੇ ਮਾਲਕ ਲੋਕ ਦੁਨੀਆਂ ਦੀ ਅਸ਼ਾਂਤ ਫਿਜ਼ਾ ਤੋਂ ਕੁਝ ਪਲਾਂ ਦੀ ਰਾਹਤ ਪਾਉਣ ਲਈ ਕਬਰਾਂ ਵਿਚ ਡੇਰਾ ਲਾਉਂਦੇ ਅਤੇ ਕਲਾ ਦੀਆਂ ਉਚੀਆਂ ਬੁਲੰਦੀਆਂ ਨੂੰ ਛੂੰਹਦੇ।

ਕਬਰ ਮਨੁੱਖ ਦੇ ਅੰਤਮ ਸੱਚ ਦਾ ਡੇਰਾ। ਇਥੇ ਆ ਕੇ ਕੋਈ ਨਹੀਂ ਰਹਿੰਦਾ ਤੇਰਾ ਜਾਂ ਮੇਰਾ। ਮਿੱਟੀ ਵਿਚ ਮਿੱਟੀ ਹੋ ਕੇ ਮਿੱਟੀ ਦੀ ਹਸਤੀ ਮਿੱਟ ਜਾਂਦੀ। ਇਹ ਸਿਰਫ ਕਬਰ ਦੀ ਤਾਸੀਰ ਨੂੰ ਹੀ ਸ਼ਰਫ ਹਾਸਲ ਹੈ ਕਿ ਉਸ ਦੇ ਆਗੋਸ਼ ਵਿਚ ਆਪਣੇ ਆਪ ਨੂੰ ਸਮਾ ਦੇਣ ਵਾਲੇ ਮਿੱਟੀ ਦਾ ਰੁਤਬਾ ਪਾ ਲੈਂਦੇ।

ਕਬਰ ਦੇ ਸੱਚ ਨੂੰ ਸਮਝਣਾ ਬਹੁਤ ਹੀ ਵਿਰਲੇ ਲੋਕਾਂ ਦਾ ਨਸੀਬ। ਜਿਨ੍ਹਾਂ ਨੂੰ ਪਤਾ ਹੁੰਦਾ ਏ ਕਿ ਉਨ੍ਹਾਂ ਦਾ ਨੇੜ ਹੈ ਬਹੁਤ ਕਰੀਬ ਤੇ ਸ਼ੁਭ-ਅਮਲਾਂ ਬਾਝੋਂ ਹੋ ਜਾਣੀ ਹੈ ਅਖੀਰ ਅਤੇ ਫਿਰ ਆਖਰੀ ਸਫਰ 'ਤੇ ਕਿਸੇ ਨੇ ਨਹੀਂ ਬੰਨ੍ਹਾਉਣੀ ਧੀਰ।

ਕਬਰ, ਆਪਣੀ ਹਸਤੀ 'ਚੋਂ ਨਿੱਤ ਨਵੇਂ ਸਰੋਕਾਰ ਪੈਦਾ ਕਰਨ ਦਾ ਨਾਮ, ਮਨੁੱਖ ਨੂੰ ਉਸ ਦੇ ਅਤੀਤ ਦੇ ਸਨਮੁਖ ਕਰਨ ਦਾ ਸ਼ੁਭ-ਕਰਮਨ ਤੇ ਚੰਗਾ ਕਰਨ ਦੀ ਜੁਗਤ ਸਾਧਨਾ ਦਾ ਨਾਮਕਰਣ।

ਕਬਰ ਨੂੰ ਬਹੁਤ ਅਫਸੋਸ ਹੁੰਦਾ ਜਦ ਆਪਣੇ ਆਖਰੀ ਸੱਚ ਸਾਹਵੇਂ ਵੀ ਮਨੁੱਖ ਦੀ ਸੁਰਤੀ ਬਿਜਨਸ ਵਿਚ ਪੈ ਰਹੇ ਘਾਟੇ-ਵਾਧੇ ਨੂੰ ਚਿਤਵਦੀ, ਉਸ ਦੀ ਸੋਚ ਵਿਚ ਆਪਣੇ ਪਰਿਵਾਰ ਲਈ ਵੱਡੀਆਂ ਜਗੀਰਾਂ ਪੈਦਾ ਕਰਨ ਦੀ ਲਾਲਸਾ ਪਨਪਦੀ, ਉਸ ਦੇ ਖਿਆਲ ਵਿਚ ਰੁਤਬਿਆਂ ਅਤੇ ਤਰੱਕੀਆਂ ਦਾ ਲਾਲਚ ਪੈਦਾ ਹੁੰਦਾ ਅਤੇ ਉਸ ਦੀ ਚੇਤਨਾ ਵਿਚ ਹਰ ਮਨੁੱਖ ਨੂੰ ਨੀਵਾਂ ਦਿਖਾਉਣ ਦਾ ਭਰਮ ਉਪਜਦਾ। ਆਪਣੇ ਆਪ ਨੂੰ ਸਰਬੋਤਮ ਸਮਝਣ ਵਾਲਾ ਮਨੁੱਖ ਜੇ ਕਬਰ ਦੇ ਸਨਮੁਖ ਹੋ ਕੇ ਵੀ ਆਪਣੀ ਹਸਤੀ 'ਤੇ ਮਾਣ ਕਰੇ ਤਾਂ ਕਬਰ ਦਾ ਉਦਾਸ ਹੋਣਾ ਸੁਭਾਵਿਕ ਹੈ।

ਕਬਰਾਂ ਅੱਜ ਕੱਲ ਬੇਚੈਨ ਰਹਿੰਦੀਆਂ ਨੇ ਕਿਉਂਕਿ ਉਨ੍ਹਾਂ ਨੂੰ ਸੌਣ ਦਾ ਵੀ ਵਕਤ ਨਹੀਂ ਮਿਲਦਾ। ਉਨ੍ਹਾਂ ਦੇ ਵਿਹੜੇ ਵਿਚ ਤਾਂ ਹਰ ਦਮ ਕੁਰਬਲ ਕੁਰਬਲ ਹੁੰਦੀ ਰਹਿੰਦੀ ਏ ਅਤੇ ਉਸ ਦੀ ਫਿਜ਼ਾ ਵਿਚ ਪੈਂਦਾ ਚੀਕ-ਚਿਹਾੜਾ ਉਸ ਨੂੰ ਕੱਚੀ ਨੀਂਦਰ 'ਚੋਂ ਹੀ ਜਗਾ ਦਿੰਦਾ ਏ।

ਸਭ ਤੋਂ ਮਾੜਾ ਹੁੰਦਾ ਏ ਕਬਰਾਂ ਦਾ ਘਰ ਬਣ ਜਾਣਾ ਅਤੇ ਘਰ ਦਾ ਕਬਰਾਂ ਬਣ ਜਾਣਾ। ਦੁੱਖ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਸਾਡੇ ਹੀ ਸਮਿਆਂ ਵਿਚ ਹੋਣਾ ਸੀ। ਜਦ ਘਰ ਦਾ ਹਰ ਕਮਰਾ ਕਬਰ ਦੀ ਜੂਨ ਹੰਢਾਵੇ ਤਾਂ ਕੌਣ ਉਸ ਦੀਆਂ ਦੀਵਾਰਾਂ ਨੂੰ ਚੁੱਪ ਕਰਾਵੇ ਤੇ ਵੀਰਾਨ ਚੁੱਪ ਦੇ ਨਾਂਵੇਂ ਸੰਵੇਦਨਸ਼ੀਲ ਅਤੇ ਰਾਂਗਲੇ ਬੋਲ ਲਾਵੇ।

*ਕਬਰ ਨੂੰ ਜਾਂਦੇ ਰਾਹ 'ਤੇ ਸੋਗਵਰਾਂ ਵਲੋਂ ਕੀਤਾ ਜਾਂਦਾ ਏ, ਤੁਰ ਗਿਆ ਦਾ ਲੇਖਾ-ਜੋਖਾ। ਕਿਸ ਨੇ ਕਿਹੜੇ ਕਰਮ ਕਮਾਏ, ਕਿੰਨਿਆਂ ਦੇ ਦਿਲ ਦੁਖਾਏ ਅਤੇ ਪਾਪਾਂ ਦੇ ਭਾਰ ਚੜ੍ਹਾਏ? ਕਿੰਨੀਆਂ ਰੂਹਾਂ ਦੀ ਤਲੀ 'ਤੇ ਦਰਦ ਦੀ ਪਿਉਂਦ ਲਾਈ ਅਤੇ ਕਿੰਨੀਆਂ ਆਤਮਾਵਾਂ ਦੀ ਰਗ ਦੁਖਾਈ? ਕਿੰਨਿਆਂ ਰਾਹਾਂ 'ਤੇ ਕੰਡਿਆਂ ਦੀ ਵਾੜ ਕੀਤੀ ਅਤੇ ਕਿੰਨੇ ਪਾਕ-ਸ਼ਬਦਾਂ ਦੀ ਨੀਂਦ ਹਰਨ ਕੀਤੀ? ਕਿੰਨੇ ਅਰਥਾਂ ਵਿਚ ਜ਼ਹਿਰ ਘੋਲਿਆ ਅਤੇ ਅਪ-ਸ਼ਬਦ ਬੋਲਿਆ? ਕਿਹੜੇ ਰਾਹਾਂ ਨੇ ਉਸ ਨੂੰ ਸਿਜਦਾ ਕੀਤਾ ਅਤੇ ਕਿਹੜੇ ਰਸਤੇ ਉਸ ਦੀਆਂ ਪੈੜਾਂ ਤੋਂ ਤ੍ਰਹਿੰਦੇ ਰਹੇ? ਕਿੰਨੇ ਸੋਚ-ਖੇਤਾਂ ਵਿਚ ਕੁੜਿਤਣਾਂ ਬੀਜੀਆਂ ਅਤੇ ਕਿੰਨੇ ਮਸਤਕ-ਦੀਵਾਰ 'ਤੇ ਕੌੜ-ਵੇਲਾਂ ਚੜ੍ਹਾਈਆਂ? ਕਿਹੜੀਆਂ ਵੱਟਾਂ ਨੂੰ ਕੰਧਾਂ ਬਣਾਇਆ ਅਤੇ ਕਿੰਨੀਆਂ ਦੀਵਾਰਾਂ ਨੂੰ ਆਪਣੀ ਸੋਚ ਦੀ ਸੂਖਮ-ਸੂਹਜ ਨਾਲ ਢਾਹਿਆ।*

ਬਹੁਤ ਦਰਦੀਲਾ ਹੁੰਦਾ ਏ, ਘਰ ਦਾ ਕਬਰ ਤੀਕ ਦਾ ਸਫਰ। ਚਿੰਤਾ ਇਸ ਗੱਲ ਦੀ ਹੈ ਕਿ ਹਰ ਘਰ ਹੀ ਕਬਰਾਂ ਦੇ ਰਾਹ ਪਿਆ ਕਬਰ ਬਣਨ ਲਈ ਉਤਾਵਲਾ ਏ ਅਤੇ ਕੋਈ ਨਹੀਂ ਸੋਚ ਰਿਹਾ ਕਿ ਇਸ ਮਾਰਗ ਦੀਆਂ ਦੁਸ਼ਵਾਰੀਆਂ ਮਨੁੱਖ ਨੂੰ ਸਦੀਵੀ ਤੌਰ 'ਤੇ ਖਤਮ ਕਰ ਦਿੰਦੀਆਂ ਨੇ?

ਕੋਈ ਤਾਂ ਕਬਰਾਂ ਵੰਨੀਂ ਜਾਂਦੇ ਘਰਾਂ ਨੂੰ ਸਮਝਾਵੇ, ਇਨ੍ਹਾਂ ਦੀ ਮਸਤਕ ਜੋਤ ਜਗਾਵੇ ਅਤੇ ਕੁਰਾਹੇ ਪਿਆਂ ਨੂੰ ਸਮਝਾਵੇ ਕਿ ਘਰਾਂ ਦਾ ਕਬਰਾਂ ਬਣ ਜਾਣਾ ਤਾਂ ਬਹੁਤ ਅਸਾਨ ਹੁੰਦਾ ਏ ਪਰ ਬਹੁਤ ਔਖਾ ਹੁੰਦਾ ਏ ਕਿਸੇ ਕਬਰ ਨੂੰ ਘਰ ਬਣਨ ਦੇ ਰਾਹ ਪਾਉਣਾ ਅਤੇ ਇਸ ਦੇ ਸੋਚ ਵਿਚ ਘਰ ਦੇ ਤਸੱਵਰ ਨੂੰ ਉਗਾਉਣਾ।

ਕਬਰਾਂ ਤਾਂ ਕਬਰਾਂ ਬਣੀਆਂ ਹੀ ਸੋਂਹਦੀਆਂ ਨੇ। ਹਰ ਕਰਮ ਆਪਣੇ ਵਿਚ ਸਮੋ ਕੇ ਮਨੁੱਖ ਨੂੰ ਉਸ ਦੇ ਅੰਤਰੀਵ ਦੇ ਰੂਬਰੂ ਕਰਨਾ ਅਤੇ ਆਪਣੀ ਸਰ-ਜਮੀਂ 'ਤੇ ਹਰ ਦੁੱਖ ਦਰਦ ਨੂੰ ਧੀਰਜ ਨਾਲ ਜਰਨਾ। ਕਬਰਾਂ ਦਾ ਘਰ ਬਣਨਾ, ਸਮਿਆਂ ਦੀ ਖਤਰਨਾਕ ਤ੍ਰਾਸਦੀ ਅਤੇ ਇਸ 'ਚੋਂ ਉਗਦੀਆਂ ਪੀੜਾਂ, ਗਮਾਂ ਅਤੇ ਵਸਲਾਂ ਦੀਆਂ ਫਸਲਾਂ ਜਿਉਂਦੇ ਮਨੁੱਖ ਲਈ ਮਰਨਹਾਰੀਆਂ ਹੁੰਦੀਆਂ ਨੇ।

ਕਬਰਾਂ ਦੀ ਪੂਜਾ ਜਰੂਰ ਕਰੀਏ ਕਿਉਂਕਿ ਕਬਰਾਂ ਸਾਡੀ ਸੋਚ ਵਿਚ ਸੁੱਚਮ, ਸਾਦਗੀ, ਸਪੱਸ਼ਟਤਾ ਅਤੇ ਸੁਹੱਪਣ ਪੈਦਾ ਕਰਦੀਆਂ ਨੇ। ਕਦੇ ਕਦਾਈਂ ਇਨ੍ਹਾਂ ਦੀ ਸੰਗਤ ਮਾਣਨ ਵਾਲੇ ਲੋਕ ਆਪਣੇ ਕਿਰਦਾਰ ਅਤੇ ਅਚਾਰ ਵਿਚ ਨਿਰੋਈ ਦਿੱਖ ਅਤੇ ਦ੍ਰਿਸ਼ਟੀ ਉਪਜਾਉਂਦੇ ਨੇ।

ਕਬਰ ਅਤੇ ਘਰ ਦਾ ਅੰਤਰ ਜਿਉਣ ਅਤੇ ਮਰਨ ਦਾ ਭਰਮ। ਜਿਉਂਦੇ ਜੀਅ ਹੀ ਕੁਝ ਲੋਕ ਘਰ ਤੋਂ ਕਬਰ ਤੀਕ ਦਾ ਸਫਰ ਤੈਅ ਕਰ ਲੈਂਦੇ ਜਦਕਿ ਕੁਝ ਲੋਕ ਮਰ ਕੇ ਵੀ ਕਬਰਾਂ ਵਿਚ ਨਹੀਂ ਜਾਂਦੇ। ਉਹ ਲੋਕਾਂ ਦੇ ਚੇਤਿਆਂ ਵਿਚ ਸਦੀਵੀ ਜਿਉਂਦੇ ਰਹਿੰਦੇ ਨੇ। ਮਨੁੱਖ ਦੀ ਕਰਮ-ਚੇਤਨਾ ਅਤੇ ਜਿਉਣ-ਸ਼ੈਲੀ ਨੇ ਘਰ ਅਤੇ ਕਬਰ ਦੇ ਫਾਸਲੇ ਨੂੰ ਨਿਸ਼ਚਿਤ ਕਰਨਾ ਹੁੰਦਾ ਏ।

ਵਾਸਤਾ ਈ ਕਬਰਾਂ ਨੂੰ ਘਰ ਬਣਨ ਤੋਂ ਰੋਕਣ ਦਾ ਕੋਈ ਤਾਂ ਉਪਾਓ ਕਰੀਏ, ਆਪਣੀ ਜੀਵਨ-ਜਾਚਨਾ ਵਿਚ ਚਾਨਣ ਦੀ ਕਾਤਰ ਧਰੀਏ ਅਤੇ ਬਲਦੇ ਹਰਫਾਂ ਦੀ ਡਾਰ ਵਕਤ ਦੇ ਪਿੰਡੇ 'ਤੇ ਧਰੀਏ। ਚੁਫੇਰੇ ਵਿਚ ਪਸਰੀ ਮਾਤਮੀ ਚੁੱਪ ਦੀ ਹਿੱਕ 'ਤੇ ਕੁਝ ਸੁਲਘਦੇ ਬੋਲ ਧਰੀਏ ਅਤੇ ਗੁਟਕਦੀ ਗੁਫਤਗੂ ਦਾ ਸੰਗੀਤਕ ਇਲਮ ਪੜ੍ਹੀਏ।

ਮਨੁੱਖਤਾ ਦੇ ਵਿਹੜੇ ਸੁੱਚੇ ਕਰਮਾਂ ਦੀ ਲੋਹੜੀ ਬਾਲਣ ਵਾਲੇ ਮਰਦਾਂ ਨੂੰ ਕਬਰਾਂ ਆਪਣੇ ਪੁੱਤਰਾਂ ਵਾਂਗ ਉਡੀਕਦੀਆਂ ਤੇ ਅਜਿਹੇ ਮਰਦ ਅਗੰਮੜਿਆਂ ਦੀ ਸੰਗਤ ਇਨ੍ਹਾਂ ਦੀ ਧੰਨਭਾਗਤਾ ਹੁੰਦੀ।

# ਖਾਲੀਪਣ ਨਾਲ ਖੜਕਦੇ ਰਿਸ਼ਤੇ

*ਅਜੋਕੇ ਪਦਾਰਥਵਾਦੀ ਯੁਗ ਨੇ ਸਾਡੇ ਸਰੀਰਾਂ ਨੂੰ ਦਿਲਾਂ ਦੀ ਧੜਕਣ ਤੋਂ ਵਿਰਵੇ ਕਰ ਦਿੱਤਾ ਹੈ ਅਤੇ ਹਰ ਸ਼ੈਅ ਪਿਛੇ ਸਵਾਰਥ ਭਾਰੂ ਹੋ ਗਿਆ ਹੈ। ਰਿਸ਼ਤਿਆਂ ਦੇ ਮਤਲਬ ਹੀ ਬਦਲ ਗਏ ਹਨ। ਹਾਲਤ ਇਹ ਬਣ ਗਈ ਹੈ ਕਿ ਲੋਕੀਂ ਆਪੋ ਆਪਣੇ ਧੜਿਆਂ ਦੇ ਮਰਨਿਆਂ-ਪਰਨਿਆਂ 'ਤੇ ਸ਼ਕਤੀ ਪ੍ਰਦਰਸ਼ਨ ਵਜੋਂ ਆਉਂਦੇ-ਜਾਂਦੇ ਹਨ। ਨਿਰਮੋਹੇ ਤੇ ਨਿਰਦਈ ਯੁੱਗ ਨੇ ਮੌਤ ਵਰਗੀ ਸਭ ਨੂੰ ਆਉਣ ਵਾਲੀ ਤੇ ਦਾਰਸ਼ਨਿਕ ਸ਼ੈਅ ਨੂੰ ਵੀ ਸਰਬ ਸਾਂਝੀ ਤੇ ਸੰਸਕ੍ਰਿਤਕ ਵਰਤਾਰਾ ਨਹੀਂ ਰਹਿਣ ਦਿੱਤਾ। ਅਸਥਾਈ ਲੋੜਾਂ ਤੇ ਲਾਲਚਾਂ ਨੇ ਰਿਸ਼ਤਿਆਂ ਦੀ ਜਾਨ ਕੱਢ ਲਈ ਹੈ। ਸਾਡੇ ਸਮਾਜ ਦੀ ਇਸੇ ਬਦਜ਼ਨ ਹਾਲਤ ਦਾ ਰੁਦਨ ਇਸ ਲੇਖ ਵਿਚ ਕੁਲਵੰਤ ਸਿੰਘ ਔਜਲਾ ਨੇ ਕੀਤਾ ਹੈ। -ਸੰਪਾਦਕ*

ਪੱਕੇ, ਪਾਕ ਤੇ ਪ੍ਰਾਣਵੰਤ ਰਿਸ਼ਤਿਆਂ ਦਾ ਯੁੱਗ ਬੀਤ ਗਿਆ ਲੱਗਦਾ ਹੈ। ਲੋੜਾਂ, ਲਾਲਚਾਂ ਤੇ ਆਪਸੀ ਲੈਣ-ਦੇਣ ਦੇ ਰਸਮੀ ਤੇ ਰੂਹਹੀਣ ਬੰਧਨਾਂ 'ਚ ਬੱਝੇ ਲੋਕ ਦਿਖਾਵਟੀ ਤੇ ਦੇਹਧਾਰੀ ਸਰੂਪਾਂ ਦੇ ਮੁਰੀਦ ਹੋ ਗਏ ਹਨ। 'ਲਾਈਆਂ ਤੇ ਤੋੜ ਨਿਭਾਵੀਂ' ਆਖਣ ਵਾਲੀਆਂ ਮਾਸੂਮ ਮੁਹੱਬਤਾਂ ਤੇ ਮੋਹਖੋਰੀਆਂ ਦਾ ਗਾਇਨ ਹੁਣ ਗੀਤ-ਸੰਗੀਤ ਦਾ ਵਿਸ਼ਾ ਨਹੀਂ ਰਿਹਾ। ਨਾ ਲੱਗੀਆਂ ਦੀ ਖੁਮਾਰੀ ਤੇ ਨਾ ਟੁੱਟੀਆਂ ਦਾ ਵੈਰਾਗ। ਅੰਦਰੂਨੀ ਖਾਲੀਪਣ



ਕੁਲਵੰਤ ਸਿੰਘ ਔਜਲਾ
ਫੋਨ: 01822-235343

ਨਾਲ ਖੜਕਦੇ ਰਿਸ਼ਤਿਆਂ ਦੀ ਬਹੁਤੀ ਉਮਰ ਨਹੀਂ ਹੁੰਦੀ। ਰਿਸ਼ਤਿਆਂ ਨੂੰ ਤਾਉਮਰ ਨਿਭਾਉਣ ਤੇ ਪੁਗਾਉਣ ਲਈ ਜਿਸ ਤਰ੍ਹਾਂ ਦੀ ਜਾਨ, ਜੇਰੇ, ਜੁੱਸੇ ਤੇ ਜ਼ਿਆਰਤ ਦੀ ਲੋੜ ਹੁੰਦੀ ਹੈ, ਉਸ ਨੂੰ ਅਜੋਕੀ ਮਤਲਬੀ ਤੇ ਮੋਹਹੀਣ ਮੰਡੀ ਨੇ ਨਪੀੜ ਦਿੱਤਾ ਹੈ। ਸਬੰਧਾਂ ਵਿਚ ਬਾਜ਼ਾਰ ਆ ਜਾਣ ਨਾਲ ਰਿਸ਼ਤਿਆਂ ਦੀਆਂ ਤੰਦਾਂ, ਤਰੰਗਾਂ ਤੇ ਤਹਿਆਂ ਮਾਨਵੀ ਤੇ ਮਾਸੂਮ ਨਹੀਂ ਰਹੀਆਂ।

ਸਾਂਭ-ਸੰਭਾਲ ਤੇ ਪੁੱਛ-ਗਿੱਛ ਲਈ ਬੇਹੱਦ ਸਮਝਦਾਰੀ, ਸਨੇਹ ਤੇ ਸੰਜਮ ਨਾਲ ਕੁਝ ਕੁ ਰਿਸ਼ਤੇ ਕਮਾ ਕੇ ਰੱਖਣੇ ਪੈਂਦੇ ਹਨ। ਰਿਸ਼ਤਿਆਂ ਨੂੰ ਕਮਾਉਣ ਦਾ ਕਾਰਜ ਆਪਸੀ ਮਿਲਵਰਤਣ, ਮੋਹ ਤੇ ਮਾਨਵੀਕਾਰੀ ਦੇ ਸੁਚੱਜੇ ਤੇ ਸਚਿਆਰੇ ਸੁਮੇਲ ਵਿਚੋਂ ਉਪਜਦਾ ਹੈ। ਗੁੜ ਜਾਂ ਸ਼ਹਿਦ ਨਾਲ ਨਵ-ਜੰਮੇ ਬੱਚੇ ਨੂੰ ਦਿੱਤੀ ਜਾਣ ਵਾਲੀ ਗੁੜ੍ਹਤੀ ਮਹਿਜ਼ ਰਸਮ ਨਹੀਂ ਹੁੰਦੀ। ਇਸ ਮਾਸੂਮ ਵਰਤਾਰੇ ਰਾਹੀਂ ਅਸੀਂ ਨਵਜੰਮੇ ਜੀਅ ਲਈ ਮਾਨਵੀ ਮਿਠਾਸ ਦੇ ਔਸ਼ਧੀ ਆਕਾਸ਼ ਦੀ ਕਾਮਨਾ ਕਰਦੇ ਹਾਂ। ਚੰਗੇ ਸੁਪਨੇ ਲੈਣ ਨਾਲ ਧੜਕਣਾਂ ਸੁੰਦਰ ਤੇ ਸਜੀਵ ਹੋ ਜਾਂਦੀਆਂ ਹਨ। ਨਵੀਂ, ਨਿਰਾਲੀ ਤੇ ਨਰੋਈ ਦੁਨੀਆਂ ਵਸਾਉਣ ਦਾ ਸੁਪਨਾ ਰਿਸ਼ਤਿਆਂ ਦੀ ਆਦਰਸ਼ਕ ਤੇ ਅਨੋਖੀ ਅੰਬਰਕਾਰੀ ਦਾ ਭਾਵਨਾਮੁਖੀ ਭਵਿੱਖ ਹੁੰਦਾ ਹੈ।

ਰਾਜਨੀਤਕ ਤੇ ਸਮਾਜਿਕ ਵੰਡਾਂ ਤੇ ਵਾਹਗਿਆਂ ਨੇ ਆਪਸੀ ਸਬੰਧਾਂ ਨੂੰ ਕੁਸੈਲਾ ਤੇ ਕਿਰਕਰਾ ਕਰ ਦਿੱਤਾ ਹੈ। ਪਿੰਡਾਂ, ਸ਼ਹਿਰਾਂ, ਮੁਹੱਲਿਆਂ ਤੇ ਅਦਾਰਿਆਂ ਵਿਚ ਵੰਡਾਂ ਤੇ ਵਿਤਕਰਿਆਂ ਦੇ ਆਧਾਰ 'ਤੇ ਵੱਖ-ਵੱਖ ਵਿੰਗ ਤੇ ਵਲਗਣ ਬਣ ਗਏ ਹਨ। ਲੋਕੀਂ ਆਪੋ ਆਪਣੇ ਧੜਿਆਂ ਦੇ ਮਰਨਿਆਂ-ਪਰਨਿਆਂ 'ਤੇ ਸ਼ਕਤੀ ਪ੍ਰਦਰਸ਼ਨ ਵਜੋਂ ਆਉਂਦੇ-ਜਾਂਦੇ ਹਨ। ਨਿਰਮੋਹੇ ਤੇ ਨਿਰਦਈ ਯੁੱਗ ਨੇ ਮੌਤ ਵਰਗੀ ਸਭ ਨੂੰ ਆਉਣ ਵਾਲੀ ਤੇ ਦਾਰਸ਼ਨਿਕ ਸ਼ੈਅ ਨੂੰ ਵੀ ਸਰਬ ਸਾਂਝੀ ਤੇ ਸੰਸਕ੍ਰਿਤਕ ਵਰਤਾਰਾ ਨਹੀਂ ਰਹਿਣ ਦਿੱਤਾ। ਹੁਣ ਮਨੁੱਖ ਦੀ ਨਹੀਂ ਸਗੋਂ ਧੜਿਆਂ ਦੀ ਮੌਤ ਹੁੰਦੀ ਹੈ। ਵਿੱਥਾਂ ਤੇ ਵਿਵਾਦ ਇੰਨੇ ਬਾਰੀਕ ਤੇ ਬਲਸ਼ਾਲੀ ਹੋ ਗਏ, ਜਿਵੇਂ ਘਰਾਂ ਵਿਚ ਪਾਕਿਸਤਾਨ-ਹਿੰਦੁਸਤਾਨ ਉਗ ਆਏ ਹੋਣ।

ਸਾਲਾਂ ਦੇ ਸਾਲ ਕਿਸੇ ਸੰਸਥਾ ਵਿਚ ਕੰਮ ਕਰਨ ਉਪਰੰਤ ਕਈ ਵਾਰ ਇੱਕ ਵੀ ਪੱਕਾ ਤੇ ਪ੍ਰਾਣਵੰਤ ਰਿਸ਼ਤਾ ਨਹੀਂ ਬਣਾ ਹੁੰਦਾ ਜੋ ਰਹਿੰਦੀ ਉਮਰ ਤੱਕ ਭਾਵੁਕ ਸੇਕ ਤੇ ਸ਼ਕਤੀ ਦੇ ਸਕੇ। ਸੰਸਥਾਵਾਂ ਵਿਚ ਮੁੜ-ਮੁੜ ਜਾਣ ਨੂੰ ਜੀਅ ਨਹੀਂ ਕਰਦਾ। ਕਿੰਨਾ ਮੋਹਖੋਰਾ ਤੇ ਮਾਨਵੀ ਸੀ ਮੇਰਾ ਬਾਪ ਜੋ ਉਮਰ ਭਰ ਲਾਇਲਪੁਰ ਦੀ ਜ਼ਰਖੇਜ਼ ਮਿੱਟੀ ਨੂੰ ਯਾਦ ਕਰਦਾ ਰਿਹਾ। ਕੱਚੇ ਕੋਠੇ ਲਿੰਬਦੀ ਆਪਣੀ ਮਾਂ ਦੇ ਪੋਟਿਆਂ 'ਚੋਂ ਮਾਨਵੀ ਮੋਹ ਦੀਆਂ ਝਨਾਵਾਂ ਸਿੰਮਦੀਆਂ ਦੇਖੀਆਂ ਹਨ। ਅਜਿਹੇ ਲੋਕ ਤੇ ਘਰ ਹੁਣ ਨਹੀਂ ਰਹੇ। ਮਾਪੇ ਬੱਚਿਆਂ ਨੂੰ ਧੜਕਣਯੋਗ ਮਾਨਵੀ ਦਿਲ ਨਹੀਂ ਦਿੰਦੇ। ਹੁਣ ਗੁਰੂ ਤੇ ਮਾਪੇ ਬੱਚਿਆਂ ਨੂੰ ਨਾਕਾਰਾਤਮਕ ਸਹੂਲਤਾਂ ਤੇ ਸਰੋਕਾਰਾਂ ਲਈ ਉਤਸ਼ਾਹਿਤ ਤੇ ਉਤੇਜਿਤ ਕਰਦੇ ਹਨ। ਸਿੱਟੇ ਵਜੋਂ ਰਿਸ਼ਤਿਆਂ ਵਿਚ ਨੈਤਿਕ ਤੇ ਵਿਹਾਰਕ ਗਿਰਾਵਟ ਤੇ ਗਲਾਜ਼ਤ ਦਾ ਬੋਲਬਾਲਾ ਹੋ ਗਿਆ ਹੈ। ਜਦੋਂ ਮਾਨਵੀ ਮਾਪਦੰਡ, ਮਿਆਰ ਤੇ ਮਾਅਨੇ ਹੀ ਮੁੱਲਹੀਣ ਹੋ ਜਾਣ, ਉਸ ਵੇਲੇ ਰਿਸ਼ਤਿਆਂ ਦਾ ਹਸ਼ਰ ਵੀ ਹੈਰਾਨੀਜਨਕ ਹੋ ਜਾਂਦਾ। ਇਸੇ ਕਰਕੇ ਪੂਰਾ ਪੰਜਾਬ ਉਜੜਨ ਦੇ ਰਾਹ ਤੁਰਿਆ ਹੋਇਆ ਹੈ। ਵਿਦੇਸ਼ ਦੀ ਸਖਤ ਮਿਹਨਤ ਇੱਥੋਂ ਦੀ ਨੈਤਿਕ ਕੰਗਾਲੀ ਤੇ ਰਿਸ਼ਵਤਖੋਰੀ ਕੋਹਰਾਮ ਨਾਲੋਂ ਚੰਗੀ ਲੱਗਦੀ ਹੈ। ਕੰਗਾਲੀਆਂ ਤੇ ਕੋਹਰਾਮ ਰੂਹਾਂ ਤੇ ਰਿਸ਼ਤਿਆਂ ਨੂੰ ਅਲਹਿਦਾ ਅਤੇ ਆਤੰਕਿਤ ਕਰ ਦਿੰਦੀਆਂ ਹਨ, ਤੇ ਲੋਕ ਆਖਣਾ ਸ਼ੁਰੂ ਕਰ ਦਿੰਦੇ ਹਨ ਕਿ ਹੁਣ ਕੋਈ ਕਿਸੇ ਦਾ ਸਕਾ ਨਹੀਂ ਰਿਹਾ।

ਰਿਸ਼ਤੇ ਪੌਸ਼ਟਿਕ ਖੁਰਾਕ ਤੇ ਖਾਬਗੋਈ ਵਰਗੇ ਹੁੰਦੇ ਹਨ। ਫਕੀਰ ਤੇ ਫਲਸਫਾਨਾ ਲੋਕ ਹੀ ਰਿਸ਼ਤਿਆਂ ਨੂੰ ਜੀਵਨ ਭਰ ਜਿਉਂਦਾ ਤੇ ਜਾਗ੍ਰਿਤ ਰੱਖ ਸਕਦੇ ਹਨ। ਅਸਥਾਈ ਲੋੜਾਂ ਤੇ ਲਾਲਚਾਂ ਨੇ ਰਿਸ਼ਤਿਆਂ ਦੀ ਜਾਨ ਕੱਢ ਲਈ ਹੈ। ਮਿਲ ਬੈਠਣ ਦੀ ਜਾਚ ਤੇ ਜੁਸਤਜੂ ਗਵਾਚ ਗਈ ਹੈ। ਗੁਫਤਗੂ ਦਾ ਮਹਿਫਿਲੀ ਮਹਾਤਮ ਮੁੱਕ ਗਿਆ ਪ੍ਰਤੀਤ ਹੁੰਦਾ ਹੈ। ਚਾਪਲੂਸ ਚੇਲਿਆਂ ਦੀ ਭੀੜ ਵਿਚੋਂ ਵਿਰਲਾ ਹੀ ਲੱਭਦਾ ਜੋ ਇਲਮ ਤੇ ਅਹਿਸਾਸ ਦੀ ਖੋਜ ਤੇ ਖਾਕਸਾਰੀ ਲਈ ਪ੍ਰਤੀਬੱਧ ਹੋਵੇ।

ਮਾਂ ਕਹਿੰਦੀ ਸੀ ਸਦਾ ਨਹੀਂ ਜਗਣਾ
ਤਨ ਮਿੱਟੀ ਲਹੂ ਮਾਸ ਦਾ ਦੀਵਾ।
ਸਦਾ ਸਦਾ ਲਈ ਰਹੂ ਧੜਕਦਾ
ਇਲਮ ਤੇ ਅਹਿਸਾਸ ਦਾ ਦੀਵਾ।

ਸਦੀਵੀ ਤੇ ਸਥਾਈ ਦੀ ਥਾਂ ਅਸਥਾਈ ਤੇ ਅਵਸਰਵਾਦੀ ਸਬੰਧ ਤੇ ਸ਼ਰੀਕੇ ਚੰਗੇ ਲੱਗਦੇ ਹਨ। ਕਿਸੇ ਨਾਲ ਰਲ ਕੇ ਲੰਬਾ ਸਮਾਂ ਕੁਝ ਚੰਗਾ ਕਰਨ ਦੀ ਤਮੰਨਾ ਤੇ ਤੇਹ ਨੂੰ ਪੁਗਾਉਣਾ ਸੌਖਾ ਨਹੀਂ ਰਿਹਾ। ਨਿਜਵਾਦ ਬੰਦੇ ਨੂੰ ਦੋ ਹੋਣ ਨਹੀਂ ਦਿੰਦਾ। ਸੁਚੱਜੇ ਸੁਮੇਲ ਤੇ ਸਹਿਚਾਰ ਦੀ ਥਾਂ ਹਾਜ਼ਰੀਆਂ, ਹਜ਼ੂਰੀਆਂ ਤੇ ਹਜੂਮਾਂ ਦੀ ਪ੍ਰਧਾਨਤਾ ਹੈ। ਜਦੋਂ ਘਰ, ਸਕੂਲ, ਦਫਤਰ, ਗੁਰਦੁਆਰੇ ਅਤੇ ਵਿਆਹਾਂ ਵਿਚ ਲੋਕ ਹਾਜ਼ਰੀਆਂ ਲਈ ਜਾਣ ਲੱਗ ਪੈਣ, ਉਦੋਂ ਦਿਲ 'ਚੋਂ ਬੋਲਣ ਦੀ ਰਵਾਇਤ ਗੂੰਗੀ ਹੋ ਜਾਂਦੀ ਹੈ:

ਮੰਦਿਰ, ਮਸੀਤਾਂ, ਗੁਰਦੁਆਰੇ
ਸੰਗਮਰਮਰੀ ਹੋ ਗਏ
ਘਰਾਂ ਤੋਂ ਵੱਡਾ ਘਰਾਂ ਦਾ ਆਕਾਰ ਹੋ ਗਿਆ।
ਦੇਖ ਬਾਬਾ ਤੇਰਾ ਬੰਦਾ
ਕਿੰਨਾ ਅਵਾਜ਼ਾਰ ਹੋ ਗਿਆ।

# ਪਹਿਲੀ ਮੈਰਾਥਨ ਤੋਂ ਅਜੋਕੀ ਮੈਰਾਥਨ ਤਕ

**ਖੇਡਾਂ ਦੀ ਦੁਨੀਆਂ**

ਪਹਿਲੀਆਂ ਓਲੰਪਿਕ ਖੇਡਾਂ ਤੋਂ ਹੁਣ ਤਕ ਲੱਖਾਂ-ਕਰੋੜਾਂ ਦੌੜਾਕ ਵੱਖ-ਵੱਖ ਦੌੜ ਮੁਕਾਬਲਿਆਂ ਵਿਚ ਭਾਗ ਲੈ ਚੁਕੇ ਹਨ। ਉਨ੍ਹਾਂ ਦੌੜ ਮੁਕਾਬਲਿਆਂ 'ਚੋਂ ਕੇਵਲ ਮੈਰਾਥਨ ਦੌੜ ਦੀ ਗੱਲ ਕਰਦੇ ਹਾਂ। 490 ਪੂਰਵ ਈਸਵੀ ਵਿਚ ਪਰਸ਼ੀਆ ਨੇ ਏਥਨਜ਼ 'ਤੇ ਹਮਲਾ ਕਰਨ ਲਈ ਆਪਣੀ ਫੌਜ ਯੂਨਾਨ ਦੇ ਸਰਹੱਦੀ ਪਿੰਡ ਮੈਰਾਥਨ ਵਿਚ ਉਤਾਰੀ। ਮੈਰਾਥਨ ਯੂਨਾਨ ਦੀ ਰਾਜਧਾਨੀ ਏਥਨਜ਼ ਤੋਂ ਪੱਚੀ ਕੁ ਮੀਲ ਦੂਰ ਹੈ। ਉਦੋਂ ਮੈਰਾਥਨ ਛੋਟਾ ਜਿਹਾ ਪਿੰਡ ਸੀ ਜੋ ਹੁਣ ਸ਼ਹਿਰ ਹੈ ਜਿਸ ਦੀ ਅਜੋਕੀ ਆਬਾਦੀ ਦਸ ਹਜ਼ਾਰ ਦੇ ਆਸ ਪਾਸ ਹੈ। ਯੂਨਾਨ ਦੇ ਜਰਨੈਲ ਨੇ ਆਪਣੇ ਓਲੰਪਿਕ ਦੌੜਾਕ ਫਿਡੀਪੀਡੀਸ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਨੂੰ ਸਪਾਰਟਾ ਤੋਂ ਮਦਦ ਲੈਣ ਲਈ ਦੌੜਾਇਆ। ਉਹ ਦੌੜਦਾ, ਦਰਿਆ ਤੈਰਦਾ ਤੇ ਪਹਾੜੀ ਚੋਟੀਆਂ ਚੜ੍ਹਦਾ ਸਪਾਰਟਾ ਅੱਪੜਿਆ। ਮਦਦ ਲਈ ਸੁਨੇਹਾ ਦੇ ਕੇ ਵਾਪਸ ਏਥਨਜ਼ ਆਇਆ। ਬਿਨਾ ਆਰਾਮ ਕੀਤੇ ਉਸ ਨੂੰ ਫੌਜ ਨਾਲ ਮੈਰਾਥਨ ਵੱਲ ਕੂਚ ਕਰਨਾ ਪਿਆ। ਮੈਰਾਥਨ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ ਜਿਸ ਵਿਚ ਯੂਨਾਨੀ ਜਿੱਤ ਗਏ।

ਜਰਨੈਲ ਨੇ ਜਿੱਤ ਦਾ ਸਮਾਚਾਰ ਤੁਰਤ ਏਥਨਜ਼ ਪੁਚਾਉਣ ਲਈ ਥੱਕੇ ਟੁੱਟੇ ਫਿਡੀਪੀਡੀਸ ਨੂੰ ਮੁੜ ਏਥਨਜ਼ ਵੱਲ ਦੌੜਾਇਆ। ਦੌੜਦਿਆਂ ਉਹਦੇ ਪੈਰਾਂ 'ਚੋਂ ਲਹੂ ਸਿਮ ਆਇਆ ਜਿਸ ਨਾਲ ਲਹੂ ਦੇ ਨਿਸ਼ਾਨ ਪਹਾੜੀ ਪੱਥਰਾਂ 'ਤੇ ਲੱਗਦੇ ਗਏ। ਉਹ ਹੰਭਿਆ ਹੁੱਟਿਆ ਵੀ ਦੌੜਦਾ ਰਿਹਾ। ਏਥਨਜ਼ ਵਾਸੀਆਂ ਨੂੰ ਦੂਰੋਂ ਆਪਣੇ ਮਹਾਨ ਦੌੜਾਕ ਦਾ ਝਾਉਲਾ ਪਿਆ ਤਾਂ ਉਹ ਘਰਾਂ ਦੀਆਂ ਛੱਤਾਂ ਤੋਂ ਉਤਰ ਕੇ ਲੜਾਈ ਦਾ ਸਮਾਚਾਰ ਸੁਣਨ ਲਈ ਅੱਗੇ ਵਧੇ। ਹੰਭੇ, ਹਫੇ ਤੇ ਲਹੂ ਲੁਹਾਣ ਪੈਰਾਂ ਵਾਲੇ ਸਿਰੜੀ ਦੌੜਾਕ ਨੇ ਸਾਰੀ ਸੱਤਿਆ 'ਕੱਠੀ ਕਰ ਕੇ ਸਿਰਫ ਇਹੋ ਕਿਹਾ, "ਖੁਸ਼ੀਆਂ ਮਨਾਓ, ਆਪਾਂ ਜਿੱਤ ਗਏ ਆਂ!"

ਏਨਾ ਕਹਿੰਦਿਆਂ ਉਹ ਡਿੱਗ ਪਿਆ ਤੇ ਪਰਲੋਕ ਸਿਧਾਰ ਗਿਆ।

ਪੁਰਾਤਨ ਓਲੰਪਿਕ ਖੇਡਾਂ ਦਾ ਭੋਗ ਸਦੀਆਂ ਪਹਿਲਾਂ ਪੈ ਚੁਕਾ ਸੀ। 1896 ਵਿਚ ਮਾਡਰਨ ਓਲੰਪਿਕ ਖੇਡਾਂ ਏਥਨਜ਼ ਤੋਂ ਹੀ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਖੇਡਾਂ 'ਚ ਫਿਡੀਪੀਡੀਸ ਦੀ ਯਾਦ ਵਿਚ ਪੱਚੀ ਕੁ ਮੀਲ ਲੰਮੀ ਦੌੜ ਸ਼ਾਮਲ ਕੀਤੀ ਗਈ ਜਿਸ ਦਾ ਨਾਂ ਮੈਰਾਥਨ ਦੌੜ ਰੱਖਿਆ ਗਿਆ। ਯੂਨਾਨੀਆਂ ਦੀ ਬੜੀ ਰੀਝ ਸੀ ਕਿ ਉਨ੍ਹਾਂ ਦੇ ਹਮਵਤਨੀ ਦੀ ਯਾਦ ਵਿਚ ਰੱਖੀ ਦੌੜ ਕੋਈ ਯੂਨਾਨੀ ਦੌੜਾਕ ਹੀ ਜਿੱਤੇ। ਏਥਨਜ਼ ਦੇ ਇਕ ਰਈਸ ਨੇ ਐਲਾਨ ਕੀਤਾ, ਜੇ ਕੋਈ ਯੂਨਾਨੀ ਇਹ ਦੌੜ ਜਿੱਤ ਜਾਵੇ ਤਾਂ ਉਹ ਦਸ ਲੱਖ ਯੂਨਾਨੀ ਸਿੱਕਿਆਂ ਦੇ ਇਨਾਮ ਨਾਲ ਉਸ ਦੌੜਾਕ ਨੂੰ ਆਪਣੀ ਧੀ ਦਾ ਡੋਲਾ ਵੀ ਦੇ ਦੇਵੇਗਾ।

ਦੌੜ ਸ਼ੁਰੂ ਹੋਈ ਤਾਂ ਯੂਨਾਨੀ ਦੌੜਾਕ ਸਪਰਿਡਨ ਲੂਈਸ ਪਿੱਛੇ ਰਹਿ ਗਿਆ ਪਰ ਉਸ ਨੇ ਦਿਲ ਨਾ ਛੱਡਿਆ। ਜਦੋਂ ਤਿੰਨ ਕੁ ਮੀਲ ਦੀ ਦੂਰੀ ਰਹਿ ਗਈ ਤਾਂ ਉਹ ਸਭ ਤੋਂ ਮੂਹਰੇ ਹੋ ਗਿਆ। ਯੂਨਾਨੀ ਦਰਸ਼ਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਹ ਸਟੇਡੀਅਮ ਵਿਚ ਸਭ ਤੋਂ ਪਹਿਲਾਂ ਦਾਖਲ ਹੋਇਆ ਤਾਂ ਦਰਸ਼ਕ ਉਤਸ਼ਾਹ 'ਚ ਉਠ ਖੜ੍ਹੇ ਹੋਏ। ਬਾਦਸ਼ਾਹ ਦੇ ਦੋਵੇਂ ਸ਼ਹਿਜ਼ਾਦੇ ਜਾਰਜ ਤੇ ਨਿਕੋਲਸ ਖੁਸ਼ੀ ਵਿਚ ਯੂਨਾਨੀ ਦੌੜਾਕ ਨੂੰ ਹੱਲਾਸ਼ੇਰੀ ਦਿੰਦੇ ਉਹਦੇ ਨਾਲ ਦੌੜਨ ਲੱਗੇ। ਸਪਰਿਡਨ ਲੂਈਸ ਮੈਰਾਥਨ ਦੌੜ ਦਾ ਪਹਿਲਾ ਓਲੰਪਿਕ ਚੈਂਪੀਅਨ ਬਣ ਗਿਆ। ਖੁਸ਼ ਹੋਏ ਯੂਨਾਨ ਦੇ ਬਾਦਸ਼ਾਹ ਨੇ ਜੇਤੂ ਨੂੰ ਵਧਾਈ ਦਿੰਦਿਆਂ ਕਿਹਾ, "ਮੰਗ ਜੋ ਕੁਛ ਮੰਗਣਾ।"

ਲੂਈਸ ਬੋਲਿਆ, "ਮੇਰੇ ਕੋਲ ਘੋੜਾ ਹੈ ਪਰ ਘੋੜਾ-ਗੱਡੀ ਨਹੀਂ।"

ਉਹ ਡਾਕੀਆ ਸੀ ਜਿਸ ਦਾ ਘੋੜਾ-ਗੱਡੀ ਨਾਲ ਕੰਮ ਹੋਰ ਵੀ ਸੌਖਾ ਹੋ ਸਕਦਾ ਸੀ। ਉਸ ਨੇ ਰਾਜੇ ਤੋਂ ਘੋੜਾ-ਗੱਡੀ ਲੈ ਲਈ ਪਰ ਰਈਸ ਦੀ ਧੀ ਦਾ ਡੋਲਾ ਨਾ ਲਿਆ ਕਿਉਂਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ।

1896 ਤੋਂ 1924 ਦੀਆਂ ਓਲੰਪਿਕ ਖੇਡਾਂ ਤਕ ਮੈਰਾਥਨ ਦੌੜਾਂ ਦੀ ਦੂਰੀ ਇਕੋ ਜਿੰਨੀ ਨਹੀਂ ਸੀ। ਇਹ 24 ਤੋਂ 27 ਮੀਲ ਦਰਮਿਆਨ ਰਹੀ। 1924 ਵਿਚ ਪੈਰਿਸ ਦੀਆਂ ਓਲੰਪਿਕ ਖੇਡਾਂ ਤੋਂ ਮੈਰਾਥਨ ਦੌੜਾਂ ਦੀ ਦੂਰੀ ਇਕੋ ਜਿੰਨੀ ਰੱਖਣੀ ਤੈਅ ਹੋਈ ਭਾਵ 26 ਮੀਲ 385 ਗਜ਼। 1908 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਦੀ ਮੈਰਾਥਨ 26 ਮੀਲ 385 ਗਜ਼ ਦੀ ਸੀ। ਉਦੋਂ ਸ਼ਾਹੀ ਨਿਵਾਸ ਵਿੰਡਸਰ ਕਾਸਲ ਤੋਂ ਦੌੜ ਸ਼ੁਰੂ ਹੋਈ ਸੀ ਤੇ ਵ੍ਹਾਈਟ ਸਟੇਡੀਅਮ ਵਿਚ ਰਾਇਲ ਬੌਕਸ ਮੂਹਰੇ ਮੁੱਕੀ ਹੋਈ ਸੀ। ਫਾਸਲਾ ਮਿਣਿਆਂ ਤਾਂ 26 ਮੀਲ 385 ਗਜ਼ ਨਿਕਲਿਆ ਸੀ। ਉਦੋਂ ਬਰਤਾਨੀਆ ਦਾ ਤਪ ਤੇਜ਼ ਸੀ ਤੇ ਇਹੋ ਫਾਸਲਾ ਮੈਰਾਥਨ ਦੌੜ ਲਈ ਮਿਆਰੀ ਬਣਾ ਦਿੱਤਾ ਗਿਆ।

1904 ਵਿਚ ਸੇਂਟ ਲੂਈ ਦੀਆਂ ਓਲੰਪਿਕ ਖੇਡਾਂ ਸਮੇਂ ਲੱਗੀ ਮੈਰਾਥਨ ਦੌੜ ਬੜੀ ਦਿਲਚਸਪ ਰਹੀ। ਕਿਊਬਾ ਦੇ ਇਕ ਡਾਕੀਏ ਫੇਲਿਕਸ ਕਰਨਾਜਲ ਨੇ ਆਪਣੇ ਦੋਸਤਾਂ ਕੋਲ ਸ਼ੇਖੀ ਮਾਰ ਦਿੱਤੀ ਕਿ ਉਹ ਓਲੰਪਿਕ ਦੀ ਮੈਰਾਥਨ ਦੌੜ ਜਿੱਤ ਸਕਦੈ। ਪਰ ਸੀਗਾ ਉਹ ਜੋਕਰਾਂ ਵਰਗਾ। ਸ਼ੇਖੀ ਦੇ ਮਾਰੇ ਉਹਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਏਧਰ ਓਧਰ ਦੌੜਨ ਲੱਗਾ। ਖੇਡਾਂ ਨੇੜੇ ਆਈਆਂ ਤਾਂ ਉਹਦੇ ਕੋਲ ਸੇਂਟ ਲੂਈ ਜਾਣ ਜੋਗਾ ਕਿਰਾਇਆ ਵੀ ਨਹੀਂ ਸੀ। ਉਹ ਹਵਾਨਾ ਦੇ ਚੌਕਾਂ ਵਿਚ ਦੌੜ ਕੇ ਮਜਮੇ ਲਾਉਣ ਲੱਗਾ। ਕਿਰਾਏ ਜੋਗੇ ਪੈਸੇ 'ਕੱਠੇ ਹੋਏ ਤਾਂ ਉਹ ਸੇਂਟ ਲੂਈ ਨੂੰ ਰਵਾਨਾ ਹੋ ਗਿਆ ਪਰ ਰਾਹ ਵਿਚ ਹੀ ਜੂਆ ਖੇਡਦਿਆਂ ਪੈਸੇ ਹਾਰ ਬੈਠਾ।

ਖੈਰ! ਜੁਗਾੜ ਕਰਦੇ ਕਰਾਉਂਦੇ ਜਦੋਂ ਉਹ ਸੇਂਟ ਲੂਈ ਅੱਪੜਿਆ ਤਾਂ ਮੈਰਾਥਨ ਦੌੜ ਸ਼ੁਰੂ ਹੋਣ ਵਾਲੀ ਸੀ। ਉਹ ਚੋਲੇ ਵਰਗਾ ਕੁੜਤਾ ਤੇ ਢਿੱਲੀ ਜਿਹੀ ਪਤਲੂਣ ਪਾਈ ਦੌੜ ਲਈ ਲਾਈ ਲਕੀਰ ਉਤੇ ਜਾ ਖੜ੍ਹਾ ਹੋਇਆ। ਮੁਕਾਬਲੇ 'ਚ ਦੁਨੀਆਂ ਦੇ ਮੰਨੇ ਪ੍ਰਮੰਨੇ ਦੌੜਾਕ ਖੜ੍ਹੇ ਸਨ। ਡਾਕੀਏ ਦਾ ਹੁਲੀਆ ਵੇਖ ਕੇ ਦਰਸ਼ਕਾਂ ਦਾ ਹਾਸਾ ਨਹੀਂ ਸੀ ਰੁਕ ਰਿਹਾ।

ਅਮਰੀਕਾ ਦੇ ਅਥਲੀਟ ਸ਼ੈਰੀਡਨ ਨੇ ਕਿਤੋਂ ਕੈਂਚੀ ਲਿਆਂਦੀ ਤੇ ਲਕੀਰ 'ਤੇ ਖੜ੍ਹੇ ਫੇਲਿਕਸ ਦਾ ਕੁੜਤਾ ਆਸਿਓਂ ਪਾਸਿਓਂ ਕੱਟ ਕੇ ਕੰਮ ਚਲਾਊ ਬੁਨੈਣ ਬਣਾ ਦਿੱਤੀ। ਪਤਲੂਣ ਵੀ ਗੋਡਿਆਂ ਉਤੋਂ ਕੱਟ ਦਿੱਤੀ ਤੇ ਉਹ ਨਿੱਕਰ ਬਣ ਗਈ। ਹੁਣ ਉਹ ਆਰਾਮ ਨਾਲ ਦੌੜ ਸਕਦਾ ਸੀ। ਦੌੜਦਿਆਂ ਉਹ ਰਾਹ ਵਿਚ ਸੇਬ ਤੇ ਆੜੂ ਤੋੜ ਕੇ ਖਾਂਦਾ ਗਿਆ ਤੇ ਦਰਸ਼ਕਾਂ ਨਾਲ ਹਾਸਾ ਮਖੌਲ ਕਰਦਾ ਗਿਆ। ਦੌੜ ਮੁੱਕੀ ਤਾਂ ਉਹ ਸੈਂਤੀ ਦੌੜਾਕਾਂ 'ਚੋਂ ਚੌਥੇ ਥਾਂ 'ਤੇ ਸੀ। ਜੇ ਕਿਧਰੇ ਉਹ ਪਹਿਲਾਂ ਹੀ ਮੈਰਾਥਨ ਦੌੜਦਾ ਹੁੰਦਾ ਤਾਂ ਸੰਭਵ ਸੀ ਓਲੰਪਿਕ ਚੈਂਪੀਅਨ ਬਣ ਜਾਂਦਾ ਤੇ ਸ਼ੇਖੀ ਮਾਰਨੀ ਸੱਚੀ ਸਿੱਧ ਹੋ ਜਾਂਦੀ!

1908 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਦੀ ਮੈਰਾਥਨ 55 ਦੌੜਾਕਾਂ ਨੇ ਦੌੜਨੀ ਸ਼ੁਰੂ ਕੀਤੀ। ਇਟਲੀ ਦਾ ਦੋਰਾਂਦੋ ਪਿਏਤਰੀ ਤੀਜੇ ਥਾਂ ਦੌੜ ਰਿਹਾ ਸੀ। ਦੌੜ ਦੇ ਅੰਤ ਸਮੇਂ ਜਦੋਂ ਉਹਨੂੰ ਸਟੇਡੀਅਮ ਨਜ਼ਰੀਂ ਪਿਆ ਤਾਂ ਉਹ ਅੰਨ੍ਹੇਵਾਹ ਦੌੜਿਆ। ਸਟੇਡੀਅਮ 'ਚ ਉਹ ਸਭ ਤੋਂ ਪਹਿਲਾਂ ਦਾਖਲ ਹੋਇਆ ਪਰ ਸਟੇਡੀਅਮ ਦਾ ਚੱਕਰ ਸੱਜੇ ਪਾਸੇ ਮੁੜ ਕੇ ਕੱਟਣ ਦੀ ਥਾਂ ਖੱਬੇ ਪਾਸੇ ਮੁੜ ਕੇ ਕੱਟਣ ਲੱਗਾ। ਅਸਲ ਵਿਚ ਵਧੇਰੇ ਜ਼ੋਰ ਲਾਉਣ ਕਰਕੇ ਉਸ ਦੇ ਤੌਰ ਉਡ ਗਏ ਸਨ। ਲੱਖ ਦੇ ਕਰੀਬ ਦਰਸ਼ਕ ਜਿਥੇ ਤਾੜੀਆਂ ਮਾਰ ਕੇ ਉਹਦਾ ਹੌਂਸਲਾ ਵਧਾ ਰਹੇ ਸਨ, ਉਥੇ ਉਸ ਨੂੰ ਸਿੱਧਾ ਚੱਕਰ ਕੱਟਣ ਲਈ ਵੀ ਪੁਕਾਰ ਰਹੇ ਸਨ।

ਜਦੋਂ ਪਿਏਤਰੀ ਨੂੰ ਆਪਣੀ ਗਲਤੀ ਦਾ ਪਤਾ ਲੱਗਾ, ਉਦੋਂ ਤਕ ਉਹਦੀ ਬੱਸ ਹੋ ਚੁਕੀ ਸੀ। ਉਹ ਲੜਖੜਾ ਕੇ ਡਿੱਗ ਪਿਆ। ਸਟੇਡੀਅਮ ਵਿਚ ਕੁਲ ਖਲਕਤ ਦੀ ਹਮਦਰਦੀ ਉਹਦੇ ਨਾਲ ਸੀ। ਡਿੱਗੇ ਪਏ ਦੋਰਾਂਦੋ ਨੂੰ ਹਮਦਰਦੀ ਵੱਸ ਸਹਾਰਾ ਦੇ ਕੇ ਉਠਾ ਦਿੱਤਾ ਗਿਆ ਤਾਂ ਜੋ ਉਹ ਦੌੜ ਪੂਰੀ ਕਰ ਸਕੇ। ਡਿੱਗਦੇ ਡੋਲਦੇ ਦੋਰਾਂਦੋ ਨੇ ਆਖਰਕਾਰ ਸਭ ਤੋਂ ਪਹਿਲਾਂ ਫੀਤੇ ਨੂੰ ਜਾ ਛੋਹਿਆ। ਦੌੜ ਦੇ ਨਤੀਜੇ ਦਾ ਐਲਾਨ ਕਾਫੀ ਦੇਰ ਬਾਅਦ ਕੀਤਾ ਗਿਆ ਜਿਸ ਨਾਲ ਪਿਏਤਰੀ ਦਾ ਦਿਲ ਤਾਂ ਟੁੱਟਣਾ ਈ ਸੀ, ਦਰਸ਼ਕਾਂ ਨੇ ਵੀ ਹਉਕਾ ਭਰਿਆ। ਦੌੜ ਦੇ ਨਿਯਮਾਂ ਅਨੁਸਾਰ ਕਿਸੇ ਦੌੜਾਕ ਨੂੰ ਸਹਾਰਾ ਦੇਣਾ ਅਯੋਗ ਹੁੰਦਾ ਹੈ, ਇਸ ਲਈ ਡਿੱਗੇ ਪਏ ਦੋਰਾਂਦੋ ਨੂੰ ਉਠਾਉਣ ਦੀ ਬੇਨਿਯਮੀ ਕਾਰਨ ਉਹਦੀ ਦੌੜ ਅਯੋਗ ਕਰਾਰ ਦੇ ਦਿੱਤੀ ਗਈ ਤੇ ਉਹਦਾ ਕੋਈ ਵੀ ਸਥਾਨ ਨਾ ਗਿਣਿਆ ਗਿਆ।

1952 ਵਿਚ ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਚੈਕੋਸਲੋਵਾਕੀਆ ਦੇ ਦੌੜਾਕ ਐਮਿਲ ਜ਼ੈਟੋਪਿਕ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਪਹਿਲਾਂ ਉਸ ਨੇ ਦਸ ਹਜ਼ਾਰ ਮੀਟਰ ਦੀ ਦੌੜ ਜਿੱਤੀ ਤੇ ਫਿਰ ਪੰਜ ਹਜ਼ਾਰ ਮੀਟਰ ਨੂੰ ਵੀ ਪੈ ਗਿਆ। ਤੀਜਾ ਗੋਲਡ ਮੈਡਲ ਉਸ ਦੀ ਘਰ ਵਾਲੀ ਡਾਨਾ ਜ਼ੈਟੋਪਿਕ ਨੇ ਜੈਵਲਿਨ ਸੁੱਟਣ ਵਿਚੋਂ ਜਿੱਤਿਆ। ਐਮਿਲ ਜ਼ੈਟੋਪਿਕ ਨੇ ਆਖਿਆ, "ਹੁਣ ਜ਼ੈਟੋਪਿਕ ਜੋੜੀ ਦਾ ਸਕੋਰ 2-1 ਹੈ ਤੇ ਮੈਂ ਕੋਸ਼ਿਸ਼ ਕਰਾਂਗਾ 3-1 ਕਰਾਂ।"

ਮੈਰਾਥਨ ਦੌੜ ਸ਼ੁਰੂ ਹੋਈ ਤਾਂ ਪਹਿਲੇ ਦੋ ਕਿਲੋਮੀਟਰ ਜ਼ੈਟੋਪਿਕ ਸਭ ਤੋਂ ਪਿੱਛੇ ਰਿਹਾ। ਦਸਵੇਂ ਕਿਲਮੀਟਰ ਤੋਂ ਉਹ ਸਵੀਡਨ ਦੇ ਦੌੜਾਕ ਗੁਸਤਾਫ ਜੈਨਸਨ ਦੇ ਮੋਢੀਂ ਜਾ ਚੜ੍ਹਿਆ। ਓਦੂੰ ਅਗਾਂਹ ਬਰਤਾਨੀਆ ਦਾ ਜਿਮ ਪੀਟਰ ਹੀ ਸੀ। ਪੰਦਰਵੇਂ ਕਿਲੋਮੀਟਰ 'ਤੇ ਤਿੰਨੇ ਦੌੜਾਕ ਬਰਾਬਰ ਹੋ ਗਏ। ਪੱਚੀਵੇਂ ਕਿਲੋਮੀਟਰ 'ਤੇ ਜ਼ੈਟੋਪਿਕ ਸਭ ਨੂੰ ਪਿੱਛੇ ਛੱਡ ਗਿਆ ਤੇ ਫਿਰ ਕਿਸੇ ਨੂੰ ਨਾਲ ਨਾ ਰਲਣ ਦਿੱਤਾ। ਉਹ ਸਭ ਤੋਂ ਪਹਿਲਾਂ ਸਟੇਡੀਅਮ ਵਿਚ ਦਾਖਲ ਹੋਇਆ ਤਾਂ ਦਰਸ਼ਕ ਤਾੜੀਆਂ ਮਾਰਦੇ ਉਹਦੇ ਕਦਮਾਂ ਨਾਲ ਜ਼ੈ-ਟੋ-ਪਿਕ ਜ਼ੈ-ਟੋ-ਪਿਕ ਦਾ ਰਾਗ ਅਲਾਪਣ ਲੱਗੇ। ਦੌੜ ਪੂਰੀ ਹੋ ਗਈ ਪਰ ਜ਼ੈ-ਟੋ-ਪਿਕ ਦਾ ਰਾਗ ਕਾਫੀ ਦੇਰ ਤਕ ਗੂੰਜਦਾ ਰਿਹਾ। ਹੁਣ ਤਕ ਤਿੰਨੇ ਲੰਮੀਆਂ ਦੌੜਾਂ ਜਿੱਤਣ ਦਾ ਹੈਟ ਟ੍ਰਿਕ ਕੇਵਲ ਚੈਕੋਸਲੋਵਾਕੀਆ ਦਾ ਐਮਿਲ ਜ਼ੈਟੋਪਿਕ ਹੀ ਮਾਰ ਸਕਿਆ ਹੈ।

1960 'ਚ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਇਥੋਪੀਆ ਦਾ ਦੌੜਾਕ ਅਬੇਬੇ ਬਕੀਲਾ ਨੰਗੇ ਪੈਰੀਂ ਦੌੜਿਆ ਤੇ 2 ਘੰਟੇ 15 ਮਿੰਟ 16.2 ਸਕਿੰਟ ਵਿਚ ਦੌੜ ਪੂਰੀ ਕਰ ਕੇ ਮੈਰਾਥਨ ਦਾ ਓਲੰਪਿਕ ਚੈਂਪੀਅਨ ਬਣਿਆ। 1964 ਵਿਚ ਟੋਕੀਓ ਓਲੰਪਿਕਸ 'ਚ ਵੀ ਉਹ ਅੱਵਲ ਰਿਹਾ। ਟੋਕੀਓ ਵਿਚ ਉਸ ਨੇ 2 ਘੰਟੇ 12 ਮਿੰਟ 11.2 ਸਕਿੰਟ ਵਿਚ ਇਹ ਦੌੜ ਪੂਰੀ ਕੀਤੀ। ਉਦੋਂ ਤਕ ਬਕੀਲਾ ਤੋਂ ਬਿਨਾ ਕਿਸੇ ਵੀ ਦੌੜਾਕ ਨੇ ਓਲੰਪਿਕ ਖੇਡਾਂ ਦੀ ਮੈਰਾਥਨ ਦੋ ਵਾਰ ਨਹੀਂ ਸੀ ਜਿੱਤੀ। ਕੁਦਰਤ ਦਾ ਭਾਣਾ ਵੇਖੋ, ਜਦੋਂ ਉਹ ਤੀਜੀ ਵਾਰ ਓਲੰਪਿਕ ਖੇਡਾਂ ਦੀ ਮੈਰਾਥਨ ਜਿੱਤਣ ਦਾ ਅਭਿਆਸ ਕਰ ਰਿਹਾ ਸੀ ਤਾਂ ਇਕ ਹਾਦਸੇ ਵਿਚ ਉਹਦੀਆਂ ਦੋਵੇਂ ਲੱਤਾਂ ਕੁਚਲੀਆਂ ਗਈਆਂ। ਜਿਹੜੀਆਂ ਜੰਘਾਂ ਨਾਲ ਉਹ ਲੱਖ ਮੀਲ ਤੋਂ ਵੀ ਵੱਧ ਦੌੜਿਆ ਸੀ, ਉਨ੍ਹਾਂ ਨੂੰ ਨਕਾਰੀਆਂ ਹੋਈਆਂ ਵੇਖ ਉਹ ਬਹੁਤਾ ਚਿਰ ਜਿਉਂਦਾ ਨਾ ਰਹਿ ਸਕਿਆ ਤੇ 1973 ਵਿਚ ਮਰ ਗਿਆ!

ਇਹ ਧਾਰਨਾ ਗਲਤ ਹੈ ਕਿ ਫਿਡੀਪੀਡੀਸ ਮੈਰਾਥਨ ਤੋਂ ਏਥਨਜ਼ ਤਕ 26 ਮੀਲ 385 ਗਜ਼ ਦੌੜਿਆ ਸੀ। ਉਸ ਫਾਸਲੇ ਦਾ ਕੋਈ ਪੱਕਾ ਪਰਮਾਣ ਨਹੀਂ। ਇਹ ਧਾਰਨਾ ਵੀ ਸਹੀ ਨਹੀਂ ਕਿ ਮੈਰਾਥਨ ਦੌੜ ਜਾਨ ਲੇਵਾ ਹੁੰਦੀ ਹੈ। ਹੁਣ ਵਿਸ਼ਵ ਵਿਚ 800 ਤੋਂ ਵੱਧ ਮੈਰਾਥਨ ਦੌੜਾਂ ਲੱਗਦੀਆਂ ਹਨ ਪਰ ਦੌੜਦਿਆਂ ਕੋਈ ਨਹੀਂ ਮਰਦਾ। ਮੈਰਾਥਨ ਦੌੜ ਦਾ ਵਿਸ਼ਵ ਰਿਕਾਰਡ ਮਰਦਾਂ ਦਾ 2 ਘੰਟੇ 2 ਮਿੰਟ 57 ਸੈਕੰਡ ਅਤੇ ਔਰਤਾਂ ਦਾ 2:15.25 ਹੈ। ਓਲੰਪਿਕ ਰਿਕਾਰਡ ਮਰਦਾਂ ਦਾ 2:6.32 ਅਤੇ ਔਰਤਾਂ ਦਾ 2:23.07 ਹੈ। ਬੋਸਟਨ ਦੀ ਮੈਰਾਥਨ 1897 ਤੋਂ ਹਰ ਸਾਲ ਹੁੰਦੀ ਹੈ ਜੋ ਵਿਸ਼ਵ ਦੀ ਸਿਖਰਲੀ ਮੈਰਾਥਨ ਦੌੜ ਮੰਨੀ ਜਾਂਦੀ ਹੈ। ਲੰਡਨ, ਨਿਊ ਯਾਰਕ, ਸ਼ਿਕਾਗੋ, ਬਰਲਿਨ, ਰੋਟਰਡੈਮ, ਟੋਕੀਓ, ਡੁਬਈ, ਬੀਜਿੰਗ, ਸਿਓਲ, ਰੋਮ, ਹਾਂਗਕਾਂਗ, ਵੈਨਕੂਵਰ ਤੇ ਟੋਰਾਂਟੋ ਆਦਿ ਸ਼ਹਿਰਾਂ ਦੀਆਂ ਮੈਰਾਥਨਾਂ ਵੀ ਬੜੀਆਂ ਮਸ਼ਹੂਰ ਹਨ।

ਕੁਝ ਦਿਨ ਪਹਿਲਾਂ ਮੈਨੂੰ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ ਅੱਖੀਂ ਵੇਖਣ ਦਾ ਮੌਕਾ ਮਿਲਿਆ। ਉਹ ਮੈਰਾਥਨ, ਕਹਿਣ ਨੂੰ ਦੌੜ ਸੀ ਪਰ ਹਜ਼ਾਰਾਂ ਦੀ ਗਿਣਤੀ ਵਿਚ ਦੌੜਨ ਵਾਲਿਆਂ ਦਾ ਦਰਸ਼ਨੀ ਜੋੜ ਮੇਲਾ ਸੀ। ਜਿਨ੍ਹਾਂ ਨੇ ਵੇਖਿਆ, ਉਹ ਛੇਤੀ ਕੀਤਿਆਂ ਨਹੀਂ ਭੁੱਲ ਸਕਣਗੇ। ਛਾਂਟਵੇਂ ਜੁੱਸਿਆਂ ਦਾ ਉਹ ਮੇਲਾ 22 ਅਕਤੂਬਰ 2017 ਨੂੰ ਲੱਗਾ। ਟੈਕਸੀਆਂ ਵਾਲੇ ਪੰਜਾਬੀ ਵੀਰਾਂ ਦੇ ਪੀਅਰਸਨ ਏਅਰਪੋਰਟ ਰਨਰਜ਼ ਐਂਡ ਸਪੋਰਟਸ ਕਲੱਬ ਦੇ ਪੰਜਾਹ ਕੁ ਮੈਂਬਰਾਂ ਨੇ ਵੀ ਉਸ ਦੌੜ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ। ਉਹ ਅਸਮਾਨੀ ਜਰਸੀਆਂ ਤੇ ਕੇਸਰੀ ਪੱਗਾਂ/ਪਟਕੇ ਬੰਨ੍ਹ ਕੇ ਉਸ ਵਿਚ ਸ਼ਾਮਲ ਹੋਏ ਤੇ ਦੱਸ ਦਿੱਤਾ ਕਿ ਅਸੀਂ ਵੀ ਇਥੇ ਵਸਦੇ ਹਾਂ ਅਤੇ ਸਿਹਤ ਪੱਖੋਂ ਸੁਚੇਤ ਹਾਂ। ਸਾਡੇ ਵਿਚ ਵੀ ਲੰਮੀਆਂ ਦੌੜਾਂ ਲਾਉਣ ਦਾ ਦਮ-ਖਮ ਹੈ। ਜਿਨ੍ਹਾਂ ਨੇ ਉਹ ਦੌੜ ਲਾਈ, ਉਨ੍ਹਾਂ ਦਾ ਕਹਿਣਾ ਹੈ ਕਿ ਸਾਨੂੰ ਆਪਣੀਆਂ ਉਮਰਾਂ ਦੇ ਪੰਜ-ਪੰਜ ਸਾਲ ਵਧ ਗਏ ਲੱਗਦੇ ਹਨ। ਦੌੜਨ ਦਾ ਅਮਲ ਲੱਗ ਗਿਆ ਹੈ ਜਿਸ ਨੇ ਮਾੜੇ ਅਮਲ ਛੁਡਾ ਦਿੱਤੇ ਹਨ।

ਟੋਰਾਂਟੋ ਦੀ 28ਵੀਂ ਵਾਟਰਫਰੰਟ ਮੈਰਾਥਨ ਵਿਚ 25000 ਤੋਂ ਵੱਧ ਦੌੜਾਕਾਂ ਨੇ ਭਾਗ ਲਿਆ ਜਿਨ੍ਹਾਂ ਕੋਲੋਂ 35 ਲੱਖ ਡਾਲਰ ਤੋਂ ਵੱਧ ਚੈਰਿਟੀ ਫੰਡ 'ਕੱਠਾ ਹੋਇਆ। ਟੋਰਾਂਟੋ ਦੇ ਯੂਨੀਵਰਸਿਟੀ ਐਵੀਨਿਊ ਤੋਂ ਦੌੜ ਸ਼ੁਰੂ ਹੋ ਕੇ ਲੇਕ ਸ਼ੋਰ ਵੱਲ ਦੀ ਲਗਦੀ ਹੋਈ ਸਿਟੀ ਹਾਲ ਕੋਲ ਮੁੱਕਣੀ ਸੀ। ਅਸੀਂ ਅੱਠ ਵਜੇ ਦੌੜ ਸ਼ੁਰੂ ਹੋਣ ਵਾਲੀ ਜਗ੍ਹਾ ਪਹੁੰਚ ਗਏ ਸਾਂ। ਉਸ ਵੇਲੇ ਚੋਟੀ ਦੇ ਦੌੜਾਕ ਜੁੱਸੇ ਗਰਮਾਉਂਦੇ ਜੌਗਿੰਗ ਕਰਦੇ ਤੇ ਛਾਲਾਂ ਮਾਰਦੇ ਗੇਂਦਾ ਵਾਂਗ ਬੁੜ੍ਹਕ ਰਹੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਖੇੜਾ ਸੀ!



*ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਐਂਡ ਸਪੋਰਟਸ ਕਲੱਬ ਦੀ ਮੈਰਾਥਨ ਵਿਚ ਹਿੱਸਾ ਲੈਣ ਵਾਲੇ ਦੌੜਾਕ*

ਦੌੜਨ ਵਾਲਿਆਂ ਤੋਂ ਬਿਨਾ ਦਰਸ਼ਕ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ। ਰੰਗ ਬਰੰਗੀਆਂ ਸ਼ਕਲਾਂ-ਸੂਰਤਾਂ ਦਾ ਅਜਬ ਨਜ਼ਾਰਾ ਸੀ। 8:45 ਉਤੇ ਪੰਜ ਕੁ ਹਜ਼ਾਰ ਦੌੜਾਕਾਂ ਦਾ ਪਹਿਲਾ ਪੂਰ ਦੌੜਾਇਆ ਗਿਆ। ਅਸੀਂ ਸਟਾਰਟਿੰਗ ਲਾਈਨ ਦੇ ਲਾਗੇ ਖੜ੍ਹੇ ਸਾਂ। ਇੰਜ ਲੱਗਾ ਜਿਵੇਂ ਦੌੜਨ ਵਾਲਿਆਂ ਦੇ ਹੜ੍ਹ ਦਾ ਬੰਨ੍ਹ ਟੁੱਟ ਗਿਆ ਹੋਵੇ ਤੇ ਦੌੜਾਕਾਂ ਦਾ ਦਰਿਆ ਵਹਿ ਤੁਰਿਆ ਹੋਵੇ! ਫਿਰ ਪੰਜ ਪੰਜ ਮਿੰਟਾਂ ਬਾਅਦ ਹੋਰ ਪੂਰ ਛੱਡੇ ਗਏ। ਪੱਚੀ ਹਜ਼ਾਰ ਦੌੜਾਕ ਸੜਕਾਂ ਉਤੇ ਦੌੜਨ ਲੱਗੇ। ਹਰ ਦੌੜਾਕ ਦੀ ਛਾਤੀ ਉਤੇ ਉਹਦਾ ਚੈਸਟ ਨੰਬਰ ਬਕਸੂਏ ਲਾ ਕੇ ਚੰਬੇੜਿਆ ਹੋਇਆ ਸੀ। ਉਹਦੇ ਅੰਦਰਲੇ ਪਾਸੇ ਇਲੈਕਟ੍ਰੋਨਿਕ ਜੰਤਰ ਚਿੱਪ ਸਮੇਤ ਲੱਗਾ ਹੋਇਆ ਸੀ ਜਿਸ ਵਿਚ ਦੌੜਾਕ ਦਾ ਸਾਰਾ ਵੇਰਵਾ ਦਰਜ ਸੀ। ਦੌੜਦਿਆਂ ਉਸ ਜੰਤਰ ਨੇ ਦੌੜਾਕ ਦੇ ਕਦਮਾਂ, ਫਾਸਲੇ, ਸਮੇਂ ਤੇ ਨਬਜ਼ ਨੂੰ ਰਿਕਾਰਡ ਕਰਦੇ ਜਾਣਾ ਸੀ। ਜਿਹੜੇ ਮੈਰਾਥਨ ਵਿਚ ਦੌੜੇ, ਉਹ ਜਦੋਂ ਮਰਜ਼ੀ ਆਪਣੀ ਦੌੜ ਦਾ ਰਿਕਾਰਡ ਇਸ ਵਿਚੋਂ ਪੜ੍ਹ ਸਕਦੇ ਹਨ। ਦੌੜ ਪੂਰੀ ਕਰਨ ਵਾਲੇ ਦੌੜਾਕਾਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਦੌੜ ਮਾਰਗ ਦੇ ਹਰ ਦੋ ਕਿਲੋਮੀਟਰ ਦੇ ਫਾਸਲੇ ਉਤੇ ਖਾਣ-ਪੀਣ ਦਾ ਸਮਾਨ ਰੱਖਿਆ ਹੋਇਆ ਸੀ। ਹਜ਼ਾਰਾਂ ਵਾਲੰਟੀਅਰ ਨਿਸ਼ਕਾਮ ਸੇਵਾ 'ਚ ਲੱਗੇ ਹੋਏ ਸਨ।

ਹਜ਼ਾਰਾਂ ਦੌੜਾਕਾਂ ਨੂੰ 'ਕੱਠੇ ਦੌੜਦਿਆਂ ਵੇਖਣ ਦਾ ਅਜਬ ਨਜ਼ਾਰਾ ਸੀ। ਵਿਚ-ਵਿਚ ਕੇਸਰੀ ਪੱਗਾਂ/ਪਟਕਿਆਂ ਵਾਲੇ ਵੀ ਦਿਸ ਰਹੇ ਸਨ ਜਿਵੇਂ ਕਹਿ ਰਹੇ ਹੋਣ, ਅਸੀਂ ਵੀ ਇਥੇ ਰਹਿੰਦੇ ਹਾਂ! ਵੱਖ-ਵੱਖ ਨਸਲਾਂ, ਰੰਗਾਂ, ਧਰਮਾਂ, ਜਾਤੀਆਂ, ਦੇਸ਼ਾਂ, ਉਮਰਾਂ, ਵਿਚਾਰਾਂ, ਲਿੰਗ ਭਿੰਨ-ਭੇਦਾਂ ਤੇ ਊਚ-ਨੀਚ ਦਾ ਫਰਕ ਮਿਟਾ ਕੇ ਜਨ ਸਮੂਹ ਦਾ 'ਕੱਠਿਆਂ ਦਾ ਦੌੜਨਾ ਇਕ ਵੱਡੇ ਪਰਿਵਾਰ ਵਾਂਗ ਲੱਗਾ! ਪਿੱਛੋਂ ਪਤਾ ਲੱਗਾ ਕਿ 74 ਮੁਲਕਾਂ, ਅਮਰੀਕਾ ਦੇ ਸਾਰੇ ਰਾਜਾਂ ਅਤੇ ਕੈਨੇਡਾ ਦੇ ਸਾਰੇ ਸ਼ਹਿਰਾਂ ਤੋਂ ਦੌੜਾਕ ਢੁੱਕੇ ਸਨ।

ਕੁਝ ਦੌੜਾਕ ਮਸਨੂਈ ਲੱਤਾਂ, ਡੰਗੋਰੀਆਂ ਤੇ ਵ੍ਹੀਲ ਚੇਅਰਾਂ ਨਾਲ ਦੌੜ ਰਹੇ ਸਨ। ਦੋ ਬੀਬੀਆਂ ਆਪਣੇ ਬੁੱਢੇ ਬਾਪ ਨੂੰ ਸਹਾਰਾ ਦਿੰਦੀਆਂ ਦੌੜ ਪੂਰੀ ਕਰਵਾ ਰਹੀਆਂ ਸਨ। ਦਰਸ਼ਕ ਆਪੋ ਆਪਣੇ ਪਿਆਰਿਆਂ ਲਈ ਕੂਕ-ਕੂਕ ਕੇ ਹੱਲਾਸ਼ੇਰੀ ਦੇ ਰਹੇ ਸਨ। ਦੌੜ ਪੂਰੀ ਕਰਨ ਵਾਲਿਆਂ ਨੂੰ ਪ੍ਰਸ਼ੰਸਕ ਸ਼ਾਬਾਸ਼ੇ ਦੇ ਚੁੰਮਣ ਦੇ ਰਹੇ ਸਨ। ਬੱਚੇ ਬਾਪੂਆਂ ਦੀਆਂ ਲੱਤਾਂ ਨੂੰ ਚੰਬੜ ਰਹੇ ਸਨ ਜਿਨ੍ਹਾਂ ਨੂੰ ਕੰਧਾੜੀਂ ਚੁੱਕਿਆ ਜਾ ਰਿਹਾ ਸੀ। ਯਾਦਗਾਰੀ ਫੋਟੋ ਲੱਥ ਰਹੇ ਸਨ। ਮੈਰਾਥਨ ਪੂਰੀ ਕਰਦਿਆਂ ਦੇ ਸਿਰੜ ਨੂੰ ਸਲਾਮ ਕਿਹਾ ਜਾ ਰਿਹਾ ਸੀ!

ਮੈਂ ਮੈਰਾਥਨ ਦਾ ਮੇਲਾ ਵੇਖਦਿਆਂ ਦਸ ਕਿਲੋਮੀਟਰ ਤੋਂ ਵੱਧ ਭੱਜ-ਨੱਸ ਕਰ ਚੁਕਾ ਸਾਂ। ਰੂਹ ਵੇਖ-ਵੇਖ ਨਹੀਂ ਸੀ ਰੱਜ ਰਹੀ। ਏਨੀ ਸੁਹਣੀ ਜੁਆਨੀ! ਏਨਾ ਫਿੱਟ ਬੁਢਾਪਾ! ਜਦੋਂ ਮੈਰਾਥਨ ਦੌੜ ਦੇ ਜੇਤੂ ਕੀਨੀਆ ਦੇ ਦੌੜਾਕ ਫਿਲਮੋਨੇ ਰੋਨੋ ਨੂੰ ਸਨਮਾਨਿਤ ਕਰਨ ਲਈ ਸਟੇਜ 'ਤੇ ਬੁਲਾਇਆ ਤਾਂ ਉਸ ਨੇ ਪੰਛੀਆਂ ਦੇ ਪਰਾਂ ਵਾਂਗ ਬਾਹਾਂ ਫੈਲਾਅ ਕੇ ਗੇੜਾ ਦਿੱਤਾ। ਜਦੋਂ ਉਹ ਸਟੇਜ ਤੋਂ ਉਤਰਿਆ ਤਾਂ ਮੈਂ ਉਸ ਨੂੰ ਵਧਾਈ ਦੇਣ ਗਿਆ। ਮੇਰੀ ਪੱਗ ਦਾੜ੍ਹੀ ਤੋਂ ਉਸ ਨੇ ਮੈਨੂੰ ਫੌਜਾ ਸਿੰਘ ਸਮਝ ਲਿਆ। ਅਸੀਂ ਇਕ ਦੂਜੇ ਨੂੰ ਜੱਫੀ ਪਾਈ ਤਾਂ ਉਹ ਮੇਰੀ ਕੱਛ ਵਿਚ ਆ ਗਿਆ। ਉਹਦਾ ਕੱਦ ਮਸੀਂ ਪੰਜ ਫੁੱਟ ਦੋ ਇੰਚ ਹੋਵੇਗਾ। ਹੈਰਾਨ ਸਾਂ ਕਿ ਚਾਲੀ ਕੁ ਕਿਲੋਗਰਾਮ ਵਜ਼ਨ ਦਾ ਰੋਨੋ, ਜਿਸ ਦਾ ਰੰਗ ਕਾਲਾ, ਦੰਦ ਚਿੱਟੇ, ਨਾਸਾਂ ਚੌੜੀਆਂ, ਸਿਰ ਗੰਜਾ ਤੇ ਕੰਨ ਨਿੱਕੇ ਹਨ, ਛੋਟੇ-ਛੋਟੇ ਕਦਮਾਂ ਨਾਲ 42.195 ਕਿਲੋਮੀਟਰ 2 ਘੰਟੇ 6 ਮਿੰਟ 51.7 ਸੈਕੰਡ ਵਿਚ ਕਿਵੇਂ ਦੌੜ ਗਿਆ! ਕੈਨੇਡਾ ਦੀ ਧਰਤੀ 'ਤੇ ਅਜੇ ਤਕ ਏਦੂੰ ਘੱਟ ਸਮੇਂ ਵਿਚ ਕੋਈ ਦੌੜਾਕ ਮੈਰਾਥਨ ਨਹੀਂ ਦੌੜਿਆ। ਰੋਨੋ ਨੂੰ 65,000 ਡਾਲਰ ਫਸਟ ਆਉਣ ਦਾ ਸਿਰਵਾਰਨਾ ਤੇ 50,000 ਡਾਲਰ ਨਵਾਂ ਰਿਕਾਰਡ ਰੱਖਣ ਦਾ ਇਨਾਮ ਮਿਲਿਆ।

ਟੋਰਾਂਟੋ ਪੀਅਰਸਨ ਏਅਰਪੋਰਟ ਰਨਰਜ਼ ਐਂਡ ਸਪੋਰਟਸ ਕਲੱਬ ਵਾਲਿਆਂ ਨੂੰ ਵਧਾਈਆਂ ਜਿਨ੍ਹਾਂ ਨੇ ਮੈਰਾਥਨ ਦੌੜ ਵਿਚ ਭਾਗ ਲੈ ਕੇ ਪੰਜਾਬੀ ਭਾਈਚਾਰੇ ਦੀ ਰੱਖ ਵਿਖਾਈ। ਉਸ ਵਿਚ ਭਾਈਚਾਰੇ ਦੀਆਂ ਦੋ ਪਤਨੀਆਂ ਵੀ ਆਪਣੇ ਪਤੀਆਂ ਨਾਲ ਦੌੜੀਆਂ। ਅਗਲੀਆਂ ਗਰਮੀਆਂ ਵਿਚ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਵੱਲੋਂ ਟੋਰਾਂਟੋ ਦੇ ਗੁਰੂ ਘਰਾਂ ਤੋਂ ਗੁਰੂ ਘਰਾਂ ਤਕ ਮੈਰਾਥਨ ਦੌੜ ਅਤੇ ਵਾਕ ਹੋਵੇਗੀ। ਉਸ ਵਿਚ ਭਾਗ ਲੈਣ ਲਈ ਹੁਣੇ ਤੋਂ ਤਿਆਰ ਹੋ ਜਾਣਾ ਚਾਹੀਦੈ। ਮੈਰਾਥਨ ਦੌੜਾਂ ਦਾ ਮਹੱਤਵ ਨਗਰ ਕੀਰਤਨਾਂ ਵਾਂਗ ਹੀ ਸਮਝਣਾ ਚਾਹੀਦੈ ਅਤੇ ਸਿਹਤ ਲਈ ਦਸਵੰਧ ਉਵੇਂ ਹੀ ਦੇਣਾ ਚਾਹੀਦੈ ਜਿਵੇਂ ਧਾਰਮਿਕ ਕਾਰਜਾਂ ਲਈ ਦਿੱਤਾ ਜਾ ਰਿਹੈ। ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਮੱਲ ਅਖਾੜੇ, ਗੁਰੂ ਹਰਗੋਬਿੰਦ ਸਾਹਿਬ ਨੇ ਕਸਰਤਾਂ ਤੇ ਦੰਗਲ ਅਤੇ ਗੁਰੂ ਗੋਬਿੰਦ ਸਿੰਘ ਨੇ ਹੋਲੇ ਮਹੱਲੇ ਦੀਆਂ ਮਾਰਸ਼ਲ ਖੇਡਾਂ ਦੇ ਲੜ ਲਾਇਆ ਸੀ ਤਾਂ ਕਿ ਸਿੱਖਾਂ ਦੇ ਜੁੱਸੇ ਤਕੜੇ ਤੇ ਫਿੱਟ ਰਹਿਣ।

ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਪ੍ਰਸਤੀ ਵਿਚ ਖੇਡ ਤੇ ਸਿਹਤ ਸਭਿਆਚਾਰ ਸਿਰਜ ਲੈਣ ਤਾਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲੋਂ ਮੋੜਿਆ ਜਾ ਸਕਦੈ। ਪੰਜਾਬ ਵਿਚ ਗੁਰੂ ਘਰਾਂ ਤੋਂ ਮੰਦਿਰਾਂ ਅਤੇ ਮੰਦਿਰਾਂ ਤੋਂ ਗੁਰੂ ਘਰਾਂ ਤਕ ਮੈਰਾਥਨ ਦੌੜਾਂ ਤੇ ਤੋਰਾਂ ਜਿਥੇ ਜੁੱਸੇ ਫਿੱਟ ਰੱਖਣ ਵਿਚ ਯੋਗਦਾਨ ਪਾ ਸਕਦੀਆਂ ਹਨ, ਉਥੇ ਧਾਰਮਿਕ ਸਦਭਾਵਨਾਵਾਂ ਵੀ ਵਧਾ ਸਕਦੀਆਂ ਹਨ।



ਸ਼ੌਰਟ ਕੱਟ
ਵਾਇਆ
ਲੌਂਗ ਰੂਟ
17

ਅਮਰੀਕ ਸਿੰਘ ਬਲ
ਫੋਨ: 34602835897

# ਜਿਊਂਦੀ ਜਾਗਦੀ ਕਬਰਗਾਹ

**ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 17ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ**

## ਤੁਸੀਂ ਪੜ੍ਹ ਚੁਕੇ ਹੋ...

*ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਦੇ ਹੁਕਮ ਨਾਲ ਲੱਗਦਾ ਹੈ। ਹਵਾਈ ਸਫਰ ਪਿਛੋਂ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਾ, ਕੁਝ ਅਣਹੋਣੀ ਹੋਣ ਵਾਲੀ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ 'ਚ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...*

ਸਵੇਰੇ ਸਾਡੀਆਂ ਚੌਕਸ ਨਜ਼ਰਾਂ ਨੇ ਮਕਾਨ ਦਾ ਜਾਇਜ਼ਾ ਲਿਆ। ਸਾਡੇ ਅਤੇ ਡੌਂਕਰਾਂ ਵਾਲੇ ਕਮਰਿਆਂ ਦੇ ਸਾਹਮਣੇ ਨੀਵੀਆਂ-ਪੁਰਾਣੀਆਂ ਕੰਧਾਂ ਉਤੇ ਟੀਨ ਦੀਆਂ ਚਾਦਰਾਂ ਸੁੱਟ ਕੇ ਦੋ ਕਮਰੇ ਹੋਰ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਵਿਚਕਾਰੋਂ ਡੇਢ ਉਲਾਂਘ ਦਾ ਗਲਿਆਰਾ ਬਾਹਰਲੇ ਦਰਵਾਜ਼ੇ ਤਕ ਜਾਂਦਾ ਸੀ। ਕੁਲ ਮਿਲਾ ਕੇ ਬੇਹੱਦ ਖਸਤਾ ਹਾਲ ਮਕਾਨ ਸੀ।

ਮਕਾਨ ਪਿਛਲੇ ਘਰ ਵਿਚੋਂ ਮਰਦਾਨਾ-ਜ਼ਨਾਨਾ ਤੇ ਬੱਚਿਆਂ ਦੀਆਂ ਰਲੀਆਂ-ਮਿਲੀਆਂ ਆਵਾਜ਼ਾਂ ਆਉਂਦੀਆਂ ਸਨ। ਸਾਨੂੰ ਉਚੀ ਨਾ ਬੋਲਣ ਦੀ ਸਖਤ ਚਿਤਾਵਨੀ ਗਾਹੇ-ਬਗਾਹੇ ਮਿਲਦੀ ਰਹਿੰਦੀ। ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਸੀ। ਸਿਰਫ ਕੁਦਰਤੀ ਤੌਰ 'ਤੇ ਹਾਵੀ ਹੁੰਦੇ ਆਖਰੀ ਨਾਜ਼ੁਕ ਪਲਾਂ 'ਚ ਹੀ ਸਾਹਮਣੇ ਛੱਪਰ ਵਾਲੇ ਟੁੱਟੇ-ਫੁੱਟੇ ਕਮਰੇ ਵਿਚ ਪਖਾਨੇ ਲਈ ਜਾਣ ਦੀ ਹਦਾਇਤ ਸੀ, ਨਾਲ ਖਾਲੀ ਲਿਫਾਫੇ ਲੈ ਕੇ। ਪਿਸ਼ਾਬ ਲਈ ਸਾਡੇ ਕਮਰੇ ਦੇ ਇਕ ਖੂੰਜੇ ਬਾਲਟੀ ਰੱਖ ਦਿੱਤੀ ਗਈ ਸੀ। ਬਦਤਰ ਹਾਲਾਤ ਬਹੁਤਾ ਨਹੀਂ ਸਨ ਬਦਲਦੇ। ਮਹਿਜ਼ ਜਗ੍ਹਾ ਬਦਲ ਜਾਂਦੀ ਸੀ, ਡੌਂਕਰ ਬਦਲ ਜਾਂਦੇ ਸਨ।

ਹੁਣ ਇਹ ਪਹਾੜ ਜਿੱਡਾ ਹੌਸਲਾ ਸੀ ਕਿ ਕਿਤੇ ਸਿਬਤਾ ਨੇੜੇ ਹੀ ਬੈਠੇ ਸਾਂ। ਅੱਗੇ-ਪਿੱਛੇ, ਦੇਰ-ਸਵੇਰ ਇਥੋਂ ਤੇ ਮੋਰੱਕੋ ਵਿਚੋਂ ਮੁਕਤੀ ਮਿਲ ਜਾਣੀ ਸੀ। ਸਵੇਰੇ ਬੰਟੀ ਅਰਬੀ ਦੀ ਸਿਬਤਾ ਐਂਟਰੀ ਦੀ ਖੁਸ਼ਖਬਰੀ ਨੇ ਸਭ ਨੂੰ ਵਾਧੂ ਤਸੱਲੀ ਪਹੁੰਚਾਈ। ਭੀਖ ਵਿਚ ਮਿਲੇ 20 ਦਰ੍ਹਮਾਂ ਦੇ ਸਿਰ 'ਤੇ ਉਹ ਇਥੋਂ ਨਿਕਲ ਗਿਆ ਸੀ। ਮੈਂ ਹੁੰਦਾ ਤਾਂ ਸ਼ਾਇਦ ਮੈਂ ਵੀ ਇੰਜ ਹੀ ਕਰਦਾ, ਪਰ ਉਸ ਦੀ ਹਾਜ਼ਰ ਦਿਮਾਗੀ ਨੇ ਸਭ ਨੂੰ ਪਿੱਛੇ ਛੱਡ ਦਿੱਤਾ ਸੀ।

ਇੰਗਲਿਸ਼ ਬੋਲਦਾ ਮੁਹੰਮਦ ਇੱਕ ਵਾਰ ਵਿਚ ਆਪਣੇ ਘਰ 4 ਮੁੰਡੇ ਰੱਖਦਾ ਸੀ, ਪਰ ਅਸੀਂ 11 ਸਾਂ; ਸੋ, ਉਸ ਨੂੰ ਇਥੇ ਇੰਤਜ਼ਾਮ ਕਰਨਾ ਪਿਆ ਸੀ। ਬਿੱਲਾ ਤੇ ਛੋਟਾ ਡੌਂਕਰ (ਮਕਾਨ ਮਾਲਕ) ਸਾਡੀ ਦੇਖ-ਰੇਖ ਲਈ ਨਾਲ ਦੇ ਕਮਰੇ ਅੰਦਰ ਹੀ ਰਹਿੰਦੇ। ਡੌਂਕਰ ਆਏ ਤੇ ਸਾਡੇ ਸਾਹਮਣੇ ਐਧੇ-ਅੱਧੇ ਬਰੈਡ ਅਤੇ ਥੋੜ੍ਹਾ ਜਿਹਾ ਮੱਖਣ, ਕਿਸੇ ਬੇਸ਼ਕੀਮਤੀ ਵਸਤੂ ਵਾਂਗ ਟਿਕਾ ਕੇ ਨਿਕਲ ਗਏ। ਦੂਜੇ ਦਿਨ ਖਾਣ ਲਈ ਕੁਝ ਨਾ ਮਿਲਿਆ। ਰਾਤੀਂ ਜਾ ਕੇ ਸੁੱਕੇ ਬਰੈਡ ਨਸੀਬ ਹੋਏ। 24 ਘੰਟੇ ਵਿਚ ਇੱਕ ਵਾਰ, ਬਹੁਤ ਥੋੜ੍ਹੇ ਖਾਣੇ ਅਤੇ ਮਿਣਤੀ ਦੇ ਪਾਣੀ ਨਾਲ ਤਿੰਨ ਦਿਨ ਬੜੇ ਔਖੇ ਕੱਟੇ। ਸੁੱਕੇ ਬਰੈਡ 30 ਤੋਂ 36 ਘੰਟੇ ਪਿਛੋਂ ਮਿਲਣ ਲੱਗੇ, ਪਾਣੀ ਕਦੀ ਲਿਆਉਂਦੇ, ਕਦੀ ਨਾ। ਕਿਹਾ ਜਾਂਦਾ, ਦਰ੍ਹਮ ਦਿਉ, ਖਾਣਾ ਲਿਆ ਦੇਵਾਂਗੇ।

ਹਫਤੇ ਕੁ ਬਾਅਦ, ਤੜਕੇ 4 ਵਜੇ ਡੌਂਕਰਾਂ ਨੇ ਨੀਂਦ ਭੰਗ ਕੀਤੀ। ਖਾਨ ਦਾ ਫੋਨ ਸੀ, ਸਭ ਦੀ ਪੁੱਛ-ਪੜਤਾਲ ਕੀਤੀ ਕਿ ਕੌਣ-ਕੌਣ, ਕਿਹੜੇ-ਕਿਹੜੇ ਏਜੰਟ ਦਾ ਬੰਦਾ ਸੀ। ਛਿਆਸੀ ਨੇ ਵਕਤ ਦੀ ਨਜ਼ਾਕਤ ਨੂੰ ਫੁਰਤੀ ਨਾਲ ਭਾਂਪਦਿਆਂ ਫੋਨ ਝਪਟਿਆ ਤੇ ਖਾਨ ਨੂੰ ਯਾਦ ਦਿਵਾਇਆ ਕਿ ਉਸ ਅਤੇ ਸਤਾਸੀ ਨੇ 1400 ਯੂਰੋ ਸ਼ੁਕਰਾਨੇ ਵਜੋਂ ਵਾਧੂ ਦਿੱਤੇ ਹਨ, ਪਹਿਲਾਂ ਸਾਨੂੰ ਭੇਜੋ। ਇੱਕ ਬੰਦਾ ਜਾਣਾ ਸੀ। ਸਤਾਸੀ ਕਾਫੀ ਬਿਮਾਰ ਸੀ, ਦੋਹਾਂ ਵਿਚੋਂ ਉਸ ਦਾ ਪਹਿਲਾਂ ਜਾਣਾ ਬਣਦਾ ਸੀ, ਪਰ ਛਿਆਸੀ ਨੇ ਖੁਦ ਨੂੰ ਭੇਜਣ ਦਾ ਦਬਾਅ ਪਾਇਆ ਤੇ ਨਾਲ ਹੀ ਸਤਾਸੀ ਨੂੰ ਭੇਜਣ ਦੀ ਤਾਕੀਦ ਕੀਤੀ। ਕੁਝ ਪਲਾਂ ਪਿੱਛੋਂ ਡੌਂਕਰ ਛਿਆਸੀ ਨੂੰ ਨਾਲ ਲੈ ਕੇ ਬਾਹਰ ਨਿਕਲ ਗਿਆ। ਪਿੱਛੇ ਸਤਾਸੀ ਬਿਮਾਰ ਚਿਹਰੇ ਉਤੇ ਬੇਚਾਰਗੀ ਤੇ ਸ਼ਿਕਾਇਤ ਭਰੇ ਭਾਵ ਲਈ ਜਾਂਦੇ ਛਿਆਸੀ ਦੀ ਪਿੱਠ ਦੇਖਦਾ ਰਹਿ ਗਿਆ।

ਦੁਪਹਿਰ ਨੂੰ ਇਸ ਖੁਸ਼ਖਬਰੀ ਨੇ ਕਮਰੇ ਦੇ ਬੋਝਲ ਮਾਹੌਲ ਨੂੰ ਕੁਝ ਪਲਾਂ ਲਈ ਖੁਸ਼ਗਵਾਰ ਬਣਾਇਆ ਕਿ ਛਿਆਸੀ ਸਿਬਤਾ ਐਂਟਰ ਹੋ ਗਿਆ ਸੀ। ਧੀਰਜ ਬੱਝਾ, ਚਲੋ ਸ਼ੁਰੂਆਤ ਤਾਂ ਹੋਈ। ਇੱਕ ਜਾਊ ਤਾਂ ਦੂਜੇ ਦਾ ਨੰਬਰ ਆਊ। ਉਸ ਦਿਨ ਸਾਨੂੰ ਬਰੈਡ, ਮੱਖਣ, ਜੈਮ ਤੇ ਚੌਲ ਵੀ ਮਿਲੇ। ਪਾਣੀ ਦੀਆਂ ਕੈਨੀਆਂ ਵੀ ਵਧ ਗਈਆਂ; ਯਾਨਿ ਖੁਸ਼ਖਬਰੀ ਇਕੱਲੀ ਤੇ ਸੁੱਕੀ ਨਹੀਂ ਸੀ ਆਈ।

ਇਨ੍ਹਾਂ ਦਿਨਾਂ ਵਿਚ ਚੜ੍ਹਦੇ-ਲਹਿੰਦੇ ਬੁਖਾਰ ਨੇ ਫਿਰ ਇੱਕੋ ਵਾਰ ਮੇਰੇ 'ਤੇ ਪੂਰੀ ਤਾਕਤ ਨਾਲ ਹੱਲਾ ਬੋਲ ਦਿੱਤਾ। ਮੋਰੱਕੋ ਦਾ ਬੁਖ਼ਾਰ ਵੀ ਅਜੀਬ ਸੀ, ਸਭ ਤੋਂ ਵੱਧ ਅਸਰ ਲੱਤਾਂ 'ਤੇ ਕਰਦਾ। ਦਰਦ ਬਰਦਾਸ਼ਤ ਨਾ ਹੁੰਦਾ। ਅੱਖਾਂ ਸੇਕ ਨਾਲ ਸੜਦੀਆਂ। ਪਿਸ਼ਾਬ ਨਾਲ ਭਰੀ ਬਾਲਟੀ ਦੀ ਬਦਬੋ ਅਤੇ ਕੀਟਾਣੂ ਸਾਹਾਂ ਜ਼ਰੀਏ ਸਾਨੂੰ ਆਪਣੇ ਅੰਦਰ ਜਾਂਦੇ ਜਾਪਦੇ। ਦਿਨੇ ਗਰਮੀ ਲੱਗਦੀ, ਰਾਤ ਨੂੰ ਠੰਢ। 10-12 ਦਿਨਾਂ ਦੇ ਖਾਣੇ-ਪਾਣੀ ਦੀ ਥੁੜ੍ਹ ਅਤੇ ਬਿਮਾਰੀ ਨੇ ਅੰਦਰੋਂ ਜਿਵੇਂ ਜਾਨ ਕੱਢਣੀ ਸ਼ੁਰੂ ਕਰ ਦਿੱਤੀ ਸੀ।

ਸਤਾਸੀ ਨੂੰ ਤੇਜ਼ ਬੁਖਾਰ ਨਾਲ ਖੰਘ ਵੀ ਕਾਫੀ ਸੀ। ਉਸ ਵਿਚਾਰੇ ਦੀ ਬੁਰੀ ਗਤ ਨਾਲ ਹਮਦਰਦੀ ਜਤਾਉਂਦੇ ਸਭ ਗੱਲਾਂ ਕਰਦੇ ਕਿ ਛਿਆਸੀ ਨੇ ਵਾਕਈ ਆਪਣੇ ਚਚੇਰੇ ਭਰਾ ਸਤਾਸੀ ਨਾਲ ਮਾੜੀ ਕੀਤੀ ਸੀ; ਹਾਲਾਂਕਿ 1400 ਯੂਰੋ ਵੀ ਸਤਾਸੀ ਦੇ ਬਾਪ ਨੇ ਜਰਮਨ ਤੋਂ ਭਰੇ ਸਨ। ਇਥੇ ਕੋਈ ਭਰਾ-ਦੋਸਤ ਨਹੀਂ ਸੀ, ਬਸ ਆਪੋ-ਧਾਪ ਪਈ ਹੋਈ ਸੀ।

ਕਮਰੇ ਦੀ ਖਿੜਕੀ ਦੇ ਬਾਹਰ ਨਿਵਾਣ ਵੱਲ, ਉਹਲੇ ਜਿਹੇ ਸ਼ਾਇਦ ਤੰਦੂਰ ਸੀ, ਜਿਥੇ ਜ਼ਨਾਨੀਆਂ ਖੌਬਸ ਪਕਾਉਂਦੀਆਂ। ਪੱਕਦੇ ਆਟੇ ਦੀ ਮਹਿਕ ਭੁੱਖ ਹੋਰ ਭੜਕਾ ਦਿੰਦੀ। ਸਾਰੇ ਜਣੇ ਵਾਰੀ-ਵਾਰੀ ਥੋੜ੍ਹੀ ਜਿਹੀ ਖਿੜਕੀ ਖੋਲ੍ਹ ਕੇ ਖੜ ਜਾਂਦੇ, ਸ਼ਾਇਦ ਤਾਜ਼ਾ ਹਵਾ ਲੈਣ ਵਾਸਤੇ, ਸ਼ਾਇਦ ਪਾਗਲ ਹੁੰਦੇ ਜਾਂਦੇ ਦਿਮਾਗ ਨੂੰ ਸਕੂਨ ਦੇਣ ਲਈ!

ਦੂਜੇ ਹਫਤੇ ਦੇ ਅਖੀਰ ਵਿਚ ਉਮੀਦ ਸੀ ਕੋਈ ਜਾਏਗਾ। ਇੱਕ ਰਾਤ ਦੇ ਦੂਜੇ ਪਹਿਰ ਬੂਹਾ ਖੁੱਲ੍ਹਿਆ। ਝਟਕੇ ਨਾਲ ਸਾਰੇ ਉਠ ਬੈਠੇ, ਫੁਰਤੀ ਨਾਲ ਮੋਮਬੱਤੀ ਜਗਾਈ। ਸਾਡੇ ਆਸਵੰਦ ਨੇਤਰਾਂ ਦੀ ਚਮਕ ਉਸੇ ਪਲ ਬੁਝ ਗਈ ਜਦੋਂ ਚਾਰ ਸਾਏ ਕਮਰੇ ਦੀ ਦਹਿਲੀਜ਼ ਟੱਪ ਕੇ ਅੰਦਰ ਆ ਬੈਠੇ।

ਦਿਲ ਨੂੰ ਡੋਬੂ ਪੈਣ ਲੱਗੇ, ਇਹ ਕੀ ਹੋਇਆ! ਕਿਥੇ ਸੋਚਦੇ ਸਾਂ, ਇੱਕ-ਅੱਧ ਜਣਾ ਜਾਵੇਗਾ, ਤੇ ਕਿਥੇ ਚਾਰ ਜਣੇ ਹੋਰ ਆ ਗਏ। ਕਮਰੇ ਵਿਚ ਭੀੜ ਮਹਿਸੂਸ ਹੋਣ ਲੱਗ ਪਈ। ਦਮ ਘੁਟਦਾ ਜਾਂਦਾ ਲੱਗਾ। ਇੰਜ ਤਾਂ ਨੰਬਰ ਪਿੱਛੇ ਹੁੰਦਾ ਜਾਣਾ ਸੀ, ਖਾਣਾ-ਪਾਣੀ ਘਟਦਾ ਜਾਣਾ ਸੀ! ਫਿਰ ਮਨ 'ਚ ਹੂਕ ਉਠੀ, 'ਉਹ ਵੀ ਸਾਡੇ ਵਾਂਗ ਧੱਕੇ ਖਾਂਦੇ ਭਟਕ ਰਹੇ ਸਨ।' ਪਰ ਕੀਚਰ-ਕੀਚਰ ਹੋਏ ਦਿਲਾਂ ਤੋਂ ਹੋਰਾਂ ਲਈ ਕੁਰਬਾਨੀ ਦੀ ਉਮੀਦ ਕਿਥੋਂ ਕੁ ਤੀਕ ਕੀਤੀ ਜਾ ਸਕਦੀ ਸੀ? ਇਥੇ ਤਾਂ ਹਰ ਪਾਸੇ ਹਾਹਾਕਾਰ ਸੀ, ਕਦੋਂ ਨਰਕ ਤੋਂ ਖਲਾਸੀ ਹੋਊ।

ਚਾਰ ਨਵੇਂ ਸਾਥੀ ਸਨ-ਜੀਤਾ, ਸੋਨੂੰ, ਮਾਮਾ ਸਤਨਾਮ, ਬਲਜੀਤ। ਬਲਜੀਤ ਸਾਡੇ ਗਰੁਪ ਦਾ ਹੀ ਸੀ; ਉਹੀ ਮੋਹਕਮ ਦਾ ਸਾਥੀ, ਜਿਸ ਦੇ ਕੇਸ 'ਸਹਾਰਾ' ਵਿਚ ਕੱਟੇ ਸਨ। ਬਾਕੀ ਤਿੰਨੇ ਸਾਥੋਂ ਪਹਿਲਾਂ ਤੁਰੇ 'ਜੀਤੇ ਵਾਲੇ ਗਰੁਪ' ਦਾ ਹਿੱਸਾ ਸਨ। ਬੁੱਧੂ ਤੇ ਜੀਤਾ ਇੱਕੋ ਪਿੰਡ ਦੇ ਸਨ।

ਜੀਤੇ ਵਾਲਾ ਟੋਲਾ ਮੋਰੱਕੋ ਦੇ ਏਜੰਟ ਸ਼ਮਸ ਕੋਲ ਸੀ ਜੋ ਸਿਰਫ ਪਾਣੀ ਦੀ ਡੌਂਕੀ ਲਵਾਉਂਦਾ ਸੀ, ਪਰ ਕਿਸੇ ਕਾਰਨ ਡੌਂਕੀ ਨਾ ਲੱਗੀ। ਕੁਝ ਮੁੰਡੇ ਹੋਰ ਪਾਸੇ ਤੇ ਕੁਝ ਹੋਰ ਪਾਸੇ ਭੇਜ ਦਿੱਤੇ, ਬਹੁਤ ਸਾਰੇ ਖੁਦ ਹੀ ਇਧਰ-ਉਧਰ ਹੋਰ ਡੌਂਕਰਾਂ ਕੋਲ ਪਹੁੰਚ ਗਏ। ਇਹ ਚਾਰੇ ਖਾਨ ਨੇ ਸਿਬਤਾ ਨੇੜੇ ਸ਼ਹਿਰ ਕਸਤਿਕੋ ਵਿਚ ਕਿਸੇ ਹੋਰ ਡੌਂਕਰ ਕੋਲੋਂ ਚੋਰੀ ਕਢਵਾ ਕੇ ਮੁਹੰਮਦ ਦੇ ਇਸ ਟਿਕਾਣੇ ਪਹੁੰਚਾ ਦਿੱਤੇ ਸਨ। ਰਸਮੀ ਜਾਣ-ਪਛਾਣ ਹੋਈ। ਕਾਫੀ ਦੇਰ ਹਾਲਾਤ ਦਾ ਮੁਲੰਕਣ ਕਰਦੇ ਰਹੇ। ਅਸੀਂ ਤਾਂ ਕੱਲ੍ਹ ਦੇ ਹੀ ਭੁੱਖੇ ਬੈਠੇ ਸਾਂ, ਉਨ੍ਹਾਂ ਨਾਲ ਲਿਆਂਦੇ ਬਰੈਡ ਤੇ ਟਮਾਟਰ ਵੰਡ ਕੇ ਖਾਧੇ। ਜਲੰਧਰ ਵਾਸੀ ਸੋਨੂੰ ਦੀ ਕਰਤਾਰਪੁਰ ਵਿਚ ਹੀ ਆਟੋ-ਰਿਪੇਅਰਿੰਗ ਦੀ ਦੁਕਾਨ ਸੀ।

ਗੱਲਾਂ ਹੋਰ ਖੁੱਲ੍ਹੀਆਂ ਤਾਂ ਪਤਾ ਲੱਗਾ ਕਿ ਜੀਤਾ ਪਹਿਲਾਂ ਮਾਸਕੋ ਦੀ ਡੌਂਕੀ ਵਿਚ ਅਸਫਲ ਹੋ ਕੇ ਮੁੜਿਆ ਸੀ। ਉਧਰ ਉਸ ਨੇ ਕਾਫੀ ਜੇਲ੍ਹਾਂ ਕੱਟੀਆਂ ਸਨ, ਨਾਲ ਦੇ ਕਈ ਸਾਥੀ ਅਜੇ ਵੀ ਭੁਗਤ ਰਹੇ ਸਨ। ਉਸ ਡੌਂਕੀ ਵਿਚ ਕਈ ਮੁੰਡੇ ਅਪਾਹਜ ਹੋ ਗਏ ਤੇ ਇੱਕ-ਦੋ ਤਾਂ ਉਸ ਨੇ ਅੱਖੀਂ ਮਰਦੇ ਦੇਖੇ ਸਨ। ਕੁਝ ਸਾਲ ਪਹਿਲਾਂ ਮਾਸਕੋ ਵੱਲ ਦੀ ਡੌਂਕੀ ਵਿਚ ਹੀ ਉਸ ਦੇ ਭਰਾ ਦੀ ਡੌਂਕਰਾਂ ਦੀ ਬੇਰਹਿਮੀ ਕਾਰਨ ਮੌਤ ਹੋ ਗਈ ਸੀ। ਜਿਸ ਦਿਨ ਘਰ ਖਬਰ ਪਹੁੰਚੀ, ਉਸ ਦਾ ਪਿਉ ਵੀ ਹਾਦਸੇ 'ਚ ਗੁਜ਼ਰ ਗਿਆ। ਖੁਦ ਜੀਤਾ ਸ਼ਰੀਕਾਂ ਨਾਲ ਜਾਇਦਾਦ ਦੀ ਝੜਪ 'ਚ ਇੱਕ ਬੰਦਾ ਵੱਟਤ ਕਰ ਕੇ ਮਾਸਕੋ ਵੱਲ ਦੌੜ ਗਿਆ। ਹੁਣ ਪੰਜਾਬ ਤੋਂ ਬਾਹਰੋ-ਬਾਹਰ ਹੀ ਮਾਲੀ ਵੱਲ ਪਹੁੰਚ ਗਿਆ ਸੀ। ਵਿਚਾਰੀ ਬਜ਼ੁਰਗ ਮਾਂ ਰਿਸ਼ਤੇਦਾਰਾਂ ਦੇ ਰਹਿਮ 'ਤੇ ਦਿਨ ਕਟੀ ਕਰਦੀ ਹੈ। ਸਭ ਦੀ ਕਹਾਣੀ ਦੁੱਖਾਂ ਭਰੀ ਸੀ। ਜਿਸ ਨੂੰ ਦੇਖਦੇ, ਦਰਦ ਨਾਲ ਭਰਿਆ ਪਿਆ ਸੀ।



ਇਸੇ ਦੌਰਾਨ ਪਤਾ ਲੱਗਾ ਕਿ ਮਾਮਾ ਸਤਨਾਮ ਜੀਤੇ ਦਾ ਚਮਚਾ ਸੀ। ਮਾਲੀ ਵਿਚ ਮੁੰਡੇ ਜੀਤੇ ਦੀ ਤਾਨਾਸ਼ਾਹੀ ਅਧੀਨ ਸਨ। ਜੀਤੇ, ਮਾਮੇ ਵਾਲੀ ਲੁੱਚ-ਮੰਡਲੀ ਕਿਸੇ ਨਾ ਕਿਸੇ ਹੀਲੇ ਬਾਕੀ ਮੁੰਡਿਆਂ ਤੋਂ ਗਾਹੇ-ਬਗਾਹੇ ਪੈਸੇ ਹਥਿਆ ਕੇ ਸ਼ਰਾਬਾਂ ਪੀਂਦੀ, ਮੁਰਗੇ ਉਡਾਉਂਦੀ। ਜੀਤੇ ਵਾਲੇ ਗਰੁਪ ਵਿਚਾਲੇ ਰਸਤੇ ਵਿਚ ਵੀ ਕਾਫੀ ਲੜਾਈਆਂ ਹੋਈਆਂ ਸਨ। ਜੀਤਾ ਇੰਡੀਆ ਵਾਲੀਆਂ ਲੜਾਈਆਂ ਦਾ ਵਰਣਨ ਹੁੱਬ ਹੁੱਬ ਕੇ ਕਰਦਾ! ਸ਼ਾਇਦ ਉਹ ਰੋਹਬ ਜਮਾਉਣਾ ਚਾਹੁੰਦਾ ਸੀ।

ਮਾਮਾ ਚੰਗੇ ਰਸੂਖ ਵਾਲਾ ਜ਼ਿਮੀਂਦਾਰ, ਪਿੰਡ ਦਾ ਮੋਹਤਬਰ, ਢਹਿੰਦੀ ਉਮਰੇ, ਮੂੰਹ-ਸਿਰ ਰਗੜਾ ਕੇ ਇਥੇ ਦਰ-ਦਰ ਦੇ ਧੱਕੇ ਖਾ ਰਿਹਾ ਸੀ। ਜੀਤਾ ਗੱਲ-ਗੱਲ 'ਤੇ ਉਸ ਨੂੰ ਬੇਇੱਜ਼ਤ ਕਰਦਾ, ਗਾਲ੍ਹਾਂ ਕੱਢਦਾ, ਉਹ ਅਗਿਓਂ ਨੀਵੀਂ ਪਾਈ ਚੁੱਪ ਬੈਠਾ ਰਹਿੰਦਾ। ਫਿਰ ਘੜੀ ਕੁ ਨੂੰ ਜੀਤੇ ਦੀਆਂ ਕੱਛਾਂ 'ਚ ਵੜਿਆ ਹੁੰਦਾ। ਖੈਰ! ਅਸੀਂ ਪਹਿਲਾਂ 11 ਤੋਂ 9 ਹੋਏ, ਫਿਰ 13 ਹੋ ਗਏ ਸਾਂ। ਡਰ ਸੀ, ਗਿਣਤੀ ਹੋਰ ਨਾ ਵਧਦੀ ਜਾਵੇ।

ਤਿੰਨ ਕੁ ਦਿਨਾਂ ਪਿੱਛੋਂ ਇੱਕ ਰਾਤ ਡੌਂਕਰਾਂ ਦਾ ਫੋਨ ਗਰਜਿਆ। ਖਾਨ ਨੇ ਫੋਨ 'ਤੇ ਟੀਟੂ ਦੇ ਬੰਦਿਆਂ ਦੇ ਨਾਂ ਅਤੇ ਕੱਦ-ਕਾਠ ਪੁੱਛੇ। ਬੁੱਧੂ ਵਿਚਾਰਾ ਤਾਂ ਸਵਾ ਛੇ ਫੁੱਟਾ ਹੋਣ ਕਰ ਕੇ ਕਾਰ ਦੇ ਅੱਗੇ ਜਾਂ ਪਿੱਛੇ ਬਣਾਏ ਗੁਪਤ ਖਾਨੇ ਵਿਚ ਸਮਾ ਨਾ ਸਕਣ ਕਰ ਕੇ ਪਹਿਲਾਂ ਹੀ 'ਅਯੋਗ' ਸੀ। ਕਦੀ ਕਦੀ ਕੈਸਾ ਮੁਕਾਮ ਆ ਜਾਂਦਾ ਹੈ, ਜੋ ਚੀਜ਼ ਸਭ ਤੋਂ ਅਹਿਮ ਲੱਗਦੀ ਹੈ, ਉਹੀ ਸੰਕਟ ਦਾ ਕਾਰਨ ਬਣ ਜਾਂਦੀ ਹੈ।

ਜੀਤੇ ਨੇ ਖਾਨ ਨੂੰ ਆਪਣਾ ਕੱਦ-ਕਾਠ ਜਿੰਨਾ ਹੋ ਸਕਿਆ, ਘੱਟ ਦੱਸਿਆ। ਨੀਲੇ ਨੇ ਫੋਨ ਫੜਿਆ, ਉਸ ਨੇ ਖੁਦ ਨੂੰ ਉਸ ਤੋਂ ਵੀ ਛੋਟਾ ਤੇ ਪਤਲਾ ਦੱਸਿਆ। ਆਖਰ ਫੈਸਲਾ ਬਿੱਲੇ ਦੀ ਪਾਰਖੂ ਨਿਗ੍ਹਾ 'ਤੇ ਛੱਡ ਦਿੱਤਾ ਗਿਆ। ਨੀਲਾ ਤੇ ਜੀਤਾ ਆਪਣੇ-ਆਪ 'ਚ ਹੋਰ ਵੱਧ ਸੁੰਗੜ ਗਏ, ਤਾਂ ਕਿ ਇੱਕ ਦੂਜੇ ਤੋਂ ਛੋਟੇ ਲੱਗਣ। ਬਿੱਲੇ ਨੇ ਦੋ ਕੁ ਪਲ ਵੇਖਿਆ ਤੇ ਫਿਰ ਨੀਲੇ ਨੂੰ ਬਾਹੋਂ ਫੜ ਕੇ ਕਮਰੇ 'ਚੋਂ ਬਾਹਰ ਨਿਕਲ ਗਿਆ।

ਅਗਲੇ ਦਿਨ ਨੀਲੇ ਦੀ ਸਿਬਤਾ ਐਂਟਰੀ ਦੇ ਸ਼ੁਭ ਸਮਾਚਾਰ ਨਾਲ ਬਰੈਡ-ਮੱਖਣ ਤੇ ਪਾਣੀ ਵੀ ਆ ਗਿਆ। ਤੀਜੀ ਰਾਤ ਦਰਵਾਜ਼ਾ ਫਿਰ ਖੁੱਲ੍ਹਿਆ; ਫਿਰ ਚਾਰ ਸਾਏ ਇੱਕ ਨੁੱਕਰੇ ਜਾ ਬੈਠੇ। ਸਾਰੇ ਰੋਣ-ਹਾਕੇ ਹੋਏ ਇੱਕ-ਦੂਜੇ ਦਾ ਮੂੰਹ ਦੇਖਣ ਲੱਗੇ। ਗੁੱਸਾ ਉਠਿਆ, ਤੇ ਅੰਦਰੇ ਖਿਲਰ ਗਿਆ। ਕਿਸ ਦਾ ਗੁੱਸਾ ਕਰੀਏ ਤੇ ਕਿਸ 'ਤੇ ਕੱਢੀਏ?

ਨਵੇਂ ਚੌਹਾਂ ਵਿਚ ਇੱਕ ਸਾਡੇ ਗਰੁੱਪ ਵਾਲਾ ਕੁਲਵੰਤ ਸੀ, ਜੋ ਡੌਂਕੀ ਨਾ ਲੱਗਣ ਕਰਕੇ ਉਜਾੜਾ ਦਾ ਫੇਰਾ ਲਾ ਕੇ ਮੁੜਿਆ ਸੀ। ਦਵਿੰਦਰ ਸੀ। ਤੀਜਾ ਇੱਕ ਹੋਰ ਮਾਮਾ ਸੀ ਸੱਤਪਾਲ ਅਤੇ ਚੌਥਾ ਪਾਕਿਸਤਾਨੀ 'ਫੌਜੀ'। 12 ਤੋਂ 16 ਹੋ ਗਏ ਸਨ। ਛੋਟਾ ਜਿਹਾ ਕਮਰਾ ਨੱਕੋ-ਨੱਕ ਭਰ ਗਿਆ ਸੀ।

ਖਾਨ ਨੇ ਸਾਰੇ ਮੋਰੱਕੋ ਵਿਚ ਥਾਂ-ਥਾਂ ਡੌਂਕਰਾਂ ਕੋਲ ਮੁੰਡੇ ਬਿਠਾ ਦਿੱਤੇ ਸਨ। ਰੋਟੀ ਲਈ ਥੋੜ੍ਹੇ-ਬਹੁਤ ਦਰ੍ਹਮ ਭੇਜ ਛੱਡਦਾ ਜਿਨ੍ਹਾਂ ਵਿਚੋਂ ਬਹੁਤੇ ਡੌਂਕਰ ਹੜੱਪ ਜਾਂਦੇ। ਬਾਰਡਰ 'ਤੇ ਸਖਤੀ ਸੀ। ਸਬੱਬੀਂ ਕੋਈ ਵਿਰਲੀ-ਵਿਰਲੀ ਡੌਂਕੀ ਲੱਗ ਜਾਂਦੀ। ਪਾਣੀ ਵਾਲੀ ਡੌਂਕੀ ਸ਼ਾਇਦ ਇਸ ਕਾਰਨ ਰੋਕ ਲਈ ਗਈ ਸੀ ਕਿ ਇੰਡੀਆ ਵਿਚ ਏਜੰਟਾਂ ਖਿਲਾਫ ਪਹਿਲਾਂ ਹੀ ਸਮੁੰਦਰੀ ਡੌਂਕੀ ਦੌਰਾਨ ਡੁੱਬੇ 37 ਮੁੰਡਿਆਂ ਵਾਲੇ ਕੇਸ ਫੰਧੇ ਬਣ ਰਹੇ ਸਨ।

ਸਿਬਤਾ, ਮਲੀਲੀਆ ਦੀਆਂ ਸਰਹੱਦਾਂ ਉਤੇ ਵਾਧੂ ਸੁਰੱਖਿਆ ਸੀ। ਸਖਤੀ ਇੰਗਲੈਂਡ ਵਿਚ ਬੰਬ ਧਮਾਕਿਆਂ ਕਰਕੇ ਹੋਈ ਸੀ। ਬੰਬ ਕਿਤੇ ਫਟੇ, ਮਰ ਅਸੀਂ ਰਹੇ ਸਾਂ!

ਜੀਤਾ, ਦਵਿੰਦਰ, ਕੁਲਵੰਤ, ਫੌਜੀ ਦਾ ਵੱਖਰਾ ਗੈਂਗ ਬਣ ਗਿਆ ਸੀ। ਪੈਸੇ ਸ਼ਾਇਦ ਦਵਿੰਦਰ ਕੋਲ ਸਨ, ਜਿਸ ਦਾ ਉਹ ਡੌਂਕਰਾਂ ਕੋਲੋਂ ਖਾਣਾ ਮੰਗਵਾ ਲੈਂਦੇ। ਇੱਕ-ਅੱਧ ਵਾਰੀ ਸਾਨੂੰ ਵੀ ਕੁਝ ਟੁੱਕੜੇ ਵੰਡੇ, ਚਾਹ ਪਿਲਾਈ। ਡੌਂਕਰਾਂ ਨੂੰ ਪੰਜ-ਦਸ ਦਰ੍ਹਮ ਦੇ ਕੇ ਉਨ੍ਹਾਂ ਕੋਲ ਖੁੱਲ੍ਹੀ ਹਵਾ ਵਿਚ ਬੈਠੇ ਰਹਿੰਦੇ, ਪਾਣੀ ਮੰਗਾ ਕੇ ਖੁੱਲ੍ਹਾ ਵਰਤਦੇ।

ਡੌਂਕਰ ਜਦੋਂ ਸਾਂਝਾ ਰਾਸ਼ਨ ਲਿਆਉਂਦੇ ਤਾਂ ਉਹ ਚਾਰੇ ਮੁਖਤਿਆਰ ਹੁੰਦੇ। ਜਾਇਜ਼ ਹਿੱਸੇ ਨਾਲੋਂ ਜ਼ਿਆਦਾ ਸੰਭਾਲ ਜਾਂਦੇ। ਸਭ ਇੱਕ ਦੂਜੇ ਨੂੰ ਦੇਖਦੇ ਰਹਿੰਦੇ, ਪਰ ਚੁੱਪ ਵੱਟ ਲੈਂਦੇ, ਉਨ੍ਹਾਂ ਦਾ ਦਬਦਬਾ ਜੁ ਸੀ। ਇੱਕ ਅੱਧ-ਵਾਰ ਕਾਣੀ ਵੰਡ ਪਿੱਛੇ ਉਨ੍ਹਾਂ ਨਾਲ ਬਹਿਸ ਹੋਈ। ਜੀਤਾ ਤੇ ਦਵਿੰਦਰ ਮੇਰੇ ਨਾਲ ਹੱਥੋ-ਪਾਈ ਵੀ ਹੋਈ। ਜੀਤੇ ਨੇ ਮੇਰੇ ਗਲਮੇ ਨੂੰ ਹੱਥ ਪਾ ਗਾਲ੍ਹਾਂ ਤਕ ਕੱਢੀਆਂ। ਜਾਪਿਆ ਮਾੜਾ ਪੈ ਗਿਆ ਸਾਂ, ਮਾਨਸਿਕ ਪੱਖੋਂ ਬੁਰੀ ਤਰ੍ਹਾਂ ਟੁੱਟ ਗਿਆ ਸਾਂ। ਚਾਹ ਕੇ ਵੀ ਮੂੰਹੋਂ ਬੋਲ ਤਕ ਨਾ ਨਿਕਲਿਆ। ਬਸ ਲਾਚਾਰੀ, ਬੇਵਸੀ ਹੰਝੂ ਬਣ ਅੱਖਾਂ ਵਿਚੋਂ ਵਹਿ ਤੁਰੀ, ਭੁੱਬੀਂ ਰੋ ਪਿਆ।

ਇੱਕ ਦਿਨ ਡੌਂਕਰ ਆਪਣੇ ਨਾਲ ਦੱਖਣ-ਏਸ਼ੀਆਈ ਬੰਦਾ, ਜ਼ਨਾਨੀ ਅਤੇ ਦੋ ਬੱਚੇ ਲੈ ਕੇ ਆਏ ਤੇ ਆਪਣੇ ਕਮਰੇ 'ਚ ਵਾੜ ਲਏ। ਉਹ ਸ੍ਰੀਲੰਕਾ ਦੇ ਸਨ। ਦੋ-ਤਿੰਨ ਦਿਨਾਂ ਬਾਅਦ ਡੌਂਕਰਾਂ ਨੇ ਉਸ ਬੰਦੇ ਅਤੇ ਇੱਕ ਬੱਚੇ ਨੂੰ ਸਿਬਤਾ ਐਂਟਰ ਕਰਵਾ ਦਿੱਤਾ। ਬਾਕੀ ਦਿਨ ਉਸ ਔਰਤ ਤੇ ਬੱਚੇ ਦੀਆਂ ਰੋਂਦੀਆਂ ਆਵਾਜ਼ਾਂ, ਤਰਲਿਆਂ ਭਰੀਆਂ ਹਾਅਵਾਂ ਸਾਡੇ ਕੰਨਾਂ ਤੀਕ ਪਹੁੰਚਦੀਆਂ ਰਹੀਆਂ। ਪਤਾ ਨਹੀਂ ਕੰਧ ਦੇ ਪਰਲੇ ਪਾਸੇ ਕੀ-ਕੀ ਵਾਪਰ ਰਿਹਾ ਸੀ। ਅਸੀਂ ਕਚੀਚੀਆਂ ਵੱਟਦੇ, ਗੂੰਗੇ-ਬੋਲੇ ਹੋਏ ਪੱਥਰਾਂ ਵਾਂਗ ਪਏ ਰਹਿੰਦੇ। ਸਭ ਨੂੰ ਅਹਿਸਾਸ ਸੀ ਕਿ ਕੋਈ ਬੇਵਸ, ਕਮਜ਼ੋਰ ਜਿਸਮ ਹਵਸ ਦਾ ਸ਼ਿਕਾਰ ਹੋ ਰਿਹਾ ਸੀ, ਰੂਹ ਵਲੂੰਧਰੀ ਜਾ ਰਹੀ ਸੀ। ਡੌਂਕਰਾਂ ਦੇ ਛੁਰਿਆਂ ਤੋਂ ਤ੍ਰਹਿਕਦੇ ਅਸੀਂ ਕੁਝ ਨਹੀਂ ਸੀ ਕਰ ਸਕਦੇ, ਕਿਸੇ ਲਈ ਕੀ ਕਰਦੇ! ਬੁਜ਼ਦਿਲ ਬਣ ਕੇ ਰਹਿ ਗਏ ਸਾਂ ਅਸੀਂ। ਡੌਂਕਰਾਂ ਨੇ ਜਾਣਬੁਝ ਕੇ ਬੰਦੇ ਨੂੰ ਪਹਿਲਾਂ ਭੇਜਿਆ ਸੀ।

ਪਿੱਛੇ ਏਜੰਟਾਂ ਨੂੰ ਬਦਤਰ ਹਾਲਾਤ ਤੋਂ ਜਾਣੂ ਕਰਵਾਉਣਾ ਹੁਣ ਜ਼ਰੂਰੀ ਹੋ ਗਿਆ ਸੀ ਜਿਸ ਦਿਨ ਸਬਰ ਦੀਆਂ ਸਭ ਹੱਦਾਂ ਟੁੱਟ ਗਈਆਂ, ਸੋਚਾਂ ਨੇ ਵਿਦਰੋਹ ਦਾ ਝੰਡਾ ਲਹਿਰਾ ਦਿੱਤਾ। ਇੱਕ ਦਿਨ ਮਲਕੀਤ ਤੇ ਸਤਾਸੀ ਤੜਕੇ ਮੂੰਹ-ਹਨੇਰੇ ਖਿੜਕੀ ਵਿਚੋਂ ਬਾਹਰ ਛਾਲਾਂ ਮਾਰ ਗਏ। ਡੌਂਕਰਾਂ ਦੇ ਚੌਕਸ ਹੋਣ ਤੋਂ ਪਹਿਲਾਂ ਹੀ ਗਈ ਰਾਤ ਦੋਨੋਂ ਜਣੇ ਫਿਰ ਵਾਪਿਸ ਕਮਰੇ ਵਿਚ ਆ ਬੈਠੇ। ਉਨ੍ਹਾਂ ਨੇ ਏਜੰਟਾਂ ਅੱਗੇ ਤਾੜਨਾ ਭਰੇ ਲਹਿਜ਼ੇ ਵਿਚ, ਛੇਤੀ ਤੋਂ ਛੇਤੀ ਡੌਂਕੀ ਲਗਵਾਉਣ ਦੀ ਮੰਗ ਰੱਖੀ ਸੀ।

ਦੋਵੇਂ ਖੁੱਲ੍ਹੀ ਆਬੋ-ਹਵਾ ਵਿਚ ਕਿਸੇ ਖੂਹ 'ਤੇ ਦਿਨ ਗੁਜ਼ਾਰ ਕੇ ਆਏ ਸਨ, ਜਿਸ ਦੇ ਮਾਲਿਕ ਨੇ ਉਨ੍ਹਾਂ ਨੂੰ ਖਾਣ-ਪੀਣ ਲਈ ਵੀ ਕਾਫੀ ਕੁਝ ਦਿੱਤਾ ਸੀ। ਉਨ੍ਹਾਂ ਵਲੋਂ 'ਥੱਲੇ ਗਲੀ ਵਿਚ ਪਾਣੀ ਦੀ ਟੂਟੀ ਹੈ' ਦਾ ਸੁਣ ਕੇ ਉਸ ਦਿਨ ਤੋਂ ਵਾਰੋ-ਵਾਰੀ ਦੋ ਜਣੇ ਰੋਜ਼ ਰਾਤੀਂ ਚੋਰੀ ਪਾਣੀ ਭਰ ਕੇ ਲਿਆਉਣ ਲੱਗ ਪਏ। ਡੌਂਕਰਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਦੋ-ਤਿੰਨ ਜਣਿਆਂ ਦੇ ਘਸੁੰਨ ਮਾਰ ਕੇ ਆਪਣੀ ਦਹਿਸ਼ਤ ਦਾ ਅਹਿਸਾਸ ਕਰਾਇਆ।

ਏਜੰਟਾਂ ਨੇ ਖਾਨ ਨਾਲ ਡੌਂਕਰਾਂ ਦੀ ਬਦਇੰਤਜ਼ਾਮੀ ਦੇ ਗਿਲੇ-ਸ਼ਿਕਵੇ ਕੀਤੇ ਜੋ ਅੱਗੇ ਜਿਉਂ ਦੇ ਤਿਉਂ ਮੁਹੰਮਦ ਕੋਲ ਪਹੁੰਚੇ। ਅਗਲੇ ਦਿਨ ਮੁਹੰਮਦ ਬੜੇ ਤਤਪਰ ਭਾਵ ਵਿਚ, ਰਾਸ਼ਨ ਨਾਲ ਲੱਦਿਆ ਆ ਵਹੁੜਿਆ। ਬੜੇ ਸਲੀਕੇ ਨਾਲ ਅੰਗਰੇਜ਼ੀ ਵਿਚ ਗੱਲੀਂ ਜੁਟਿਆ ਰਿਹਾ ਤੇ ਡੌਂਕੀ ਵਾਸਤੇ ਤਸੱਲੀਆਂ ਦਿੱਤੀਆਂ।

ਫਿਰ ਉਹ ਬਿੱਲੇ ਡੌਂਕਰ ਨਾਲ ਗੁੱਸੇ ਵਿਚ 'ਤਾਂਹ-ਠਾਂਹ ਹੋਇਆ। ਮੈਂ ਮੂੰਹ 'ਤੇ ਕਹਿ ਦਿੱਤਾ ਕਿ ਕੁੱਟ-ਮਾਰ ਕਰਦਾ ਹੈ, ਖਾਣਾ-ਪਾਣੀ ਨਹੀਂ ਦਿੰਦਾ। ਮੁਹੰਮਦ ਨੇ ਚਿਤਾਵਨੀ ਭਰੇ ਅਲਫਾਜ਼ ਛਿੜਕਦਿਆਂ ਵਿਦਾਈ ਲਈ। ਬਿੱਲਾ ਮਗਰੋਂ ਦੋ ਕੁ ਮਿੰਟ ਗੁੱਸੇ ਵਿਚ ਵਾਹੀ-ਤਬਾਹੀ ਬੋਲਦਾ, ਮੂੰਹੋਂ ਝੱਗ ਛੱਡਦਾ ਰਿਹਾ।

ਹੁਣ ਕਾਫੀ ਕੁਝ ਬਿਹਤਰ ਹੋ ਗਿਆ ਸੀ, ਪਰ ਸਬਰ-ਸੰਤੋਖ ਨਾਲ ਵੀ ਉਹ ਰਾਸ਼ਨ ਚਾਰ ਕੁ ਦਿਨ ਚੱਲਿਆ, ਖਾਣ ਵਾਲੇ 16 ਜਣੇ ਸਨ। ਹਾਲਤ ਪਹਿਲਾਂ ਵਾਲੀ ਹੋ ਗਈ। ਇੱਕ ਦਿਨ ਬਿਮਾਰ ਬਲਜੀਤ ਦੀ ਹਾਲਤ ਗੰਭੀਰ ਹੋ ਚਲੀ ਤਾਂ ਮੈਂ ਆਪਣੀ ਆਖਰੀ ਪੂੰਜੀ, ਭੀਖ ਦੇ ਦਾਈ ਕੁ ਦਰ੍ਹਮਾਂ ਦੀਆਂ ਉਸ ਲਈ ਗੋਲੀਆਂ ਮੰਗਵਾ ਦਿੱਤੀਆਂ।

ਇੱਕ ਰੋਜ਼ ਸ੍ਰੀਲੰਕਨ ਔਰਤ ਸਾਡੇ ਅੱਗੇ ਇੰਗਲਿਸ਼ 'ਚ ਹਾੜ੍ਹੇ ਕੱਢਣ ਲੱਗੀ: "ਕੁਝ ਪੈਸੇ ਦੇ ਦਿਓ, ਮੈਂ ਇਸ ਨਰਕ ਵਿਚੋਂ ਨਿਕਲਣਾ ਹੈ।" ਸਾਡੇ ਕੋਲ ਸ਼ਾਇਦ ਕਿਸੇ ਕੋਲ ਵੀ ਪੈਸੇ ਨਹੀਂ ਸਨ। ਉਹ ਵਿਚਾਰੀ ਕੁਰਲਾਉਂਦੀ ਬੱਚੇ ਨਾਲ ਆਪਣੇ ਕਮਰੇ ਵਿਚ ਚਲੀ ਗਈ।

ਸਾਰੇ ਨਿਰਾਸ਼, ਉਦਾਸ, ਦੁਖੀ ਦਿਨ-ਰਾਤ ਬੇਚੈਨੀ ਨਾਲ ਕਰਵਟਾਂ ਬਦਲਦੇ, ਸੋਚਾਂ ਦੀ ਉਧੇੜ-ਬੁਣ 'ਚ ਫਸੇ ਰਹਿੰਦੇ। ਫਿਰ ਇੱਕ ਰੋਜ਼ ਇੱਕ ਖੂੰਜੇ ਵਿਚੋਂ ਫੈਸਲਾਕੁਨ ਅਵਾਜ਼ ਉਭਰੀ: "ਅਸੀਂ ਰਬਾਤ ਜਾ ਰਹੇ ਹਾਂ!" ਸਤਾਸੀ ਦੀ ਆਵਾਜ਼ ਸੀ ਅਤੇ ਉਸ ਦੇ 'ਅਸੀਂ' ਵਿਚ ਰਾਜਵੀਰ, ਸੋਨੂੰ ਤੇ ਜੱਗੀ ਸ਼ਾਮਿਲ ਸਨ। ਨਿਸ਼ਚਿਤ ਤੌਰ 'ਤੇ ਇਹ ਫੈਸਲਾ ਉਸ ਛੋਟੀ ਜਿਹੀ ਬਗਾਵਤੀ ਸੋਚ ਦੀ ਉਪਜ ਸੀ ਜਿਸ ਦੀ ਸ਼ਹਿ 'ਤੇ ਸਤਾਸੀ ਅਤੇ ਮਲਕੀਤ ਬਾਹਰ ਦੀ ਆਜ਼ਾਦ ਫਿਜ਼ਾ ਦਾ ਸੁਆਦ ਚੱਖ ਆਏ ਸਨ।

ਮੇਰਾ ਮਨ ਵੀ ਉਤਾਵਲਾ ਹੋਇਆ, ਪਰ ਉਹ ਇਕੱਠੇ ਚਾਰ ਜਣੇ ਵੀ ਜ਼ਿਆਦਾ ਸਨ। ਜੀਤੇ ਹੋਰੀਂ ਉਨ੍ਹਾਂ ਨੂੰ ਕੂਟਨੀਤਿਕ ਮਸ਼ਵਰੇ ਦਿੰਦੇ, ਜਾਣ ਲਈ ਹੋਰ ਉਕਸਾਉਂਦੇ ਰਹੇ, ਕਿਉਂਕਿ ਜਿੰਨੀ ਗਿਣਤੀ ਘਟੇਗੀ, ਮੁਕਾਬਲਾ ਉਨਾ ਹੀ ਘਟਣਾ ਸੀ, ਤੇ ਅੱਗੇ ਜਾਣ ਵਿਚ ਸਹੂਲਤ ਹੋਣੀ ਸੀ। ਉਸ ਰਾਤ ਦੇ ਆਖਰੀ ਪਹਿਰ, ਚਾਰ ਵਿਦਰੋਹੀ ਸਾਏ ਹਨੇਰੇ 'ਚ ਗੁਆਚ ਗਏ। ਪਿੱਛੇ 12 ਨਿਢਾਲ ਜਿਸਮ ਆਪਣੀਆਂ ਅਧਮੋਈਆਂ ਸੋਚਾਂ ਦੀ ਚਾਦਰ ਵਲ੍ਹੇਟ ਕੇ ਗੁੰਮਸੁੰਮ ਪਏ ਰਹੇ।

(ਚਲਦਾ)

ਕਹਾਣੀ

# ਮੰਜੇ ਦੀ ਬਾਹੀ


***ਬਹੁਤੇ ਲੋਕ ਉਘੇ ਲਿਖਾਰੀ ਅਜਮੇਰ ਸਿੰਘ ਔਲਖ ਨੂੰ ਬਤੌਰ ਨਾਟਕਕਾਰ ਅਤੇ ਰੰਗਕਰਮੀ ਹੀ ਜਾਣਦੇ ਹਨ, ਪਰ ਮੁਢਲੇ ਦੌਰ ਵਿਚ ਉਨ੍ਹਾਂ ਕਵਿਤਾਵਾਂ ਅਤੇ ਕਹਾਣੀਆਂ ਵੀ ਲਿਖੀਆਂ। 'ਮੰਜੇ ਦੀ ਬਾਹੀ' ਕਹਾਣੀ ਉਨ੍ਹਾਂ ਕਈ ਦਹਾਕੇ ਪਹਿਲਾਂ ਲਿਖੀ ਸੀ ਜਿਸ ਨੂੰ ਮਗਰੋਂ ਉਨ੍ਹਾਂ ਆਪਣੇ ਬਹੁ-ਚਰਚਤ ਨਾਟਕ 'ਇਕ ਰਾਮਾਇਣ ਹੋਰ' ਵਿਚ ਢਾਲ ਲਿਆ। ਪੰਜਾਬ ਦੇ ਕਿਸਾਨੀ ਸਮਾਜ ਦੇ ਆਰਥਿਕ-ਸਭਿਆਚਾਰਕ ਸਰੋਕਾਰਾਂ ਨੂੰ ਡੂੰਘੀ ਕਲਾਤਮਕ ਪੁੱਠ ਨਾਲ ਉਭਾਰਦੀ ਇਹ ਕਹਾਣੀ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਗੱਲ 'ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ- ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। "ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ!"

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸੱਜਣ ਨੂੰ ਸੌ ਦੀ ਇਕ ਸੁਣਾ ਦਿੱਤੀ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ!"

ਸੱਜਣ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਜ ਵੀ ਸੁਭਾਅ ਦਾ ਕੂਲਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ, ਪਰ ਗੱਜੂ ਤਾਂ ਪੈਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ; ਅਖੇ, ਮੇਰਾ ਨੀ ਜੀਅ ਕਰਦਾ ਜੱਗ 'ਤੇ ਬੂਟਾ ਲਾਉਣ ਨੂੰ?



**ਅਜਮੇਰ ਸਿੰਘ ਔਲਖ**

ਅਸਲ ਵਿਚ ਗੱਲ 'ਗਾਹਾਂ ਖਾਸੀ ਤੁਰ'ਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇਕ ਤੀਮੀਂ ਦਾ ਸੌਦਾ ਲਗਭਗ ਪੱਕਾ ਹੀ ਕਰ ਛੱਡਿਆ ਸੀ, ਸਿਰਫ ਰਕਮ ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ, ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ। ਚਾਰ ਕਿੱਲੇ ਭੋਇੰ ਉਸ ਨੂੰ ਆਉਣੀ ਸੀ। ਇਕ ਕਿੱਲਾ ਗਹਿਣੇ ਪਾਉਣਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ ਵਿਚ। ਸੋਲਾਂ ਸੌ ਦੀ ਤੀਮੀਂ, ਬਾਕੀ ਘਰ ਦਾ ਲਕਾ ਤੁਕਾ! 'ਕੇਰਾਂ ਜਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਈ ਪਿਐ, ਉਛਲ ਸੱਜਣ ਦੀ- ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸੱਜਣ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ, "ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ। ਆਪਣੇ ਘਰ ਦੀ ਇੱਜਤ ਰੱਖ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਆਪਣੀ ਜੜ੍ਹ ਲੱਗੀ ਹੋਈ ਐ। ਮੇਰੇ ਜਬਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ। ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀਂ ਦਾ ਕੀ ਪਤਾ ਹੁੰਦੈ, ਅੱਜ ਏਥੇ, ਕੱਲ੍ਹ ਓਥੇ।"

ਪਰ ਗੱਜੂ ਉਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ, ਤੇ ਨਾ ਹੀ ਹੋਇਆ। ਸੱਜਣ ਨੂੰ ਉਸ ਨੇ ਇਕੋ ਗੱਲ ਨਾਲ ਚੁੱਪ ਕਰ ਦਿੱਤਾ, "ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ! ਪਰ ਸੱਜਣਾ, ਜਮੀਨ ਤਾਂ ਤੈਨੂੰ ਵੰਡਣੀ ਪਊ, ਭਾਈ ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਉਣੈਂ ਉਹ ਤੇਰੀ ਮਰਜੀ।"

ਸੱਜਣ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ, ਚਾਰ ਕਿੱਲਿਆਂ ਦੇ ਸਿਰ 'ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੈਣ ਦੇਣੇ ਦਾ ਹੋਰ ਹੀ ਫਾਨਾ ਆ ਫਸਿਆ! ਪਰ ਸੱਜਣ ਇਹ ਵੀ ਜਾਣਦਾ ਸੀ, ਬਈ ਇਹ ਫਾਨਾ ਆਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ ਬਾਤੀਂ ਸੰਤੋ ਨੂੰ ਕਈ ਵਾਰ ਆਖਿਆ ਵੀ ਸੀ, "ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਦਾ, ਤੂੰ ਏਹਨੂੰ ਪਲੋਸ ਪਲਾਸ ਕੇ ਰੱਖਿਆ ਕਰ।" ਪਰ ਸੰਤੋ ਨੇ ਜ਼ਿੱਦ ਨਾ ਛੱਡੀ, "ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ 'ਤੇ ਨੀ ਬੈਠਣ ਦੇਣਾ।"

ਸੱਜਣ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਨ੍ਹਾਂ ਦਾ ਘਰ ਵਸਾਉਣ ਵਿਚ ਗੱਜੂ ਦਾ ਹੀ ਹੱਥ ਸੀ। ਸੱਜਣ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ, ਜਦੋਂ ਉਨ੍ਹਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਅਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਨ੍ਹਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉਤੇ ਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓਂ ਤੋਰੀਆਂ। ਸੱਜਣ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲਿਆ ਤੇ ਵੱਡਾ ਕੀਤਾ। ਫੇਰ ਇਕ ਵੱਡੀ ਕੁਰਬਾਨੀ, ਸੱਜਣ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ 'ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ, ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਜ ਬੱਜੋ-ਬੱਤਾ ਬਣਾ'ਤਾ, ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚੱਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ, "ਦੇਖ ਸੀਤਾ ਸਿਆਂ? ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਸਾਕ ਹੋਵੇ। ਅੱਠ ਕਿੱਲੇ ਸੱਜਣ ਨੂੰ ਮੁੱਕਦੇ ਨ੍ਹੀਂ, ਤੂੰ ਕਰ ਪੁੰਨ, ਆਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ ਵਿਚ ਸੀਰ ਪੈਜੂ।" ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸੱਜਣ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਨ੍ਹਾਂ ਦੇ ਘਰ ਲਿਆ ਬਠਾਈ ਸੀ।

ਸੱਜਣ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਜ ਮਨਾਈ, ਜਿਵੇਂ ਉਹਦਾ ਆਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇਕ ਪੁੱਤ ਵਿਆਹਿਆ ਜਾਵੇ, ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਗਹਿਣੇ ਰੱਖ ਕੇ ਉਸ ਨੇ ਸੰਤੋ ਲਈ ਮੂੰਹ ਸਿਰ ਦੀਆਂ ਸਾਰੀਆਂ ਟੂਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ ਮੱਥੇ ਲੱਗਣ ਵਾਲੀ ਤੀਮੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿੱਲਰੀ ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਰੱਬ ਨੇ ਚੰਨ ਵਰਗਾ ਮੁੰਡਾ ਝੋਲੀ ਪਾ ਦਿੱਤਾ।

ਦਿਨਾਂ ਵਿਚ ਹੀ ਗੱਜੂ ਅਤੇ ਸੱਜਣ ਦੇ ਘਰ ਦਾ ਰੰਗ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿੱਚ ਲਈਆਂ। ਸੰਤੋ ਦੁਆਲੇ ਉਹ ਊਰੀ ਆਗੂੰ ਘੁਕਦੇ ਰਹਿੰਦੇ। ਦੋ ਕੁ ਸਾਲਾਂ ਵਿਚ ਹੀ ਉਨ੍ਹਾਂ ਨੇ ਗਹਿਣੇ ਪਾਇਆ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲੱਗੇ। ਸੰਤੋ ਦੀ ਕੁੱਖੋਂ ਇਕ ਕੁੜੀ ਤੇ ਇਕ ਮੁੰਡਾ ਹੋਰ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੈ!

ਪਰ ਅਚਾਨਕ ਫੁੱਲਾਂ ਉਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇਕ ਰਾਤ ਇਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ, ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ 'ਬਾਖਰੂ, ਬਾਖਰੂ' ਕਰਦਾ ਉਠ ਖੜ੍ਹਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ, ਉਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਆਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ, ਪਰ ਜਿਹੜਾ ਆਇਆ, ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ ਆਲੀ ਢਾਬ ਵਿਚ ਨਹਾ ਰਿਹਾ ਸੀ, ਤੇੜ-ਸਿਰ ਦੇ ਕੱਪੜੇ ਲਾਹ ਕੇ, ਅਲਫ ਨੰਗਾ! ਇਕ ਤੀਮੀਂ ਆਈ ਤੇ ਉਸ ਦੇ ਕੱਪੜੇ ਚੁੱਕ ਕੇ ਪਰਾਂਹ ਵਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾ-ਵੀਹ ਦਿਨ ਉਸ ਨੂੰ ਇਹੋ ਜਿਹੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇਕ ਗੱਲ ਸਾਂਝੀ ਹੁੰਦੀ, ਤੀਮੀਂ ਦੇ ਆਉਣ ਦੀ ਗੱਲ।

ਪਹਿਲੇ ਦੋ ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ। ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਨ੍ਹਾਂ ਵਿਚੋਂ ਨਿੱਘ ਜਿਹਾ ਮਿਲਣ ਲੱਗਾ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ-ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ ਛਿਪੇ ਮੂੰਹ ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ ਦੀ ਲੰਘਦਿਆਂ ਉਸ ਨੂੰ ਇਕ ਤੀਮੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰੱਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ



ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਤਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, "ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।"

"ਉਡ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ?" ਕਹਿਣ ਨੂੰ ਤਾਂ ਗੱਜੂ ਨੇ ਉਨ੍ਹਾਂ ਨੂੰ ਕਹਿ ਦਿੱਤਾ ਪਰ ਅੰਦਰੋਂ, ਇਹ ਸਭ ਕੁਝ ਦੇਖ ਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ।

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆਂ ਵਰਗਾ, ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਮੀਂ ਨੂੰ ਪਛਾਣ ਲਿਆ, ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਕਾਹਦਾ ਆਇਆ, ਗੱਜੂ ਨੂੰ ਸੂਲੀ 'ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ, ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ, "ਇਹ ਕੀ ਹੁੰਦਾ ਜਾਂਦੈ ਤੈਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲੱਗ ਪਿਐ!"

ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ, ਉਹ ਸੰਤੋ ਨੂੰ ਹੁਣ ਚੋਰ ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕੱਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਹਰਾ ਅੱਗੇ ਵੀ ਸੌ ਵਾਰੀ ਵੇਖਿਆ ਸੀ, ਪਰ ਉਸ ਚਿਹਰੇ-ਮੋਹਰੇ ਵਿਚ ਕੋਈ ਹੋਰ ਹੀ ਗੱਲ ਸੀ।

ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇਕ ਰਾਤ ਨੂੰ ਜਦੋਂ ਸੱਜਣ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ 'ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸੱਜਣ ਦਾ ਝਉਲਾ ਵੀ ਪਿਆ, ਪਰ ਰਾਤ ਦੇ ਹਨੇਰੇ ਵਿਚ ਵੀ ਉਹ ਗੱਜੂ ਦੀ ਬੁਝੀ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ 'ਤੇ ਝਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, "ਸੰਤੋ ਬੰਦੀਏ, ਕੁਝ ਹੋਸ਼ ਕਰ।" ਸਾਰੀ ਸ਼ਕਤੀ 'ਕੱਠੀ ਕਰ ਕੇ ਉਸ ਨੇ ਆਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ, "ਗੱਜਣਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ੍ਹ ਮੰਜੇ ਤੋਂ।"

ਗੱਜੂ ਦੇ ਸਿਰ ਉਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇਕ ਸ਼ਬਦ ਵੀ ਨਾ ਕਹਿ ਸਕਿਆ। ਆਪਣੀ ਬਰਫ ਹੋਈ ਦੇਹ ਨੂੰ ਘਸੀਟਦਾ ਉਹ ਆਪਣੇ ਮੰਜੇ 'ਤੇ ਆ ਡਿੱਗਾ। ਗਈ ਰਾਤ ਤਕ ਉਹ ਛੱਤ ਦੀਆਂ ਛਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿਨ੍ਹਾਂ ਵਿਚ ਘੋੜਿਆਂ 'ਤੇ ਚੜ੍ਹੀਆਂ ਤੀਮੀਆਂ ਉਸ ਦੀ ਹਿੱਕ ਉਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਹਨ।

ਇਸ ਘਟਨਾ ਤੋਂ ਬਾਅਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਅਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ਼ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ ਬਹਿਣ ਹੋ ਗਿਆ ਤੇ ਗੱਜੂ ਨੇ ਮੁੱਲ ਦੀ ਤੀਮੀਂ ਲਿਆਉਣ ਦਾ ਫੈਸਲਾ ਕਰ ਕੇ ਆਪਣੇ ਛੋਟੇ ਭਾਈ ਨੂੰ ਸੌ ਦੀ ਇਕ ਸੁਣਾਈ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ।"

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸੱਜਣ ਨੇ ਹਥਿਆਰ ਸੁੱਟ ਦਿੱਤੇ, "ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜਮੀਨ ਵਿਚ ਤੇਰਾ ਅੱਧ ਐ, ਪਰਸੋਂ ਵੰਡ ਲਾਂਗੇ। ਪੰਚੈਤ ਕਾਹਨੂੰ ਪਾਉਣੀ ਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕੱਲ੍ਹ ਨੂੰ ਮਾਮੇ ਨੂੰ ਲੈ ਆਉਨਾਂ। ਘਰ ਦੀ ਗੱਲ ਘਰ ਵਿਚ ਨਿਬੜ ਜੂ।"

ਸੱਜਣ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ, ਪਰ ਸੰਤੋ ਆਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਮੀਂ ਸੱਚਮੁੱਚ ਹੀ ਲੈ ਆਵੇਗਾ। ਭਿਣਕ ਤਾਂ ਉਹਨੂੰ ਮਹੀਨਾ ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ ਆਉਣ ਲੱਗ ਪਿਆ ਸੀ, ਪਰ ਉਹ ਸੋਚਦੀ ਸੀ, ਐਵੇਂ ਦੋ ਚਾਰ ਦਿਨ ਦਾ ਪਾਲਗਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ, ਗੱਜੂ ਆਪਣੀ ਹਿੰਡ ਨੂੰ ਏਨੀ ਦੂਰ ਤਕ ਲੈ ਜਾਵੇਗਾ।

ਹੁਣ ਜਦੋਂ ਗੱਲ ਜਮੀਨ ਵੰਡਣ ਤਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ, ਉਸ ਦਾ ਤਾਂ ਬਣਿਆ ਬਣਾਇਆ ਘਰ ਢਹਿ-ਢੇਰੀ ਹੋਣ ਲੱਗਾ ਐ। ਅੱਠਾਂ ਵਿਚੋਂ ਚਾਰ ਕਿਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ? ਅੱਗ ਤੇ ਸੁਆਹ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ। ਇਕ ਨੂੰ ਤਾਂ ਦੋ ਹੀ ਆਏ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ? ਕਿਸੇ ਮਾੜੀ-ਧੀੜੀ ਦੀ 'ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਮੇਂ ਜਿੱਦ ਜਿੱਦ ਵਿਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸੱਜਣ ਦਾ ਈ ਭਾਈ ਐ! ਉਹ ਵੀ ਤੀਮੀਆਂ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ ਵਿਚ ਗੱਲ ਐ। ਨਾਲੇ ਮਾੜੀ ਗੱਲ ਤੇ ਤਾਂ ਹੋਵੇ, ਜੇ ਘਰ ਦਾ ਬੰਦਾ ਬੁਰੀ ਮੰਨੇ। ਸੱਜਣ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ! "ਜਾ ਨੀ ਸੰਤੋ ਕਮਲੀਏ, ਆਪਣੇ ਹੱਥੀਂ ਆਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ ਵਿਚ ਤੈਨੂੰ ਕੌਣ ਸਿਆਣੀ ਆਖੂ...।"

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। 'ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ 'ਚ ਪਿਆ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਭਰਜਾਈਆ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, "ਮਖਾਂ ਸੌਂ ਗਿਆ ਮਿੱਠੂ ਦੇ ਤਾਇਆ।"

ਦੂਜੇ ਦਿਨ ਜਦੋਂ ਸੱਜਣ ਆਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, "ਸਾਰਾ ਕੁਸ਼ ਠੀਕ-ਠਾਕ ਹੋ ਗਿਆ। ਮੈਂ ਡੰਮ੍ਹ ਆਈ ਆਂ ਰਾਤ ਕਾਣੇ-ਬਹੇੜ ਦਾ ਮੱਥਾ।"

ਸੁਣ ਕੇ ਸੱਜਣ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। "ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ" ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇਕ ਨਹੀਂ, ਸੌ ਵਾਰੀ ਚੁੰਮਿਆ।

## ਮਿਨੀ ਕਹਾਣੀ

# ਦਾਨ-ਪੁੰਨ

"ਬਾਪੂ ਮੈਂ ਅੱਜ ਸ਼ਹਿਰ ਜਾਣਾ, ਆੜਤੀਏ ਨੂੰ ਫੋਨ ਕਰ ਦਈਂ, ਪੈਸੇ ਫੜ੍ਹਨੇ ਆ।"

ਬਾਪੂ ਦਾ ਜੁਆਬ ਆਇਆ, "ਕਿੰਨੇ ਕੁ?"

"ਆਹੀ, 25 ਕੁ ਹਜ਼ਾਰ। ਕੱਪੜੇ ਲੈਣੇ ਆ ਮੈਂ।"

ਪੱਚੀ ਹਜ਼ਾਰ ਦਾ ਨਾਂ ਸੁਣਦਿਆਂ ਹੀ ਬਾਪੂ ਕਲਪ ਗਿਆ, "ਓ ਪਤੰਦਰਾ ਐਨੇ! ਪੰਦਰਾਂ ਕੁ ਹਜ਼ਾਰ ਨਾਲ ਸਾਰ ਲਵੀਂ।"

ਦੰਦ ਜਿਹੇ ਕਰੀਚਦੇ ਨੂੰ ਮਾਂ ਨੇ ਵਰਾਉਂਦਿਆਂ ਕਿਹਾ, "ਚੱਲ ਇੱਕ ਵਾਰ ਤੂੰ ਐਨੇ ਲੈ ਜਾਹ, ਮੈਂ ਫੇਰ ਦੇ ਦੂੰ ਤੈਨੂੰ।"

ਬਾਪੂ ਦਾ ਵੀ ਗੁੱਸਾ ਜਾਇਜ਼ ਸੀ। ਐਤਕੀਂ ਨਰਮੇ ਦੀ ਫੁੱਟੀ ਵੀ ਨਹੀਂ ਸੀ ਹੋਈ ਤੇ ਅੱਧਿਓਂ ਵੱਧ ਕਣਕ ਵੀ ਆੜਤੀਏ ਦੀ ਵਹੀ ਨੂੰ ਹੀ ਗਈ ਸੀ। ਮੁੰਡੇ ਨੇ ਆੜਤੀਏ ਤੋਂ ਪੈਸੇ ਫੜ੍ਹਦੇ ਸਾਰ ਗੱਡੀ ਸ਼ਹਿਰ ਵੱਲ ਨੂੰ ਮੋੜ ਦਿੱਤੀ। ਸ਼ਹਿਰ ਜਾ ਕੇ ਲਿਸ਼ਕਦੇ ਸ਼ੀਸ਼ਿਆਂ ਵਾਲੀ ਵੱਡੀ ਜਿਹੀ ਦੁਕਾਨ ਤੋਂ ਕੱਪੜੇ ਲਏ ਤੇ ਦਸ ਹਜ਼ਾਰ ਰੁਪਏ ਦਾ ਬਿੱਲ ਬਣ ਗਿਆ। ਜਦੋਂ ਪੈਸੇ ਦੇਣ ਲੱਗਿਆ ਤਾਂ ਦੁਕਾਨ 'ਤੇ ਇੱਕ ਬਜ਼ੁਰਗ ਔਰਤ ਉਥੇ ਆ ਖਲੋਤੀ। ਝੁਰੜੀਆਂ ਨਾਲ ਭਰਿਆ ਚਿਹਰਾ, ਕੁੱਬਾ ਜਿਹਾ ਸਰੀਰ ਤੇ ਸੋਟੀ ਦੇ ਸਹਾਰੇ ਤੁਰਦੀ, ਹੱਥ ਅੱਡ ਕੇ ਦੁਕਾਨਦਾਰ ਤੋਂ ਮੰਗਣ ਲੱਗੀ। ਦੁਕਾਨ ਆਲਾ ਗੁੱਸੇ 'ਚ ਕਹਿੰਦਾ, "ਹੁਣ ਹੈ ਨ੍ਹੀਂ, ਫੇਰ ਆਵੀਂ।"

ਬਜ਼ੁਰਗ ਔਰਤ ਨੂੰ ਦੇਖ ਕੇ ਮੁੰਡੇ ਨੂੰ ਇੰਜ ਲੱਗਿਆ ਜਿਵੇਂ ਉਸ ਨੂੰ ਜ਼ਿੰਦਗੀ ਦਾ ਅਸਲ ਸ਼ੀਸ਼ਾ ਦਿਖ ਗਿਆ ਹੋਵੇ। ਥੋੜ੍ਹਾ ਸਮਾਂ ਪਹਿਲਾਂ ਉਹ ਵੀ ਮੰਗਤਾ ਹੀ ਸੀ, ਆਪਣੇ ਬਾਪ ਅੱਗੇ ਪਰ ਇਹ ਗੱਲ ਵੱਖਰੀ ਸੀ ਕਿ ਪੁੱਤ ਨੇ ਆਕੜ ਨਾਲ ਪੈਸੇ ਲਏ ਸਨ। ਉਸ ਨੇ ਬਜ਼ੁਰਗ ਔਰਤ ਨੂੰ ਬਟੂਏ 'ਚੋਂ ਦਸ ਰੁਪਏ ਕੱਢ ਕੇ ਦਿੱਤੇ ਅਤੇ ਉਸ ਦੀਆਂ ਅਸੀਸਾਂ ਵਾਲੀ ਪੋਟਲੀ ਦਿਲ 'ਚ ਸਾਂਭਦਾ ਪਿੰਡ ਪਰਤ ਆਇਆ। ਜੇਬ 'ਚ ਬਚੇ ਬਾਕੀ ਪੈਸੇ ਖਰਚਣ ਦੀ ਹਿੰਮਤ ਨਾ ਹੋਈ।


***-ਸ਼ਗਨਦੀਪ ਸਿੰਘ***
***ਫੋਨ: 91-95014-59259***

# ਵਿਸ਼ਵ ਕੱਪ ਫੁੱਟਬਾਲ ਦੇ ਜਲਵੇ ਤੇ ਲਾਲੀ ਬਾਬਾ ਪਟਿਆਲੇ ਵਾਲਾ

**ਚੇਤਿਆਂ ਵਿਚ ਫੁੱਟਬਾਲ-3**

***ਭਾਰਤ ਵਿਚ ਪਹਿਲੀ ਵਾਰ ਹੋਏ ਫੀਫਾ ਅੰਡਰ-17 ਵਿਸ਼ਵ ਕੱਪ ਟੂਰਨਾਮੈਂਟ ਵਿਚ ਭਾਰਤ ਦਾ ਮੁਕਾਮ ਭਾਵੇਂ ਕੁਝ ਵੀ ਨਹੀਂ ਸੀ, ਪਰ ਇਸ ਟੂਰਨਾਮੈਂਟ ਨਾਲ ਨਵੀਂ ਪੀੜ੍ਹੀ ਅੰਦਰ ਫੁੱਟਬਾਲ ਲਈ ਮੁਹੱਬਤ ਸਾਫ ਨਜ਼ਰੀਂ ਪਈ। ਇਸੇ ਪ੍ਰਸੰਗ ਵਿਚ 'ਪੰਜਾਬ ਟਾਈਮਜ਼' ਨਾਲ ਜੁੜੇ ਹੋਏ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਪਿਛਲੇ ਸਾਲ ਕੋਪਾ ਅਮਰੀਕਾ ਕੱਪ ਦੇ ਕਈ ਅਹਿਮ ਮੈਚਾਂ ਦਾ ਹਾਲ ਆਪਣੇ ਇਸ ਲੇਖ ਵਿਚ ਬਹੁਤ ਦਿਲਚਸਪ ਢੰਗ ਨਾਲ ਕਹਿ ਸੁਣਾਇਆ ਹੈ। ਇਸ ਦੀ ਤੀਜੀ ਅਤੇ ਆਖਰੀ ਕੜੀ ਪਾਠਕਾਂ ਲਈ ਪੇਸ਼ ਹੈ। -ਸੰਪਾਦਕ***

ਆਓ ਹੁਣ ਜ਼ਰਾ ਲਾਲੀ ਬਾਬੇ ਵੱਲ ਪਰਤੀਏ ਕਿ ਫੁੱਟਬਾਲ ਵਰਗੀ ਸੁੰਦਰ ਗੇਮ 'ਚ ਜਿੱਤ-ਹਾਰ ਨੂੰ ਉਹ ਕਿਵੇਂ ਲੈਂਦੇ ਸਨ। ਉਨ੍ਹਾਂ ਦੀਆਂ ਪਸੰਦੀਦਾ ਟੀਮਾਂ ਵੱਲੋਂ ਤਿੰਨ ਵਾਰ ਵਿਸ਼ਵ ਕੱਪ ਜਿੱਤ ਲੈਣ ਪਿੱਛੋਂ ਵੀ ਉਸ ਹਾਰ ਨੂੰ ਚੇਤੇ ਕਰਦਿਆਂ ਹੌਲ ਉਨ੍ਹਾਂ ਦੇ ਮਨ ਅੰਦਰ ਕਿਵੇਂ ਪੈਂਦੇ ਸਨ। ਉਹ ਸੇਕਸ਼ਪੀਅਰ ਦੇ ਮਦਾਹ ਸਨ। ਉਨ੍ਹਾਂ ਦਾ ਕਹਿਣਾ ਸੀ ਸੇਕਸ਼ਪੀਅਰ ਦਾ ਕੋਈ ਜਵਾਬ ਨਹੀਂ, ਪਰ ਇਨਸਾਨੀ ਜ਼ਿੰਦਗੀ ਦੀ ਨਿਹਤ ਤਰਾਸਦੀ ਨੂੰ ਜਿਸ ਸ਼ਿਦਤ ਨਾਲ ਪ੍ਰਾਚੀਨ ਯੂਨਾਨੀਆਂ ਨੇ ਸਮਝਿਆ ਤੇ ਉਸ ਨੂੰ ਸ਼ਾਨਾਮੱਤੇ ਸਹਿਜ ਨਾਲ ਵਾਚ ਕਰਨ ਦੀ ਜਾਚ ਸਮਝਾਉਣ ਦੀ ਕੋਸ਼ਿਸ਼ ਕੀਤੀ, ਉਸ ਦਾ ਕੋਈ ਤੋੜ ਨਹੀਂ ਸੀ: 'ਡੈੱਥ ਟੂ ਦਿ ਸੈਂਟੀਮੈਂਟ' ਵਰਗਾ ਮਹਾਂ ਵਾਕ ਉਨ੍ਹਾਂ ਵੱਲੋਂ ਹੀ ਤਾਂ ਉਚਾਰਿਆ ਗਿਆ ਸੀ ਅਤੇ ਲਾਲੀ ਬਾਬੇ ਨੂੰ ਇਸ ਦੇ ਆਗਾਜ਼ ਦਾ ਕਿਸੇ ਵੀ ਹੋਰ ਨਾਲੋਂ ਕਿਤੇ ਵੱਧ ਪਤਾ ਸੀ।



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਚਾਰ ਵਰ੍ਹਿਆਂ ਬਾਅਦ ਆਉਂਦਾ ਹੈ ਅਤੇ ਇਹ 'ਮਹਾਂ ਭਾਰਤ' ਪੂਰਾ ਇਕ ਮਹੀਨਾ ਚਲਦਾ ਹੈ, ਤੇ ਪੂਰਾ ਮਹੀਨਾ ਉਨ੍ਹਾਂ ਨੂੰ ਚਾਅ ਚੜ੍ਹਿਆ ਰਹਿੰਦਾ ਸੀ। ਯੂਸੇਬੀਓ, ਬਰਤਾਨਵੀ ਗੋਲ ਕੀਪਰ ਗੌਰਡਨ ਬੈਂਕਸ, ਸੋਕਿਲ, ਮਾਰਾਡੋਨਾ, ਪਲਾਟੀਨੀ ਵਰਗੇ ਖਿਡਾਰੀਆਂ ਦੇ ਉਹ ਪ੍ਰਸ਼ੰਸਕ ਸਨ, ਕੋਈ ਰੌਲਾ ਨਹੀਂ ਸੀ, ਪਰ ਸਾਡੇ ਵਾਂਗੂ ਕਿਸੇ ਵੀ ਟੀਮ ਦੀ ਜਿੱਤ ਜਾਂ ਹਾਰ 'ਤੇ ਉਨ੍ਹਾਂ ਉਚੀ ਸੁਰ ਵਿਚ ਬਾਹਲੀ ਹਾਲ-ਪਾਹਰਿਆ ਕਦੀ ਵੀ ਨਾ ਕੀਤੀ, ਫਿਰ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਦਿਨ ਇਸ ਪੱਖੋਂ ਉਨ੍ਹਾਂ ਦੀ ਵੀ 'ਹਾਰ' ਹੋਈ।

1994 ਦੇ ਵਿਸ਼ਵ ਕੱਪ ਸੈਮੀ ਫਾਈਨਲ ਮੁਕਾਬਲੇ ਸਨ। 1970 ਦੇ ਵਿਸ਼ਵ ਕੱਪ ਫਾਈਨਲ ਵਾਂਗ ਇਕ ਪਾਸੇ ਕਪਤਾਨ ਡੂੰਗਾ, ਰੋਮਾਰੀਓ ਤੇ ਬੀਬੀਟੋ 'ਤੇ ਆਧਾਰਤ ਬਰਾਜ਼ੀਲੀਅਨ ਅਤੇ ਦੂਸਰੇ ਪਾਸੇ ਕਪਤਾਨ ਬਰੇਸੀ, ਮਾਲਡੀਨੀ ਅਤੇ 'ਸੇਂਟ' ਰਾਬਰਟੋ ਬੈਜੀਓ ਵਰਗੇ ਦਿਗੰਬਰ ਖਿਡਾਰੀਆਂ 'ਤੇ ਆਧਾਰਤ ਇਤਾਲਵੀ ਟੀਮਾਂ ਆਹਮੋ-ਸਾਹਮਣੇ ਸਨ। ਅੰਤਿਮ ਲੀਗ ਮੈਚ ਦੌਰਾਨ ਮਾਰਾਡੋਨਾ 'ਤੇ ਕਿਸੇ ਨਸ਼ੇ ਵਾਲੀ ਦਵਾਈ ਦੀ ਵਰਤੋਂ ਦੇ ਰੌਲੇ ਕਾਰਨ ਰੋਮਾਨੀਆ ਵਿਰੁਧ ਅਹਿਮ ਪ੍ਰੀ-ਕੁਆਰਟਰ ਫਾਈਨਲ ਮੁਕਾਬਲੇ ਵਿਚ ਉਸ ਦੀ ਗੈਰਹਾਜ਼ਰੀ ਦੇ ਬਾਵਜੂਦ ਉਹ ਬਹੁਤ ਵਧੀਆ ਖੇਡੇ। ਬੈਟਿਸਟੂਟਾ ਅਤੇ ਬਾਲਬੋਨੇ ਨੇ ਯਾਦਗਾਰੀ ਅੰਦਾਜ਼ ਵਿਚ ਗੋਲ ਵੀ ਕੀਤੇ, ਪਰ ਉਹ 'ਜਨਰਲ' ਹਾਗੀ ਦਾ ਜ਼ਮਾਨਾ ਸੀ ਅਤੇ ਬੇਹਦ ਸੰਘਰਸ਼ਪੂਰਨ ਮੈਚ ਵਿਚ 2 ਦੇ ਮੁਕਾਬਲੇ 3 ਗੋਲਾਂ ਨਾਲ ਰੋਮਾਨੀਆ ਹੱਥੋਂ ਹਾਰ ਕੇ ਟਰਾਫੀ ਦੀ ਦੌੜ ਵਿਚੋਂ ਬਾਹਰ ਸਨ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਫਾਈਨਲ ਮੁਕਾਬਲਾ ਸ਼ੁਰੂ ਹੋਣ ਤੋਂ ਪਹਿਲਾਂ ਸਾਡੀ ਹਮਦਰਦੀ ਬਰਾਜ਼ੀਲੀਅਨਾਂ ਨਾਲ ਸੀ; ਭਾਵ ਬਰਾਜ਼ੀਲ ਦੀ ਟੀਮ ਸਾਡੀ ਆਪਣੀ ਸੀ ਅਤੇ ਲਾਲੀ ਬਾਬਾ ਪਹਿਲੀ ਵਾਰ ਦੂਸਰੇ ਦਾਅ 'ਤੇ ਸਨ।

ਇਸ ਮੈਚ ਵਿਚ ਕਪਤਾਨ ਬਰੇਸੀ ਹਾਜ਼ਰ ਨਹੀਂ ਸੀ, ਫਿਰ ਵੀ ਮਾਲਡੀਨੀ ਦੀ ਅਗਵਾਈ ਹੇਠ ਅਲੈਸਾਂਦਰੋ ਕੂਸਤਾਕੂਰਤ, ਬਰਟੀ, ਅਲਬਰਟੀਨੀ, ਡੋਨਾਡੋਨੀ 'ਤੇ ਆਧਾਰਤ ਪੂਰੀ ਟੀਮ ਹੀ ਮੁਕੰਮਲ ਲੈਅ ਵਿਚ ਸੀ। ਟੀਮ ਦਾ ਮੋਹਰੀ ਗੋਡੇ ਦੀ ਸੱਟ ਪੂਰੀ ਤਰ੍ਹਾਂ ਠੀਕ ਨਾ ਹੋਣ ਦੇ ਬਾਵਜੂਦ ਰਾਬਰਟ ਬੈਜੀਓ ਹੀ ਸੀ। ਉਸ ਦਿਨ ਉਹਨੇ ਅੱਧੇ ਘੰਟੇ ਦੀ ਖੇਡ ਖਤਮ ਹੋਣ ਤੋਂ ਪਹਿਲਾਂ ਹੀ ਮਹਿਜ਼ 4 ਮਿੰਟਾਂ ਦੇ ਵਕਫੇ ਵਿਚ ਦੋ ਗੋਲ ਕਰ ਕੇ ਲਾਲੀ ਬਾਬੇ ਦੇ 'ਨਾਇਕ' ਕਪਤਾਨ ਫਰਾਂਕੋ ਬਰੇਸੀ ਦੀ ਇਕ ਵਾਰ ਮੁੜ ਜਾਂ ਕਹੋ ਕਿ ਆਪਣੇ ਸ਼ਾਨਾਮੱਤੇ ਖੇਡ ਕੈਰੀਅਰ ਦੇ ਸਿਖ਼ਰ 'ਤੇ ਆਖਰੀ ਵਾਰ ਆਪਣੀ ਤਾਕਤ ਦੇ ਜ਼ੌਹਰ ਵਿਖਾਉਣ ਦੀ ਸੱਧਰ ਪੂਰੀ ਕੀਤੀ। ਉਸ ਦਿਨ ਅਲਬਰਟੀਨੀ ਅਤੇ ਬੈਜੀਓ ਨੇ ਮਿਲ ਕੇ ਬਲਕਾਨ ਖਿਡਾਰੀਆਂ ਨੂੰ ਚੱਕਰ ਵਿਚ ਪਾਈ ਰੱਖਿਆ ਸੀ। ਬੈਜੀਓ ਦਾ ਬਾਲ ਨੂੰ ਲੈ ਕੇ ਉਸ ਦਿਨ ਦਾ 'ਨ੍ਰਿਤ' ਸ਼ਹਾਨਾ ਵੀ ਸੀ ਅਤੇ ਸਬਲਾਈਮ ਵੀ। ਸ਼ਾਇਦ ਇਸੇ ਲਈ ਤਾਂ ਪੂਰੇ ਇਤਾਲਵੀ ਮੀਡੀਏ ਵੱਲੋਂ ਉਸ ਨੂੰ 'ਬੈਜੀਓ ਦਿ ਸੇਂਟ' ਕਿਹਾ ਜਾ ਰਿਹਾ ਸੀ।

ਬਲਕਾਨ ਗੋਲਾਂ ਦੇ ਗਿਰਦ ਬੈਜੀਓ, ਅਲਬਰਟੀਨੀ ਅਤੇ ਡੋਨਾਡੋਨੀ ਆਪਣੀਆਂ ਕਲਾਸਿਕ ਸ਼ਤਰੰਜ ਦੇ ਮੈਚ ਦੇ ਹਾਰ ਸਟੀਕ ਚਾਲਾਂ ਨਾਲ ਉਸੇ ਤਰ੍ਹਾਂ ਦੇ 'ਦਾਇਰੇ' ਲਗਾਤਾਰ ਵਾਹ ਰਹੇ ਸਨ। ਪਹਿਲੇ ਅੱਧ ਲਈ ਰੈਫਰੀ ਦੀ ਵਿਸਲ ਵੱਜਣ ਤੋਂ ਪਹਿਲਾਂ ਮਿਲੀ ਪੈਨਲਟੀ ਤੋਂ ਸਟੈਚਕੋਵ ਨੇ ਇਕ ਗੋਲ ਤਾਂ ਲਾਹਿਆ, ਪਰ ਉਸ ਦਿਨ ਉਹ ਇਤਾਲਵੀ ਖਿਡਾਰੀਆਂ ਦੀ ਲੈਅ ਭੰਗ ਕਰਨ ਵਿਚ ਕਤਈ ਸਫ਼ਲ ਨਾ ਹੋ ਸਕਿਆ।

ਸੋ, ਇਹ ਸੀ ਕਪਤਾਨ ਫਰਾਂਕੋ ਬਰੇਸੀ ਦੀ ਇਤਾਲਵੀ ਟੀਮ ਜਿਹੜੀ 1970 ਦੇ ਫਾਈਨਲ ਤੋਂ 24 ਵਰ੍ਹੇ ਬਾਅਦ ਪੇਲੇ ਦੇ ਵਾਰਸਾਂ ਨਾਲ ਲੋਹਾ ਲੈਣ ਲਈ ਮੈਦਾਨ ਵਿਚ ਉਤਰੀ। ਇਥੇ ਇਹ ਵੀ ਯਾਦ ਰਹੇ ਕਿ ਮਜ਼ੋਲ, ਬਰਟੀਨੀ, ਰੀਵਾ, ਰੋਸਾਟੋ ਅਤੇ ਪੋਲੈਟੀ ਵਰਗੇ ਨਾਮੀ ਖਿਡਾਰੀਆਂ 'ਤੇ ਆਧਾਰਤ ਉਹ ਵੀ ਬੜੀ ਤਕੜੀ ਟੀਮ ਸੀ ਅਤੇ ਪੱਛਮੀ ਜਰਮਨੀ ਵਿਰੁਧ 120 ਮਿੰਟਾਂ ਤੱਕ ਚੱਲੇ ਮੈਚ ਦੌਰਾਨ 3 ਦੇ ਮੁਕਾਬਲੇ 4 ਗੋਲਾਂ ਨਾਲ ਸਨਸਨੀਖੇਜ਼ ਜਿੱਤ ਦਰਜ ਕਰ ਕੇ ਉਸ ਦਿਨ ਫਾਈਨਲ ਗੇੜ ਵਿਚ ਅੱਪੜੇ ਸਨ। ਉਹ ਮੈਚ ਅੱਜ ਤੱਕ ਚਰਚਾ ਦਾ ਵਿਸ਼ਾ ਇਸ ਲਈ ਵੀ ਹੈ ਕਿ ਸਭ ਤੋਂ ਕਦਾਵਰ ਜਰਮਨ ਖਿਡਾਰੀ ਫਰਾਂਜ ਬੈਕਨਬਾਵਰ ਮੋਢੇ ਦੀ ਗੰਭੀਰ ਸੱਟ ਦਾ ਸ਼ਿਕਾਰ ਸੀ ਅਤੇ ਲਗਾਤਾਰ ਪੀੜ ਕਾਰਨ ਲਟਕੀ ਹੋਈ ਬਾਂਹ ਨਾਲ ਖੇਡਣ ਲਈ ਮਜਬੂਰ ਹੋਣ ਦੇ ਬਾਵਜੂਦ ਉਸ ਨੇ ਮੈਦਾਨ ਛੱਡਿਆ ਨਹੀਂ ਸੀ। ਸਾਲ 1994 ਦੇ ਟੂਰਨਾਮੈਂਟ ਦੌਰਾਨ ਗੋਡੇ ਦੀ ਸੱਟ ਤੋਂ ਪੂਰੀ ਤਰ੍ਹਾਂ ਠੀਕ ਹੋਏ ਬਗੈਰ ਬੈਜੀਓ ਨੂੰ ਲਗਾਤਾਰ ਖੇਡਣਾ ਪਿਆ ਅਤੇ ਫਾਈਨਲ ਮੁਕਾਬਲੇ ਦੌਰਾਨ ਸੋਨ ਤਮਗੇ ਲਈ ਇਤਾਲਵੀ ਟੀਮ ਦੀ ਅਗਵਾਈ ਕਰਨ ਲਈ ਕਪਤਾਨ ਬਰੇਸੀ ਗੋਡੇ ਦੇ ਅਪਰੇਸ਼ਨ ਤੋਂ 25 ਦਿਨ ਬਾਅਦ 'ਠੀਕ' ਹੋ ਕੇ ਮੈਦਾਨ ਵਿਚ ਤਾਂ ਆ ਗਿਆ, ਪਰ ਉਸ ਨੇ ਮੈਚ ਪ੍ਰੈਕਟਿਸ ਪੂਰੀ ਤਰ੍ਹਾਂ ਛੱਡੀ ਰੱਖੀ ਸੀ। ਇਨ੍ਹਾਂ ਸਾਰੇ ਦਿਨਾਂ ਦੌਰਾਨ ਬਾਲ ਨੂੰ ਇਕ ਕਿੱਕ ਵੀ ਮੈਦਾਨ ਅੰਦਰ ਜਾ ਕੇ ਮਾਰੀ ਨਹੀਂ ਸੀ।









**ਰਾਬਰਟੋ ਬੈਜੀਓ (ਐਨ ਖੱਬੇ), ਪਾਅਲੋ ਰੋਸੀ (ਉਪਰ), ਫਰਾਂਕੋ ਬਰੇਸੀ (ਸੱਜੇ)।**

ਇਹ ਸਤਰਾਂ ਜਦੋਂ ਮੈਂ ਲਿਖ ਰਿਹਾ ਹਾਂ ਤਾਂ ਮੱਲੋਮੱਲੀ ਮੇਰੇ ਜ਼ਿਹਨ ਅੰਦਰ ਭਾਰਤੀ ਫੁੱਟਬਾਲ ਦੇ ਭਲੇ ਜ਼ਮਾਨਿਆਂ ਦੇ 'ਫਰਾਂਕ ਬਰੇਸੀ' ਭਾਵ, ਜਰਨੈਲ ਸਿੰਘ ਦੀ ਅਜਿਹੀ ਹੀ ਅਕੀਦਤ ਸਬੰਧੀ ਉਸ ਬਾਰੇ ਕਈ ਪੜ੍ਹੀਆਂ ਸੁਣੀਆਂ ਯਾਦਾਂ ਸਿਮਰਤੀ ਵਿਚ ਉਭਰ ਰਹੀਆਂ ਹਨ। ਮਸਲਨ, ਜਕਾਰਤਾ ਵਿਚ 1962 ਦੀਆਂ ਖੇਡਾਂ ਸਮੇਂ ਕੁਆਰਟਰ ਫਾਈਨਲ ਮੈਚ ਅੰਦਰ ਜਰਨੈਲ ਦਾ ਸਿਰ ਪਾਟ ਗਿਆ, ਛੇ ਟਾਂਕੇ ਲੱਗੇ ਹੋਏ ਸੀ, ਰੱਖਿਅਕ ਪੰਕਤੀ ਵਿਚ ਹੈੱਡਰ ਮਾਰਨ ਦੀ ਅਕਸਰ ਜ਼ਰੂਰਤ ਵੱਧ ਪੈਂਦੀ ਹੈ ਅਤੇ ਸਿਰ ਉਸ ਦਾ ਇਸ ਜ਼ਿੰਮੇਵਾਰੀ ਦੇ ਯੋਗ ਬਿਲਕੁਲ ਨਹੀਂ ਸੀ, ਪਰ ਉਸ ਨੂੰ ਟੀਮ ਵਿਚੋਂ ਬਾਹਰ ਰੱਖਣਾ ਵੀ ਮੁਮਕਿਨ ਨਹੀਂ ਸੀ। ਕੋਚ ਸਈਅਦ ਅਬਦੁਲ ਰਹੀਮ ਨੂੰ ਉਸ ਅਤੇ ਚੂੰਨੀ ਗੋਸਵਾਮੀ ਨਾਲ ਸਨੇਹ ਵੀ ਬੜਾ ਸੀ। ਉਹਨੇ ਕੀਤਾ ਇਹ ਕਿ ਬਾਬਿਆਂ ਨੂੰ ਸੈਂਟਰ ਹਾਫ ਵਜੋਂ ਮੱਧ ਪੰਕਤੀ ਅੰਦਰ ਚੂੰਨੀ ਦੇ ਨਾਲ ਹੀ ਮੈਦਾਨ ਵਿਚ ਉਤਾਰ ਦਿੱਤਾ। ਵੀਅਤਨਾਮ ਵਿਰੁਧ ਅਹਿਮ ਸੈਮੀ ਫਾਈਨਲ ਵਿਚ ਦੋਵਾਂ ਮਿੱਤਰਾਂ ਨੇ ਇਕ-ਇਕ ਗੋਲ ਕੀਤਾ। ਫਿਰ ਕੋਰੀਆ ਦੀ ਸ਼ਕਤੀਸ਼ਾਲੀ ਟੀਮ ਵਿਰੁਧ ਤਾਂ ਉਹਨੇ ਕਮਾਲ ਹੀ ਕਰ ਦਿੱਤੀ ਸੀ। ਮੈਚ ਦਾ ਇਕੋ ਇਕੋ ਗੋਲ, ਉਹ ਵੀ ਜ਼ਖ਼ਮੀ ਸਿਰ ਨਾਲ ਜ਼ੋਰਦਾਰ ਹੈੱਡਰ ਮਾਰ ਕੇ 'ਬਾਬੇ' ਜਰਨੈਲ ਵੱਲੋਂ ਹੀ ਦਾਗਿਆ ਗਿਆ ਸੀ। ਭਾਰਤ ਦਾ ਉਹ ਪਹਿਲਾ ਤੇ ਆਖ਼ਰੀ ਏਸ਼ੀਅਨ ਫੁੱਟਬਾਲ ਕੱਪ ਸੀ।

ਫਰਾਂਕੋ ਬਰੇਸੀ 1982 ਦੀ ਵਿਸ਼ਵ ਵਿਜੇਤਾ ਇਤਾਲਵੀ ਟੀਮ ਦਾ ਮੈਂਬਰ ਸੀ। ਉਮਰ ਉਸ ਦੀ ਹੁਣ 34 ਜਾਂ 35 ਵਰ੍ਹੇ ਹੋ ਗਈ ਹੈ। ਬੜੀ ਜਲਦੀ ਉਸ ਨੇ ਫੁੱਟਬਾਲ ਜਗਤ ਤੋਂ ਸੰਨਿਆਸ ਲੈ ਲੈਣਾ ਹੈ। ਇਤਾਲਵੀ ਟੀਮ ਦੀ ਹਮਲਾਵਰ ਪੰਕਤੀ ਦਾ ਕੇਂਦਰੀ ਖਿਡਾਰੀ ਬੈਜੀਓ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੈ। ਰਖਿਅਕ ਪੰਕਤੀ ਵਿਚ ਪਾਅਲੋ ਮਾਲਡੀਨੀ ਦਾ ਸਹਿਯੋਗੀ ਮੁਖ ਖਿਡਾਰੀ ਅਲੈਸਾਂਦਰੋ ਕੌਸਤਾਕੂਰਤਾ ਅਤੇ ਮਾਅਰੋ ਤਸੌਤੀ ਦੋਵੇਂ ਹੀ ਫਾਈਨਲ ਮੈਚ ਤੋਂ ਮੁਅੱਤਲ ਹਨ।

ਪਾਠਕ ਖੁਦ ਹੀ ਅੰਦਾਜ਼ਾ ਲਗਾਉਣ ਕਿ ਫਰਾਂਕੋ ਬਰੇਸੀ ਦਾ ਗੋਡਾ ਕਿੰਨਾ ਕੁ ਠੀਕ ਹੋਵੇਗਾ ਅਤੇ ਮਾਲਡੀਨੀ ਨਾਲ ਮੈਦਾਨ ਵਿਚ ਉਤਰਨ ਤੋਂ ਬਿਨਾਂ ਉਸ ਕੋਲ ਚਾਰਾ ਵੀ ਕੀ ਸੀ! ਫਿਰ ਫਾਈਨਲ ਵੱਲ ਬਰਾਜ਼ੀਲੀ ਟੀਮ ਦੀ ਮੁਹਿੰਮ ਦੀ ਗੱਲ ਤਾਂ ਅਜੇ ਅਸੀਂ ਕੀਤੀ ਹੀ ਨਹੀਂ। ਉਹ ਇਟਾਲੀਅਨ ਟੀਮ ਨਾਲੋਂ ਵੀ ਕਿਤੇ ਵੱਧ ਜੋਖਮ ਭਰੀ ਸੀ। ਖੈਰ, ਇਹ ਗੱਲ ਹੋਰ ਅਗਾਂਹ ਕਰਨ ਤੋਂ ਪਹਿਲਾਂ ਬਿਹਤਰ ਹੈ ਕਿ ਪਾਠਕ ਇਹ ਵੀ ਜਾਣ ਲੈਣ ਕਿ 1990 ਵਿਚ ਇਟਲੀ ਦੀ ਧਰਤੀ ਉਪਰ ਕਰਵਾਏ ਵਿਸ਼ਵ ਕੱਪ ਦੌਰਾਨ ਮੇਜ਼ਬਾਨ ਟੀਮ ਦਾ ਕਪਤਾਨ ਵੀ ਕੋਈ ਹੋਰ ਨਹੀਂ, ਬਲਕਿ ਫਰਾਂਕੋ ਬਰੇਸੀ ਹੀ ਸੀ। ਇਸ ਵਿਸ਼ਵ ਕੱਪ ਮੁਹਿੰਮ ਵਿਚ ਪਾਅਲੋ ਮਾਲਡੀਨੀ ਅਜੇ ਨਵਾਂ-ਨਵਾਂ ਹੀ ਆਇਆ ਸੀ। ਟੀਮ ਦਾ ਧੁਰਾ ਫਰਾਂਕੋ ਬਰੇਸੀ ਸੀ ਜਦੋਂ ਕਿ ਹਮਲਿਆ ਦਾ ਦਾਰੋਮਦਾਰ ਮੁਖ ਰੂਪ ਵਿਚ ਸਕੀਲਾਚੀ ਦੇ ਸਿਰ 'ਤੇ ਸੀ। ਸਕੀਲਾਚੀ ਨੇ ਆਸਟਰੀਆ ਵਿਰੁਧ ਸ਼ੁਰੂਆਤੀ ਮੈਚ ਤੋਂ ਲੈ ਕੇ ਮਾਰਾਡੋਨਾ ਦੀ ਅਗਵਾਈ ਹੇਠਲੀ ਅਰਜਨਟੀਨੀਅਨ ਟੀਮ ਵਿਰੁਧ ਸੈਮੀ ਫਾਈਨਲ ਮੁਕਾਬਲੇ ਸਮੇਤ ਲਗਪਗ ਹਰ ਮੈਚ ਅੰਦਰ ਹੀ ਫੈਸਲਾਕੁਨ ਗੋਲ ਵੀ ਦਾਗੇ। ਇਸ ਵਿਸ਼ਵ ਕੱਪ ਦੌਰਾਨ ਇਨ੍ਹਾਂ ਦੋਵਾਂ ਖਿਡਾਰੀਆਂ ਦੀ ਬਹੁਤ ਸ਼ਾਨਾਮੱਤੀ ਕਥਾ ਹੈ। ਮਸਲਨ, ਇਸ ਟੂਰਨਾਮੈਂਟ ਦੇ ਪਹਿਲੇ ਮੈਚ ਦੌਰਾਨ ਵਿਰੋਨੀ ਦੇ ਤੂਫਾਨੀ ਹਮਲਿਆਂ ਨੂੰ ਠਲ੍ਹਦਿਆਂ ਲੜਖੜਾ ਕੇ ਬੁਰੀ ਤਰ੍ਹਾਂ ਡਿੱਗ ਜਾਣ ਕਾਰਨ ਫਰਾਂਕੋ ਬਰੇਸੀ ਦੀ ਕੂਹਣੀ ਤੋਂ ਬਾਂਹ ਟੁੱਟ ਗਈ ਸੀ। ਉਹ ਡਿੱਗਿਆ, ਬਾਹਰ ਆਇਆ ਤੇ ਟੀਮ ਡਾਕਟਰ ਨੇ ਚੈੱਕ ਕਰਦਿਆਂ ਹੀ ਉਸ ਨੂੰ ਬੈਂਚ 'ਤੇ ਬਿਠਾਏ ਜਾਣ ਲਈ ਆਖ ਦਿੱਤਾ, ਪਰ ਕਪਤਾਨ ਨੇ ਡਾਕਟਰ ਨੂੰ 'ਅੱਖ ਮਾਰੀ', ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਜਦੇ ਹੀ ਗਰਾਊਂਡ ਵਿਚ ਪਰਤ ਆਇਆ। ਬਰੇਸੀ ਵੱਲੋਂ ਡਾਕਟਰ ਨੂੰ 'ਅੱਖ ਮਾਰ ਕੇ' ਚੁੱਪ ਕਰਵਾਉਣ ਦੀ ਗੱਲ ਲਾਲੀ ਬਾਬੇ ਦੇ ਉਸ ਕੱਪ ਬਾਰੇ ਗਾਹੇ-ਬਗਾਹੇ ਦਿੱਤੇ ਕਿਸੇ ਪ੍ਰਵਚਨ 'ਤੇ ਹੀ ਆਧਾਰਤ ਹੈ। ਇਹ ਕਹਿਣਾ ਤਾਂ ਬੜਾ ਮੁਸ਼ਕਿਲ ਹੈ ਕਿ ਉਨ੍ਹਾਂ ਕੋਲ ਕਿਹੜੀ ਦੂਰਬੀਨ ਸੀ ਜਿਸ ਨਾਲ ਉਨ੍ਹਾਂ ਨੇ ਬਰੇਸੀ ਦਾ ਉਹ ਸੰਕੇਤ ਪਕੜ ਲਿਆ ਹੋਣੈ, ਪਰ ਆਪਣੇ ਪ੍ਰਵਚਨ ਦੌਰਾਨ ਚਕ੍ਰਿਤ ਉਹ ਇਉਂ ਹੀ ਕਰਦੇ ਸਨ। ਮਸਲਨ, ਅਜੇ ਪਿਛਲੇ ਮਹੀਨੇ ਟੋਰਾਂਟੋ ਨੇੜੇ ਟਰਿੰਟਨ ਸ਼ਹਿਰ ਵਿਚ ਗੁਰਦੇਵ ਚੌਹਾਨ ਦੇ ਘਰ ਮਹਾਂ ਪੁਰਖਾਂ ਦੇ ਅਜੀਜ਼ ਬਾਈ ਹਰਮੀਤ ਨੇ ਉਨ੍ਹਾਂ ਬਾਰੇ ਅਜਿਹੇ ਕਈ ਅਦਭੁੱਤ ਟੋਟਕੇ ਸੁਣਾਏ ਅਤੇ ਉਚੀ-ਉਚੀ ਹੱਸਦਿਆਂ ਉਹ ਨਾਲ ਹੀ ਦੱਸ ਰਿਹਾ ਸੀ ਕਿ ਉਨ੍ਹੀਂ ਦਿਨੀਂ 'ਵਿਕੀਪੀਡੀਆ' ਤਾਂ ਅਜੇ ਆਇਆ ਨਹੀਂ ਸੀ, ਉਨ੍ਹਾਂ ਦੀ ਜਾਣਕਾਰੀ ਦੇ ਸੋਮਿਆਂ ਦਾ ਕਦੀ ਕਿਸੇ ਨੂੰ ਪਤਾ ਨਾ ਲੱਗਿਆ ਅਤੇ ਖੁਦ ਉਨ੍ਹਾਂ ਕਦੀ ਦੱਸਿਆ ਵੀ ਨਹੀਂ ਸੀ, ਪਰ ਕਰਦੇ ਉਹ ਇਉਂ ਹੀ ਸਨ ਅਤੇ ਗੁਰਦੇਵ ਚੌਹਾਨ ਜੋ ਖੁਦ ਪੂਰੇ 10-12 ਵਰ੍ਹੇ ਬਾਬੇ ਦੇ ਪੂਰਨ ਜਲੌਅ ਦੇ ਸਮਿਆਂ ਦੌਰਾਨ ਉਨ੍ਹਾਂ ਦੀ ਸੰਗਤ ਵਿਚ ਰਹੇ, ਹਰਮੀਤ ਦੇ ਪ੍ਰਗਟਾਵੇ ਦੀ ਭਰਪੂਰ ਤਾਈਦ ਕਰ ਰਹੇ ਸਨ।

ਸੋ, ਇਹ ਸੀ ਕਪਤਾਨ ਬਰੇਸੀ, ਸਾਡੇ ਲਾਲੀ ਬਾਬੇ ਦਾ ਨਾਇਕ ਜੋ 30 ਜੂਨ 1994 ਦੀ ਸਵੇਰ ਨੂੰ ਕੈਲੀਫੋਰਨੀਆ ਦੇ ਪਾਸੇਡੇਨਾ ਸ਼ਹਿਰ ਦੇ ਵਿਸ਼ਾਲ ਰੋਜ਼ ਬਾਉਲ ਸਨੇਹੀਆਂ ਅੰਦਰ ਬਰਾਜ਼ੀਲੀਅਨ ਟੀਮ ਵਿਰੁਧ ਆਪਣੇ ਲੰਮੇ ਕੈਰੀਅਰ ਦਾ ਆਖ਼ਰੀ ਅਹਿਮ ਮੈਚ ਖੇਡਣ ਲਈ ਅਤੇ ਦੁਨੀਆ ਭਰ ਵਿਚ ਇਤਾਵਲੀ ਟੀਮ ਦੇ ਕਰੋੜਾਂ ਪ੍ਰਸ਼ੰਸਕਾਂ ਨੂੰ ਬਾਗੋ-ਬਾਗ ਕਰਨ ਲਈ ਮੈਦਾਨ ਦੇ ਅੰਦਰ ਆਇਆ। ਮੈਚ ਉਹ 120 ਮਿੰਟਾਂ ਤੋਂ ਵੀ ਵੱਧ ਸਮੇਂ ਤੱਕ ਚੱਲਿਆ। ਬਰਾਜ਼ੀਲੀਅਨ ਗੋਲਾਂ ਵਿਚ ਤਿਫਰੇਓ ਦੇ ਰੂਪ ਵਿਚ ਬੜਾ ਹੀ ਨਿਗਰ ਕੀਪਰ ਸੀ। ਰੱਖਿਅਕ ਪੰਕਤੀ ਵੀ ਉਨ੍ਹਾਂ ਦੀ ਠੀਕ ਸੀ। ਮੱਧ ਪੰਕਤੀ ਵਿਚ ਕਪਤਾਨ ਡੂੰਗਾ, ਬਰਾਂਕੋ, ਸਿਲਵਾ ਤੇ ਜਿਨਹੋ ਪੂਰੇ ਹਾਤਮ ਸਨ ਅਤੇ ਹਮਲਾਵਰ ਪੰਕਤੀ 'ਚ ਰੋਮਾਰੀਓ ਤੇ ਬੀਬੀਟੋ ਵਾਰ ਵਾਰ ਭੁੱਖੇ ਬਾਘਾਂ ਵਾਂਗ ਇਤਾਲਵੀ ਗੋਲਾਂ ਵੱਲ ਵਧ ਰਹੇ ਸਨ।

ਦੂਸਰੇ ਪਾਸੇ ਇਤਾਵਲੀ ਟੀਮ ਦਾ 'ਜਰਨੈਲ' ਰਾਬਰਟ ਬੈਜੀਓ ਥੱਕ ਕੇ ਚੂਰ ਹੋਇਆ ਪਿਆ ਸੀ, ਉਸ ਦੀ ਇਕ ਲੱਤ ਪੂਰੀ ਤਰ੍ਹਾਂ ਸਾਥ ਨਹੀਂ ਦਿੰਦੀ ਸੀ, ਪਰ ਕਪਤਾਨ ਦੀ ਪ੍ਰੇਰਨਾ ਸਦਕਾ ਆਪਣੇ ਵੱਲੋਂ ਪੂਰੀ ਵਾਹ ਉਹ ਲਗਾ ਰਿਹਾ ਸੀ। ਇਸੇ ਦੌਰਾਨ ਖੁਦ ਬਰੇਸੀ ਨੇ ਰੋਮਾਰੀਓ ਅਤੇ ਬੀਬੀਟੋ ਦੇ ਸਾਹਮਣੇ ਕੰਧ ਖੜ੍ਹੀ ਕੀਤੀ ਹੋਈ ਸੀ। ਅੱਧ ਸਮੇਂ ਦੀ ਖੇਡ ਦੇ ਖਾਤਮੇ ਤੋਂ ਥੋੜ੍ਹਾ ਪਹਿਲਾਂ ਰੋਮਾਰੀਓ ਨੇ ਬੀਬੀਟੋ ਵੱਲ ਬਹੁਤ ਹੀ ਸਟੀਕ ਪਾਸ ਸੁੱਟਿਆ, ਬਰੇਸੀ ਦੂਰ ਸੀ, ਪਰ ਪਾਅਲੋ ਮਾਲਡੀਨੀ ਦੀਆਂ ਤੇਜ਼ ਨਿਗਾਹਾਂ ਨੇ ਅਗਾਊਂ ਹੀ ਉਸ ਦੀ ਚਾਲ ਤਾੜਦਿਆਂ ਬੜੇ ਹੀ ਕਸੂਤੇ ਕੋਣ ਤੋਂ ਗੋਲ ਵੱਲ ਤੇਜ਼ੀ ਨਾਲ ਚੱਲੀ ਆ ਰਹੀ ਬਾਲ ਨੂੰ ਬੜੇ ਅਰਾਮ ਨਾਲ ਹੀ ਪਾਸੇ ਕੱਢ ਕੇ ਖਤਰਾ ਟਾਲ ਦਿੱਤਾ।

ਪਹਿਲੇ ਅੱਧ ਦੇ ਵਕਫੇ ਪਿਛੋਂ ਵਾਪਸ ਗਰਾਊਂਡ ਵਿਚ ਪਰਤਣ ਤੋਂ 15-20 ਮਿੰਟ ਬਾਅਦ ਮਾਰਸੀਓ ਸੰਤੋਸ ਨੇ ਰੋਮਾਰੀਓ ਅਤੇ ਬੀਬੀਟੋ ਦੀ ਹਰ ਚਾਲ 'ਤੇ ਨਿਰੰਤਰ ਨਿਗਾਹਾਂ ਜਮਾਈ ਖੜ੍ਹੇ ਬਰੇਸੀ ਨੂੰ ਚਕਮਾ ਦੇਣ ਲਈ ਬਾਲ ਉਨ੍ਹਾਂ ਵੱਲ ਸੁੱਟਣ ਦੀ ਬਜਾਏ ਖੁਦ ਹੀ ਮੌਕਾ ਲੈਣ ਦੀ ਕੋਸ਼ਿਸ਼ ਕੀਤੀ। ਉਹਨੇ ਇਤਾਲਵੀ ਗੋਲ ਪੋਸਟ ਤੋਂ 30-35 ਗਜ਼ ਦੀ ਦੂਰੀ 'ਤੇ ਮਿਲੇ ਬਾਲ ਨੂੰ ਖਾਹ ਮਖਾਹ ਡ੍ਰਿਬਲ ਕਰਨ ਦੀ ਬਜਾਏ ਸਿੱਧੀ ਹੀ ਰਾਕਟ ਨੁਮਾ ਕਿੱਕ ਦਾਗ ਦਿੱਤੀ। ਗੋਲਕੀਪਰ ਜਾਂ ਲੂਕਾ ਪਾਲੀਊਕਾ ਨੇ ਉਹ ਕਿੱਕ ਰੋਕ ਤਾਂ ਲਈ, ਪਰ ਵੇਗ ਇੰਨੀ ਜ਼ਿਆਦਾ ਸੀ ਕਿ ਬਾਲ ਉਸ ਦੇ ਹੱਥਾਂ ਵਿਚੋਂ ਨਿਕਲ ਗਈ। ਚੰਗੀ ਕਿਸਮਤ ਨੂੰ ਬਾਲ ਸਾਹਮਣੇ ਖਿਡਾਰੀਆਂ ਦੇ ਜਮਘਟੇ ਵਿਚ ਨਾ ਡਿੱਗੀ ਅਤੇ ਗੋਲ ਪੋਸਟ ਦੇ ਲਾਗੋਂ ਦੀ ਪਾਸੇ ਨਿਕਲ ਗਈ। ਜਾਂ ਲੂਕਾ ਪਾਲੀਊਕਾ ਨੇ ਸੁੱਖ ਦਾ ਸਾਹ ਲਿਆ ਅਤੇ ਦਰਸ਼ਕਾਂ ਨੂੰ ਉਹ ਆਪਣੀ ਗੋਲ ਪੋਸਟ ਚੁੰਮਦਾ ਨਜ਼ਰ ਆਇਆ। ਜਲਦੀ ਹੀ ਬਾਅਦ 90+3 ਮਿੰਟਾਂ ਦੀ ਖੇਡ ਖਤਮ ਹੋ ਗਈ। ਬਰਾਜ਼ੀਲੀਅਨ ਕੋਚ ਨੇ ਰੱਖਿਅਕ ਪੰਕਤੀ ਵਿਚ ਜੋਰਜ਼ਿਨਹੋ ਦੀ ਜਗ੍ਹਾ ਕੈਫੂ ਨੂੰ ਮੈਦਾਨ ਵਿਚ ਉਤਾਰਿਆ। ਤਾਜ਼ਾ ਦਮ ਕੈਫੂ ਨੇ ਵਾਧੂ ਸਮੇਂ ਦੇ ਮਹਿਜ਼ ਤੀਸਰੇ ਜਾਂ ਚੌਥੇ ਮਿੰਟ ਬੜਾ ਹੀ ਸਟੀਕ ਪਾਸ ਇਤਾਲਵੀ ਗੋਲਾਂ ਮੂਹਰੇ ਬੀਬੀਟੋ ਵੱਲ ਸੁੱਟਿਆ। ਗੋਲ ਕੀਪਰ ਤਿਫਰੇਓ ਪਹਿਲੀ ਵਾਰੀ ਪੂਰੀ ਤਰ੍ਹਾਂ ਬੀਟ ਹੋ ਗਿਆ ਸੀ, ਪਰ ਬੀਬੀਟੋ ਬਾਲ ਗੋਲਾਂ ਅੰਦਰ ਸੁੱਟਣ ਵਿਚ ਮਾਰ ਖਾ ਗਿਆ।


ਡਰਾਮੇ ਦੇ ਸਿਖਰ 'ਤੇ ਕਹਾਣੀ ਪੈਨਲਟੀ ਕਿੱਕਾਂ 'ਤੇ ਆ ਗਈ ਅਤੇ ਸਾਡੇ ਪਾਠਕ ਹੁਣ ਅਗਲੇ ਤਮਾਸ਼ੇ ਦੇ ਹੋਰ ਵੀ ਚਕ੍ਰਿਤ ਕਰਨ ਵਾਲੇ ਰੰਗ ਜ਼ਰਾ ਵੇਖਣ। ਲਿਓਨਲ ਮੈਸੀ ਦੇ ਹਾਰ ਹੀ ਬੇਹੱਦ ਤਣਾਓ ਭਰੀ ਸਥਿਤੀ ਵਿਚ ਏਵਾਨੀ ਜਾਂ ਐਪੋਲੀਨੀ ਵਰਗੇ ਤਾਜ਼ਾ ਦਮ ਖਿਡਾਰੀਆਂ ਵਿਚੋਂ ਕਿਸੇ ਨੂੰ ਕਹਿਣ ਦੀ ਬਜਾਏ ਕਪਤਾਨ ਬਰੇਸੀ ਬੇਹੱਦ ਮਾਣਮੱਤੇ ਅੰਦਾਜ਼ ਵਿਚ ਪਹਿਲੀ ਪੈਨਲਟੀ ਲੈਣ ਲਈ ਖੁਦ ਅੱਗੇ ਆਇਆ ਅਤੇ ਐਨ ਮੈਸੀ ਵਾਂਗ ਹੀ ਬਾਰ ਉਪਰੋਂ ਦੀ ਕਿੱਕ ਮਾਰ ਗਿਆ। ਇਤਾਲਵੀ ਖੇਮੇ ਵਿਚ ਸੰਨਾਟਾ ਛਾ ਗਿਆ। ਲਾਲੀ ਬਾਬੇ ਦੇ ਦੱਸਣ ਅਨੁਸਾਰ, ਉਨ੍ਹਾਂ ਦੇ ਮੂੰਹੋਂ ਆਪ ਮੁਹਾਰੇ ਹੀ 'ਹਾਏ ਓਏ ਰੱਬਾ!' ਨਿਕਲ ਗਿਆ। ਉਹ ਟੈਲੀਵਿਜ਼ਨ ਮੂਹਰਿਓਂ ਜਦੇ ਹੀ ਉਠੇ ਅਤੇ ਬਾਹਰ ਨਿਕਲ ਗਏ। ਫੁੱਟਬਾਲ ਦੀ ਖੇਡ ਸੁੰਦਰ ਸੀ, ਆਕਰਸ਼ਕ ਸੀ, ਮਨਮੋਹਕ ਬੜੀ ਸੀ, ਪਰ ਇਹ ਭਾਣਾ ਕੀ ਵਾਪਰਿਆ? ਸੁਕਰਾਤ ਅਤੇ ਸੇਨੇਕਾ ਦੇ ਲਾਲੀ ਬਾਬੇ ਵਰਗੇ ਪੈਰੋਕਾਰ ਦਾ ਮਨ ਭਰ ਕਿਉਂ ਆਇਆ? ਉਸ ਦਰਵੇਸ਼ ਨੂੰ ਰੋਮਾਰੀਓ ਅਤੇ ਬੀਬੀਟੋ ਵਰਗੇ ਫੁੱਟਬਾਲ ਖੇਡ ਦੇ ਮਹਾਨ ਕਲਾਕਾਰ ਉਨ੍ਹਾਂ ਪਲਾਂ ਦੌਰਾਨ ਖਲਨਾਇਕ ਕਿਉਂ ਲੱਗਣ ਲੱਗ ਗਏ? ਪਰ ਇਉਂ ਹੋਇਆ ਅਤੇ ਸਾਡੇ ਸਾਹਵੇਂ ਸਵਾਲ ਇਹ ਹੈ ਕਿ ਇਸ ਤਰ੍ਹਾਂ ਕਿਉਂ ਹੋਇਆ? ਸਾਲ 1980 ਦੇ ਫਾਈਨਲ ਮੈਚ ਵਿਚ ਅਲਸਾਈਡੀਜ਼ ਕੀਗੀਆ ਅਤੇ ਉਸ ਦੇ ਸਾਥੀ ਬਿਹਤਰ ਖੇਡ ਕੇ ਜਿੱਤੇ ਸਨ। ਬਰਾਜ਼ੀਲ ਤੋਂ ਉਹ ਕਮਜ਼ੋਰ ਨਹੀਂ ਸਨ। ਕੀ ਉਨ੍ਹਾਂ ਨੇ 1950 ਦੇ ਉਸੇ ਕੱਪ ਦੇ ਮੁਢਲੇ ਮੈਚ ਦੌਰਾਨ ਬੋਲੀਵੀਆ ਨੂੰ ਸਿਫਰ ਦੇ ਮੁਕਾਬਲੇ 8-0 ਨਾਲ ਹਰਾਇਆ ਹੋਇਆ ਨਹੀਂ ਸੀ। ਫੁੱਟਬਾਲ ਦੀ ਖੇਡ ਜੇ ਏਨੀ ਹੀ ਸਬਲਾਈਮ ਹੈ ਤਾਂ ਫਿਰ ਅਗਲੀ ਕਰੀਬ ਅੱਧੀ ਸਦੀ ਤੱਕ ਉਸ ਮੈਚ ਨੂੰ ਚੇਤੇ ਕਰਦਿਆਂ ਪੇਲੇ ਸਮੇਤ ਬਰਾਜ਼ੀਲ ਦੇ ਲੋਕਾਂ ਨੂੰ ਡਰਾਉਣੇ ਸੁਪਨੇ ਕਿਉਂ ਆਉਂਦੇ ਰਹੇ!

ਹੁਣ ਅੱਗੇ ਸੁਣੋ ਕੀ ਹੋਇਆ... ਕਪਤਾਨ ਫਰਾਂਕੋ ਬਰੇਸੀ ਤੋਂ ਬਾਅਦ ਬਰਾਜ਼ੀਲ ਵੱਲੋਂ ਮਾਰਸੀਓ ਸੰਤੋਸ ਪਹਿਲੀ ਕਿੱਕ ਲੈਣ ਲਈ ਅੱਗੇ ਆਇਆ ਅਤੇ ਉਹ ਵੀ ਸਫਲ ਨਾ ਹੋਇਆ। ਲਾਲੀ ਬਾਬੇ ਨੂੰ ਜਿੰਨੀ ਪ੍ਰੇਸ਼ਾਨੀ ਕਪਤਾਨ ਬਰੇਸੀ ਦੀ ਅਸਫਲਤਾ 'ਤੇ ਹੋਈ, ਉਨ੍ਹਾਂ ਦੇ ਉਲਟ ਸਾਨੂੰ ਉਸ ਪਲ ਉਨੀ ਹੀ ਜ਼ਿਆਦਾ ਖੁਸ਼ੀ ਹੋਈ। ਸਾਡੇ ਸਿਰਾਂ 'ਤੇ ਸੌ ਘੜੇ ਪਾਣੀ ਸੰਤੋਸ ਦੀ ਅਸਫਲਤਾ

***(ਬਾਕੀ ਅਗਲੇ ਸਫੇ 'ਤੇ)***

# ਦੱਖਣ ਦੀ ਸੈਰ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਖੱਬਾ-ਸੱਜਾ ਵਾਲੇ ਲੇਖ ਵਿਚ ਅਸੀਂ ਜਾਣਿਆ ਸੀ ਕਿ ਕੁਝ ਇਕ ਭਾਸ਼ਾਵਾਂ ਵਿਚ ਹੱਥ ਦੇ ਪਾਸੇ ਦਰਸਾਉਣ ਲਈ ਦਿਸ਼ਾਵਾਂ ਦੇ ਹਵਾਲੇ ਦੀ ਲੋੜ ਪੈਂਦੀ ਹੈ। ਮਜ਼ੇ ਦੀ ਗੱਲ ਹੈ ਕਿ ਇਸ ਤੋਂ ਉਲਟ ਗੱਲ ਵੀ ਸਹੀ ਹੈ। ਸਕੂਲਾਂ ਵਿਚ ਆਮ ਹੀ ਸਿਖਾਇਆ ਜਾਂਦਾ ਹੈ ਕਿ ਜੇ ਸੂਰਜ ਚੜ੍ਹਨ ਵਾਲੀ ਦਿਸ਼ਾ ਵੱਲ ਖੜ੍ਹੇ ਹੋ ਕੇ ਖੱਬੇ-ਸੱਜੇ ਹੱਥ ਫੈਲਾਏ ਜਾਣ ਤਾਂ ਖੱਬੇ ਹੱਥ ਵਾਲੀ ਦਿਸ਼ਾ ਉਤਰ, ਸੱਜੇ ਹੱਥ ਵਾਲੀ ਦਿਸ਼ਾ ਦੱਖਣ, ਸੂਰਜ ਵਾਲੀ ਦਿਸ਼ਾ ਪੂਰਬ ਅਤੇ ਪਿੱਠ ਵਾਲੀ ਦਿਸ਼ਾ ਪੱਛਮ ਕਹਾਉਂਦੀ ਹੈ। ਦਿਸ਼ਾਵਾਂ ਦੇ ਅਜਿਹੇ ਨਾਮਕਰਣ ਵਿਚ ਕੁਝ ਹੱਦ ਤੱਕ ਹੱਥ ਦੇ ਪਾਸੇ ਦਾ ਦਖਲ ਹੈ। ਮਿਸਾਲ ਵਜੋਂ ਸੱਜੇ ਹੱਥ ਵਾਲੀ ਦਿਸ਼ਾ ਨੂੰ ਦੱਖਣ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਹੱਥ ਦੇ ਸੱਜੇ ਪਾਸੇ ਦਾ ਯੋਗਦਾਨ ਹੈ, ਭਲਾ ਕਿਵੇਂ?

ਸੱਜੇ ਹੱਥ ਵਾਲੀ ਦਿਸ਼ਾ ਨੂੰ ਦੱਖਣੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਸਵੇਰੇ ਸਵੇਰੇ 'ਸੂਰਜ ਨਮਸਕਾਰ' ਵੇਲੇ ਇਹ ਦਿਸ਼ਾ ਦਾਇਨੇ (ਸੱਜੇ) ਹੱਥ ਵੱਲ ਹੁੰਦੀ ਹੈ ਅਤੇ ਦਾਹਿਨਾ ਸ਼ਬਦ ਸੰਸਕ੍ਰਿਤ ਦਕਸ਼ਿਨ ਦਾ ਵਿਕਸਿਤ ਰੂਪ ਹੈ: ਦਕਸ਼ਿਨ>ਦੱਖਿਨ> ਦਹਿਨ>ਦਹਿਨਾ। ਅਗਨੀਪੂਜ ਆਰੀਆ ਲੋਕ ਸੂਰਜ ਵੱਲ ਮੂੰਹ ਕਰਕੇ ਹੀ ਹਵਨ ਆਦਿ ਕਰਦੇ ਸਨ। ਸੱਜੇ ਹੱਥ ਲਈ ਦਾਹਿਨਾ ਸ਼ਬਦ ਅੱਜ ਕਲ੍ਹ ਪੰਜਾਬੀ ਵਿਚ ਕਿਧਰੇ ਕਿਧਰੇ ਹੀ ਚਲਦਾ ਹੈ, ਪਹਿਲਾਂ ਜ਼ਰੂਰ ਖੂਬ ਚਲਦਾ ਰਿਹਾ ਹੋਵੇਗਾ। ਭਗਤ ਕਬੀਰ ਨੇ ਇਹ ਸ਼ਬਦ ਇਸ ਤਰ੍ਹਾਂ ਵਰਤਿਆ ਹੈ, 'ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ॥' ਅਰਥਾਤ ਖੱਬੇ-ਸੱਜੇ ਦੇ ਵਿਕਾਰਾਂ ਨੂੰ ਛੱਡ, ਪ੍ਰਭੂ ਦਾ ਨਿਸ਼ਾਨਾ ਪੱਕਾ ਕਰ। ਹੋਰ ਦੇਖੋ, 'ਬਾਜਿਕ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥' (ਭੱਟ ਬਾਣੀ, ਸਵੱਈਏ)

ਦੱਖਣ, ਦੱਖਣੀ ਸ਼ਬਦਾਂ ਬਾਰੇ ਹੋਰ ਚਰਚਾ ਤੋਂ ਪਹਿਲਾਂ ਇਸ ਦੇ ਦਾਹਿਨੇ ਪੱਖ ਨਾਲ ਨਿਪਟ ਲਈਏ। ਸੰਸਕ੍ਰਿਤ ਵਿਚ ਦਕਸ਼ਿਨ ਸ਼ਬਦ ਦਾ ਅਰਥ ਸੱਜਾ ਪਾਸਾ ਜਾਂ ਸੱਜਾ ਹੱਥ ਹੈ। ਰੱਥ ਦੇ ਸੱਜੇ ਹੱਥ ਵਾਲੇ ਘੋੜੇ ਨੂੰ ਦਕਸ਼ਿਨ ਕਿਹਾ ਜਾਂਦਾ ਸੀ। ਕਿਸੇ ਨੂੰ ਸਨਮਾਨ ਦੇਣ ਲਈ ਉਸ ਨੂੰ ਆਪਣੇ ਸੱਜੇ ਹੱਥ ਰੱਖਿਆ ਜਾਂਦਾ ਸੀ। ਸੱਜਾ ਹੱਥ ਸ਼ਕਤੀਵਰ ਹੁੰਦਾ ਹੈ, ਇਸ ਲਈ ਉਚੇ ਗੁਣਾਂ ਲਈ ਦਕਸ਼ਿਣ ਸ਼ਬਦ ਦੀ ਵਰਤੋਂ ਹੁੰਦੀ ਹੈ। ਇਸ ਸ਼ਬਦ ਦੇ ਅਜਿਹੇ ਅਰਥ ਹਨ-ਸਿੱਧਾ, ਖਰਾ, ਸਾਫਗੋ, ਸੁਹਿਰਦ, ਈਮਾਨਦਾਰ, ਸੁਖਾਵਾਂ ਆਦਿ। ਇਸ ਦੇ ਹੋਰ ਅਰਥ ਹਨ-ਵਧੇਰੇ ਦੁੱਧ ਦੇਣ ਵਾਲੀ ਗਾਂ, ਨਾਇਕ/ਨਾਇਕਾ ਭੇਦ ਅਨੁਸਾਰ ਉਹ ਨਾਇਕ ਜਿਸ ਦਾ ਸਭ ਨਾਇਕਾਵਾਂ ਨਾਲ ਸਮਾਨ ਪਿਆਰ ਹੋਵੇ। ਦਕਸ਼ਿਣ ਸ਼ਬਦ ਬਣਿਆ ਹੈ, 'ਦਕਸ਼' ਧਾਤੂ ਤੋਂ ਜਿਸ ਵਿਚ ਵਧਣ ਫੁੱਲਣ, ਤਕੜਾ ਕਰਨ, ਯੋਗ ਹੋਣ, ਫੁਰਤੀ ਕਰਨ ਦਾ ਭਾਵ ਹੈ। ਇਸੇ ਨਾਲ ਜੁੜਦੇ ਦਕਸ਼ ਸ਼ਬਦ ਦਾ ਅਰਥ ਹੈ-ਯੋਗ, ਢੁਕਵਾਂ, ਨਿਪੁੰਨ, ਮਾਹਿਰ; ਬਲਵਾਨ ਆਦਿ। ਦਕਸ਼ ਭਾਵਵਾਚਕ ਅਰਥਾਂ ਯਾਨਿ ਕੁਸ਼ਲਤਾ, ਯੋਗਤਾ, ਮੁਹਾਰਤ, ਬਲ, ਪ੍ਰਤਿਭਾ ਆਦਿ ਲਈ ਵੀ ਵਰਤਿਆ ਜਾਂਦਾ ਹੈ। ਦਕਸ਼ਤਾ ਦੇ ਵੀ ਇਹੀ ਅਰਥ ਹਨ।

ਪੰਜਾਬੀ ਵਿਚ ਕਿਧਰੇ ਕਿਧਰੇ ਦਕਸ਼ ਸ਼ਬਦ ਦੱਖ ਰੁਪਾਂਤਰ ਵਿਚ ਮਿਲਦਾ ਹੈ। ਆਮ ਤੌਰ 'ਤੇ ਦੱਖ ਸ਼ਬਦ ਸੁਨੱਖੇਪਣ, ਸੁਹਣੀ ਸੂਰਤ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪਿਛੇ ਅਸੀਂ ਦੇਖਿਆ ਹੈ ਕਿ ਦਕਸ਼ ਸ਼ਬਦ ਦਾ ਇਕ ਅਰਥ ਸੁਖਾਵਾਂਪਣ ਵੀ ਹੈ। ਪਰ ਇਸ ਨਾਲ ਮਿਲਦਾ-ਜੁਲਦਾ ਇਕ ਹੋਰ ਸ਼ਬਦ ਦਿਖ ਹੈ, ਜਿਸ ਦਾ ਸਬੰਧ ਦਿਖਣ (ਦਿਸਣ) ਨਾਲ ਹੈ।

ਸੰਸਕ੍ਰਿਤ ਵਿਚ ਦਕਸ਼ ਸ਼ਬਦ ਨਾਲ ਜੁੜ ਕੇ ਬਹੁਤ ਸਾਰੇ ਸੰਯੁਕਤ ਸ਼ਬਦ ਬਣੇ ਹਨ ਜਿਵੇਂ ਦਕਸ਼ ਪਰਜਾਪਤੀ, ਜੋ ਬ੍ਰਹਮਾ ਦੇ ਸੱਜੇ ਅੰਗੂਠੇ ਤੋਂ ਪੈਦਾ ਹੋਇਆ ਦੱਸਿਆ ਜਾਂਦਾ ਹੈ। ਇਸ ਦੀਆਂ ਚੌਵੀ ਧੀਆਂ ਨੇ ਚੰਦਰਮਾ ਨਾਲ ਵਿਆਹ ਰਚਾਇਆ ਸੀ। ਇਸ ਨੂੰ ਦਕਸ਼ ਵੀ ਕਿਹਾ ਜਾਂਦਾ ਹੈ, ਬਚਿੱਤਰ ਨਾਟਕ ਵਿਚ ਇਸ ਨੂੰ ਦੱਛ ਕਿਹਾ ਗਿਆ ਹੈ, "ਦੱਛ ਪ੍ਰਜਾਪਤਿ ਜਿਨਹਿ ਉਪਾਏ।"

ਸੰਸਕ੍ਰਿਤ ਦਕਸ਼ਿਣਾ ਤੋਂ ਪੰਜਾਬੀ ਆਦਿ ਵਿਚ ਵਟਿਆ ਦੱਖਣਾ ਜਾਂ ਦੱਛਣਾ ਸ਼ਬਦ ਵਰਤਿਆ ਜਾਂਦਾ ਹੈ। ਇਹ ਉਹ ਨਕਦੀ ਜਾਂ ਭੇਟਾ ਹੈ (ਪਹਿਲਾਂ ਗਊ ਰੂਪ ਵਿਚ) ਜਿਹੜੀ ਪੁਰੋਹਤਾਂ ਨੂੰ ਭੋਜਨ ਖੁਆਉਣ ਪਿਛੋਂ ਜਾਂ ਕਿਸੇ ਸ਼ੁਭ ਕਰਮ ਪਿਛੋਂ ਸੱਜੇ ਹੱਥ ਨਾਲ ਦਿੱਤੀ ਜਾਂਦੀ ਹੈ। ਦੱਖਣਾ ਨਾ ਦੇਣ ਵਾਲਿਆਂ ਲਈ ਮਾੜੇ ਫਲ ਦੀ ਧਮਕੀ ਵੀ ਦਿੱਤੀ ਜਾਂਦੀ ਰਹੀ ਹੈ। ਬਾਅਦ ਵਿਚ ਵਿਦਿਆਰਥੀਆਂ ਵਲੋਂ ਵਿਦਿਆ ਸਮਾਪਤੀ ਪਿਛੋਂ ਸਨਮਾਨ ਵਜੋਂ ਗੁਰੂਆਂ ਨੂੰ ਦੱਛਣਾ ਦੇਣ ਦੀ ਪ੍ਰਥਾ ਚੱਲ ਪਈ ਜਿਸ ਨੂੰ ਗੁਰੂ-ਦੱਖਣਾ ਕਿਹਾ ਜਾਣ ਲੱਗਾ। ਗੁਰੂ ਅਮਰਦਾਸ ਪ੍ਰਭੂ ਨੂੰ ਜਜਮਾਨ ਕਲਪ ਕੇ ਉਨ੍ਹਾਂ ਪਾਸੋਂ ਨਾਮ ਦੀ ਦੱਛਣਾ ਮੰਗਦੇ ਹਨ, "ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥"

ਦਕਸ਼ਿਣ ਤੋਂ ਹੀ ਸੰਸਕ੍ਰਿਤ ਪ੍ਰਦਕਸ਼ਿਣਾ ਸ਼ਬਦ ਬਣਿਆ। ਦੇਵ ਪੂਜਾ ਸਮੇਂ ਦੇਵ ਮੂਰਤੀ ਨੂੰ ਦਾਹਿਨੀ ਤਰਫ ਕਰਕੇ ਉਸ ਦੇ ਚਾਰੇ ਤਰਫ ਪਰਿਕਰਮਾ ਕਰਨ ਨੂੰ ਪ੍ਰਦਕਸ਼ਿਣਾ ਕਿਹਾ ਜਾਂਦਾ ਹੈ। ਇਸ ਦਾ ਪੰਜਾਬੀ ਰੂਪ ਪਰਦੱਖਣਾ ਹੈ। ਸਿੱਖ ਧਰਮ ਵਿਚ ਵੀ ਪਰਦੱਖਣਾ ਚਲਦੀ ਹੈ। ਅਨੰਦ ਕਾਰਜ ਸਮੇਂ ਵਿਆਹੁੰਦੜ ਜੋੜੇ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਫੇਰੇ ਲੈਂਦੇ ਹਨ।



ਕੁਝ ਧਾਰਮਿਕ ਸਥਾਨਾਂ ਵਿਚ ਪਰਿਕਰਮਾ ਕਰਨ ਵਾਲੇ ਮਾਰਗ ਨੂੰ ਵੀ ਪਰਦੱਖਣਾ ਕਿਹਾ ਜਾਂਦਾ ਹੈ। ਪੁਰਾਤਨ ਜਨਮ ਸਾਖੀ ਵਿਚ ਇਸ ਸ਼ਬਦ ਦੀ ਵਰਤੋਂ ਦੇਖੋ, "ਤਬਿ ਕਲਜੁਗ ਪਰਦੱਖਣਾ ਕੀਤੀ ਆਇ ਪੈਰੀ ਪਇਆ। ਆਖਿਓਸੁ: ਜੀ ਮੇਰੀ ਗਤਿ...।" ਸ਼ਿਵ ਕੁਮਾਰ ਨੇ ਇਹ ਸ਼ਬਦ ਕਈ ਵਾਰੀ ਵਰਤਿਆ ਹੈ,

ਰਾਤ ਦਿਨ ਲੈਂਦੇ ਰਹੇ  
ਤੇਰੇ ਮਹਿਲ ਦੀ ਪਰਦੱਖਣਾ।  
ਸ਼ਹਿਦ ਤੇਰੀ ਦੀਦ ਦਾ  
ਪਰ ਮੁੜ ਨਾ ਜੁੜਿਆ ਚੱਖਣਾ।

ਦਕਸ਼ਿਣ ਤੇ ਇਸ ਤੋਂ ਬਦਲ ਕੇ ਬਣਿਆ ਦੱਖਣ ਸ਼ਬਦ ਸੱਜਾ ਅਤੇ ਸੱਜੇ ਵਾਲੀ ਦਿਸ਼ਾ, ਦੋਨਾਂ ਭਾਵਾਂ ਦਾ ਸੂਚਕ ਹੈ। ਇਹ ਜੋੜ ਹੋਰ ਭਾਸ਼ਾਵਾਂ ਵਿਚ ਵੀ ਹੈ। ਮਿਸਾਲ ਵਜੋਂ ਅਰਬੀ ਅਤੇ ਇਸ ਤੋਂ ਫਾਰਸੀ ਵਿਚ ਆਏ ਸ਼ਬਦ 'ਜਨੂਬ' ਦੱਖਣ ਦਿਸ਼ਾ ਦੇ ਨਾਲ ਨਾਲ ਸੱਜੇ ਪਾਸਾ ਦਾ ਸੂਚਕ ਵੀ ਹੈ। ਦੱਖਣ, ਦੱਖਣ ਦੇਸ਼ ਜਾਂ ਦੱਖਣਾਧ ਦਾ ਅਰਥ ਦੱਖਣੀ ਦੇਸ਼ ਵੀ ਹੈ, ਭਾਰਤ ਦੇ ਪ੍ਰਸੰਗ ਵਿਚ ਵਿੰਧਿਆਚਲ ਤੋਂ ਪਾਰਲਾ ਇਲਾਕਾ, "ਦਖਨ ਦੇਸ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥" (ਭਗਤ ਕਬੀਰ)

'ਦਿੱਲੀ-ਦੱਖਣ' ਸ਼ਬਦ ਜੁੱਟ ਦਾ ਅਰਥ ਹੈ, ਦੂਰ ਦੂਰ ਦੇ ਇਲਾਕੇ: ਦਿੱਲੀ ਦੱਖਣ ਗਾਹਿਆ। ਫਾਰਸੀ ਵਿਚ ਦੱਖਣ ਸ਼ਬਦ ਦੱਕਨ ਰੂਪ ਵਿਚ ਗਿਆ ਕਿਉਂਕਿ ਇਸ ਭਾਸ਼ਾ ਵਿਚ 'ਖ' ਅਤੇ 'ਣ' ਧੁਨੀਆਂ ਨਹੀਂ ਹਨ। ਅੰਗਰੇਜ਼ੀ ਰਾਜ ਵੇਲੇ ਇਹ ਅੰਗਰੇਜ਼ੀ ਵਿਚ ਡੈਕਨ (Deccan) ਵਜੋਂ ਅਪਨਾਇਆ ਗਿਆ। ਅੰਗਰੇਜ਼ੀ ਵਿਚ ਇਸ ਸ਼ਬਦ ਦਾ ਅਰਥ ਦੱਖਣੀ ਪਠਾਰ ਵੀ ਹੈ। ਭਾਰਤ ਵਿਚ 'ਦੱਖਣਾਇਨ' 17 ਜੂਨ ਤੋਂ 22 ਦਸੰਬਰ ਤੱਕ ਦਾ ਉਹ ਅਰਸਾ ਹੁੰਦਾ ਹੈ, ਜਦ ਸੂਰਜ ਕਰਕ ਰੇਖਾ ਤੋਂ ਦੱਖਣ ਵੱਲ ਮਕਰ ਰੇਖਾ ਨੂੰ ਜਾਂਦਾ ਹੈ। ਇਸ ਤੋਂ ਉਲਟ ਉਤਰਾਇਣ ਹੈ। ਦੱਖਣੀ ਸ਼ਬਦ ਵਿਸ਼ੇਸ਼ਣ ਵਜੋਂ ਵੀ ਤੇ ਨਾਂਵ ਵਜੋਂ ਵੀ ਵਰਤਿਆ ਜਾਂਦਾ ਹੈ। ਜਿਵੇਂ ਵਿਸ਼ੇਸ਼ਣ ਵਜੋਂ ਦੱਖਣੀ ਹਵਾ, ਦੱਖਣੀ ਅਫਰੀਕਾ ਆਦਿ। ਦੱਖਣੀ ਭਾਰਤ ਵਿਸ਼ੇਸ਼ ਦੀ ਉਰਦੂ ਉਪਭਾਸ਼ਾ ਨੂੰ ਦੱਖਣੀ ਉਰਦੂ ਜਾਂ ਕੇਵਲ ਦੱਖਣੀ ਵੀ ਕਿਹਾ ਜਾਂਦਾ ਹੈ। ਇਸ ਵਿਚ ਦੱਖਣੀ ਭਾਸ਼ਾਵਾਂ ਕੰਨੜ, ਤੇਲਗੂ, ਤਾਮਿਲ ਆਦਿ ਦਾ ਪ੍ਰਭਾਵ ਹੈ। ਸ਼ਾਹ ਮੁਹੰਮਦ ਦੇ 'ਜੰਗਨਾਮਾ' ਵਿਚ ਦੱਖਣੀ ਸੈਨਿਕਾਂ ਲਈ ਇਹ ਸ਼ਬਦ ਵਰਤਿਆ ਗਿਆ ਹੈ,

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,  
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।  
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,  
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।  
ਨੰਦਨ ਟਾਪੂਆਂ ਵਿਚ ਕੁਰਲਾਟ ਹੋਇਆ,  
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।  
ਸ਼ਾਹ ਮੁਹੰਮਦਾ ਕਰਨੀ ਪੰਜਾਬ ਖਾਲੀ,  
ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

ਰਾਗਾਂ 'ਤੇ ਆਧਾਰਤ ਗੁਰਬਾਣੀ ਵਿਚ ਬਾਬੇ ਨਾਨਕ ਦੀ ਬਾਣੀ ਵਿਚ ਕੁਝ ਰਾਗਾਂ ਦੀਆਂ ਵਾਧੂ ਕਿਸਮਾਂ ਹਨ ਜਿਵੇਂ ਗਉੜੀ ਰਾਗ ਦੀ ਦੱਖਣੀ, ਵਡਹੰਸ ਦੀ ਦੱਖਣੀ, ਰਾਗ ਬਿਲਾਵਲ ਦੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ, ਰਾਮਕਲੀ ਦੱਖਣੀ-ਜਿਨ੍ਹਾਂ ਨੂੰ ਮਿਲਵੇਂ ਰਾਗ ਕਿਹਾ ਜਾਂਦਾ ਹੈ। ਇਥੇ ਦੱਖਣੀ ਸ਼ਬਦ ਦੇ ਅਸਲੀ ਸੰਕੇਤ ਬਾਰੇ ਵਿਵਾਦ ਹੈ। ਕਿਸੇ ਹੋਰ ਵੇਲੇ ਗੁਰਬਾਣੀ ਦੇ ਰਾਗਾਂ ਲਈ ਵਰਤੇ ਜਾਂਦੇ ਸ਼ਬਦਾਂ ਦੇ ਮੂਲ ਦਾ ਚਰਚਾ ਛੇੜਿਆ ਜਾਵੇਗਾ। ਕਈ ਵਾਰੀ ਮੁਲਤਾਨੀ ਪੰਜਾਬੀ ਵਿਚ 'ਦ' ਧੁਨੀ 'ਡ' ਵਿਚ ਵੱਟ ਜਾਂਦੀ ਹੈ, ਇਸ ਲਈ ਇਸ ਇਲਾਕੇ ਵਿਚ ਦੱਖਣ ਨੂੰ ਡੱਕਣ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਬੋਲੀ ਨੂੰ ਡੱਖਣਾ ਕਿਹਾ ਜਾਂਦਾ ਹੈ। ਡੱਖਣਾ ਭਾਸ਼ਾ ਵਿਚ ਰਚੀ ਜੋ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਨੂੰ 'ਡਖਣੇ' ਕਿਹਾ ਜਾਂਦਾ ਹੈ। ਇਸ ਦੀ ਮਿਸਾਲ ਹੈ, "ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ॥" (ਗੁਰੂ ਅਰਜਨ ਦੇਵ)

ਪੰਜਾਬੀ ਹੱਥ ਸ਼ਬਦ ਦਾ ਪਿਛੋਕੜ ਸੰਸਕ੍ਰਿਤ 'ਹਸਤ' ਹੈ ਤੇ ਅਵੇਸਤਾ ਰਾਹੀਂ ਇਸ ਦਾ ਫਾਰਸੀ ਸਜਾਤੀ ਸ਼ਬਦ ਹੈ 'ਦਸਤ', ਤੁਲਨਾ ਕਰੋ-ਹਸਤਾਖਰ ਅਤੇ ਦਸਤਖਤ ਸ਼ਬਦ। ਰਾਮ ਵਿਲਾਸ ਸ਼ਰਮਾ ਅਨੁਸਾਰ ਪੂਰਵ ਵੈਦਿਕ ਯੁਗ ਵਿਚ ਦੋਹਾਂ ਦਾ ਰੂਪ ਸੀ, ਧਸਤ। ਅਵੇਸਤਾ ਵਿਚ ਇਹ 'ਦਸਤ' ਬਣ ਗਿਆ ਤੇ ਸੰਸਕ੍ਰਿਤ ਵਿਚ 'ਹਸਤ।' ਇਸੇ ਪੁਰਾਤਨ ਸ਼ਬਦ ਤੋਂ 'ਦਕਸ਼' ਧਾਤੂ ਉਗਮੀ ਜਿਸ ਵਿਚ ਕੁਸ਼ਲਤਾ ਆਦਿ ਦੇ ਭਾਵ ਹਨ। ਉਸ ਜ਼ਮਾਨੇ ਵਿਚ ਕੋਈ ਵੀ ਕੁਸ਼ਲਤਾ ਹੱਥ ਦਾ ਕਮਾਲ ਹੀ ਹੁੰਦੀ ਸੀ। ਪੁਸ਼ਟੀ ਵਜੋਂ ਅੰਗਰੇਜ਼ੀ ਸ਼ਬਦ Handy ਦਾ ਅਰਥ ਵੀ ਕੁਸ਼ਲ ਹੁੰਦਾ ਹੈ। ਸੱਜਾ ਹੱਥ ਬਲਵਾਨ ਹੋਣ ਕਾਰਨ ਸਹਿਜੇ-ਸਹਿਜੇ ਇਹ ਕੁਸ਼ਲਤਾ ਸੱਜੇ ਹੱਥ ਨਾਲ ਜੁੜ ਗਈ ਤੇ ਸੱਜੇ ਪਾਸੇ ਦੀ ਅਰਥਾਵਾਂ ਵੀ ਬਣ ਗਈ।

ਭਾਸ਼ਾ ਵਿਗਿਆਨੀਆਂ ਨੇ ਇਕ ਭਾਰੋਪੀ 'ਡੇਕਸ' (Deks) ਮੂਲ ਦੀ ਕਲਪਨਾ ਕੀਤੀ ਹੈ, ਜਿਸ ਵਿਚ ਯੋਗ, ਕਾਬਲ, ਸਮਰੱਥ ਆਦਿ ਦੇ ਭਾਵ ਹਨ। ਅੰਗਰੇਜ਼ੀ ਵਿਚ ਲਾਤੀਨੀ ਵਲੋਂ ਇਕ ਸ਼ਬਦ ਆਇਆ ਹੈ, Dexter ਜਿਸ ਦਾ ਅਰਥ ਸੱਜਾ ਜਾਂ ਸੱਜੇ ਪਾਸੇ ਸਥਿਤ ਹੈ। ਇਸ ਸ਼ਬਦ ਦਾ ਇਕ ਅਪ੍ਰਚਲਿਤ ਅਰਥ ਸ਼ੁਭ, ਸਾਜ਼ਗਾਰ ਵੀ ਸੀ। ਇਸ ਤੋਂ ਬਣੇ ਵਿਸ਼ੇਸ਼ਣ Dexterous ਦਾ ਅਰਥ ਤਾਕ, ਨਿਪੁੰਨ, ਕੁਸ਼ਲ ਆਦਿ ਹੁੰਦਾ ਹੈ। Ambidextrous ਦਾ ਮਤਲਬ ਹੈ, ਜਿਸ ਦੇ ਦੋਵੇਂ ਹੱਥ ਚਲਦੇ ਹੋਣ, ਇਸ ਲਈ ਬੇਹੱਦ ਕੁਸ਼ਲ, ਪ੍ਰਵੀਨ।

ਅਸਲ ਵਿਚ Dextro ਇਕ ਅਗੇਤਰੀ ਘਟਕ ਵੀ ਬਣ ਗਿਆ ਹੈ, ਜਿਸ ਵਿਚ ਸੱਜੇ ਦਾ ਭਾਵ ਹੈ। ਇਸ ਤੋਂ ਅੱਗੇ ਹੋਰ ਕਿੰਨੇ ਸਾਰੇ ਸ਼ਬਦ ਬਣੇ ਹਨ ਜਿਵੇਂ Dextrorotatory, Dextrose ਆਦਿ। ਲਾਤੀਨੀ ਵਲੋਂ ਆਏ Destrier ਦਾ ਅਰਥ ਜੰਗੀ ਘੋੜਾ ਹੁੰਦਾ ਹੈ।

ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਸਜਾਤੀ ਸ਼ਬਦ ਮਿਲਦੇ ਹਨ ਜਿਵੇਂ ਅੰਬਰੀਅਨ ਡੈਸਟਰੇਮ, ਲਿਥੂਏਨੀਅਨ ਡੈਸੀਨ, ਕ੍ਰੋਸ਼ੀਅਨ ਡੇਸਨ, ਓਲਡ ਚਰਚ ਸਲੈਵਾਨਿਕ ਡੈਸਨੂ, ਰੂਸੀ ਡੈਸਨੀਕਾ, ਅਲਬੇਨੀਅਨ ਡੈਸਨੀਕ, ਪੁਰਾਣੀ ਗਰੀਕ ਡੈਕਸਿਓਸ। ਇਨ੍ਹਾਂ ਸ਼ਬਦਾਂ ਵਿਚ ਸੱਜਾ, ਦੱਖਣੀ ਦਿਸ਼ਾ, ਯੋਗ, ਉਚਿਤ ਦੇ ਭਾਵ ਹਨ।

# ਜਿੱਤ ਦੀ ਟੀਸੀ ਅਤੇ ਹਾਰ ਦੀਆਂ ਖਾਈਆਂ

*(ਪਿਛਲੇ ਸਫੇ ਦੀ ਬਾਕੀ)*

ਨੂੰ ਵੇਖਣ ਤੋਂ ਬਾਅਦ ਪਿਆ। ਬਰੇਸੀ ਤੋਂ ਬਾਅਦ ਇਟਲੀ ਵੱਲੋਂ ਦਮਤਰਓ ਅਲਬਰਟੀਨੀ ਤੇ ਏਵਾਨੀ ਨੇ ਅਤੇ ਬਰਾਜ਼ੀਲ ਦੀ ਤਰਫੋਂ ਰੋਮਾਰੀਓ ਤੇ ਬਰਾਂਕੋ ਨੇ ਆਪੋ ਆਪਣੀ ਵਾਰੀ 'ਤੇ ਬਾਲ ਗੋਲ ਪੋਸਟ ਵਿਚ ਸੁੱਟ ਦਿੱਤੀ।

ਚੌਥੀ ਪੈਨਲਟੀ ਲੈਣ ਲਈ ਇਟਲੀ ਦੀ ਤਰਫੋਂ ਮਸਾਰੋ ਅੱਗੇ ਆਇਆ ਅਤੇ ਉਹ ਅਸਫਲ ਹੋਇਆ। ਬਰਾਜ਼ੀਲ ਵੱਲੋਂ ਕਪਤਾਨ ਡੁੰਗਾ ਆਇਆ ਤੇ ਉਸ ਨੇ ਗੋਲ ਕਰ ਦਿੱਤਾ।

**ਤੇ ਹੁਣ ਡਰਾਮੇ ਦਾ ਸਿਖਰ:** ਲਾਲੀ ਬਾਬੇ ਵਾਲੀ ਧਿਰ ਲਈ ਦੁਖਾਂਤ ਦੀ ਇੰਤਹਾ ਜ਼ਰਾ ਵੇਖੋ। ਇਤਾਲਵੀ ਫੁੱਟਬਾਲ ਜਗਤ ਦੇ 'ਸੇਂਟ' ਰਾਬਰਟ ਬੈਜੀਓ ਦੀ ਅਜਿਹੇ ਮੌਕੇ, ਅਜਿਹੇ ਬੋਝ ਲਈ ਚੋਣ ਬਿਲਕੁਲ ਹੀ ਵਾਜਬ ਨਹੀਂ ਸੀ। ਪਾਅਲੋ ਮਾਲਡੀਨੀ, ਬਰਟੀ, ਡੌਨਾਡੋਨੀ, ਬੇਨਾਰੀਵੋ, ਕਿਸੇ ਨੂੰ ਵੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਸੀ, ਪਰ 'ਵਾਰਸ ਸ਼ਾਹ ਨਾ ਮਿਟੇ ਪੈਗੰਬਰਾਂ ਤੋਂ ਜੋ ਕੁਝ ਲਿਖਿਆ ਵਿਚ ਤਕਦੀਰ ਹੈ ਜੀ' ਵਾਲੀ ਕਹਾਣੀ ਹੀ ਸੀ। ਸੋ, ਬੈਜੀਓ ਆਇਆ ਅਤੇ ਗੇਮ ਦੇ ਕਿਸੇ ਵੀ 'ਚੱਕਰਵਿਊ' ਨੂੰ ਤੋੜਨ ਦੀ ਸਮਰੱਥਾ ਵਾਲਾ ਉਨ੍ਹਾਂ ਦਾ ਉਹ ਨਾਇਕ ਸਿਰੇ ਦੇ ਬੇਢੱਬੇ ਅੰਦਾਜ਼ ਵਿਚ ਕਿੱਕ ਮਾਰ ਗਿਆ।... ਅਸੀਂ ਖੁਸ਼ ਸਾਂ, ਇਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ। ਬਰਾਜ਼ੀਲ ਨੂੰ ਸੋਨ ਤਮਗਾ ਚੁੱਕਦਿਆਂ ਤੱਕਣ ਦੀ ਤਾਂਘ ਹਾਵੀ ਇੰਨੀ ਸੀ ਕਿ ਸਾਨੂੰ ਹੋਰ ਕੁਝ ਸੁਝ ਨਹੀਂ ਸੀ ਰਿਹਾ; ਨਜ਼ਰ ਆਉਂਦਾ ਹੀ ਨਹੀਂ ਸੀ। ਫਰਾਂਕੋ ਬਰੇਸੀ, ਮਾਲਡੀਨੀ ਜਾਂ ਪਾਅਲੋ ਰੋਸੀ ਦੀ ਉਨ੍ਹਾਂ ਪਲਾਂ 'ਚ ਕੌਣ ਪ੍ਰਵਾਹ ਕਰਦਾ ਸੀ!

ਸੋ, ਸਵਾਲ ਹੈ ਕਿ ਫੁੱਟਬਾਲ ਦੀ ਖੇਡ ਜੇ ਆਪਣੇ ਆਪ ਵਿਚ ਇੰਨੀ ਹੀ ਸੁੰਦਰ ਹੈ ਤਾਂ ਇਕ ਧਿਰ ਭਿਆਨਕ ਤਰਾਸ ਤੇ ਦੂਸਰੀ ਧਿਰ ਨੂੰ ਅੰਤਾਂ ਦੇ ਹੁਲਾਸ ਦਾ ਅਹਿਸਾਸ ਕਿਉਂ ਹੋ ਰਿਹਾ ਸੀ। ਇਹ ਦਰਅਸਲ ਧਿਰ ਬਣ ਜਾਣ ਦਾ ਮਸਲਾ ਹੈ।

**ਅੰਤਿਕਾ:** ਆਪਣੀ ਇਸ ਲਿਖਤ ਰਾਹੀਂ ਅਸੀਂ ਕੋਪਾ ਅਮਰੀਕਾ ਫੁੱਟਬਾਲ ਦੇ ਅਰਜਨਟਾਈਨਾ ਅਤੇ ਚਿੱਲੀ ਵਿਚਾਲੇ ਖੇਡੇ ਸੰਘਰਸ਼ਪੂਰਨ ਫਾਈਨਲ ਮੁਕਾਬਲੇ ਦੌਰਾਨ ਲਿਓਨਲ ਮੈਸੀ ਦੀ ਟੀਮ ਨੂੰ ਸਾਰਾ ਜ਼ੋਰ ਲਗਾ ਕੇ ਖੇਡਣ ਦੇ ਬਾਵਜੂਦ ਹਾਰਦਿਆਂ ਵੇਖਣ ਤੋਂ ਬਾਅਦ ਦੇ ਪਲਾਂ ਨੂੰ ਚਿਤਾਰਨ ਦੀ ਕੋਸ਼ਿਸ਼ ਕੀਤੀ ਹੈ।... ਲਾਲੀ ਬਾਬੇ ਦਾ ਕਹਿਣਾ ਸੀ ਕਿ 1994 ਦੇ ਫਾਈਨਲ ਨੂੰ ਯਾਦਗਾਰੀ ਵੀ ਤਾਂ ਪਹਿਲਾਂ ਕਪਤਾਨ ਬਰੇਸੀ ਅਤੇ ਅਖੀਰ ਵਿਚ ਪਾਅਲੋ ਰੋਸੀ ਦੀ ਪੈਨਲਟੀ ਕਿੱਕਾਂ ਲੈਣ ਦੀ ਤਰਾਸਦਿਕ ਅਸਫਲਤਾ ਨੇ ਹੀ ਬਣਾਇਆ; ਨਹੀਂ ਤਾਂ ਉਸ ਵਿਸ਼ਵ ਕੱਪ ਨੇ ਚੇਤਿਆਂ ਵਿਚ ਕਿਉਂ ਪੁੜਿਆ ਜਾਣਾ ਸੀ?

*(ਸਮਾਪਤ)*

# ਸ਼੍ਰੋਮਣੀ ਭਗਤ ਨਾਮਦੇਵ ਜੀ

ਸ਼੍ਰੋਮਣੀ ਭਗਤ ਬਾਬਾ ਨਾਮਦੇਵ ਦਾ ਜਨਮ ਨਰਸੀ ਬਾਮਣੀ (ਹੁਣ ਨਰਸੀ ਨਾਮਦੇਵ) ਜ਼ਿਲਾ ਹਿੰਗੋਲੀ (ਮਹਾਰਾਸ਼ਟਰ) ਵਿਖੇ 1270 ਈਸਵੀ ਵਿਚ ਹੋਇਆ। ਇਹ ਅਸਥਾਨ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਤੋਂ 100 ਕਿਲੋਮੀਟਰ ਅਤੇ ਹਿੰਗੋਲੀ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਹੈ। ਹਜ਼ੂਰ ਸਾਹਿਬ ਜਾਣ ਵਾਲੀਆਂ ਸੰਗਤਾਂ ਇਸ ਅਸਥਾਨ ਦੇ ਦਰਸ਼ਨ ਜਰੂਰ ਹੀ ਕਰਕੇ ਆਉਂਦੀਆਂ ਹਨ।


ਬੂਟਾ ਗੁਲਾਮੀ ਵਾਲਾ  
ਫੋਨ: 91-94171-97395


ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਹੋਰ ਭਗਤਾਂ ਦੀ ਬਾਣੀ ਦਰਜ ਹੈ, ਉਥੇ ਭਗਤ ਨਾਮਦੇਵ ਦੀ ਬਾਣੀ ਨੂੰ ਵੀ ਮਾਣ ਸਤਿਕਾਰ ਨਾਲ ਸ਼ਾਮਲ ਕੀਤਾ ਗਿਆ। ਭਗਤ ਨਾਮਦੇਵ ਦੇ ਪਿਤਾ ਦਾਮਸ਼ੇਟ ਅਤੇ ਮਾਤਾ ਗੋਨਾਬਾਈ ਛੀਂਬੇ ਜਾਤ 'ਚੋਂ ਸਨ। ਉਹ ਮੰਦਿਰ ਜਾਂਦੇ ਤੇ ਬੀਠਲ ਦੀ ਭਗਤੀ ਵਿਚ ਵਿਸ਼ਵਾਸ ਰੱਖਦੇ ਸਨ। ਭਗਤ ਨਾਮਦੇਵ ਨੂੰ ਵੀ ਭਗਤੀ ਦੀ ਭਾਵਨਾ ਛੋਟੇ ਹੁੰਦਿਆਂ ਤੋਂ ਹੀ ਲੱਗ ਗਈ ਸੀ। ਉਹ ਆਪਣੇ ਮਾਤਾ-ਪਿਤਾ ਦੇ ਨਾਲ ਕੱਪੜੇ ਬੁਣਨ, ਕੱਪੜੇ ਰੰਗਣ ਤੇ ਸਿਉਣ ਦੇ ਨਾਲ ਨਾਲ ਬੀਠਲ ਦੀ ਭਗਤੀ ਵਿਚ ਲੀਨ ਰਹਿੰਦੇ।

ਭਗਤ ਜੀ ਦੇ ਜੀਵਨ ਨਾਲ ਜੁੜੀ ਇਕ ਸਾਖੀ ਅਨੁਸਾਰ ਭਗਤ ਨਾਮਦੇਵ ਸ਼ਿਵ ਜੀ ਦੇ ਇਕ ਪ੍ਰਾਚੀਨ ਮੰਦਿਰ, ਜੋ ਮਹਾਰਾਸ਼ਟਰ ਦੇ ਕਸਬਾ ਔਂਢਾ ਨਾਂਦੇੜ ਤੋਂ 60 ਕਿਲੋਮੀਟਰ ਦੀ ਦੂਰ ਹੈ, ਵਿਖੇ ਬੀਠਲ ਦੀ ਆਰਤੀ ਕਰਨ ਪਹੁੰਚੇ ਪਰ ਉਥੋਂ ਦੇ ਪੰਡਿਤਾਂ ਨੇ ਉਨ੍ਹਾਂ ਦਾ ਵਧਦਾ ਜਸ ਵੇਖ ਕੇ ਮੰਦਿਰ ਵਿਚੋਂ ਇਹ ਕਹਿ ਕੇ ਬਾਹਰ ਕੱਢ ਦਿੱਤਾ ਕਿ ਨੀਵੀਂ ਜਾਤ ਦਾ ਬੰਦਾ ਇਥੇ ਕੀਰਤੀ ਨਹੀਂ ਕਰ ਸਕਦਾ।

ਭਗਤ ਜੀ ਨੇ ਮੰਦਿਰ ਦੇ ਪਿਛਲੇ ਪਾਸੇ ਬੈਠ ਕੇ ਕੀਰਤਨ ਸ਼ੁਰੂ ਕਰ ਦਿੱਤਾ। ਪ੍ਰਭੂ ਭਗਤੀ ਵਿਚ ਐਸਾ ਸ਼ਬਦ ਉਚਾਰਿਆ ਕੇ ਪਰਮਾਤਮਾ ਨੇ ਮੰਦਿਰ ਦਾ ਮੂੰਹ ਭਗਤ ਜੀ ਵੱਲ ਕਰ ਦਿੱਤਾ। ਇਸ ਮੰਦਿਰ ਦੇ ਨਿਰਮਾਣ ਦੇ ਨਾਲ ਕੁਲ 12 ਮੰਦਿਰ ਹਨ ਤੇ ਗਿਆਰਾਂ ਦੇ ਮੁਖ ਦਵਾਰ ਚੜ੍ਹਦੇ ਵਾਲੇ ਪਾਸੇ ਹਨ ਪਰ ਇਸ ਦਾ ਮੁਖ ਦਵਾਰ ਪੱਛਮ ਵੱਲ ਹੈ। ਇਹ ਮੰਦਿਰ ਇਕ ਹੀ ਪਹਾੜ ਨੂੰ ਕੱਟ-ਤਰਾਸ਼ ਕੇ ਬਣਾਇਆ ਗਿਆ ਹੈ ਅਤੇ ਇਹ ਸਾਢੇ ਚਾਰ ਹਜਾਰ ਸਾਲ ਪੁਰਾਣਾ ਹੈ। ਇਸ ਦੀ ਅੰਦਰਲੀ ਤੇ ਬਾਹਰਲੀ ਦਿਖ ਵੇਖਣਯੋਗ ਹੈ। ਇਥੇ ਹੀ ਭਗਤ ਨਾਮਦੇਵ ਨਾਲ ਸਬੰਧਤ ਹੱਥ ਨਾਲ ਚਲਾਉਣ ਵਾਲੀ ਆਟਾ ਚੱਕੀ ਵੀ ਮੌਜੂਦ ਹੈ।

ਭਗਤ ਨਾਮਦੇਵ ਨੇ ਆਪਣੀ ਜ਼ਿੰਦਗੀ ਦੇ



*ਇਕ ਚਿੱਤਰਕਾਰ ਵਲੋਂ ਚਿਤਵਿਆ ਭਗਤ ਨਾਮਦੇਵ ਦਾ ਚਿੱਤਰ*

ਅਠਾਰਾਂ ਸਾਲ ਪੰਜਾਬ ਵਿਚ ਗੁਜਾਰੇ। ਗੁਰਦਾਸਪੁਰ ਜ਼ਿਲੇ ਦੇ ਪਿੰਡ ਘੁਮਾਣ ਵਿਚ ਉਨ੍ਹਾਂ ਨਾਲ ਸਬੰਧਤ ਗੁਰਦੁਆਰਾ ਸਾਹਿਬ ਹੈ ਜਿਥੇ ਉਨ੍ਹਾਂ ਸੰਗਤਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦਾ ਸੰਦੇਸ਼ ਦਿੱਤਾ। ਇਥੇ ਹੀ ਉਹ ਜੋਤੀ ਜੋਤ ਸਮਾ ਗਏ।


# ਦੋ ਰਾਣੀਆਂ ਦੋ ਕਹਾਣੀਆਂ





ਫਿਲਮ ਜਗਤ ਵਿਚ ਅੱਜ ਕੱਲ੍ਹ ਦੋ ਰਾਣੀਆਂ ਅਤੇ ਦੋ ਫਿਲਮਾਂ ਦੀ ਗੱਲ ਚੱਲ ਰਹੀ ਹੈ। ਇਹ ਦੋ ਰਾਣੀਆਂ ਹਨ: ਝਾਂਸੀ ਦੀ ਰਾਣੀ ਲਕਸ਼ਮੀ ਬਾਈ ਜਿਸ ਦੇ ਜੀਵਨ ਨੂੰ ਪਰਦੇ ਉਤੇ ਉਤਾਰਨ ਲਈ ਬਣਾਈ ਫਿਲਮ 'ਮਨੀਕਰਨਿਕਾ' ਵਿਚ ਮੁਖ ਭੂਮਿਕਾ ਕੰਗਨਾ ਰਨੌਤ ਨਿਭਾਅ ਰਹੀ ਹੈ। ਦੂਜੀ ਫਿਲਮ 'ਪਦਮਾਵਤੀ' ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਦੀ ਹੈ ਜਿਸ ਵਿਚ ਰਾਣੀ ਪਦਮਾਵਤੀ ਦੀ ਭੂਮਿਕਾ ਅਦਾਕਾਰਾ ਦੀਪਿਕਾ ਪਾਦੂਕੋਣ ਨੇ ਨਿਭਾਈ ਹੈ। ਇਹ ਫਿਲਮ ਅਜੇ ਦਸੰਬਰ ਵਿਚ ਰਿਲੀਜ਼ ਹੋਣੀ ਹੈ, ਪਰ ਇਸ ਵਿਚਲੇ ਕੁਝ ਅੰਸ਼ਾਂ ਅਤੇ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਖਦਸ਼ੇ ਨੂੰ ਲੈ ਕੇ ਕੁਝ ਕੁ ਹਿੰਦੂ ਜਥੇਬੰਦੀਆਂ ਰੋਸ ਵਿਖਾਵੇ ਕਰ ਰਹੀਆਂ ਹਨ। 'ਪਦਮਾਵਤੀ' 13ਵੀਂ ਸਦੀ ਦੇ ਮੁੱਢਲੇ ਸਾਲਾਂ ਦੌਰਾਨ ਚਿਤੌੜ ਰਿਆਸਤ ਦੇ ਰਾਜਪੂਤ ਸ਼ਾਸਕ ਮਹਾਰਾਵਲ ਰਤਨ ਸਿੰਘ ਦੀ ਪਤਨੀ ਪਦਮਾਵਤੀ ਨੂੰ ਆਧਾਰ ਬਣਾ ਕੇ ਤਿਆਰ ਕੀਤੀ ਫਿਲਮ ਹੈ। ਫਿਲਮ ਵਿਚ ਦਿੱਲੀ ਸਲਤਨਤ ਦੇ ਤੁਰਕ ਸੁਲਤਾਨ ਅਲਾਉਦੀਨ ਖਿਲਜੀ ਨੇ ਚਿਤੌੜ ਦੀ ਮਹਾਰਾਣੀ ਨੂੰ ਜਬਰੀ ਪਾਉਣ ਲਈ ਕੀਤੇ ਖ਼ੂਨ ਖ਼ਰਾਬੇ ਦੀ ਕਹਾਣੀ ਬਿਆਨ ਕੀਤੀ ਗਈ ਹੈ। ਅਲਾਉਦੀਨ ਖਿਲਜੀ ਚਿਤੌੜ ਉਤੇ ਕਬਜ਼ਾ ਕਰਨ ਵਿਚ ਤਾਂ ਸਫਲ ਹੋ ਜਾਂਦਾ ਹੈ, ਪਰ ਰਾਣੀ ਪਦਮਾਵਤੀ ਉਸ ਦੇ ਹੱਥ ਆਉਣ ਤੋਂ ਪਹਿਲਾਂ ਹੀ 'ਜੌਹਰ' ਪ੍ਰਥਾ ਰਾਹੀਂ ਆਪਣੇ ਆਪ ਨੂੰ ਅੱਗ ਦੇ ਹਵਾਲੇ ਕਰ ਦਿੰਦੀ ਹੈ। ਸੰਜੇ ਲੀਲਾ ਭੰਸਾਲੀ ਪਹਿਲਾਂ ਵੀ ਫਿਲਮ 'ਬਾਜੀਰਾਓ ਮਸਤਾਨੀ' ਨਾਲ ਇਤਿਹਾਸਕ ਮਰਾਠਾ ਪ੍ਰੇਮ ਗਾਥਾ ਪੇਸ਼ ਕਰ ਚੁੱਕੇ ਹਨ ਜਿਸ ਵਿਚ 18ਵੀਂ ਸਦੀ ਦੇ ਮਰਾਠਾ ਯੋਧੇ ਬਾਜੀਰਾਓ ਦੀ ਸੁੰਦਰ ਮੁਟਿਆਰ ਮਸਤਾਨੀ ਨਾਲ ਪ੍ਰੇਮ ਕਹਾਣੀ ਦਰਸਾਈ ਗਈ ਹੈ। ਫ਼ਿਲਮ ਨੇ ਵਪਾਰਕ ਤੌਰ 'ਤੇ ਸਫਲ ਹੋਣ ਦੇ ਨਾਲ ਨਾਲ ਵੱਕਾਰੀ ਕੌਮੀ ਅਤੇ ਫਿਲਮਫੇਅਰ ਸਨਮਾਨਾਂ ਉਤੇ ਵੀ ਹੂੰਝਾ ਫੇਰਿਆ ਸੀ, ਪਰ ਫ਼ਿਲਮ 'ਪਦਮਾਵਤੀ' ਵਿਚ ਖਿਲਜੀ ਸੁਲਤਾਨ ਦੀ ਮੇਵਾੜ ਰਿਆਸਤ ਦੇ ਮੁੱਖ ਦੀ ਪਤਨੀ 'ਤੇ ਮੈਲੀ ਅੱਖ ਰੱਖਣ ਅਤੇ ਉਸ ਨੂੰ ਹਾਸਲ ਕਰਨ ਲਈ ਵਰਤਾਈ ਹਿੰਸਾ ਅਤੇ ਰਾਣੀ ਪਦਮਵਤੀ ਵੱਲੋਂ ਦਿਖਾਏ ਸਾਹਸ ਅਤੇ ਕੁਰਬਾਨੀ ਦੇ ਜਜ਼ਬੇ ਦੀ ਮਾਣ ਮੱਤੀ ਕਹਾਣੀ ਪੇਸ਼ ਕੀਤੀ ਗਈ ਹੈ। ਫ਼ਿਲਮ ਵਿਚ ਭੰਸਾਲੀ ਨੇ ਆਪਣੀਆਂ ਪਹਿਲਾਂ ਵਾਲੀਆਂ ਦੋ ਫ਼ਿਲਮਾਂ 'ਰਾਮ ਲੀਲਾ' ਅਤੇ 'ਬਾਜੀਰਾਓ ਮਸਤਾਨੀ' ਵਾਲੀ ਅਦਾਕਾਰ ਜੋੜੀ ਦੀਪਕਾ ਪਾਦੂਕੋਣ ਅਤੇ ਰਣਵੀਰ ਸਿੰਘ ਨੂੰ ਹੀ ਲਿਆ ਹੈ, ਪਰ ਇਸ ਵਾਰ ਫਰਕ ਇਹ ਹੈ ਕਿ ਰਣਵੀਰ ਸਿੰਘ ਨੂੰ ਇਤਿਹਾਸਕ ਪਾਤਰ ਅਲਾਉਦੀਨ ਖਿਲਜੀ ਵਾਲੀ ਖ਼ਲਨਾਇਕ ਦੀ ਭੂਮਿਕਾ ਵਿਚ ਪੇਸ਼ ਕੀਤਾ ਗਿਆ ਹੈ। ਪਦਮਾਵਤੀ ਦੇ ਪਤੀ ਅਤੇ ਚਿਤੌੜ ਦੇ ਰਾਜੇ ਰਤਨ ਸਿੰਘ ਦਾ ਕਿਰਦਾਰ ਸ਼ਾਹਿਦ ਕਪੂਰ ਨੇ ਨਿਭਾਇਆ ਹੈ। ਭੰਸਾਲੀ ਉਤੇ ਰਾਜਪੂਤ ਵਰਗ ਅਤੇ ਕੁਝ ਹਿੰਦੂ ਜਥੇਬੰਦੀਆਂ ਇਸ ਗੱਲ ਤੋਂ ਖ਼ਫਾ ਹਨ ਕਿ ਉਸ ਨੇ ਮੁਗਲ ਹਮਲਾਵਰ ਅਲਾਉਦੀਨ ਖਿਲਜੀ ਦੀ ਰਾਣੀ ਪਦਮਾਵਤੀ ਪ੍ਰਤੀ ਲਾਲਸਾ ਨੂੰ ਦਰਸਾਉਣ ਲਈ ਉਸ ਦੇ ਕੁਝ ਖ਼ਿਆਲੀ ਪ੍ਰੇਮ ਦ੍ਰਿਸ਼ ਫ਼ਿਲਮਾਏ ਹਨ। ਇਨ੍ਹਾਂ ਜਥੇਬੰਦੀਆਂ ਦੇ ਬੁਰਛਾਗਰਦਾਂ ਨੇ ਭੰਸਾਲੀ ਉਤੇ ਜਨਵਰੀ ਵਿਚ ਜੈਪੁਰ ਵਿਖੇ ਹਮਲਾ ਕੀਤਾ ਗਿਆ। ਫਿਰ ਕੁਝ ਮਹੀਨੇ ਬਾਅਦ ਕੋਲਹਾਪੁਰ ਵਿਖੇ ਫ਼ਿਲਮ ਦੇ ਸੈੱਟ ਦੀ ਭੰਨਤੋੜ ਕੀਤੀ ਗਈ। ਮੇਰਠ ਵਿਚ ਵੀ ਕੱਟੜ ਹਿੰਦੂ ਜਥੇਬੰਦੀਆਂ ਵੱਲੋਂ ਫ਼ਿਲਮ ਵਿਰੁਧ ਪ੍ਰਦਰਸ਼ਨ ਕੀਤਾ ਗਿਆ। ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦੇ ਆਗੂ ਸੁਖਦੇਵ ਸਿੰਘ ਗੋਗਾਮੇਦੀ ਵੱਲੋਂ ਸ਼ਰੇਆਮ ਧਮਕਾਇਆ ਗਿਆ ਸੀ ਕਿ ਜੋ ਵੀ ਹਿੰਦੂਤਵ ਅਤੇ ਰਾਜਪੂਤਾਨਾ ਸਵੈਮਾਣ ਨੂੰ ਗ਼ਲਤ ਢੰਗ ਨਾਲ ਪੇਸ਼ ਕਰੇਗਾ, ਉਸ ਨੂੰ ਨਤੀਜੇ ਭੁਗਤਣੇ ਪੈਣਗੇ, ਪਰ ਭੰਸਾਲੀ ਦਾ ਆਖਣਾ ਹੈ ਕਿ ਉਸ ਨੇ ਇਤਿਹਾਸ ਵਿਚ ਕੋਈ ਤੋੜ-ਮਰੋੜ ਨਹੀਂ ਕੀਤੀ ਅਤੇ ਉਹ ਆਪਣੀ ਫਿਲਮ ਹਰ ਹਾਲ ਰਿਲੀਜ਼ ਕਰੇਗਾ। ਕੰਗਨਾ ਰਨੌਤ ਵਾਲੀ ਫਿਲਮ ਦਾ ਰੱਫੜ ਕੁਝ ਹੋਰ ਤਰ੍ਹਾਂ ਦਾ ਹੈ। ਰਾਣੀ ਝਾਂਸੀ ਬਾਰੇ ਫਿਲਮ ਪਹਿਲਾਂ ਦੀਪਾ ਸਾਹੀ ਵੱਲੋਂ ਬਣਾਈ ਜਾ ਰਹੀ ਸੀ ਅਤੇ ਇਸ ਵਿਚ ਨਾਇਕਾ ਵਾਲਾ ਕਿਰਦਾਰ ਕੰਗਨਾ ਨੇ ਹੀ ਨਿਭਾਉਣਾ ਸੀ, ਪਰ ਇਕ ਦਿਨ ਅਚਾਨਕ ਕੰਗਨਾ ਨੇ ਉਨ੍ਹਾਂ ਨਾਲੋਂ ਤੋੜ-ਵਿਛੋੜਾ ਕਰ ਕੇ ਖੁਦ ਹੀ ਫਿਲਮ ਸ਼ੁਰੂ ਕਰ ਲਈ। ਦੀਪਾ ਸਾਹੀ ਨੇ ਇਸ ਨੂੰ ਪਿੱਠ ਵਿਚ ਛੁਰਾ ਮਾਰਨ ਦੇ ਤੁਲ ਕਿਹਾ ਹੈ। ਉਸ ਦਾ ਆਖਣਾ ਹੈ ਕਿ ਉਹ ਇਸ ਪ੍ਰੋਜੈਕਟ ਉਤੇ ਵੀਹ ਵਰ੍ਹਿਆਂ ਤੋਂ ਕੰਮ ਕਰ ਰਹੀ ਹੈ ਅਤੇ ਇਸ ਬਾਰੇ ਕੰਗਨਾ ਨਾਲ ਕਈ ਤੱਥ ਸਾਂਝੇ ਕੀਤੇ ਸਨ। ਕੰਗਨਾ ਰਨੌਤ ਅਜੇ ਤੱਕ ਇਸ ਮਾਮਲੇ ਬਾਰੇ ਚੁੱਪ ਹੈ। ਉਂਜ ਜਾਣਕਾਰਾਂ ਦਾ ਕਹਿਣਾ ਹੈ ਕਿ ਉਸ ਨੂੰ ਇਸ ਮਸਲੇ ਬਾਰੇ ਜਵਾਬ ਤਾਂ ਆਖਰਕਾਰ ਦੇਣਾ ਹੀ ਪਵੇਗਾ।

# ਨਵਾਜ਼ੂਦੀਨ ਸਿੱਦੀਕੀ: ਆਮ ਤੋਂ ਖਾਸ ਬਣਿਆ ਕਿੱਸਾ




*ਨਵਾਜ਼ੂਦੀਨ ਸਿੱਦੀਕੀ ਦੀ ਲਿਖੀ ਕਿਤਾਬ ਦਾ ਮੁਖੜਾ।*

ਮਸ਼ਹੂਰ ਅਦਾਕਾਰ ਨਵਾਜ਼ੂਦੀਨ ਸਿੱਦੀਕੀ ਦੀ ਸਵੈਜੀਵਨੀ 'ਐਨ ਆਰਡਿਨਰੀ ਲਾਈਫ: ਏ ਮੈਮਾਇਰ' ਕਾਰਨ ਵਾਹਵਾ ਰੱਫੜ ਪੈ ਗਿਆ ਹੈ। ਇਹ ਰੱਫੜ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਉਸ ਨੂੰ ਆਪਣੀ ਇਹ ਕਿਤਾਬ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਹੈ। ਇਸ ਕਿਤਾਬ ਦੇ ਕੁੱਲ ਚਾਰ ਚੈਪਟਰ ਹਨ। ਇਨ੍ਹਾਂ ਵਿਚ ਇਸ ਅਦਾਕਾਰ ਨੇ ਆਪਣੇ ਪਿੰਡ ਬੁਢਾਣਾ (ਮਜ਼ੱਫਰ ਨਗਰ, ਉਤਰ

**ਗੁਰਜੰਟ ਸਿੰਘ**

ਪ੍ਰਦੇਸ਼) ਆਪਣੀ ਜਵਾਨੀ ਦੇ ਦਿਨਾਂ, ਮੁੰਬਈ ਪੁੱਜਣ ਅਤੇ ਅਦਾਕਾਰੀ ਬਾਰੇ ਲਿਖਿਆ ਹੈ। ਉਨ੍ਹਾਂ ਕਿਤਾਬ ਵਾਪਸ ਲੈਣ ਦੇ ਨਾਲ ਇਹ ਵੀ ਕਿਹਾ ਹੈ ਕਿ ਉਹ ਭਾਵੇਂ ਇਹ ਕਿਤਾਬ ਵਾਪਸ ਲੈ ਰਿਹਾ ਹੈ, ਪਰ ਇਸ ਵਿਚ ਉਸ ਨੇ ਜੋ ਕੁਝ ਲਿਖਿਆ ਹੈ, ਉਹ ਸੋਲਾਂ ਆਨੇ ਸਹੀ ਹੈ।

ਯਾਦ ਰਹੇ ਕਿ ਆਪਣੀ ਇਸ ਕਿਤਾਬ ਵਿਚ ਨਵਾਜ਼ੂਦੀਨ ਸਿੱਦੀਕੀ ਨੇ ਆਪਣੇ ਪਿਆਰ ਦੇ ਕਈ ਕਿੱਸੇ ਲਿਖੇ ਹਨ। ਇਨ੍ਹਾਂ ਕੁੜੀਆਂ ਵਿਚੋਂ ਕੁਝ ਅੱਜ ਕੱਲ੍ਹ ਫਿਲਮ ਸਨਅਤ ਦਾ ਹਿੱਸਾ ਹਨ। ਇਨ੍ਹਾਂ



ਕੁੜੀਆਂ ਦਾ ਕਹਿਣਾ ਹੈ ਕਿ ਨਵਾਜ਼ੂਦੀਨ ਸਿੱਦੀਕੀ ਨੇ ਆਪਣੀ ਇਸ ਕਿਤਾਬ ਦੇ ਇਸ ਚੈਪਟਰ ਵਿਚ ਰਾਈ ਦਾ ਪਹਾੜ ਬਣਾਇਆ ਹੋਇਆ ਹੈ। ਕਿਤੇ ਕਿਤੇ ਤਾਂ ਮੁਲਾਕਾਤ ਨੂੰ ਹੀ ਪਿਆਰ ਦੀ ਚਾਸ਼ਣੀ ਵਿਚ ਲਪੇਟ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਇਤਰਾਜ਼ ਕਰਨ ਵਾਲਿਆਂ ਵਿਚ ਅਦਾਕਾਰਾ ਤਨਿਸ਼ਠਾ ਚੈਟਰਜੀ ਅਤੇ ਅਦਾਕਾਰਾ ਨਿਹਾਰਿਕਾ ਸਿੰਘ ਮੁੱਖ ਹਨ। ਨਵਾਜ਼ੂਦੀਨ ਸਿੱਦੀਕੀ ਵੱਲੋਂ ਕਿਤਾਬ ਵਾਪਸ ਲੈਣ ਬਾਰੇ ਇਨ੍ਹਾਂ ਦੋਹਾਂ ਅਦਾਕਾਰਾਵਾਂ ਨੇ ਕਿਹਾ ਹੈ ਕਿ ਉਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਦੂਜੇ ਬੰਨੇ ਕਿਤਾਬ ਪੜ੍ਹਨ ਵਾਲਿਆਂ ਦਾ ਆਖਣਾ ਹੈ ਕਿ ਕਿਤਾਬ ਦੇ ਬਾਕੀ ਦੇ ਤਿੰਨ ਚੈਪਟਰਾਂ ਵਿਚ ਨਵਾਜ਼ੂਦੀਨ ਸਿੱਦੀਕੀ ਨੇ ਆਪਣੀ ਜ਼ਿੰਦਗੀ ਬਾਰੇ ਬਹੁਤ ਸੋਹਣੇ ਤਰੀਕੇ ਨਾਲ ਲਿਖਿਆ ਹੈ। ਲਿਖਿਆ ਤਾਂ ਉਸ ਨੇ ਵਿਵਾਦ ਵਾਲੇ ਚੈਪਟਰ ਵਿਚ ਵੀ ਸੋਹਣਾ ਹੀ ਹੈ, ਪਰ ਵਿਵਾਦ ਪੈਦਾ ਹੋਣ ਕਾਰਨ ਉਸ ਨੂੰ ਪੈਰ ਪਿਛਾਂਹ ਖਿੱਚਣੇ ਪੈ ਗਏ ਹਨ।

ਉਂਜ, 19 ਮਈ 1974 ਨੂੰ ਜਨਮੇ ਨਵਾਜ਼ੂਦੀਨ ਸਿੱਦੀਕੀ ਦੀ ਜ਼ਿੰਦਗੀ ਸੱਚੀਂ ਹੀ ਬੜੀ ਸਾਧਾਰਨ ਹੈ ਜਿਸ ਨੂੰ ਉਸ ਨੇ ਆਪਣੀ ਮਿਹਨਤ ਨਾਲ ਖਾਸ ਬਣਾ ਲਿਆ। ਉਸ ਦੀ ਪਹਿਲੀ ਫਿਲਮ 'ਸਰਫਰੋਸ਼' 1999 ਵਿਚ ਆਈ ਸੀ ਅਤੇ ਇਸ ਵਿਚ ਉਸ ਦਾ ਛੋਟਾ ਜਿਹਾ ਰੋਲ ਸੀ। ਇਸੇ ਤਰ੍ਹਾਂ ਉਸੇ ਸਾਲ ਰਿਲੀਜ਼ ਹੋਈ ਫਿਲਮ 'ਸ਼ੂਲ' ਵਿਚ ਵੀ ਉਸ ਦਾ ਰੋਲ ਛੋਟਾ-ਮੋਟਾ ਜਿਹਾ ਹੀ ਸੀ। ਉਸ ਨੇ ਕੁਝ ਹੋਰ ਵੀ ਨਿੱਕੇ-ਮੋਟੇ ਕਿਰਦਾਰ ਨਿਭਾਏ, ਪਰ ਉਸ ਦੀ ਵਧੀਆ ਅਦਾਕਾਰੀ ਨੇ ਉਹਦੇ ਲਈ ਅਗਾਂਹ ਦੇ ਰਸਤੇ ਖੋਲ੍ਹ ਦਿੱਤੇ। ਉਹ ਬਹੁਤ ਉਦਾਸ ਹੋ ਕੇ ਲਿਖਦਾ ਹੈ ਕਿ ਰੰਗ ਕਾਲਾ ਹੋਣ ਕਰ ਕੇ ਉਸ ਨੂੰ ਬੜਾ ਨੁਕਸਾਨ ਸਹਿਣਾ ਪਿਆ, ਪਰ ਆਖਰਕਾਰ ਉਹ ਆਪਣਾ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਰਿਹਾ। ਬਾਅਦ ਵਿਚ ਤਾਂ ਉਸ ਨੇ ਬਤੌਰ ਹੀਰੋ ਵੀ ਫਿਲਮਾਂ ਕੀਤੀਆਂ। ਇਨ੍ਹਾਂ ਵਿਚ 'ਮਾਂਝੀ' ਵਰਗੀ ਤਕੜੀ ਫਿਲਮ ਵੀ ਸ਼ਾਮਲ ਹੈ ਜਿਸ ਲਈ ਉਸ ਦੀ ਚੁਫੇਰਿਓਂ ਖੂਬ ਪ੍ਰਸ਼ੰਸਾ ਹੋਈ ਸੀ।


Amolak Singh Gakhal
Makhan Singh Bains
S. Ashok Bhaura & IKKI International Entertainment Inc.
Presents:
CHHANKATA WANGA DA 2018
ਨਵੇਂ ਵਰ੍ਹੇ ਨੂੰ ਜੀ ਆਇਆ ਆਖਦਾ ਪ੍ਰੋਗਰਾਮ
ਛਣਕਾਟਾ ਵੰਗਾਂ ਦਾ
ਉਦਘਾਟਨ
Sunday 7 January 2018 at Paradise Ballrooms, 4100 Peralta Blvd. Fremont CA 94536
ਸ਼ਮਾਂ ਰੌਸ਼ਨ
ਸ. ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ
ਸੁੱਖੀ ਬਾਠ (ਪੰਜਾਬ ਭਵਨ ਸਰ੍ਹੀ ਕੈਨੇਡਾ)
Sahaita The helping hand
ਪ੍ਰੋਗਰਾਮ ਦੌਰਾਨ ਸਹਾਇਤਾ ਸੰਸਥਾ ਲਈ ਵਿਸ਼ੇਸ਼ ਫੰਡ ਇਕੱਠਾ ਕੀਤਾ ਜਾਵੇਗਾ।
ਅੰਮ੍ਰਿਤਾ ਵਿਰਕ
ਸੋਨਾ ਵਾਲੀਆ (ਪਿੰਡਾਂ ਵਾਲੇ ਜੈਟ ਫੇਮ)
ਜਯਾ ਸ਼ਰਮਾ
ਹਰਗੁਣ (Hargun Voice of Punjab)
ਸਤਵਿੰਦਰ ਸੱਤੀ (ਛੋਰਾ ਹਰਿਆਣੇ ਕਾ ਫੇਮ)
ਸੱਤੀ ਪਾਬਲਾ
ਕਮੇਡੀ ਦਾ ਬਾਦਸ਼ਾਹ ਭਜਨਾ ਅਮਲੀ (ਗੁਰਦੇਵ ਢਿੱਲੋਂ)
ਤਰਲੋਕ, ਅਨੂਪ ਚੀਮਾਂ
ਛਣਕਾਟੇ ਦੀ ਸ਼ਾਨ
ਸਮਾ : ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ
Entry Free
ਮੰਚ ਸੰਚਾਲਨ ਸ਼ਕਤੀ ਮਾਣਕ
ਵਿਸ਼ੇਸ਼ ਮਹਿਮਾਨ
ਅਮਰੀਕ ਸਿੰਘ ਸ਼ਿਕਾਗੋ
ਅਵਤਾਰ ਸਿੰਘ ਓਹਾਈਓ
ਹਰਜਿੰਦਰ ਕੁਮਾਰ ਪਹਿਲਵਾਨ (ਹਿਊਸਟਨ)
ਨਛੱਤਰ ਸਿੰਘ ਗੋਸਲ (ਰੀਨੋ)
ਲੋਕ ਨਾਚਾਂ ਦੀ ਪੇਸ਼ਕਾਰੀ:
ਅਜੈ ਭੰਗੜਾ ਅਕੈਡਮੀ, ਕੋਰੀਓਗ੍ਰਾਫੀ ਜਯਾ ਸ਼ਰਮਾ
ਅਤੇ ਫਰਿਜ਼ਨੋ ਬਾਬਿਆਂ ਦਾ ਮਲਵਈ ਗਿੱਧਾ
Our Proud
GAKHAL BROTHER'S (AMOLAK SINGH GAKHAL, PALWINDER S. GAKHAL, IQBAL SINGH GAKHAL), TUTT BROTHER'S (SURJIT S. TUTT, RANA S. TUTT), JUGRAJ SINGH SAHOTA , NARINDER S SAHOTA, DIAMOND TRANSPORT STOCKTON (GULWINDER S. GAKHAL, HARNEK ATWAL, PINKY ATWAL), RAJA SWEETS, MIKE BOPARAI, JASWINDER S. BOPARAI, RIMPLE S. NIJJAR, RAY WALIA (INDO MOTION PICTURE), JASPREET S. ATTORNEY, ATL AMAN SINGH, DEBI SOHAL, SUKHDEV GAREWAL, SATNAM SINGH BAL (MEHFIL INDIAN RESTAURANT), JASWANT SINGH HOTHI, KULWANT S NIJJAR , SUKHBIR S NIJJAR, TEHAL SINGH THANDI, BILLA SANGHERA, AMARJIT SINGH SANGHA, BALJIT SINGH SAHOTA, RANDHIR SINGH NIJJAR, NIRMAL SINGH SAHOTA, PAUL SAHOTA, NIJJAR BROTHER'S (SURINDER PAL NIJJAR , AMRIT PAL NIJJAR), LAKHBIR SINGH PATWARI, SUKHDEV SINGH BENIWAL, RAJU SANJOSE, BALWINDER S LALI DHANOA, SANSAAR RESTRAURENT, MAJOR SINGH BRAR, TIRTH GAKHAL, TIRTH SINGH SAL, AMRIK CHAND CPA, RS INSURANCE
PAL SAHOTA, NAJAR S. SAHOTA, JAGJIT S. RAKKAR, SOHAN SINGH NAGRA, TARLOCHAN S. LASHAR, SAM PANNU, SUCHA RAM BHARTA, JASSI GILL, RANA KAHLON, TAJ RANDHAWA, ASHWANI BHAKHRI, SURJIT ATWAL , KULDIP ATWAL, BALJIT SANDHU, SUKHRAJ SINGH DHALIWAL, BHARPOOR SINGH BAKERSFIELD, DR HARMESH KUMAR, CHICAGO PIZZA, SURINDER BHINDRA, NEW INDIA BAZAR, HARRY SIDHU (MISSION PEAK BROKER'S), DUDDY KAHLON, HARBHAJAN SINGH BHAJJI, BIRBAL, HARJINDER JOHAL TARA SAGAR, SURINDER DHANOA, CHARANJIT SINGH UPPAL, PARGAT SINGH SANDHU, AMRIT PAL SRA, RAJ BHADWAL, FAQIR CHAND MEHMI, RAMESH SUMAN, DHARAMPAL SINGH JHAMAT, DR DALBIR PANNU, VINOD KUMAR CHUMBER, JOGINDER MAHIL, GURDAWAR S MAHERU, SMILE DHIR, HARJINDER DHAMI, MEHNGA SINGH SARPANCH , MANJIT SINGH, TRAVEL FOR LESS, SURJIT S SANDHU, AVTAR SINGH GILL (GILL INSURANCE), AVTAR LAKHA, GURI KANG, MANGAL S BHANDAL, MICKY SRA PCA, MANJINDER SANDHU, JAGTAR GILL, NITIN RAI, SARABJIT SRAO, KASHMIR S DHUGGA, KALA TRACY, PRITAM SINGH GAREWAL, INDERJIT THIND, PARMINDER PARMAR, SHINDA ATWAL, BALJINDER SINGH, HARBANS S TAKHAR,
Contact : S. Ashok Bhaura 510-415-3315 | Manvir Bhaura 510-695-4836 | Anmol Bhaura 510-512-3401 | Manjit Chera 408-659-9969
Powered by: GB Entertainment, Indo American Motion Picture, Jaya Sharma (Dance Krishma Academy), Punjab Lok Rang, Geet Mala Dance Academy, Total Entertainment, Radio Mirchi, Radio CK, Global Punjab, Jus Punjabi
IKKI INTERNATIONAL ENT. INC.

# 18ਵਾਂ ਮਹਾਨ ਨਗਰ ਕੀਰਤਨ

## ਗੁਰਦੁਆਰਾ ਸਾਹਿਬ ਬੇਕਰਸਫ਼ੀਲਡ

# SIKH TEMPLE BAKERSFIELD



**2400 So. P STREET BAKERSFIELD CA 93304 ✆ 661-397-8651**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, 19 ਨਵੰਬਰ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਹੋ ਰਿਹਾ ਹੈ। ਬੇਨਤੀ ਹੈ ਸਮੂਹ ਸੰਗਤਾਂ ਸਮੇਂ ਸਿਰ ਪਹੁੰਚ ਕੇ ਉਲੀਕੇ ਪ੍ਰੋਗਰਾਮ ਵਿਚ ਹਿੱਸਾ ਲੈਕੇ ਗੁਰੂ ਸ਼ਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ ।

## ਪ੍ਰੋਗਰਾਮ

ਸੋਮਵਾਰ 13 ਨਵੰਬਰ ਤੋਂ ਸ਼ਨੀਵਾਰ 18 ਨਵੰਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਨਗੇ ਅਤੇ 19 ਨਵੰਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ ਉਪਰੰਤ ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਨੇ ਵੀਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

### ਨਗਰ ਕੀਰਤਨ ਦਾ ਰੂਟ

ਗੁਰਦੁਆਰਾ ਸਾਹਿਬ ਤੋਂ ਵਿਲਸਨ ਰੋਡ ਸੱਜੇ, ਸਾਉਥ ਐਚ ਸਟ੍ਰੀਟ ਤੋਂ ਖੱਬੇ, ਪਲਾਂਜ਼ ਸਟ੍ਰੀਟ ਤੋਂ ਖੱਬੇ, ਸਾਉਥ ਚੈਸਟਰ ਤੋਂ ਖੱਬੇ, ਵਿਲਸਨ ਰੋਡ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

### ਢਾਡੀ ਜੱਥਾ

**ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ**

13 ਨਵੰਬਰ ਤੋਂ 19 ਨਵੰਬਰ ਤੱਕ ਰੋਜ਼ਾਨਾ ਢਾਡੀ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਇਕਬਾਲ ਸਿੰਘ ਜੀ ਰਾਜਪੁਰਾ
ਕਥਾਵਾਚਕ



ਭਾਈ ਹਰਭਜਨ ਸਿੰਘ ਅਤੇ ਸਾਥੀ, ਹਜ਼ੂਰੀ ਰਾਗੀ ਜੱਥਾ



ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ**
18 ਨਵੰਬਰ ਦਿਨ ਸ਼ਨੀਵਾਰ
ਸਵੇਰੇ 9:30 ਵਜੇ ਹੋਵੇਗੀ ਜੀ।

**ਪੰਜ ਪਿਆਰਿਆਂ ਦੀ ਸੇਵਾ**
ਭਾਈ ਹਰਭਜਨ ਸਿੰਘ ਜੀ 661-855-9039
ਦਲਜੀਤ ਸਿੰਘ ਬਾਜਵਾ 661-808-5573

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ
ਰਜਿੰਦਰ ਸਿੰਘ ਢਿੱਲੋ (661)321-6997

**ਫਲੋਟ ਲਗਵਾਉਣ ਦੀ ਸੇਵਾ**
ਮਨਜੀਤ ਸਿੰਘ ਦਿਓਲ 661-800-0001
ਸਿਕੰਦਰ ਸਿੰਘ ਗਰੇਵਾਲ 661-549-3423

**ਗੁਰੂ ਕੇ ਲੰਗਰ ਦੀ ਸੇਵਾ**
ਤਜਿੰਦਰ ਸਿੰਘ ਗਿੱਲ 661-201-9028
ਸੁਲੱਖਣ ਸਿੰਘ ਰਾਏ 661-706-9370
ਹਰਦਿਆਲ ਸਿੰਘ ਮੱਲ੍ਹੀ 661-979-8516
ਦਲਜੀਤ ਸਿੰਘ ਸੰਧੂ 661-703-1842

**ਦੁਕਾਨਾਂ ਦੀ ਸੇਵਾ**
ਬਲਵੀਰ ਸਿੰਘ ਸਿੱਧੂ 661-800-7841
ਗੁਰਮੀਤ ਸਿੰਘ ਸਿੱਧੂ 661-343-7749

**ਫਲੋਟ ਸਜਾਉਣ ਦੀ ਸੇਵਾ**
ਜੋਬਨਜੀਤ ਸਿੰਘ (ਬੌਬੀ) 661-808-7181
ਹੰਸ ਸਿੰਘ ਚੀਮਾ 661-302-6301

**ਦਾਨੀ ਸੱਜਣ ਸੰਪਰਕ ਕਰਨ**
ਦਲਜੀਤ ਸਿੰਘ ਢਡ 661-835-0032
ਮੱਸਾ ਸਿੰਘ ਬਾਜਵਾ 661-837-9981
ਹਰਬੰਸ ਸਿੰਘ ਭਾਠ 661-376-8385

**ਸਹਿਯੋਗ:** ਸਮੂਹ ਸੰਗਤ ਬੇਕਰਸਫ਼ੀਲਡ, ਗੁ: ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ। ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫ਼ੀਲਡ । ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ, ਬੇਕਰਸਫ਼ੀਲਡ। ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਬੇਕਰਸਫ਼ੀਲਡ। ਸਿੱਖ ਯੂਥ ਆਫ ਅਮੇਰੀਕਾ, ਬੇਕਰਸਫ਼ੀਲਡ ਯੂਨਿਟ।

*DESIGNED & PRINTED BY:* **NK SIGNS INDUSTRY INC.** · 661-978-7319 · 661-558-5088 · 661-448-4811